ਸਤਿਜੁਗ

ਸੰਮਤ 2072 2016 ਈਸਵੀ

200ਵਾਂ ਵਰ੍ਹਾ ਅੰਕ



ਦੂਸਰੀ ਪ੍ਰਕਾਸ਼ ਸ਼ਤਾਬਦੀ - ਸ੍ਰੀ ਸਤਿਗੁਰੂ ਰਾਮ ਸਿੰਘ ਜੀ


ਪ੍ਰਕਾਸ਼: ਮਾਘ ਸੁਦੀ ਪੰਚਮੀ, 1872 ਬ੍ਰਿ:,
ਰਾਈਆਂ, ਲੁਧਿਆਣਾ, ਪੰਜਾਬ ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ ੧੯੭੭ (੧੯੨੦ ਈ:) ਤੋਂ ਸਥਾਪਿਤ

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

ਦੂਸਰੀ ਪ੍ਰਕਾਸ਼ ਸ਼ਤਾਬਦੀ
੨੦੧੬ ਈ. (੨੦੭੨-੭੩ ਬਿ.)

ਬਸੰਤ ਮਹਲਾ ੫

੧ੴ ਸਤਿਗੁਰੂ ਪ੍ਰਸਾਦਿ॥

ਦੇਖੁ ਫੂਲ ਫੂਲ ਫੂਲੇ॥ ਅਹੰ ਤਿਆਗਿ ਤਿਆਗੇ॥
ਚਰਨ ਕਮਲ ਪਾਗੇ॥ ਤੁਮ ਮਿਲਹੁ ਪ੍ਰਭ ਸਭਾਗੇ॥
ਹਰਿ ਚੇਤਿ ਮਨ ਮੇਰੇ॥ ਰਹਾਉ॥ ਸਘਨ ਬਾਸੁ ਕੂਲੇ॥
ਇਕਿ ਰਹੇ ਸੂਕਿ ਕਠੂਲੇ॥ ਬਸੰਤ ਰੁਤਿ ਆਈ॥
ਪਰਫੂਲਤਾ ਰਹੇ॥੧॥ ਅਬ ਕਲੂ ਆਇਓ ਰੇ॥
ਇਕੁ ਨਾਮੁ ਬੋਵਹੁ॥ ਅਨ ਰੂਤਿ ਨਾਹੀ ਨਾਹੀ॥
ਮਤੁ ਭਰਮਿ ਭੂਲਹੁ ਭੂਲਹੁ॥ ਗੁਰ ਮਿਲੇ ਹਰਿ ਹਰਿ ਪਾਏ॥
ਜਿਸੁ ਮਸਤਕਿ ਹੈ ਲੇਖਾ॥ ਮਨ ਰੁਤਿ ਨਾਮ ਰੇ॥
ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ॥੨॥੧੪॥

ਹੁਕਮਨਾਮੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ



❖ ਹੋਰੁ ਅਗੇ ਜੇ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬਡਾ ਪਾਪੁ ਹੈ। ਜੋ ਮਾਰਨ ਦਾ ਏਹੁ ਪਾਪੁ ਹੈ, ਜੋ ਲੜਕੀਆ ਮੈਂ ਬਹੁਤੇ ਹੀ ਗੁਣ ਹੈਨ, ਅਨੇਕ ਤਰਾ ਦੇ ਸੁਖ ਦਿੰਦਿਆਂ ਹੈਨ ਇਸਤਰੀਆ। ਗਿਣੇ ਨਹੀ ਜਾਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਬੀ ਬਡਾ ਪਾਪੁ ਹੈ ਅਰੁ ਬਰੁ ਬਟਾ ਕਰਨੇ ਤੇ ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀਂ ਮਿਲਦਾ ਕੇ ਬੁਢਾ ਕੇ ਕਿਸੋਹਣਾ ਲਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਰ ਰਿਜਕੁ ਨਹੀ ਰਹਿੰਦਾ। ਕੁੜੀ ਬਹੁਤ ਦੁਖੀ ਹੁੰਦੀ ਹੈ ਨਾਲੇ ਕੁੜੀ ਵਿਭਿਚਾਰਨੀ ਹੋਇ ਜਾਂਦੀ ਹੈ। ਬਹੁਤੇ ਥਾਈ ਖਰਾਬ ਹੁੰਦੀ ਰਹਿੰਦੀ ਹੈ। ਏਹੁ ਸਾਰੋ ਪਾਪੁ ਮਾਪਿਆ ਕੋ ਲਗਦਾ ਹੈ। ਮਾਪਿਆ ਦੇ ਬੀ ਬੁਰੇ ਹਾਲ ਹੋਇ ਜਾਦੇ ਹੈ। ਮੈ ਆਪਣੀ ਅਖੀ ਦੇਖੀ ਹੈ ਇਹੁ ਬਾਤਿ, ਸਤਿ ਪ੍ਰਤੀਤ ਜਾਨਣੀ ਖਾਲਸਾ ਜੀ ਜੋ ਲਿਖੀ ਹੈ।

–ਹੁਕਮਨਾਮਾ 28

❖ ਗੁਰੂ ਜੀ ਦਾ ਬੀ ਏਹੁ ਹੁਕਮ ਹੈ ਜੋ ਆਠਰਾਂ ਬਰਸਾ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾ ਬਿਆਹੁ ਕਰਨਾ, ਉਰੇ ਨਹੀ ਕਰਨਾ। ਓਹ ਹੁਕਮ ਗੁਰੂ ਜੀ ਨੇ ਏਸੇ ਸੰਤ ਖਾਲਸੇ ਦੇ ਵਾਸਤੇ ਲਿਖਾ ਹੈ।

–ਹੁਕਮਨਾਮਾ 23

❖ ਲੜਕਿਆ ਤੇ ਬੀਬੀਆ ਨੂੰ ਅਖਰ ਪੜਾ ਦੇਣੇ ਗੁਰਮੁਖੀ।

–ਹੁਕਮਨਾਮਾ 14

ਪ੍ਰਵਚਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



❖ ਦੋ ਆਦਮੀ ਕੀਰਤਪੁਰ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੇ ਹਾਜ਼ਰ ਹੋ ਕੇ ਕਹਿੰਦੇ ਹਨ–ਸਾਨੂੰ ਭਜਨ ਦੱਸੋ। ਸਤਿਗੁਰ ਕਹਿੰਦੇ ਨੇ– ਭਾਈ ਚੋਰੀ, ਯਾਰੀ ਨਹੀਂ ਕਰਨੀ, ਭਜਨ ਤਾਂ ਦੱਸਦੇ ਹਾਂ। ਇੱਕ ਕਹਿਣ ਲੱਗਾ ਮਾਝੇ ਦਾ ਸਿੱਖ ਸੀ–ਮਹਾਰਾਜ, ਛੇ ਸੌ ਰੁਪਏ ਦੀ ਘੋੜੀ ਮੇਰੇ ਘਰ ਚੋਰੀ ਦੀ ਬੱਧੀ ਖੜੀ ਹੈ। ਕਹਿੰਦੇ ਨੇ–ਜਾਹ ਕੇ ਭਜਨ ਪੁੱਛਣਾ ਹੈ ਤਾਂ ਪਹਿਲੇ ਘੋੜੀ ਉਹਦੀ ਮੋੜ ਕੇ ਆ ਫਿਰ ਆ ਕੇ ਪੁੱਛੀਂ। ਸਤਿਜੁਗ ਹੈ – ਸਤਿ ਦਾ ਜੁਗ, ਸੱਚ ਦਾ ਜੁਗ, ਚਿੱਟਾ ਸਫੈਦ।

❖ ਸਤਿਜੁਗ ਆ ਗਿਆ। ਲੋਕ ਕਹਿੰਦੇ ਨੇ, ਸਤਿਜੁਗ ਸੀ। ਇਉਂ ਤਾਂ ਗੁਰੂ ਨਾਨਕ ਦੇਵ ਵੇਲੇ ਭਾਈ ਗੁਰਦਾਸ ਕਹਿੰਦੈ–

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

ਉਪਦੇਸ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



❖ ਨਾਮਧਾਰੀ ਸੰਪਰਦਾਇ ਦੇ ਸੰਚਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਇਸ ਗਲ ਨੂੰ ਚੰਗੀ ਤਰਾਂ ਸਮਝਦੇ ਸਨ ਕਿ ਕੌਮਾਂ ਵਿਚ ਰੂਹ ਭਰਨ ਲਈ ਨਿਜ-ਭਾਸ਼ਾ ਤੇ ਸਾਹਿਤ ਦੀ ਉੱਨਤੀ ਬੜੀ ਹੀ ਜ਼ਰੂਰੀ ਹੈ। ਉਨ੍ਹਾਂ ਕੋਲ ਸ੍ਰੀ ਮਾਨ ਸੰਤ ਬਿਸ਼ਨ ਸਿੰਘ ਜੀ ਆਦਿ ਬਹੁਤ ਸਾਰੇ ਅਜਿਹੇ ਵਿਦਵਾਨ ਮੌਜੂਦ ਸਨ ਜੋ ਫ਼ਾਰਸੀ, ਪਸ਼ਤੋ' ਆਦਿ ਕਈ-ਇਕ ਲਿੱਪੀਆਂ ਤੇ ਭਾਸ਼ਾਵਾਂ ਦੇ ਮਾਹਿਰ ਸਨ ਪਰ ਉਨ੍ਹਾਂ ਰੂਸ ਸਰਕਾਰ ਦੇ ਪ੍ਰਤੀਨਿਧਾਂ ਨੂੰ ਦਰਜਨ ਦੇ ਕਰੀਬ ਜੋ ਵੀ ਪੱਤਰ ਲਿਖੇ ਉਹ ਸਾਰੇ ਦੇ ਸਾਰੇ ਪੰਜਾਬੀ ਭਾਵ ਗੁਰਮੁਖੀ ਲਿਪੀ ਵਿਚ ਤੇ ਪੰਜਾਬੀ ਭਾਸ਼ਾ ਵਿਚ ਹੀ ਲਿਖ ਕੇ ਘੱਲੇ ਸਨ, ਜੋ ਰਸ਼ੀਆ ਦੇ ਪੁਰਾਤਨ ਸੰਗ੍ਰਹਾਲੇ ਵਿਚ ਅੱਜ ਤੀਕ ਵੀ ਜਿਉਂ ਦੇ ਤਿਉਂ ਹੀ ਸੁਰਖਸ਼ਤ ਰੱਖੇ ਪਏ ਹਨ।


❖ ਆਪ ਜੀ ਦੇ ਪੱਤਰਾਂ ਵਿਚ, ਵਿਦਿਆ ਪੜ੍ਹਨ ਖਾਸ ਕਰਕੇ ਗੁਰਮੁਖੀ ਜਾਂ ਪੰਜਾਬੀ ਵਿਦਿਆ ਪੜ੍ਹਨ ਦਾ ਉਪਦੇਸ਼ ਬਾਰ-ਬਾਰ ਦੁਹਰਾਇਆ ਗਿਆ ਹੈ।

❖ ਉਹਨਾਂ ਤੋਂ ਪਹਿਲਾਂ ਵਿਦਿਆ ਦਾ ਪਰਚਾਰ ਕਾਫ਼ੀ ਘਟ ਗਿਆ ਸੀ ਤੇ ਸਿਖਾਂ ਵਿਚ ਬਾਣੀ ਪੜ੍ਹਨ ਤੇ ਵਿਚਾਰਨ ਦਾ ਰਿਵਾਜ ਖਤਮ ਹੀ ਹੋ ਗਿਆ ਸੀ।

❖ ਜਿਨ ਕੰਨ ਮੈ ਭਜਨ ਸੁਣਿਆ ਹੈ ਚੁਰਾਸੀ ਤਾਂ ਉਸੀ ਦਿਨ ਕੱਟੀ ਜਾਂਦੀ ਹੈ।

ਗੁਰ ਉਪਦੇਸ

ਸ੍ਰੀ ਸਤਿਗੁਰੂ ਉਦੈ ਸਿੰਘ ਜੀ



❖ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੇ ਹੁਕਮਨਾਮੇ ਵਿਚ ਆਉਂਦਾ ਹੈ ਕਿ "ਖ਼ਿਮਾਂ ਧੀਰਜ ਵਾਲਿਆਂ ਦੇ ਸਤਿਗੁਰੂ ਅੰਗ ਸੰਗ ਹੈ।" ਉਹ ਦੁਹਰਾਉਂਦਿਆਂ ਹੋਇਆ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਭਾਸ਼ਣ ਵਿਚ ਹੈ, ਇਕ ਪਾਸੇ ਆਪਾਂ ਆਪਣੀ ਤਾਕਤ ਸਮਝਦੇ ਹਾਂ, ਆਪਾਂ ਵੀ ਸਮਝ ਲਈਏ ਕਿ ਤਾਕਤ ਆਪਣੀ, ਅਸੀਂ ਵੀ ਤੇਰੇ ਹਾਂ, ਪੰਥ ਵੀ ਤੇਰਾ ਹੈ, ਇਸ ਪੰਥ ਦੀ ਰੱਖਿਆ ਤੂੰ ਹੀ ਕਰਨੀ ਹੈ। ਕ੍ਰਿਪਾ ਕਰ ਆਪਾਂ ਤੇਰਾ ਹੁਕਮ ਮਨ ਸਕੀਏ, ਤੇਰਾ ਹੁਕਮ ਮੰਨਦਿਆਂ ਹੋਇਆਂ ਤੇਰੀਆਂ ਖੁਸ਼ੀਆਂ ਲੈ ਸਕੀਏ।

❖ ਸਾਡੇ ਅਨੰਦਾਂ ਦੀ ਸੋਭਾ ਲੋਕੀਂ ਐਸ ਕਰਕੇ ਨਹੀਂ ਕਰਦੇ ਕਿ ਨਾਮਧਾਰੀ ਸਿੱਖਾਂ ਨੇ ਕਿੱਡੀ ਵੱਡੀ ਪਾਰਟੀ ਕੀਤੀ ਏ, ਸਾਡੀ ਸੋਭਾ ਏਸ ਕਰਕੇ ਹੁੰਦੀ ਏ ਕਿ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਇਕ ਵੱਖਰਾ, ਇਕ ਸਾਦਾ ਬਿਨਾਂ ਖਰਚ ਵਾਲਾ ਰਸਤਾ ਸਾਨੂੰ ਦੱਸਿਆ ਹੈ। ਇਹ ਹੁਣ ਆਪਣੇ ਤੇ ਹੈ ਕਿ ਆਪਾਂ ਆਪਣੇ ਗੁਰੂ ਦੀ ਸੋਭਾ ਕਰਾਉਣੀ ਹੈ ਜਾਂ ਨਹੀਂ।

❖ ਸਤਿਗੁਰੂ ਰਾਮ ਸਿੰਘ ਜੀ ਨੇ 10 ਸਾਲ ਵਿਚ 7 ਲੱਖ ਸਿੰਘ ਸਜਾ ਦਿੱਤੇ। ਇਹ ਹੋ ਗਿਆ ਕਿ ਸਾਰਾ ਪੰਜਾਬ ਹੀ ਸਿਖ ਬਣ ਗਿਆ। ਇਸ ਕਰਕੇ ਜਿਹੜਾ ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਦਾ ਬਿਗੁਲ ਵਜਾਇਆ, ਉਸ ਨਾਲ ਦੇਸ਼ ਭਗਤੀ ਦੀ ਭਾਵਨਾ ਪ੍ਰਗਟ ਹੋਈ।

ਸਤਿਜੁਗ

ਬਸੰਤ ਅੰਕ

11 ਚੇਤਰ ਤੋਂ 1 ਵਸਾਖ–2072-73
(24 ਮਾਰਚ – 13 ਅਪ੍ਰੈਲ) 2016
ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201
ਜਿਲਦ 24
ਨੰਬਰ 5, 6, 7

ਸਤਿਜੁਗ
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ–110015
ਫ਼ੋਨ : 01140519403
E : mail:
satjugweekly@gmail.com

ਐਡੀਟਰ, ਛਾਪਕ ਤੇ ਪ੍ਰਕਾਸ਼ਕ :
ਹਰਵਿੰਦਰ ਸਿੰਘ ਹੰਸਪਾਲ ਦੇ ਪ੍ਰਬੰਧ ਨਾਲ,
ਸੁਮਿਤ ਐਡਵਰਟਾਈਜ਼ਿੰਗ, ਮੋਤੀ ਨਗਰ
ਨਵੀਂ ਦਿੱਲੀ ਵਿੱਚ ਛਪਿਆ,
ਦਫ਼ਤਰ ਸਤਿਜੁਗ,
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,
ਨਵੀਂ ਦਿੱਲੀ–110015
ਤੋਂ ਪ੍ਰਕਾਸ਼ਤ ਹੋਇਆ।
(ਨਾਮਧਾਰੀ ਦਰਬਾਰ ਵਾਸਤੇ)

THE SATJUG
Namdhari Gurdwara
Ramesh Nagar, New Delhi-15
RNI No. 55658/93........
Postal Regd. No. DL (W) 01/2055/
15-17
Licence No. U(C)-169/2015-17
to post without pre-payment at
New Delhi PSO

ਇਕ ਸਾਲ	:	ਦੇਸ – 250 ਰੁ.
	:	ਪ੍ਰਦੇਸ – 30 ਪੌਂਡ
ਪੰਜ ਸਾਲ	:	ਦੇਸ – 1000 ਰੁ.
		ਪ੍ਰਦੇਸ – 120 ਪੌਂਡ

Designed and Typeset at
CADCON INC, New Delhi
singhharkeerat139@gmail.com
Ph : 9871278465

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ–110015

ਤਤਕਰਾ

स्त्री जाति का उत्थान

उन्होंने स्त्री जाति के उत्थान और लाभ के लिए मर्यादा तैयार की। उन्होंने समाज में फैली कुरीतियों को दूर करने के लिए कहा कि कोई लड़की को जान से नहीं मारेगा, न उसको पशुओं की भाँति बेचेगा, न ही दान-दहेज दिया या लिया जाएगा और अदला-बदली में भी लड़की नहीं ब्याही जाएगी। विधवाओं को पुन: शादी करने का अधिकार होगा।

महिलाओं को अमृत पान की पहिल

गुरु राम सिंह जी ने समाज में क्रान्तिकारी कदम उठाते हुए स्त्रियों को भी अमृत छकाकर सिक्ख बनाने की रीति प्रचलित की थी। उसके पूर्व स्त्रियों को अमृत छकाकर सिक्ख बनाने की रीति प्रचलित नहीं थी। उन्होंने जून १८६३ ई. मे 'सिआड़' जिला लुधियाना में महिलाओं को सर्व प्रथम अमृतपान कराया। महिलाओं को भी इस धार्मिक रीति में शामिल करने के पीछे मुख्य रुप से दो कारण दिखते हैं। एक तो समाज में समानता का बोध पनपे तथा दूसरा कोई भी इस कारण से इस धार्मिक मर्यादा से वंचित न हो कि वह पुरुष नहीं महिला है। महिला होना न तो कोई गुनाह है और न ही समाज में उसकी पुरुषों से निम्न स्थिति है।

HIS VISION WAS WIDE

"Nearly one month before the outbreak of the rebellion of 1857, Guru Ram Singh raised a new flag to be upheld, uttered a new pledge to be fulfilled and saw a new vision to be realised."

-Humayun Kabir

"Within a few years Bhai Ram Singh developed into Guru Ram Singh with a considerable following in Ludhiana and adjoining areas. His ultimate aim was wide and he had visions of the return of the days of Sikh power.

-Dr. M. M. Ahulwalia

The founder of this remarkable movement was Guru Ram Singh, a man of great personal charm and magnetism, a seer gifted with many fine qualities of head and heart usually found in leaders of men.

-Dr. Fauja Singh

੨੦੦ਵਾਂ ਪ੍ਰਕਾਸ਼ ਵਰ੍ਹਾ ਤੇ ਅਸੀਂ

੨੦੧੬ ਦਾ ਵਰ੍ਹਾ ਇਕ ਪਾਸੇ ਸਤਿਗੁਰੂ ਗੋਬਿੰਦ ਸਿੰਘ ਜੀ ਦਾ ੩੫੦ਵਾਂ ਪ੍ਰਕਾਸ਼ ਵਰ੍ਹਾ ਹੈ, ਦੂਜੇ ਪਾਸੇ ਸਤਿਗੁਰੂ ਰਾਮ ਸਿੰਘ ਜੀ ਦਾ ੨੦੦ਵਾਂ ਪ੍ਰਕਾਸ਼ ਵਰ੍ਹਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਉਹੀ ਮਰਯਾਦਾ, ਉਹੀ ਸਿਖੀ ਸਪਿਰਟ, ਉਹੀ ਭਾਵਨਾ ਸਿਖਾਂ ਅੰਦਰ ਪੈਦਾ ਕਰਨੀ ਠੀਕ ਸਮਝੀ ਸੀ ਜਿਹੜੀ ਸਤਿਗੁਰੂ ਗੋਬਿੰਦ ਸਿੰਘ ਨੇ ਕੀਤੀ ਸੀ। ਇਸ ਕਰਕੇ ਅੰਗਰੇਜ਼ ਆਪਣੀਆਂ ਲਿਖਤਾਂ ਵਿਚ ਵਾਰ-ਵਾਰ ਉਸਨੂੰ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਨਿਧ/ਉਤਰਾਧਿਕਾਰੀ ਮੰਨਦੇ ਹਨ।

ਸਮੇਂ ਦੀ ਲੋੜ ਅਨੁਸਾਰ ਜਦੋਂ ਸਤਿਗੁਰਾਂ ਨੇ ਵੇਖਿਆ ਕਿ ਅੰਗਰੇਜ਼ਾਂ ਨੇ ਆਪਣੀ ਚਤੁਰਾਈ, ਸਿਆਣਪ, ਕੂਟਨੀਤੀ ਅਤੇ ਪਾੜੋ ਤੇ ਰਾਜ ਕਰੋ ਦੀ ਚਲਾਕੀ ਨਾਲ ਸਾਰੇ ਹਿੰਦੁਸਤਾਨ ਨੂੰ ਹੜਪ ਲਿਆ ਹੈ ਅਤੇ ਵੱਡੇ ਵੱਡੇ ਤੇਗ ਦੇ ਧਨੀਆਂ ਨੂੰ ਮਲਕਾ ਦੇ ਪੈਰਾਂ ਵਿਚ ਝੁਕਾ ਦਿੱਤਾ ਹੈ ਤਦ ਸਤਿਗੁਰਾਂ ਨੇ ਇਹਨਾਂ ਹਿੰਦੁਸਤਾਨੀਆਂ ਦੀ ਅਣਖ ਨੂੰ ਵੰਗਾਰਨ ਲਈ ਉਹਨਾਂ ਅੰਦਰ ਨਵੀ ਰੂਹ ਫੂਕਣ ਦਾ ਪ੍ਰੋਗਰਾਮ ਤਿਆਰ ਕੀਤਾ। ਉਸ ਪ੍ਰੋਗਰਾਮ ਅਨੁਸਾਰ ਉਹਨਾਂ ਅੰਦਰ ਪ੍ਰਭੂ-ਭਗਤੀ ਅਤੇ ਦੇਸ਼-ਭਗਤੀ ਦੋਹਾਂ ਪ੍ਰਤੀ ਸਮਰਪਿਤ ਭਾਵ ਨਾਲ ਤੁਰਨ ਦੀ ਭਾਵਨਾ ਪੈਦਾ ਕੀਤੀ।

ਹਿੰਦੁਸਤਾਨੀ ਸਿਰਫ ਰਾਜਨੀਤਕ ਤੌਰ ਤੇ ਗੁਲਾਮ ਨਹੀ ਸਨ ਉਹ ਸਮਾਜਿਕ ਅਤੇ ਸਦਾਚਾਰਕ ਤੌਰ ਤੇ ਵੀ ਗੁਲਾਮ ਬਣ ਗਏ ਸਨ। ਰੱਜੀ-ਪੁੱਜੀ ਜਮਾਤ- ਰਾਜੇ, ਮਹਾਰਾਜੇ, ਨਵਾਬ, ਵਜ਼ੀਰ, ਸ਼ਾਹੂਕਾਰ - ਤਾਂ ਐਸ਼ੋ ਇਸ਼ਰਤ ਕਰਕੇ ਵਿਲਾਸੀ ਹੋ ਰਹੇ ਸਨ। ਉਹਨਾਂ ਵਾਸਤੇ ਸਦਾਚਾਰ ਦੇ ਅਰਥ ਕੋਈ ਨਹੀ ਸਨ ਰਹੇ। ਇਹ ਵਖਰੀ ਗੱਲ ਹੈ ਕਿ ਵਿਲਾਸਤਾ ਕਾਰਨ ਉਹਨਾਂ ਦੀ ਮਾਨਸਿਕ ਅਵਸਥਾ ਹੀ ਨਹੀ ਸਰੀਰਕ ਅਵਸਥਾ ਵੀ ਕਮਜ਼ੋਰ ਹੋ ਰਹੀ ਸੀ ਅਤੇ ਆਰਥਕ ਅਵਸਥਾ ਤੇ ਵੀ ਇਸ ਦਾ ਅਸਰ ਪੈ ਰਿਹਾ ਸੀ। ਆਮ ਕਿਰਤੀ, ਵਿਹਾਰੀ ਲੋਕ ਜਿਹੜੇ ਵਾਹੀ ਖੇਤੀ ਜਾਂ ਮਿਹਨਤ ਮਜ਼ਦੂਰੀ ਕਰਕੇ ਕੋਈ ਪਿਤਾ-ਪੁਰਖੀ ਧੰਦਾ ਕਿੱਤਾ ਕਰਕੇ ਆਪਣਾ ਪਰਿਵਾਰ ਪਾਲ ਰਹੇ ਸਨ ਉਹ ਸਮਾਜਿਕ ਤੌਰ ਤੇ ਦਕਿਆਨੂਸੀ, ਰੂੜੀਵਾਦੀ ਰਸਮਾਂ ਰਿਵਾਜਾਂ ਦੇ ਭਾਰਤੀ ਗੁਲਾਮ ਸਨ। ਜਿਹਨਾਂ ਕਰਕੇ ਕੁੜੀਆਂ ਮਾਰਨਾ, ਵੇਚਣਾ, ਵੱਟਾ ਕਰਨਾ ਆਦਿ ਕਈ ਕੁਝ ਆ ਗਿਆ ਸੀ ਨਾਲ ਹੀ ਉਹ ਵੀ ਮਾਸ਼ ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਪ੍ਰਹੇਜ ਨਹੀ ਸਨ ਕਰਦੇ ਇਸ ਕਰਕੇ ਸਮਾਜ ਦਾ ਵਿਗਾੜ ਵਧ ਰਿਹਾ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਸਾਰੇ ਪਾਸੇ ਠਲ੍ਹ ਪਾਈ। ਅੰਗਰੇਜ਼ ਨੂੰ ਸਤਿਗੁਰੂ ਰਾਮ ਸਿੰਘ ਅਤੇ ਉਸਦੀ ਚਲਾਈ ਨਾਮਧਾਰੀ ਲਹਿਰ ਤੋਂ ਇਹਨਾਂ ਭੈਅ ਉਪਜਣ ਲੱਗਾ ਕਿ ਉਹਨਾਂ ਨੇ ਆਪਣੀਆਂ ਲਿਖਤਾਂ 'ਚ ਲਿਖਿਆ ਕਿ ਇਹਨਾਂ ਦੇ ਅੰਗਰੇਜ਼ਾਂ ਪ੍ਰਤੀ ਵਫਾਦਾਰ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ।ਔਰ ਦੂਜੇ ਪਾਸੇ ਸਤਿਗੁਰੂ ਰਾਮ ਸਿੰਘ ਜੀ ਤੋਂ ਤਾਂ ਉਹਨਾਂ ਨੂੰ ਕਾਲ ਵਰਗਾ ਭੈਅ ਨਜ਼ਰ ਆਉਂਦਾ ਸੀ ਇਸੇ ਕਰਕੇ ਉਹਨਾਂ ਨੂੰ ਨਜ਼ਰਬੰਦ ਕਰਕੇ ਰੰਗੂਨ ਭੇਜ ਦਿੱਤਾ ਗਿਆ ਉਥੇ ਸਤਿਗੁਰੂ ਜੀ ਭਾਵੇਂ ਸਰਕਾਰੀ ਨਜ਼ਰਾਂ ਵਿਚ ਕਿਸੇ ਨਾਲ ਸੰਪਰਕ ਨਹੀ ਸਨ ਰਖ ਸਕਦੇ, ਨਾ ਰਖਦੇ ਸਨ। ਪਰ ਜਦੋਂ ਉਹਨਾਂ ਦੇ ਇਕ ਸਿੱਖ ਦਰਬਾਰਾ ਸਿੰਘ ਨੇ ਦੱਸਿਆ ਕਿ ਅੰਗਰੇਜ਼ ਹਾਕਮ ਤੇਰੀ ਸਿਖੀ ਫੁਲਵਾੜੀ ਨੂੰ ਢਾਅ ਲਾ ਰਹੇ ਹਨ, ਉਹ ਫਿਰ ਤੇਰੇ ਦਰਸ ਦੇ ਪਾਣੀ ਬਿਨਾ ਮੁਰਝਾ ਰਹੀ ਹੈ ਤਾਂ ਸਤਿਗੁਰੂ ਜੀ ਨੇ ਇਕ ਨਵੀਂ ਵਿਉਂਤ ਘੜੀ। ਉਹ ਵਿਉਂਤ ਸੀ ਆਪਣੇ ਹੁਕਮਨਾਮਿਆਂ ਰਾਹੀਂ ਆਪਣੇ ਸਿਖਾਂ ਸੇਵਕਾਂ, ਸ਼ਰਧਾਲੂਆਂ ਨਾਲ ਸੰਪਰਕ ਪੈਦਾ ਕਰਨ ਦੀ। ਉਸ ਸੰਪਰਕ ਦਾ ਅਸਰ ਅੰਗਰੇਜ਼ ਸਰਕਾਰ ਦੀ ਨੀਂਦ ਨੂੰ ਹਰਾਮ ਕਰਨ ਲਗਾ। ਉਹਨਾਂ ਨੂੰ ਸਮਝ ਨਹੀ ਸੀ ਆਉਂਦੀ ਕਿ ਇਹ ਹੁਕਮਨਾਮੇ (ਚਿੱਠੀਆਂ) ਕਿਵੇਂ ਆ ਰਹੇ ਹਨ। ਕਿਉਂਕਿ ਉਹਨਾਂ ਦੀਆਂ ਨਜ਼ਰਾਂ ਵਿਚ ਤਾਂ ਸਤਿਗੁਰੂ ਨੂੰ ਕੋਈ ਮਿਲਣ ਜਾ ਹੀ ਨਹੀਂ ਸੀ ਸਕਦਾ। ਪੁਛ ਪੜਤਾਲ ਤੋਂ ਬਾਅਦ ਉਹਨਾਂ ਨੂੰ ਆਪਣੀਆਂ ਫਾਈਲਾਂ ਵਿਚ ਲਿਖਣਾ ਪਿਆ ਕਿ ਰਾਮ ਸਿੰਘ ਅੰਗ੍ਰੇਜ ਰਾਜ ਲਈ ਬੜਾ ਖਤਰਨਾਕ ਵਿਅਕਤੀ ਹੈ, ਸਭ ਤੋਂ ਖਤਰਨਾਕ।

ਸਤਿਗੁਰੂ ਜੀ ਅੰਗਰੇਜ਼ ਹਾਕਮਾਂ ਖਿਲਾਫ ਬਾਈਕਾਟ ਤੇ ਨਾ-ਮਿਲਵਰਤਨ ਦੀ ਲਹਿਰ ਚਲਾਉਣ ਵਾਲੇ ਪਹਿਲੇ ਭਾਰਤੀ ਸਨ ਇਸੇ ਨੇ ਆਉਣ ਵਾਲੇ ਸਮੇਂ ਵਿਚ ਹਿੰਦੁਸਤਾਨ ਨੂੰ ਆਜ਼ਾਦੀ ਦੁਆਈ। ੧੯ਵੀਂ ਸਦੀ ਵਿਚ ਨਾਮਧਾਰੀ ਲਹਿਰ ਵਾਂਗ ਕੋਈ ਲਹਿਰ ਨਹੀਂ ਸੀ ਜਿਸ ਨੇ ਅੰਰਗੇਜ਼ਾਂ ਨਾਲ ਇਟ ਖੜਕਾ ਲਾਇਆ ਹੋਵੇ। ਪਰ ਕਿ ਅਸੀਂ ਉਹਨਾਂ ਦੀ ਦੇਣ ਨਾਲ ਨਿਆਂ ਕੀਤਾ ਹੈ, ਕਿ ਦੇਸ ਨੇ ਉਹਨਾਂ ਨੂੰ ਭਾਰਤ ਦੇ ਸੁੰਤਤਰਤਾ ਸੰਗਰਾਮ ਲਈ ਕੀਤੇ ਸੰਘਰਸ਼ ਵਿਚ ਪਾਏ ਹਿੱਸੇ ਕਾਰਨ ਬਣਦਾ ਮਾਣ ਸਨਮਾਨ ਦਿੱਤਾ ਹੈ। ੨੦੦ਵੇਂ ਵਰ੍ਹੇ ਵਿਚ ਅਜੇ ਇਹ ਸਵਾਲ, ਸਵਾਲ ਹੀ ਹੈ।

ਅਦਾਰਾ ਸਤਿਜੁਗ ਨੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਨਾਲ ਤਿਆਰ ਕੀਤੇ ਇਸ ਵਿਸ਼ੇਸ਼ ਅੰਕ ਰਾਹੀਂ ਪ੍ਰਬੁੱਧ ਲੇਖਕਾਂ, ਵਿਦਵਾਨਾਂ, ਰਾਜਨੀਤਕ ਆਗੂਆਂ ਦੀ ਕਲਮ ਤੋਂ ਕੁਝ ਠੋਸ ਸਮਗਰੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਕਰਕੇ ਅਸੀਂ ਉਹਨਾਂ ਦੇ ਸ਼ੁਕਰਗੁਜ਼ਾਰ ਹਾਂ। ਤਸਵੀਰਾਂ ਲਈ ਸੁਰਤਪਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਭਰਪੂਰ ਸਹਿਯੋਗ ਦਿਤਾ ਹੈ ਉਹਨਾਂ ਨੂੰ ਸ਼ਾਬਾਸ਼। ਪਾਠਕਾਂ ਦੇ ਹੱਥਾਂ ਵਿਚ ਇਸ ਅੰਕ ਨੂੰ ਪਹੁੰਚਾਉਣ ਲਈ ਸਾਨੂੰ ਵਿਸ਼ੇਸ਼ ਸਹਿਯੋਗ ਮਿਲਿਆ ਸਰਵ ਸ੍ਰੀ ਹਰਕੀਰਤ ਸਿੰਘ, ਇੰਦਰਜੀਤ ਸਿੰਘ, ਗੁਰਜੀਤ ਸਿੰਘ, ਸੁਨੀਲ ਕੁਮਾਰ, ਜਸਵੰਤ ਸਿੰਘ, ਰਾਮ ਕਿਸ਼ੋਰ ਕਟਾਰੀਆ ਆਦਿ ਦਾ। ਹੁਣ ਉਡੀਕ ਹੈ ਪਾਠਕਾਂ ਦੇ ਹੁੰਗਾਰੇ ਦੀ।

- ਹਰਵਿੰਦਰ ਸਿੰਘ ਹੰਸਪਾਲ

-ਤਾਰਾ ਸਿੰਘ ਅਨਜਾਣ

ਧਾਰਮਿਕ ਅਤੇ ਰਾਜਨੀਤਕ ਵਿਚਾਰਾਂ ਦਾ ਵਿਕਾਸ



✍ ਸ. ਹਰਵਿੰਦਰ ਸਿੰਘ ਹੰਸਪਾਲ

ਭਾਰਤੀ ਸੰਤਾਂ ਨੇ ਇਸ ਵਿੱਚ ਭਰਵਾਂ ਯੋਗਦਾਨ ਪਾਇਆ। ਇਹਨਾਂ ਸੰਤਾਂ ਨੇ ਹੀ ਜਿਹੜਾ ਵੀ ਧਰਮ ਗਿਆਨ, ਸੰਸਕ੍ਰਿਤ ਸਾਹਿਤ ਤੋਂ ਮਿਲਦਾ ਸੀ, ਉਹ ਸਭ ਲੈ ਲਿਆ। ਉਸੇ ਗਿਆਨ ਨੂੰ ਆਪਣੀ ਸਾਧਨਾ ਅਤੇ ਆਪਣੇ ਅਨੁਭਵ ਨਾਲ ਸੰਜੀਵਨ ਕਰਕੇ ਉਹ ਗਿਆਨ-ਰਾਸ਼ੀ ਅਤੇ ਧਰਮ-ਭਾਵਨਾ-ਭਗਤੀ ਨਾਲ ਸੁਗੰਧਤ ਕਰਕੇ ਸਾਰੀ ਜਨਤਾ ਤਕ ਪਹੁੰਚਾਇਆ।

ਧਾਰਮਿਕ ਅਤੇ ਰਾਜਨੀਤਕ ਵਿਚਾਰਾਂ ਦਾ ਵਿਕਾਸ ਸਮੇਂ-ਸਮੇਂ ਹੁੰਦਾ ਰਿਹਾ ਹੈ। ਉਸ ਤੇ ਸਮੇਂ ਦੀਆਂ ਹਕੂਮਤਾਂ ਦਾ ਪ੍ਰਭਾਵ ਪੈਂਦਾ ਰਿਹਾ ਹੈ। ਹਿੰਦੂ ਧਰਮ ਵਿੱਚ ਵਰਣ ਵਿਵਸਥਾ ਦੇ ਕਾਰਨ ਅਤੇ ਬਹੁਤ ਸਾਰੀਆਂ ਜਾਤਾਂ ਦੇ ਕਾਰਨ ਜਿਹੜਾ ਉੱਚੇ ਨੀਵੇਂ ਦਾ ਪ੍ਰਭਾਵ ਰਿਹਾ ਹੈ, ਉਸ ਨੇ ਹਿੰਦੂ ਧਰਮ ਦੀ ਖਾਮੀ ਬਣ ਵਿਕਸਿਤ ਹੋਣ ਵਿੱਚ ਰੁਕਾਵਟਾਂ ਹੀ ਪਾਈਆਂ ਹਨ। ਵੇਦਾਂਤੀਆਂ ਨੂੰ ਇਹ ਗੱਲ ਚੁਭਦੀ ਰਹੀ ਪਰ ਉਨ੍ਹਾਂ ਨੇ ਉਸ ਨਾਲ ਕਿਸੇ ਤਰ੍ਹਾਂ ਸਮਝੌਤਾ ਕਰੀ ਰੱਖਿਆ। ਕੋਈ ਵੱਡਾ, ਕੋਈ ਛੋਟਾ ਅਜਿਹਾ ਭੇਦ ਭਾਵ ਅਧਾਰਮਕ ਹੈ। ਇਹ ਵੇਖ ਕੇ ਉਸ ਵਿਰੁੱਧ ਸਭ ਤੋਂ ਪਹਿਲੋਂ ਕਮਰ ਕੱਸੀ ਮਹਾਤਮਾ ਬੁਧ ਨੇ। ਫਿਰ ਸਿਲ ਸਿਲਾ ਬਹੁਤ ਸਾਰੇ ਧਰਮਾਤਵਾਂ ਵਲੋਂ, ਸਭ ਵਰਣਾਂ ਅਤੇ ਜਾਤੀਆਂ ਦੇ ਲੋਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਅਪਨਾਉਣ ਦਾ ਚਲਦਾ ਰਿਹਾ।

ਭਾਰਤੀ ਸੰਤਾਂ ਨੇ ਇਸ ਵਿੱਚ ਭਰਵਾਂ ਯੋਗਦਾਨ ਪਾਇਆ। ਇਹਨਾਂ ਸੰਤਾਂ ਨੇ ਹੀ ਜਿਹੜਾ ਵੀ ਧਰਮ ਗਿਆਨ, ਸੰਸਕ੍ਰਿਤ ਸਾਹਿਤ ਤੋਂ ਮਿਲਦਾ ਸੀ, ਉਹ ਸਭ ਲੈ ਲਿਆ। ਉਸੇ ਗਿਆਨ ਨੂੰ ਆਪਣੀ ਸਾਧਨਾ ਅਤੇ ਆਪਣੇ ਅਨੁਭਵ ਨਾਲ ਸੰਜੀਵਨ ਕਰਕੇ ਉਹ ਗਿਆਨ-ਰਾਸ਼ੀ ਅਤੇ ਧਰਮ-ਭਾਵਨਾ-ਭਗਤੀ ਨਾਲ ਸੁਗੰਧਤ ਕਰਕੇ ਸਾਰੀ ਜਨਤਾ ਤਕ ਪਹੁੰਚਾਇਆ। ਜਨਤਾ ਵਿੱਚ ਗਿਆਨ, ਭਗਤੀ ਅਤੇ ਸਦਾਚਾਰ, ਉਹਨਾਂ ਦੀ ਭਾਸ਼ਾ ਵਿੱਚ, ਸੰਤਾਂ ਦੀ ਕਿਰਪਾ ਨਾਲ ਹੀ ਪਹੁੰਚਿਆ।

ਉਸ ਭਗਤੀ ਅਤੇ ਸੰਤਾਂ ਦੇ ਕੰਮਾਂ ਨੂੰ ਸੰਗਠਿਤ ਕਰਕੇ ਸਮਾਜ ਦੀ ਨਵ ਰਚਨਾ ਗੁਰੂ ਨਾਨਕ ਦੇਵ ਜੀ ਨੇ ਬੜੇ ਜ਼ੋਰਾਂ ਨਾਲ ਕੀਤੀ ਅਤੇ ਸਿੱਖ ਪਰੰਪਰਾ ਨੂੰ ਤੋਰਿਆ। ਸਿੱਖ ਸਮਾਜ ਵਿੱਚ ਗੁਰੂ ਸਾਹਿਬਾਨ ਰਾਹੀਂ ਅਕਾਲ ਪੁਰਖ ਨੂੰ ਪਹਿਚਾਨਣ ਦੀ ਸਾਧਨਾ ਪ੍ਰਮੁੱਖ ਰਹੀ ਹੈ।

ਇਸ ਸਿੱਖ ਪਰੰਪਰਾ ਦਾ ਇਤਹਾਸ ਗੁਰੂ ਗੋਬਿੰਦ ਸਿੰਘ

ਜੀ ਤੱਕ ਆਮ ਕਰਕੇ ਜਾਣਿਆ ਹੀ ਜਾਂਦਾ ਹੈ। ਉਸ ਤੋਂ ਬਾਅਦ ਸਿਖਾਂ ਨੂੰ ਲੰਮੇ ਸਮੇਂ ਲਈ ਮੁਗਲਾਂ ਤੇ ਹਮਲਾਵਾਰਾਂ ਨਾਲ ਲੋਹਾ ਲੈਣਾ ਪਿਆ ਫਿਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਿਤ ਹੋਇਆ। ਮਹਾਰਾਜਾ ਰਣਜੀਤ ਸਿੰਘ ਪਿਛੋਂ ਸਿੱਖ ਗੁਰੂ ਸਾਹਿਬਾਨ ਦੇ ਕੰਮਾਂ ਵਿੱਚ ਨਵੇਂ ਸਿਰਿਓਂ ਨਵ ਜੀਵਨ ਜਗਾਉਣ ਦਾ ਕੰਮ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ ਸੀ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਧਰਮ ਭਾਵਨਾ ਲਈ ਸਿੱਖਾਂ ਨੂੰ ਇਸਲਾਮੀ ਰਾਜ ਸੱਤਾ ਦੇ ਸਾਹਮਣੇ ਖੜ੍ਹਨਾ ਪਿਆ। ਇਸਲਾਮ ਦੀ ਧਰਮ ਭਾਵਨਾ ਨਾਲ ਦੋਸਤੀ ਅਤੇ ਰਾਜਸੱਤਾ ਦਾ ਵਿਰੋਧ, ਅਜੇਹਾ ਦੋਹਰਾ ਕੰਮ ਸਿੱਖ ਗੁਰੂ ਸਾਹਿਬਾਨ ਨੂੰ ਕਰਨਾ ਪਿਆ। ਇਸੇ ਲਈ ਧਰਮ ਆਧਾਰਿਤ ਸਿੱਖਾਂ ਨੂੰ ਰਾਜਨੀਤਕ ਸ਼ਕਤੀ ਵੀ ਸੰਗਠਿਤ ਕਰਨੀ ਪਈ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਦਾ ਸਮਾਂ ਆਇਆ ਤਾਂ ਉਹਨਾਂ ਦੀ ਵਿਰੋਧਤਾ ਅੰਗਰੇਜ਼ੀ ਰਾਜ ਨਾਲ ਸੀ। ਮਹਾਰਾਜਾ ਰਣਜੀਤ ਸਿੰਘ ਪਿਛੋਂ ਸਾਰੇ ਸਿੱਖ ਸਮਾਜ ਨੇ ਅੰਗਰੇਜ਼ੀ ਰਾਜ ਦਾ ਵਿਰੋਧ ਕਰਨਾ ਛੱਡ ਹੀ ਦਿੱਤਾ ਸੀ। ਅਜਿਹੇ ਸਮੇਂ ਤੇ ਧਾਰਮਕ ਅਤੇ ਰਾਜਨੀਤਕ ਸੁਤੰਤਰਤਾ ਦੀ ਉਪਾਸਨਾ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਿੱਖਾਂ ਨੇ ਆਪਣੀ ਪੂਰੀ ਸ਼ਕਤੀ ਲਾ ਕੇ ਕੀਤੀ। ਸਮੇਂ ਦੇ ਹਾਲਾਤ ਉਹਨਾਂ ਦੇ ਬਿਲਕੁਲ ਉਲਟ ਸਨ। ਸੰਨ 1857 ਦਾ ਅੰਗਰੇਜ਼ਾਂ ਤੋਂ ਆਜਾਦੀ ਲਈ ਹਿੰਦੂ ਅਤੇ ਮੁਸਲਮਾਨਾਂ ਦਾ ਸਾਂਝਾ ਯਤਨ ਪੂਰੀ ਤਰ੍ਹਾਂ ਅਸਫਲ ਹੋ ਚੁੱਕਾ ਸੀ। ਲੋਕ ਆਤਮ ਵਿਸ਼ਵਾਸ ਪੂਰੀ ਤਰ੍ਹਾਂ ਗਵਾ ਚੁੱਕੇ ਸਨ। 1857 ਦੀ ਹਿੰਦੂ-ਮੁਸਲਮਾਨ ਏਕਤਾ ਕੱਚੀ ਸੀ ਫਿਰ ਵੀ ਉਹ ਅੰਗਰੇਜ਼ਾਂ ਨੂੰ ਰੜਕਨ ਲੱਗ ਪਈ ਸੀ। ਇਸ ਕਰਕੇ ਉਹਨਾਂ ਨੇ ਹਿੰਦੂ-ਮੁਸਲਮਾਨਾਂ ਵਿਚਕਾਰ ਜਿਹੜੇ ਮਤਭੇਦ ਸਨ, ਉਹਨਾਂ ਨੂੰ ਆਪਣਾ ਪੂਰਾ ਜ਼ੋਰ ਲਾ ਕੇ ਵਧਾਇਆ। ਉਹ ਜ਼ਮਾਨਾ ਸੀ ਜਦੋਂ ਅੰਗਰੇਜ਼ ਆਪਣੀ ਹਕੂਮਤ ਦੇ ਜ਼ੋਰ ਤੇ ਭਾਰਤ ਦੇ ਹਰ ਹੁਨਰ-ਉਦਯੋਗ ਨੂੰ ਤੋੜਨਾ ਚਾਹੁੰਦੇ ਸਨ। ਈਸਾਈ ਮਿਸ਼ਨਰੀਆਂ ਦੀ ਸਹਾਇਤਾ ਨਾਲ ਹਿੰਦੂਆਂ ਦਾ ਸਮਾਜਕ ਸੰਗਠਨ ਤੋੜਨ ਦੀ ਮੁਹਿੰਮ ਵੀ ਅੰਗਰੇਜ਼ ਨੇ ਪੂਰੇ ਜ਼ੋਰਾਂ ਨਾਲ ਚਲਾਈ ਸੀ। ਅੰਗਰੇਜ਼ ਸੌ ਸਾਲ ਭਾਰਤ ਵਿੱਚ ਰਹਿੰਦੇ ਹੋਏ ਏਥੋਂ ਦੀ ਹਰ ਨਬਜ਼ ਨੂੰ ਪਹਿਚਾਨ ਗਏ ਸਨ, ਗਊ-ਰਖਿਆ, ਗਊ ਹੱਤਿਆ ਦੇ ਨਾਂ ਤੇ ਜਦੋਂ ਜੀ ਚਾਹੇ ਹਿੰਦੂ ਮੁਸਲਮਾਨ ਫਸਾਦ ਕਰਾ ਸਕਦੇ ਸਨ। ਇਨਾਂ ਕੁਟਿਲ ਗਿਆਨ ਉਹਨਾਂ ਕੋਲ ਹੈ ਹੀ ਸੀ।

ਅਜਿਹੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਵਿੱਚ ਸ਼ੁਧ ਭਾਰਤੀ ਧਰਮ ਅਤੇ ਸਦਾਚਾਰ ਜਾਗ੍ਰਿਤ ਕੀਤਾ। ਅੰਗਰੇਜ਼ ਸਰਕਾਰ ਦੀ ਨੌਕਰੀ ਦੇ ਲਾਲਚ ਵਿੱਚ ਲੋਕ ਜਿਸ ਅੰਗਰੇਜ਼ੀ ਵਿਦਿਆ ਦੇ ਪਿੱਛੇ ਪਏ ਹੋਏ ਸਨ, ਉਸ ਵਿਦਿਆ ਦਾ ਵੀ ਬਾਈਕਾਟ ਕੀਤਾ। ਅੰਗਰੇਜ਼ੀ ਕਪੜੇ, ਕਚਹਿਰੀਆਂ, ਵਿਦਿਆ, ਡਾਕ ਭਾਵ ਕਿ ਅੰਗਰੇਜ਼ ਤੇ ਅੰਗਰੇਜ਼ੀ ਵਸਤੂਆਂ ਦਾ ਮੁਕੰਮਲ ਬਾਈਕਾਟ ਅਤੇ ਅੰਗਰੇਜ਼ਾਂ ਵਲੋਂ ਦੇਸ਼ ਵਿੱਚ ਜਿਹੜੀਆਂ ਵੀ ਸਹੂਲਤਾ ਦਿਤੀਆਂ ਗਈਆਂ ਸਨ, ਉਹਨਾਂ ਤੋਂ ਬਿਨਾਂ ਕੰਮ ਚਲਾਉਣ ਦਾ ਰਸਤਾ ਲਭਿਆ। ਇਹ ਸੀ ਸਤਿਗੁਰੂ ਰਾਮ ਸਿੰਘ ਜੀ ਦਾ ਧਾਰਮਕ, ਆਰਥਿਕ ਅਤੇ ਰਾਜਨੀਤਕ ਪ੍ਰਯੋਗ। ਉਸ ਜ਼ਮਾਨੇ ਵਿੱਚ ਲੱਖਾਂ ਸਿੱਖ ਸਜਾ ਕੇ, ਉਹਨਾਂ ਦਾ ਸਹਿਯੋਗ ਪ੍ਰਾਪਤ ਕਰਨਾ ਬਹੁਤ ਵੱਡੀ ਜਮਾਤੀ ਉਪਲੱਬਦੀ ਸੀ।

ਮਹਾਤਮਾ ਗਾਂਧੀ ਜੀ ਦੇ ਇੱਕ ਪੈਰੋਕਾਰ ਕਾਕਾ ਸਾਹਿਬ ਕਾਲੇਲਕਰ ਆਪਣੇ ਇੱਕ ਲੇਖ ਵਿੱਚ ਲਿਖਦੇ ਹਨ:-"ਜਦੋਂ ਮੈਂ ਸੁਣਿਆ ਕਿ ਇਹ ਨਾਮਧਾਰੀ ਸਿੱਖ, ਅੰਗਰੇਜ਼ਾਂ ਦੀ ਨੌਕਰੀ ਨਹੀਂ ਕਰਦੇ, ਅੰਗਰੇਜ਼ੀ ਵਿਦਿਆ ਨਹੀਂ ਪੜ੍ਹਦੇ, ਅੰਗਰੇਜ਼ੀ ਅਦਾਲਤਾਂ ਵਿੱਚ ਆਪਣੇ ਝਗੜੇ-ਮੁਕਦਮੇ ਨਹੀਂ ਲੈ ਕੇ ਜਾਂਦੇ, ਓਦੋਂ ਗਾਂਧੀ ਜੀ ਦੀ ਸਵਰਾਜ ਸਾਧਨਾ ਨਾਲੋਂ ਉਸ ਦੀ ਮਹਾਨਤਾ ਵੇਖ ਕੇ ਮੇਰੇ ਮਨ ਵਿੱਚ ਅਪਣੱਤ ਜਾਗੀ। ਅੰਗੇਰਜ਼ਾਂ ਦੀ ਨੌਕਰੀ ਅਤੇ ਵਲਾਇਤੀ ਮਾਲ ਦੀ ਤਜਾਰਤ ਦਾ ਬਾਈਕਾਟ ਕਰਨ ਪਿਛੋਂ ਇਹ ਗੱਲ ਸੁਭਾਵਕ ਹੀ ਸੀ ਕਿ ਇਹ ਜਨਤਾ ਦੇ ਪ੍ਰਤੀਨਿਧ ਨਾਮਧਾਰੀ, ਖੇਤੀ ਵਲ ਪੂਰਾ ਧਿਆਨ ਦੇਣਗੇ ਹੀ, ਗਊਆਂ ਤੇ ਬੌਲਦਾਂ ਦੀਆਂ ਨਸਲਾਂ ਸੁਧਾਰਨਗੇ, ਚੰਗੇ ਘੋੜੇ ਰਖਣਗੇ ਅਤੇ ਪਿੰਡਾਂ ਦੇ ਹੁਨਰ ਉਦਯੋਗਾਂ ਨੂੰ ਉਤਸਾਹਿਤ ਕਰਨਗੇ। ਸਿੱਖ ਧਰਮ ਸਦਾਚਾਰ ਦਾ ਪ੍ਰਚਾਰ ਕਰਦਾ ਹੈ ਇਹ ਜਾਣ ਕੇ ਨਾਮਧਾਰੀ ਸਿੱਖਾਂ ਨੇ ਸ਼ਰਾਬ ਕਬਾਬ ਦਾ ਪਰਹੇਜ਼ ਰਖਿਆ। ਸਿਗਰਟ ਪੀਣ ਤੋਂ ਵੀ ਦੂਰ ਰਹੇ। ਗਾਂਧੀ ਜੀ ਵੀ ਕੌਮੀ ਸ਼ਕਤੀ ਵਧਾਉਣ ਲਈ ਰਚਨਾਤਮਕ ਪ੍ਰੋਗਰਾਮ ਅਤੇ ਆਤਮ ਸ਼ੁਧੀ ਦੀ ਪ੍ਰਵਿਰਤੀ ਚਲਾਉਂਦੇ ਸਨ।"

"ਨਾਮਧਾਰੀ ਸੰਪਰਦਾਏ ਵਲ ਮੇਰਾ ਧਿਆਨ ਵੱਧਦਾ ਚਲਾ ਗਿਆ, ਨਾਮਧਾਰੀ ਸੰਪ੍ਰਦਾਇ ਆਮ ਜਨਤਾ ਵਿੱਚ ਫੈਲਿਆ ਹੋਇਆ ਹੈ। ਇਹ ਵੀ ਮੇਰੇ ਲਈ ਇੱਕ ਵਿਸ਼ੇਸ਼ ਖਿਚ ਸੀ। ਮਨ ਵਿੱਚ ਬਾਰ-ਬਾਰ ਆਉਂਦਾ ਕਿ ਨਾਮਧਾਰੀਆਂ ਦੀ ਗੱਦੀ ਜਿਥੇ ਹੈ 'ਉਸ ਭੈਣੀ ਸਾਹਿਬ ਦੀ ਇੱਕ ਵਾਰ ਯਾਤਰਾ ਕਰਾਂ। ਅਜਿਹਾ ਮੌਕਾ ਮੈਨੂੰ ਮਿਲਿਆ ਵੀ ਜਦ ਮੈਂ ਭਾਰਤ ਸਰਕਾਰ ਵਲੋਂ ਨਿਯੁਕਤ ਪਛੜੀ ਹੋਈ ਜਾਤੀ ਕਮਿਸ਼ਨ ਦੇ ਪ੍ਰਧਾਨ ਦੀ ਹੈਸੀਅਤ ਵਿੱਚ ਭਾਰਤ ਭਰ ਦਾ ਦੌਰਾ ਕਰਨ ਲਈ ਤਿਆਰ ਹੋਇਆ। ਲੋਕ ਸਭਾ ਦੇ ਮੇਰੇ ਸਾਥੀ ਆਤਮਾ ਸਿੰਘ ਨਾਮਧਾਰੀ ਜੀ ਨੂੰ ਮੈਂ ਜਾਣਦਾ ਹੀ ਸਾਂ।"

"ਸਾਲ 1953-54 ਦੇ ਦਿਨਾਂ ਵਿੱਚ ਮੈਂ ਸੁਤੰਤਰ ਭਾਰਤ ਦੇ ਪਛੜੇ ਹੋਏ ਹਿਸਿਆਂ ਦਾ ਦਰਸ਼ਨ ਕੀਤਾ। ਪੰਜ ਜੁਲਾਈ 1954 ਵਾਲੇ ਦਿਨ ਮੈਂ ਚੰਡੀਗੜ੍ਹ ਤੋਂ ਭੈਣੀ ਸਾਹਿਬ ਪੁੱਜਾ। ਭਾਰਤ ਦੇ ਅਨੇਕ ਪਵਿਤਰ ਅਸਥਾਨਾਂ ਦੀ ਯਾਤਰਾ ਮੈਂ ਕੀਤੀ ਹੈ-ਭਗਤੀ ਨਾਲ ਕੀਤੀ ਹੈ, ਪਰ ਹਰ ਥਾਂ ਤੇ ਭਗਵਾਨ ਦੀ ਥਾਂ ਪੰਡਤਾਂ ਅਤੇ ਪਰੋਹਤਾਂ ਦੇ ਹੀ ਦਰਸ਼ਨ ਹੁੰਦੇ ਸਨ। ਸ੍ਰੀ ਭੈਣੀ ਸਾਹਿਬ ਵਿੱਚ ਅਜੇਹੀ ਮਾਯੂਸੀ ਨਹੀਂ ਹੋਈ। ਉਥੇ ਤਾਂ ਭਗਤ ਕਿਸਾਨਾਂ ਦਾ ਹੀ

ਵਾਯੂ ਮੰਡਲ ਸੀ। ਅਸੀਂ ਘੁਮ ਕੇ ਸਾਰਾ ਪਿੰਡ ਵੇਖਿਆ। ਗੁਰੂ ਰਾਮ ਸਿੰਘ ਜੀ ਦਾ ਧਿਆਨ ਮੰਡਪ (ਅਕਾਲ ਬੁੰਗਾ) ਵੇਖਿਆ, ਰਹਿਣ ਦੀ ਥਾਂ ਵੇਖੀ। ਉਸ ਥਾਂ ਦੇ ਲੰਗਰ ਦੀ ਤਾਂ ਕੋਈ ਤੁਲਨਾ ਹੀ ਨਹੀਂ, ਉਹ ਲੰਗਰ ਵੀ ਵੇਖਿਆ।"

"ਉਥੇ ਮੈਨੂੰ ਪਰਮ ਸੰਤੋਖ ਉਦੋਂ ਹੋਇਆ ਜਦੋਂ ਮੈਂ ਉਤਮ ਸੰਗੀਤ ਦੇ ਨਾਲ ਗਾਏ ਹੋਏ ਸ਼ਬਦ ਸੁਣੇ। ਮੈਂ ਅਪਣੇ ਪਿਆਰੇ ਦੋ ਤਿੰਨ ਭਜਨ (ਸ਼ਬਦ) ਖਾਸ ਕਰਕੇ ਮੰਗ ਲਏ। ਇੱਕ ਸੀ 'ਗੁਰੂ ਬਿਨ ਕੌਨ ਬਤਾਵੇ ਬਾਟ' ਅਤੇ ਦੂਸਰਾ ਸੀ 'ਠਾਕੁਰ ਤੁਮ ਸਰਣਾਈ ਆਇਓ।"

ਪੰਜਾਬੀ ਭਾਸ਼ਾ ਦੇ ਵਿਕਾਸ ਲਈ ਉਚੇਚੇ ਯਤਨ:

ਸੂਫੀ ਦਰਵੇਸ਼ ਸ਼ੇਖ ਫਰੀਦ ਅਤੇ ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਭਾਸ਼ਾ ਵਿੱਚ ਗੁਰਬਾਣੀ ਉਚਾਰਣ ਕਰਕੇ ਆਧੁਨਿਕ ਪੰਜਾਬੀ ਦਾ ਮੁਢਲਾ ਸਰੂਪ ਅਧਿਆਤਮਿਕ ਰਚਨਾ ਦੇ ਯੋਗ ਬਣਾ ਦਿੱਤਾ ਸੀ। ਸੂਖਮ ਤੋਂ ਸੂਖਮ ਵਿਚਾਰ ਪੰਜਾਬੀ ਬੋਲੀ ਵਿੱਚ ਪ੍ਰਗਟਾਇਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਬੋਲੀ ਅਤੇ ਸਾਹਿਤ ਵਿੱਚ ਨਵਾਂ ਮੋੜ ਲਿਆਂਦਾ ਅਤੇ ਗੁਰੂ ਸਾਹਿਬਾਨ ਨੇ ਇਸੇ ਆਧਾਰ ਨੂੰ ਹੋਰ ਮਜ਼ਬੂਤ ਕਰਦਿਆਂ ਪੰਜਾਬੀ ਬੋਲੀ ਅਤੇ ਸਾਹਿਤ ਦੀ ਨੀਂਹ ਨੂੰ ਹੋਰ ਮਜ਼ਬੂਤ ਕੀਤਾ।

ਪਰੰਤੂ ਮਹਾਰਾਜਾ ਰਣਜੀਤ ਸਿੰਘ ਮਗਰੋਂ ਭਾਰਤ ਤੇ ਅੰਗਰੇਜ਼ਾਂ ਦਾ ਰਾਜ ਕਾਇਮ ਹੋਇਆ। ਅੰਗਰੇਜ਼ ਪਾਦਰੀਆਂ ਨੇ ਸੂਫੀਆਂ ਵਾਂਗੂ ਆਪਣੇ ਧਰਮ ਦਾ ਪ੍ਰਚਾਰ ਕਰਨ ਲਈ ਅੰਗਰੇਜ਼ੀ ਭਾਸ਼ਾ ਦਾ ਪ੍ਰਚਾਰ ਪ੍ਰਸਾਰ ਸ਼ੁਰੂ ਕਰ ਦਿੱਤਾ। ਇਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਦਾ ਕਾਰਜ ਖੇਤਰ ਸ਼ੁਰੂ ਹੁੰਦਾ ਹੈ। ਅੰਗਰੇਜ਼ਾਂ ਦੇ ਨਾਲ ਹੀ ਬੜੇ ਜ਼ੋਰ ਨਾਲ ਅੰਗਰੇਜ਼ੀ ਭਾਸ਼ਾ ਦੇ ਅੰਗਰੇਜ਼ੀ ਸਾਹਿਤ ਦਾ ਪ੍ਰਚਾਰ ਪੰਜਾਬ ਵਿੱਚ ਸ਼ੁਰੂ ਹੋ ਜਾਂਦਾ ਹੈ। ਉਰਦੂ ਫਾਰਸੀ ਭਾਸ਼ਾ ਪੰਜਾਬ ਦੀ ਮੁਢਲੀ ਸਿਖਿਆ ਦਾ ਅੰਗ ਬਣਨੀ ਸ਼ੁਰੂ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਵਾਲੀ ਭਾਸ਼ਾਈ ਸਮਸਿਆ ਪੈਦਾ ਹੋ ਜਾਂਦੀ ਹੈ। ਇਹਨਾਂ ਸਮਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਰਚਨ ਲਈ ਪੁਰਜ਼ੋਰ ਢੰਗ ਨਾਲ ਨਾਮਧਾਰੀ ਸਿੱਖਾਂ ਨੂੰ ਪ੍ਰੇਰਣਾਂ ਦਿੱਤੀ।

ਆਪਣੇ ਇੱਕ ਲੇਖ ਵਿੱਚ ਡਾ. ਕਾਲਾ ਸਿੰਘ ਬੇਦੀ ਲਿਖਦੇ ਹਨ।

"ਗੁਰੂ ਰਾਮ ਸਿੰਘ ਜੀ ਦੀ ਪੰਜਾਬੀ ਭਾਸ਼ਾ ਨੂੰ ਦੇਣ:

ਅਸੀਂ ਪਹਿਲੋਂ ਦੇਖ ਚੁਕੇ ਹਾਂ ਕਿ ਗੁਰੂ ਸਾਹਿਬਾਨ ਨੇ ਪੰਜਾਬੀ ਨੂੰ ਉਸ ਵੇਲੇ ਭਾਗ ਲਾਏ ਸਨ ਜਦ ਕਿ ਇਸਲਾਮੀ ਰਾਜ ਚੜ੍ਹਦੀਆਂ ਕਲਾਂ ਵਿੱਚ ਸੀ, ਅਤੇ ਫਾਰਸੀ ਸਰਕਾਰੀ ਦਰਬਾਰੀ ਜ਼ਬਾਨ ਸੀ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਉਚਾਰ ਕੇ, ਜਨਤਾ ਵਿੱਚ ਜ਼ੁਲਮ ਵਿਰੁੱਧ ਸੰਗ੍ਰਾਮ ਕਰਨੇ ਲਈ ਇੱਕ ਉਤਸ਼ਾਹ ਭਰ ਦਿੱਤਾ। ਗੁਰੂ ਰਾਮ ਸਿੰਘ ਜੀ ਇਹਨਾਂ ਤਥਾਂ ਤੋਂ ਭਲੀ ਪ੍ਰਕਾਰ ਜਾਣੂ ਸਨ। ਜਦ ਅੰਗਰੇਜ਼ੀ ਸਰਕਾਰ ਪੰਜਾਬ ਵਿੱਚ ਪੱਕੀ ਹੋ ਗਈ, ਤਦ ਅੰਗਰੇਜ਼ਾ ਨੇ ਅੰਗਰੇਜ਼ੀ ਬੋਲੀ ਅਤੇ ਅੰਗਰੇਜ਼ੀ ਸਾਹਿਤ ਰਾਹੀਂ ਪੰਜਾਬੀ ਜਨਤਾ ਨੂੰ ਸਦਾ ਲਈ ਜਕੜ ਰਖਣ ਲਈ ਸਕੂਲ ਖੋਲਣੇ ਸ਼ੁਰੂ ਕਰ ਦਿੱਤੇ। ਤਦ ਗੁਰੂ ਰਾਮ ਸਿੰਘ ਜੀ ਨੇ ਦੂਰਦਰਸ਼ਤਾ ਦੇ ਅਧਾਰ ਤੇ ਇਸ ਚਾਲ ਨੂੰ ਭਾਂਪ ਲਿਆ ਅਤੇ ਖੁਲੇ ਤੌਰ ਤੇ ਅੰਗਰੇਜ਼ੀ ਸਕੂਲਾਂ ਦੇ ਬਹਿਸ਼ਕਾਰ ਲਈ ਹੁਕਮ ਦਿੱਤਾ, ਅਤੇ ਆਪਣੇ ਪੈਰੋਕਾਰਾਂ ਅਤੇ ਬਾਕੀ ਪੰਜਾਬੀਆਂ ਨੂੰ ਗੁਰਮੁਖੀ ਲਿਪੀ ਸਿਖਣ ਅਤੇ ਪੰਜਾਬੀ ਭਾਸ਼ਾ ਪੜ੍ਹਨ ਲਈ ਜ਼ਬਰਦਸਤ ਪ੍ਰੇਰਣਾ ਦਿੱਤੀ। ਆਪਣਾ ਨਿਜੀ ਕਾਰ ਵਿਹਾਰ ਅਤੇ ਚਿਠੀ ਪੱਤਰ ਅਤੇ ਹੁਕਮ ਨਾਮੇ ਤੇ ਫੁਰਮਾਨ ਗੁਰਮੁਖੀ ਲਿਪੀ ਵਿੱਚ ਪੰਜਾਬੀ ਭਾਸ਼ਾ ਦੇ ਮਾਧਿਅਮ ਨਾਲ ਲਿਖੇ। ਆਪ ਜੀ ਨੇ ਗੁਰਬਾਣੀ ਪੜ੍ਹਨ ਲਈ ਜ਼ੋਰ ਦਿੱਤਾ। ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਦੀਵਾਨ ਬੂਟਾ ਸਿੰਘ ਦੇ ਛਾਪੇਖਾਨੇ ਵਿੱਚ ਛਪਵਾਇਆ। ਇਹ ਆਪ ਜੀ ਦੀ ਬੁਨਿਆਦੀ ਸੇਵਾ ਸੀ। ਆਪ ਜੀ ਦੇ ਪੈਰੋਕਾਰਾਂ ਨੇ ਪੰਜਾਬੀ ਭਾਸ਼ਾ ਵਿੱਚ ਹੀ ਆਪਣਾ ਸਾਹਿਤ ਰਚਣਾ ਸ਼ੁਰੂ ਕਰ ਦਿੱਤਾ। ਦਿਨੋਂ ਦਿਨ ਨਿਜੀ ਤੌਰ ਤੇ ਪੰਜਾਬੀ ਸਾਹਿਤ ਵਿੱਚ ਵਾਧਾ ਹੋਣਾ ਸ਼ੁਰੂ ਹੋਇਆ। ਇਸ ਦਾ ਅਸਰ ਪੰਜਾਬੀ ਦੀ ਬਾਕੀ ਜਨਤਾ ਉਪਰ ਵੀ ਪਿਆ।"

ਸੁਤੰਤਰਤਾ ਸੰਗਰਾਮ ਤੇ ਸੁਦੇਸ਼ੀ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ :

ਸਤਿਗੁਰੂ ਰਾਮ ਸਿੰਘ ਜੀ ਦੇ ਰਾਜਸੀ ਕਾਰਜ ਕਰਮ ਦਾ ਮੰਤਵ ਭਾਰਤ ਵਰਸ਼ ਨੂੰ ਫਰੰਗੀਆਂ ਦੀ ਅਧੀਨਤਾ ਤੋਂ ਆਜ਼ਾਦ ਕਰਵਾਉਣ ਦਾ ਸੀ। ਇਸ ਨਿਸ਼ਾਨੇ ਤੇ ਪਹੁੰਚਣ ਲਈ ਆਪ ਨੇ ਅੰਗਰੇਜ਼ੀ ਸਰਕਾਰ ਵਲੋਂ ਖੋਹਲੀਆਂ ਗਈਆਂ ਸੰਸਥਾਵਾਂ ਅਤੇ ਹਰ ਵਿਦੇਸ਼ੀ ਵਸਤੂ ਦੀ ਵਰਤੋਂ ਤੋਂ ਪੂਰੀ ਤਰ੍ਹਾਂ ਵਰਜਿਤ ਕੀਤਾ। ਧਾਰਮਿਕ, ਸਦਾਚਾਰਕ ਅਤੇ

ਅੰਗਰੇਜ਼ਾਂ ਦੇ ਨਾਲ ਹੀ ਬੜੇ ਜ਼ੋਰ ਨਾਲ ਅੰਗਰੇਜ਼ੀ ਭਾਸ਼ਾ ਦੇ ਅੰਗਰੇਜ਼ੀ ਸਾਹਿਤ ਦਾ ਪ੍ਰਚਾਰ ਪੰਜਾਬ ਵਿੱਚ ਸ਼ੁਰੂ ਹੋ ਜਾਂਦਾ ਹੈ। ਉਰਦੂ ਫਾਰਸੀ ਭਾਸ਼ਾ ਪੰਜਾਬ ਦੀ ਮੁਢਲੀ ਸਿਖਿਆ ਦਾ ਅੰਗ ਬਣਨੀ ਸ਼ੁਰੂ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਵਾਲੀ ਭਾਸ਼ਾਈ ਸਮਸਿਆ ਪੈਦਾ ਹੋ ਜਾਂਦੀ ਹੈ। ਇਹਨਾਂ ਸਮਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਰਚਨ ਲਈ ਪੁਰਜ਼ੋਰ ਢੰਗ ਨਾਲ ਨਾਮਧਾਰੀ ਸਿੱਖਾਂ ਨੂੰ ਪ੍ਰੇਰਣਾਂ ਦਿੱਤੀ।

ਰਾਜਸੀ ਕਾਰਜ ਕਰਮਾਂ ਨੂੰ ਚਾਲੂ ਕਰ ਕੇ ਆਪ ਨੇ ਉੱਚੇ ਤੇ ਸੁੱਚੇ ਨਾਮਧਾਰੀ ਸਿੱਖਾਂ ਨੂੰ ਤਿਆਰ ਕੀਤਾ ਜਿਹੜੇ ਆਉਣ ਵਾਲੇ ਸਮੇਂ ਵਿੱਚ ਜ਼ਿੰਮੇਵਾਰੀਆਂ ਚੰਗੇ ਢੰਗ ਨਾਲ ਸੰਭਾਲ ਸਕਣ।

ਭਾਰਤ ਦੀ ਆਜ਼ਾਦੀ ਦੀ ਲਹਿਰ ਦਾ ਇਤਿਹਾਸ ਲਿਖਣ ਲਈ ਵਿਦਵਾਨਾਂ ਤੇ ਇਤਿਹਾਸ ਖੋਜੀਆਂ ਦੀ ਇੱਕ ਸੰਸਥਾ ਬਣਾਈ ਗਈ, ਉਸ ਵਿੱਚ ਪੰਜਾਬ ਸੰਬੰਧੀ ਇੱਕ ਵੱਖਰੀ ਕਮੇਟੀ ਸੀ, ਜਿਸ ਦੇ ਪ੍ਰਧਾਨ ਲਾਲਾ ਫਿਰੋਜ਼ ਚੰਦ ਸਨ। ਲਾਲਾ ਜੀ ਨੇ ਜਿਸ ਦਰਦ ਨਾਲ ਇਸ ਗੱਲ ਨੂੰ ਅਨੁਭਵ ਕੀਤਾ, ਕਿ ਇਤਿਹਾਸਕਾਰਾਂ ਨੇ ਹੁਣ ਤਕ ਜਾਂ ਤੇ ਛੁਹਿਆ ਹੀ ਨਹੀਂ ਜਾਂ ਠੀਕ ਤਰ੍ਹਾਂ ਅੰਕਿਆ ਨਹੀਂ, ਇਹਦਾ ਟੁੰਬਵਾਂ ਜ਼ਿਕਰ ਆਪ ਨੇ ਇੱਕ ਲੇਖ ਵਿੱਚ ਕੀਤਾ ਸੀ, ਜਿਸ ਦੇ ਕੁੱਝ ਅੰਸ਼ ਇਥੇ ਪੇਸ਼ ਕੀਤੇ ਜਾ ਰਹੇ ਹਨ। ਉਹਨਾਂ ਤੱਥਾਂ ਦੇ ਆਧਾਰ ਤੇ ਪ੍ਰਤਖ ਰੂਪ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੂੰ ਭਾਰਤ ਦੀ ਆਜ਼ਾਦੀ ਦਾ ਅਗੁਣੀ ਬਨਾਇਆ ਹੈ। ਆਪ ਦੇ ਲੇਖ ਦਾ ਅਧਿਐਨ ਕੀਤਿਆਂ ਸ਼ਪਸ਼ਟ ਹੋ ਜਾਂਦਾ ਹੈ ਕਿ ਆਪ ਸਤਿਗੁਰੂ ਰਾਮ ਸਿੰਘ ਜੀ ਦਵਾਰਾ ਚਲਾਏ ਕਾਰਜ ਕਰਮ ਨੂੰ ਭਾਰਤ ਦੀ ਆਜ਼ਾਦੀ ਦਾ ਮੁੱਢ ਮੰਨਦੇ ਹਨ।

"ਨਾਮਧਾਰੀ-ਨਾਮਿਲਵਰਤਣੀਏ :

1857 ਤੋਂ ਬਾਅਦ ਭਾਰਤ ਦੇ ਸੁਤੰਤਰਤਾਂ ਸੰਘਰਸ਼ ਜਾਂ ਸੰਗਰਾਮ ਨੇ ਜਿਹੜਾ ਨਵਾਂ ਰੂਪ ਧਾਰਿਆ ਉਸ ਵਿੱਚ ਨਾਮਧਾਰੀ ਸਿੱਖਾਂ ਨੂੰ, ਜਿਨ੍ਹਾਂ ਨੂੰ ਆਮ ਤੌਰ ਤੇ ਕੂਕੇ ਕਿਹਾ ਜਾਂਦਾ ਹੈ ਆਦਰ-ਯੋਗ ਤੇ ਗੌਰਵ-ਮਈ ਅਸਥਾਨ ਦਿੱਤਾ ਜਾਣਾ ਚਾਹੀਦਾ ਹੈ। ਇਹਨਾਂ ਨੇ ਨਵੇਂ ਸਿਰਿਉਂ ਅੰਗਰੇਜ਼ ਸਰਕਾਰ ਨੂੰ ਲਲਕਾਰਿਆ ਤੇ ਇਸਦੇ ਵਿਰੁੱਧ ਉਠ ਖਲੋਤੇ। ਇਹ ਉਹ ਜ਼ਮਾਨਾ ਸੀ ਜਦੋਂ ਉਸ ਜ਼ਮਾਨੇ ਦੇ ਆਧਾਰ ਅਨੁਸਾਰ ਅੰਗਰੇਜ਼ ਸਰਕਾਰ ਦੇ ਪੈਰ ਜੰਮ ਚੁਕੇ ਸਨ ਤੇ ਇਸ ਦੀ ਹਕੂਮਤ ਨੂੰ ਕੋਈ ਚੁਨੌਤੀ ਨਹੀਂ ਸੀ ਦਿੱਤੀ ਜਾ ਸਕਦੀ। ਇਹ ਨਾਮਧਾਰੀ ਸਹੀ ਅਰਥਾਂ ਵਿੱਚ ਸੁਤੰਤਰਤਾ ਸੰਗਰਾਮ ਦੇ ਮੋਢੀ ਹਨ। ਇਹ ਨਾਮਧਾਰੀ ਸਚੇ ਮਹਿਨਿਆਂ ਵਿੱਚ ਆਜ਼ਾਦੀ ਦੇ ਕਾਫ਼ਲੇ ਦੇ ਸਰਵ ਪ੍ਰਥਮ ਸੈਨਾਨੀ ਸਨ। ਇਹ ਨਾਮਧਾਰੀ ਸੁਤੰਤਰਤਾ ਸੰਗਰਾਮੀਆਂ ਦਾ ਹਰਾਵਲ ਦਸਤਾ ਬਣੇ। ਸਤਿਗੁਰੂ ਰਾਮ ਸਿੰਘ ਤੇ ਆਪਦੇ ਨਾਮਧਾਰੀਆਂ ਨੇ ਅੱਧੀ ਸਦੀ ਤੋਂ ਵਧੇਰੇ ਅਰਸਾ ਪਹਿਲਾਂ ਹੀ ਆਉਣ ਵਾਲੇ ਇਤਿਹਾਸ ਦਾ ਅਨੁਮਾਨ ਲਾ ਲਿਆ। 1872 ਵਿੱਚ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕਾਵਨ ਨੇ ਮਲੇਰਕੋਟਲੇ ਦੇ ਕਤਲਿਆਮ ਦਾ ਖ਼ੂਨੀ ਸਾਕਾ ਕੀਤਾ, ਓਦੋਂ ਅੰਮ੍ਰਿਤਸਰ ਦੇ ਜਲਿਆਂ ਵਾਲਾ ਬਾਗ਼ ਦੇ ਕਤਲਿਆਮ ਤੇ ਇਸ ਸਾਮਰਾਜੀ ਹੀਰੋ ਜਨਰਲ ਡਾਇਰ ਵਲੋਂ ਕੀਤੇ ਗਏ ਇਸ ਖ਼ੂਨੀ ਸਾਕੇ ਦਾ ਕਿਸੇ ਨੂੰ ਚਿਤ ਚੇਤਾ ਭੀ ਨਹੀਂ ਸੀ। ਇਹ ਸਾਰੀਆਂ ਘਟਨਾਵਾਂ ਅਜੇ ਭਵਿਖ ਦੇ ਪਰਦੇ ਹੇਠ ਲੁਕੀਆਂ ਹੋਈਆਂ ਸਨ, ਜਦ ਕਿ ਸਤਿਗੁਰੂ ਰਾਮ ਸਿੰਘ ਜੀ ਨੇ 1860 ਦੇ ਅਗਲੇ ਦਹਾਕੇ ਵਿੱਚ ਹੀ ਭਵਿਖ ਦੇ ਵਾਕਿਆਤ ਦੀ ਨੁਹਾਰ ਪਛਾਣ ਲਈ ਸੀ। ਅੰਗਰੇਜ਼ਾਂ ਨਾਲ ਨਾਮਿਲਵਰਤਨ ਦਾ ਬੁਨਿਆਦੀ ਅਨੁਭਵ ਸਤਿਗੁਰੂ ਰਾਮ ਸਿੰਘ ਜੀ ਨੂੰ ਹੀ ਹੋਇਆ। ਉਹਨਾਂ ਨੇ ਅੰਗਰੇਜ਼ਾਂ ਦੀਆਂ ਅਦਾਲਤਾਂ ਤੇ ਸਰਕਾਰੀ ਕੰਟਰੋਲ ਹੇਠ ਚਲਣ ਵਾਲੇ ਸਕੂਲਾਂ ਦੇ ਬਾਈਕਾਟ ਦੀ ਲਹਿਰ ਦੀ ਨੀਂਹ ਰਖੀ। ਸੁਦੇਸ਼ੀ ਲਹਿਰ ਦੇ ਵੀ ਆਪ ਹੀ ਮੋਢੀ ਸਨ।"

"1920 ਵਿੱਚ ਕਾਂਗਰਸ ਨੇ ਗਾਂਧੀ ਜੀ ਦਾ ਪ੍ਰੋਗਰਾਮ ਚਲਾਇਆ। ਇਸ ਲਹਿਰ ਦਾ ਮਨੋਰਥ ਤੇ ਬੁਨਿਆਦੀ ਧਾਰਨਾ ਵੀ ਇਹੀ ਸੀ, ਕਿ ਅੰਗਰੇਜ਼ਾਂ ਨਾਲ ਨਾਮਿਲਵਰਤਨ ਕੀਤੀ ਜਾਵੇ, ਖਾਦੀ ਦੀ ਵਰਤੋਂ ਕੀਤੀ ਜਾਵੇ ਤੇ ਬਰਤਾਨਵੀ ਕਚਹਿਰੀਆਂ ਤੇ ਗੌਰਮਿੰਟ ਦੇ ਕੰਟਰੋਲ ਹੇਠ ਚਲ ਰਹੀਆਂ ਵਿਦਿਅਕ ਸੰਸਥਾਵਾਂ ਦਾ ਬਾਈਕਾਟ ਕੀਤਾ ਜਾਵੇ। ਹਕੀਕਤ ਇਹ ਹੈ ਕਿ ਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਗਈ ਨਾਮਿਲਵਰਤਨ ਦੀ ਲਹਿਰ, ਗਾਂਧੀ ਜੀ ਦੀ ਪ੍ਰੇਰਨਾ ਨਾਲ ਕਾਂਗਰਸੀਆਂ ਵਲੋਂ ਚਲਾਈ ਗਈ ਲਹਿਰ ਨਾਲੋਂ, ਆਪਣੀ ਮੂਲ ਧਾਰਨਾ ਤੇ ਇਸਦੇ ਅਮਲੀ ਪਖੋਂ ਵਧੇਰੇ ਵਿਆਪਕ ਤੇ ਸੰਪੂਰਨ ਸੀ ਤੇ ਇਸ ਲਹਿਰ ਨੇ ਵਧੇਰੇ ਸਥਾਈ ਰੂਪ ਧਾਰਨ ਕਰ ਲਿਆ।"

ਇਸਤਰੀ ਉਥਾਨ ਦਾ ਇੱਕ ਪੱਖ:

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਨੇ ਅੰਮ੍ਰਿਤ ਬਨ੍ਹਾਂ ਸਿੱਖਾਂ ਨੂੰ ਛਕਾ ਕਿ ਇੱਕ ਨਵੀਂ ਮਰਿਆਦਾ ਤੋਰੀ। ਜਿਥੋਂ ਤਕ ਅੰਮ੍ਰਿਤ ਛਕਣ ਦੀ ਰਹੁ ਰੀਤ ਦਾ ਸੰਬੰਧ ਹੈ, ਇਹ ਕੇਵਲ ਸਿੰਘਾਂ ਤਕ ਹੀ ਸੀਮਤਿ ਸੀ। ਸਿੰਘਨੀਆਂ ਨੂੰ ਅੰਮ੍ਰਿਤ ਛਕਾਉਣ ਦੀ ਪ੍ਰਪਾਟੀ ਬਿਲਕੁਲ ਨਹੀਂ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਨੂੰ ਵੀ ਅੰਮ੍ਰਿਤ ਦੀ ਦਾਤ, ਬਖ਼ਸ਼ਸ਼ ਕਰਨ ਦਾ ਹੁਕਮ ਦਿੱਤਾ। ਆਪ ਨੇ ਮਰਦ ਅਤੇ ਔਰਤਾਂ ਦੇ ਸਮਾਣ ਵਿਵਹਾਰ ਦਾ ਐਲਾਨ ਕੀਤਾ। ਆਪ ਨੇ ਔਰਤਾਂ ਅਤੇ ਮਰਦਾਂ ਦੋਹਾਂ ਲਈ ਅੰਮ੍ਰਿਤ ਛਕਣਾਂ ਅਤੇ ਪੰਜ ਕਕਾਰੀ ਹੋਣਾ ਜ਼ਰੂਰੀ ਕਰਾਰ ਦਿੱਤਾ।

ਆਪ ਨੇ ਸਿੱਖਾਂ ਨੂੰ ਇਹ ਸ਼ੁਭ ਉਪਦੇਸ਼ ਦਿੱਤਾ ਕਿ ਉਹ ਪ੍ਰਾਣੀ ਮਾਤਰ ਤੇ ਕੁਲ ਲੁਕਾਈ ਨਾਲ ਪਿਆਰ ਕਰਨ। ਆਪ ਨੇ ਉਹਨਾਂ ਮਨੁੱਖਾਂ ਨਾਲ ਭੀ ਪਿਆਰ ਕਰਨ ਦਾ ਸਬਕ ਸਿਖਾਇਆ ਜਿਹੜੇ ਤੁਹਾਡੇ ਨਾਲ ਦੁਸ਼ਮਨੀ ਦੀ ਭਾਵਨਾ ਰੱਖਦੇ ਹਨ। ਆਪਨੇ ਸਿੱਖਾਂ ਨੂੰ ਇਮਾਨਦਾਰ, ਸਤਿਯਵਾਦੀ ਤੇ ਉਚੇ ਸ਼ੁਧ ਆਚਰਨ ਵਾਲੇ ਬਨਣ ਦੀ ਸ਼ੁਭ ਸਿਖਿਆ ਦਿੱਤੀ। ਸਿੱਖੀ ਦੀਆਂ ਪੰਜਾਂ ਨਿਸ਼ਾਨੀਆਂ ਤੋਂ ਇਲਾਵਾ, ਸਤਿਗੁਰੂ ਰਾਮ ਸਿੰਘ ਜੀ ਨੇ ਚਿੱਟੀ ਉਨ ਦੀ ਮਾਲਾ ਬਖ਼ਸ਼ੀ ਅਤੇ ਹਰ ਨਾਮਧਾਰੀ ਸਿੰਘ- ਸਿੰਘਣੀ ਨੂੰ ਇਹ ਉਪਦੇਸ਼ ਦਿੱਤਾ ਕਿ ਉਹ ਸੁਆਸ-ਸੁਆਸ ਨਾਮ ਜਪਣ। ਪ੍ਰਭੂ ਸਿਮਰਣ ਵਿੱਚ ਲੀਨ ਰਹਿਣ।

ਸਤਿਗੁਰੂ ਰਾਮ ਸਿੰਘ ਜੀ ਦੀ ਨਜ਼ਰਬੰਦੀ :

ਬਰਤਾਨੀਆ ਸਰਕਾਰ ਦੇ ਉਚ ਅਧਿਕਾਰੀਆਂ ਪਾਸ ਇਹ ਸ਼ਿਕਾਇਤ ਕੀਤੀ ਗਈ ਕਿ ਸਤਿਗੁਰੂ ਰਾਮ ਸਿੰਘ ਅੰਗਰੇਜ਼ ਸਰਕਾਰ ਦਾ ਤਖਤਾ ਉਲਟਾਉਣਾ ਚਾਹੁੰਦੇ ਹਨ। ਇਹੋ ਜਹੀਆਂ ਘੜੀਆਂ ਘੜਾਈਆਂ ਰਿਪੋਰਟਾਂ ਦੇ ਆਧਾਰ ਤੇ ਅੰਗਰੇਜ਼ ਸਰਕਾਰ ਨੇ ਆਪ ਨੂੰ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ ਪਾਬੰਦੀ ਲਗਾ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਦੇ ਪਵਿੱਤਰ ਅਸੂਲਾਂ ਦੇ ਪ੍ਰਚਾਰ ਲਈ ਸੂਬੇ ਥਾਪ ਦਿੱਤੇ। ਅੰਗਰੇਜ਼ ਸ਼ਾਸਕਾਂ ਨੇ ਸੂਬਿਆਂ ਨੂੰ ਵੀ ਨਜ਼ਰ ਬੰਦ ਕਰ ਦਿੱਤਾ। ਪੰਜਾਬ ਸਰਕਾਰ ਦਾ ਲੈਫਟੀਨੈਂਟ ਗਵਰਨਰ ਸ੍ਰੀ ਭੈਣੀ ਸਾਹਿਬ ਆਇਆ ਤੇ ਸਤਿਗੁਰੂ ਰਾਮ ਸਿੰਘ ਪਾਸੋਂ ਪੁਛਿਆ ਕਿ ਆਪ ਹੁਣ ਕੇਹੜਾ ਕਦਮ ਚੁਕਨਾ ਚਾਹੋਗੇ। ਆਪ ਨੇ ਪੂਰੀ ਨਿਡਰਤਾ ਅਤੇ ਦਲੇਰੀ ਨਾਲ ਉੱਤਰ ਦਿੱਤਾ, "ਹੁਣ ਮੈਂ ਘਰ ਘਰ ਵਿੱਚ ਰਾਮ ਸਿੰਘ ਪੈਂਦਾ ਕਰ ਦਿਆਂਗਾ"।

ਨਾਮਧਾਰੀ ਲਹਿਰ ਦਾ ਇਤਿਹਾਸ ਵਿੱਚ ਅਸਥਾਨ :

ਜਦੋਂ ਉਨ੍ਹੀਵੀਂ ਸਦੀ ਦੇ ਸੱਤਵੇਂ ਦਹਾਕੇ ਦਾ ਪੰਜਾਬ ਅਤੇ ਹਿੰਦੁਸਤਾਨ ਦਾ ਇਤਿਹਾਸ ਸੁਚੱਜਤਾ ਨਾਲ ਦੋਬਾਰਾ ਲਿਖਿਆ ਜਾਵੇਗਾ ਤਾਂ ਇਹ ਸੱਚਾਈ ਉੱਘੜ ਕੇ ਸਾਮ੍ਹਣੇ ਆਵੇਗੀ, ਕਿ 'ਨਾਮਿਲਵਰਤਣ' ਦੀ ਲਹਿਰ ਨੇ ਪੰਜਾਬ ਵਿੱਚ ਸਤਿਗੁਰੂ ਰਾਮ ਸਿੰਘ ਵਲੋਂ ਬਣਾਏ ਗਏ ਕੂਕਿਆਂ ਦੇ ਦੀਵਾਨਾਂ ਵਿੱਚੋਂ ਜਨਮ ਲਿਆ। ਓਦੋਂ ਸ੍ਰੀ ਭੈਣੀ ਸਾਹਿਬ 'ਨਾਂ' ਇੱਕ ਨਵੀਂ ਰਾਸ਼ਟਰੀ ਮਹਾਨਤਾ ਪ੍ਰਾਪਤ ਕਰ ਲਏਗਾ। ਅਜੇ ਤਕ ਤਾਂ ਇਸ ਦੇ ਨਾਂ ਤੋਂ ਬਹੁਤ ਸਾਰੇ ਇਤਿਹਾਸਕਾਰ ਜਾਣੂੰ ਹੀ ਨਹੀਂ। ਪਰ ਜਦੋਂ ਪੰਜਾਬ ਤੇ ਭਾਰਤ ਵਰਸ਼ ਦਾ ਇਤਿਹਾਸ ਨਵੇਂ ਸਿਰਿਉਂ ਲਿਖਿਆ ਗਿਆ, ਤਾਂ ਸ੍ਰੀ ਭੈਣੀ ਸਾਹਿਬ ਦਾ ਨਾਂ ਉਸ ਉਚ ਮਹਾਨ ਪਵਿਤਰ ਤੇ ਉਚੇ ਰੂਹਾਨੀ ਮੰਡਲ ਵਾਲੇ ਉਘੇ ਤੀਰਥ ਦੇ ਤੌਰ ਤੇ ਇੱਕ ਵਿਲੱਖਣ ਕੌਮੀ ਮਹੱਤਤਾ ਧਾਰਨ ਕਰ ਲਵੇਗਾ। ਇਹ ਅਸਥਾਨ ਐਸਾ ਪ੍ਰਤੀਤ ਹੋਵੇਗਾ, ਜਿਸ ਤੋਂ ਆਤਮ ਨਿਰਭਰਤਾ, ਸਵੈ-ਸਹਾਇਤਾ, ਸੁਦੇਸ਼ੀ, ਸਾਦਗੀ, ਸੁਚਤਾ, ਸੰਜਮ, ਸਚਾਈ ਤੇ ਕੁਰਬਾਨੀ ਦੇ ਸੁਨਹਿਰੀ ਸੰਦੇਸ਼ ਫੁਟ ਫੁਟ ਕੇ ਨਿਕਲਦੇ ਹਨ। ਓਦੋਂ ਸਾਨੂੰ ਸਹੀ ਰੂਹਾਨੀ ਤੇ ਕੌਮੀ ਕਦਰਾਂ ਦਾ ਅਹਿਸਾਸ ਹੋਵੇਗਾ। ਓਦੋਂ ਸਾਨੂੰ ਸ੍ਰੀ ਭੈਣੀ ਸਾਹਿਬ ਦਾ ਮਹਾਨ ਤੀਰਥ ਇਉਂ ਲਗੇਗਾ ਕਿ ਅਜਿਹਾ ਸੋਮਾਂ ਜਾਂ ਮੂਲ ਸਰੋਤ ਸੀ ਜਿਥੋਂ ਕੌਮ ਨੂੰ ਅੰਗਰੇਜ਼ਾਂ ਜ਼ੁਲਮੀ ਤੇ ਅਤਿਆਚਾਰੀ ਹਮਲਿਆਂ ਦੇ ਬਾਵਜੂਦ, ਲਾਸਾਨੀ ਰੂਹਾਨੀ ਉੱਚਤਾ ਤੇ ਉਪਰ ਦੱਸੀਆਂ ਦਾਤਾਂ ਅਤੇ ਸ਼ੁਭ ਗੁਣਾਂ ਦੇ ਪਵਿੱਤਰ ਪੈਗਾਮ ਮਿਲੇ। ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਦੇਸ਼ ਆਜ਼ਾਦੀ ਦੀ ਲਹਿਰ ਦੇ ਇਤਨੇ ਪੱਖ ਹਨ ਕਿ ਬਹੁਤ ਲੰਬਾ ਲੇਖ ਇਸ ਸੰਦਰਭ ਵਿੱਚ ਲਿਖਿਆ ਜਾ ਸਕਦਾ ਹੈ, ਕੁੱਝ ਦੁਹਰਾਉ ਵੀ ਹੋ ਹੀ ਜਾਂਦਾ ਹੈ, ਸੋ ਕੁੱਝ ਕੁ ਪੱਖਾਂ ਦਾ ਜ਼ਿਕਰ ਕਰਦਿਆਂ ਹੀ ਲੇਖ ਨੂੰ ਸੰਕੋਚਨ ਦਾ ਯਤਨ ਹੈ। ■

ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ



ਮਾਸਟਰ ਅਮਰੀਕ ਸਿੰਘ

ਗੁਰੂ ਰਾਮ ਸਿੰਘ ਜੀ ਜਦੋਂ ਜੱਗ ਤੇ ਆਏ,
ਗੁਲਾਮੀ ਦੇ ਬੱਦਲ ਸੀ ਹਰ ਪਾਸੇ ਛਾਏ।

ਪਰਵਾਰ ਦੀ ਫੁੱਟ ਹਕੂਮਤ ਗਵਾਈ,
ਆਜ਼ਾਦੀ ਗਈ ਤੇ ਗੁਲਾਮੀ ਸੀ ਛਾਈ,
ਬਹੁਤ ਮਾੜੇ ਦਿਨ ਉਦੋਂ ਭਾਰਤ ਹੰਢਾਏ,
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਸੀ ਇਕ ਜਾਲ ਗ਼ੈਰਾਂ ਨੇ ਐਸਾ ਵਛਾਇਆ।
ਤੇ ਭਾਰਤ ਦੇ ਲੋਕਾਂ ਨੂੰ ਉਸ ਵਿੱਚ ਫਸਾਇਆ,
ਜੋ ਫਾਥੇ ਸੀ ਆਪੇ ਤਾਂ ਕਿਹੜਾ ਛੁਡਾਏ,
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਸ੍ਰੀ ਭੈਣੀ ਸਾਹਿਬੋਂ ਹਵਾ ਐਸੀ ਚੱਲੀ,
ਹਨੇਰੀ ਗੁਲਾਮੀ ਦੀ ਜਿਸ ਪੂਰੀ ਠੱਲੀ,
ਸੀ ਸੁੱਤੇ ਹੋਏ ਲੋਕ ਇਸ ਨੇ ਜਗਾਏ
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਕਿਹਾ ਲੋਕੋ ਪਹਿਲਾਂ ਤਾਂ ਆਪਾ ਸੁਧਾਰੋ,
ਮਨੋਂ ਬੇਅਸੂਲੀ ਦੀ ਗੰਦਗੀ ਉਤਾਰੋ,
ਬਣੋ ਮਾਤ ਭਾਰਤ ਦੇ ਅਸਲੀ ਹੀ ਜਾਏ,
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਤੁਸੀਂ ਗ਼ੈਰ ਦੀ ਚੀਜ਼ ਹਰ ਇੱਕ ਤਿਆਗੋ
ਬੜੀ ਗੂੜ੍ਹੀ ਨੀਂਦੋਂ ਕਰੋ ਹੋਸ਼ ਜਾਗੋ,
ਕਿਤੇ ਸੁੱਤਿਆਂ ਵੇਲਾ ਨ ਜਾਏ ਵਿਹਾਏ,
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਵਿਦੇਸ਼ੀ ਕਾਨੂੰਨਾਂ ਦਾ ਬਾਈਕਾਟ ਕਰੀਏ,
ਜ਼ੁਲਮ ਗ਼ੈਰ ਦਾ ਚੁੱਪ ਚੁਪੀਤੇ ਹੀ ਜਰੀਏ,
ਆਜ਼ਾਦੀ ਦਾ ਝੰਡਾ ਲਵੋ ਹੁਣ ਉਠਾਏ,
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਜੇ ਤੋਪਾਂ ਦੇ ਅੱਗੇ ਖਲੋਣਾ ਹੀ ਪੈ ਜੈ,
ਕਰੋ ਕਦ ਪੂਰਾ ਜੇ ਮੱਧਰਾ ਹੀ ਰਹਿ ਜੈ,
ਲਵੋ ਢੇਮਾਂ ਦੀ ਉੱਚੀ ਢੇਰੀ ਬਨਾਏ,
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਜੇ ਕੀਤਾ ਹੈ ਕਾਰਾ ਤਾਂ ਖ਼ੁਦ ਜਾਕੇ ਮੰਨੋ,
ਛੁੱਡਾ ਬੇਗੁਨਾਹਾਂ ਨੂੰ ਆਪੇ ਨੂੰ ਡੰਨੋ,
ਲਵੋ ਫਾਂਸੀਆਂ ਆਪਣੇ ਗੱਲ ਵਿੱਚ ਪੁਆਏ,
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਬਿਸ਼ਨ ਸਿੰਘ ਕਾਵਨ ਦੀ ਦਾੜ੍ਹੀ ਪਕੜ ਲੈ,
ਨ ਜੀਂਦੇ ਜੀ ਛੱਡੀ ਇਹ ਪੂਰੀ ਜਕੜ ਲੈ,
ਜ਼ੁਲਮ ਦਾ ਮਹੱਲ ਦੇਵੋ ਏਦਾਂ ਹਿਲਾਏ,
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਵਤਨ ਵਾਸਤੇ ਮੈਂ ਹੈ ਪਰਦੇਸੀ ਜਾਣਾ,
ਮੈਂ ਪਰਦੇਸੀ ਜਾਂ ਗ਼ੈਰ ਦੇਸੋਂ ਭਜਾਣਾਂ,
ਮੈਂ ਆਵਾਂਗਾ ਦੁਖੀਆ ਨ ਰਹਿ ਕੋਈ ਜਾਏ,
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਵਤਨ ਤਾਂ ਹੈ ਆਜ਼ਾਦ ਪਰ ਲੋਕ ਔਖੇ,
ਉਹ ਆਵਨਗੇ ਜਦ ਲੋਕ ਹੋਵਨਗੇ ਸੌਖੇ,
ਤੂੰ ਅਮਰੀਕ ਗੱਲ ਦੇਵੀਂ ਸਭ ਨੂੰ ਸੁਣਾਏ,
ਗੁਰੂ ਰਾਮ ਸਿੰਘ ਜੀ ਜਦੋਂ ਜਗ ਤੇ ਆਏ।

ਸਤਿਗੁਰੂ ਰਾਮ ਸਿੰਘ ਜੀ ਦੀ ਪੜ੍ਹੀ ਸੁਣੀ ਦਾਸਤਾਨ



ਸ. ਗੁਲਜ਼ਾਰ ਸਿੰਘ ਸੰਧੂ

ਸੁਤੰਤਰਤਾ ਸੰਗਰਾਮ ਸਮੇਂ ਮਹਾਤਮਾ ਗਾਂਧੀ ਵੱਲੋਂ ਦਿੱਤਾ ਨਾ ਮਿਲਵਰਤਣ ਦਾ ਹੋਕਾ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਸੋਚ ਵਿਚੋਂ ਉਪਜਿਆ ਸੀ। ਇਹ ਹੋਕਾ ਤੇ ਮਲੇਰਕੋਟਲਾ ਵਿੱਚ ਦਿੱਤੀਆਂ ਕੂਕਿਆਂ ਦੀਆ ਸ਼ਹੀਦੀਆਂ ਨਾਮਧਾਰੀਆਂ ਦੀ ਖਾਸ ਦੇਣ ਹਨ। ਬਰਤਾਨਵੀ ਸਰਕਾਰ ਨੇ 66 ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਅਤੇ ਕਈ ਕੂਕਿਆਂ ਨੂੰ ਫਾਂਸੀ ਲਟਕਾ ਕੇ ਉਹਨਾਂ ਦੇ ਆਗੂ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਦਿੱਤਾ।

ਮੇਰਾ ਜਨਮ ਮੇਰੇ ਨਾਨਕਾ ਪਿੰਡ ਕੋਟਲਾ ਬੜਕਾ ਦਾ ਹੈ। ਇਸ ਪਿੰਡ ਤੋਂ ਫਤਿਹਗੜ੍ਹ ਸਾਹਿਬ 8 ਮੀਲ, ਚਮਕੌਰ ਸਾਹਿਬ 10 ਮੀਲ, ਮਾਛੀਵਾੜਾ 13 ਮੀਲ ਤੇ ਮੋਰਿੰਡਾ 12 ਮੀਲ ਹੈ। ਉੱਦਾ ਪਿੰਡ ਸੰਘੋਲ ਸਭ ਤੋਂ ਨੇੜੇ ਹੈ।ਮਾਛੀਵਾੜਾ ਦੇ ਜੰਗਲ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਇੱਟ ਦਾ ਸਰਾਣਾ ਲੈ ਕੇ ਅਰਾਮ ਕੀਤਾ ਸੀ, ਚਮਕੌਰ ਦੀ ਗੜੀ ਵਿੱਚ ਉਹਨਾਂ ਦੇ ਵਡੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ ਤੇ ਫਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ। ਮੇਰਾ ਨਾਨਾ ਇਹਨਾਂ ਸ਼ਹੀਦਾਂ ਨਾਲ ਸੰਬੰਧਤ ਸਾਕਿਆਂ ਦੇ ਕਿੱਸੇ ਪੜ੍ਹਨ ਦਾ ਸ਼ੌਕੀਨ ਸੀ ਤੇ ਮਾਮੇ ਮਾਮੀਆਂ ਵੀ।

ਮੈਨੂੰ ਮੇਰੀ ਮਾਂ ਨੇ ਨਹੀਂ ਮੇਰੀ ਨਾਨੀ ਨੇ ਪਾਲਿਆ। ਉਹ ਮੈਨੂੰ ਆਪਣੇ ਧੀਆਂ, ਪੁੱਤਰਾਂ ਨਾਲੋ ਵੀ ਵੱਧ ਪਿਆਰ ਕਰਦੀ ਸੀ। ਮੇਰੇ ਮੁਢਲੇਂ ਜੀਵਨ ਉੱਤੇ ਉਸਦਾ ਬਹੁਤ ਪ੍ਰਭਾਵ ਸੀ। ਉਸਦਾ ਪੇਕਾ ਪਿੰਡ ਮਹਿਦੂਦਾ, ਬਸੀ ਪਠਾਣਾ ਦੀ ਬੁਕਲ ਵਿੱਚ ਪੈਂਦਾ ਸੀ।ਉਸਦੇ ਮਾਪੇ ਨਾਮਧਾਰੀ ਸਨ ਪਰ ਆਪਣੇ ਆਪ ਨੂੰ ਕੂਕਾ ਕਹਿੰਣਾ ਪਸੰਦ ਕਰਦੇ ਸਨ। ਮੇਰੀ ਨਾਨੀ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨ ਜਾਚ ਨੂੰ ਉਚਤਮ ਮੰਨਦੀ ਸੀ। ਖਾਸ ਕਰਕੇ ਇਸ ਲਈ ਕਿ ਉਹ ਇਸਤਰੀ ਵਿਦਿਆ ਦੇ ਬਹੁਤ ਮੁੱਢਲੀ ਸਨ। ਨਾਨੀ ਮੇਰੇ ਨਾਨੇ ਦੀ ਧਾਰਨਾ ਦਾ ਵੀ ਪੂਰਾ ਸਤਿਕਾਰ ਕਰਦੀ ਸੀ ਤੇ ਆਪਣੇ ਮਾਪਿਆਂ ਦੀ ਨਾਮਧਾਰੀ ਸੋਚ ਦਾ ਵੀ।

ਮੇਰਾ ਨਾਨਾ ਮੌਜੀ ਬੰਦਾ ਸੀ। ਉਸ ਦਾ ਧੰਦਾ ਸ਼ਾਹੂਕਾਰ ਸੀ ਜੰਗਲੀ ਜਾਨਵਰਾਂ ਦੇ ਸ਼ਿਕਾਰੀ ਸਨ। ਨਾਨੀ ਖੁੱਦ ਸ਼ਾਕਾਹਾਰੀ ਸੀ ਪਰ ਉਸਦੇ ਅੱਠੇ ਧੀਆਂ, ਪੁੱਤਰ ਮਾਸਾਹਾਰੀ ਸਨ। ਘਰ ਵਿੱਚ ਨਾਨੇ ਦੀ ਚਲਦੀ

ਸੀ। ਉੱਜ ਜੇ ਕਦੀ ਨਾਨੇ ਦੇ ਮੂੰਹੋ ਕੋਈ ਵਾਧੂ ਘਾਟੂ ਗੱਲ ਨਿਕਲ ਜਾਂਦੀ ਤਾਂ ਨਾਨੀ "ਮੈਂ ਕੂਕਿਆਂ ਦੀ ਧੀ ਹਾਂ, ਜਰਾ ਹੋਸ਼ ਨਾਲ ਬੋਲ ਸਰਦਾਰਾ" ਕਹਿ ਕੇ ਨਾਨੇ ਨੂੰ ਚੁੱਪ ਕਰਾ ਦਿੰਦੀ ਸੀ। ਉਸ ਨੇ ਮਨ ਵਿੱਚ ਨਾਮਧਾਰੀਆਂ ਦਾ ਪਰਮੁੱਖ ਧਾਰਮਿਕ ਅਸਥਾਨ ਭੈਣੀ ਸਾਹਿਬ ਵੀ ਓਨਾਂ ਹੀ ਵਸਿਆ ਹੋਇਆ ਸੀ ਜਿਨ੍ਹੇ ਨਾਨੇ ਦੇ ਉਹ ਅਸਥਾਨ ਜਿਹਨਾਂ ਦਾ ਵਰਨਣ ਉੱਤੇ ਹੋ ਚੁੱਕਿਆ ਹੈ। ਮੇਰੀ ਆਪਣੀ ਧਾਰਮਿਕ ਬਿਰਤੀ ਦਾ ਜਨਮ ਮੇਰੇ ਨਾਨਕੇ ਪਿੰਡ ਦੀ ਮਿਟੀ ਤੇ ਨਾਨੀ ਦੇ ਪਾਲਣ ਪੋਸ਼ਣ ਵਿੱਚ ਹੋਇਆ।

ਮੈਂ ਆਪਣੀ ਜ਼ਿਦਗੀ ਦੇ ਪਹਿਲੇ ਚੌਦਾਂ ਸਾਲ ਆਪਣੇ ਨਾਨਕੇ ਪਿੰਡ ਰਹਿ ਕੇ ਪੜ੍ਹਿਆ। ਮੈਂ ਨਾਲੇ ਆਪਣੀ ਨਾਨੀ ਨੂੰ ਵਧੇਰੇ ਪਿਆਰਾ ਸੀ। ਮੇਰੀ ਸੋਚ ਉੱਤੇ ਨਾਨੀ ਦਾ ਬੜਾ ਪ੍ਰਭਾਵ ਸੀ। ਉਸਦੀ ਇਹ ਧਾਰਨਾ ਸਤਿਗੁਰੂ ਰਾਮ ਸਿੰਘ ਜੀ ਦੇ ਭੈਣੀ ਸਾਹਿਬ ਤੋਂ ਬਣੀ ਸੀ। ਪਰ ਸਰਹੰਦ ਨੇੜੇ ਬਸੀ ਪਠਾਣਾਂ ਦੀ ਕੋਲ ਵਿੱਚ ਪੈਂਦਾ ਪਿੰਡ ਮਹਿਦੂਦਾਂ ਦੀ ਜੰਮਪਲ ਹੋਣ ਕਾਰਨ ਉਸਨੂੰ ਛੋਟੇ ਸਾਹਿਬਜ਼ਾਦਿਆਂ ਦਾ ਫਤਿਹਗੜ੍ਹ ਸਾਹਿਬ ਤੇ ਵਡੇ ਸਾਹਿਬਜ਼ਾਦਿਆ ਦੀ ਚਮਕੌਰ ਦੀ ਗੜ੍ਹੀ ਵੀ ਭੈਣੀ ਸਾਹਿਬ ਜਿੰਨੇ ਹੀ ਪਿਆਰੇ ਸਨ। ਉਹ ਸਤਿਗੁਰੂ ਰਾਮ ਸਿੰਘ ਦੀ ਉਸਤਤ ਕਰਨ ਲਗਿਆਂ ਉਹਨਾਂ ਦੇ ਜਨਮ, ਜਵਾਨੀ ਤੇ ਭੈਣੀ ਸਾਹਿਬ ਆ ਕੇ ਸਿੱਖੀ ਪਰਚਾਰ ਦੀਆਂ ਕਈ ਕਹਾਣੀਆਂ ਸਾਨੂੰ ਦੱਸਿਆ ਕਰਦੀ ਸੀ।

ਇਹ ਵੀ ਕਿ ਸਤਿਗੁਰੂ ਰਾਮ ਸਿੰਘ ਨੇ ਲਾਹੌਰ ਦਰਬਾਰ ਦੀ ਸਿੱਖ ਸੈਨਾ ਵਿੱਚ ਕੁੱਝ ਸਾਲ ਲਾ ਕੇ ਅਟਕ ਕੇ ਬਾਬਾ ਬਾਲਕ ਸਿੰਘ ਦੀ ਸੰਗਤ ਵਿੱਚ ਨਾਮ ਉਪਦੇਸ਼ ਲਿਆ ਤੇ ਫਿਰ ਭੈਣੀ ਸਾਹਿਬ ਨੂੰ ਨਾਮਧਾਰੀ ਪਰਚਾਰ ਦਾ ਕੇਂਦਰ ਬਣਾਇਆ। ਜਿਹੜੀ ਗੱਲ ਮੇਰੀ ਨਾਨੀ ਬਹੁਤ ਮਾਣ ਨਾਲ ਸੁਣਾਉਂਦੀ ਉਸਦਾ ਸੰਬੰਧ ਮਲੌਦ ਅਤੇ ਮਲੇਰਕੋਟਲੇ ਦੇ ਬੁੱਚੜਾਂ ਨਾਲ ਹੈ। ਗਊ ਹੱਤਿਆ ਕਰਨ ਵਾਲੇ ਇਹਨਾਂ ਬੁੱਚੜਾ ਨੂੰ ਨਾਮਧਾਰੀਆਂ ਨੇ ਕਤਲ ਕਰ ਦਿੱਤਾ ਸੀ ਜਿਸਦੀ ਸਜਾ ਨੂੰ ਜੋ ਸਰਕਾਰ ਨੇ ਚਾਰ ਦਰਜਨ ਨਾਮਧਾਰੀਆਂ ਨੂੰ ਤੋਪਾਂ ਨਾਲ ਉੜਾ ਕੇ ਖ਼ਤਮ ਕਰ ਦਿੱਤਾ ਸੀ। ਨਾਨੀ ਦੇ ਦੱਸਣ ਅਨੁਸਾਰ ਉਹਨਾਂ ਨੇ ਸ਼ਹੀਦੀ ਦਿੰਦਿਆਂ ਸੀ ਤੱਕ ਨਹੀਂ ਸੀ ਕੀਤੀ। ਮੇਰੀ ਨਾਨੀ ਉਂਜ ਨਾਮਧਾਰੀ ਸੰਸਥਾ ਦੀ ਸਭ ਤੋਂ ਵਡੀ ਦੇਣ ਇਸਤਰੀ ਵਿਦਿਆ ਮੰਨਦੀ ਸੀ।

ਉਸਦੇ ਅੱਠ ਬੱਚੇ ਜੀਵਤ ਰਹੇ ਜਿਹਨਾਂ ਵਿੱਚੋਂ ਪਹਿਲੀਆਂ ਚਾਰ ਧੀਆਂ ਸਨ। ਨਾਨੀ ਨੇ ਆਪਣੀਆਂ ਸਾਰੀਆਂ ਧੀਆਂ ਨੂੰ ਗੁਰਮੁੱਖੀ ਅੱਖਰ ਪੜ੍ਹਾਏ ਤੇ ਉਹ ਚਾਰੇ ਚੰਗੇ ਘਰਾਂ ਵਿੱਚ ਵਿਆਹੀਆਂ ਗਈਆਂ। ਉਸਨੇ ਧੀਆਂ ਨੂੰ ਇੱਦਤ ਕਰਨ ਦਾ ਕੰਮ ਨਾਨੇ ਦੀ ਪਰਵਾਨਗੀ ਤੋਂ ਬਿਨਾ ਕੀਤਾ। ਸਿਰ ਖੁਦ ਹੋ ਕੇ।

ਸੁਤੰਤਰਤਾ ਪ੍ਰਾਪਤੀ ਤੋਂ ਪਿਛੋਂ ਮੈਂ ਆਪਣਾ ਨਾਨਕਾ ਤੇ ਦਾਦਕਾ ਪਿੰਡ ਛੱਡ ਕੇ ਦਿੱਲੀ ਚਲਾ ਗਿਆ। ਦਿੱਲੀ ਰਹਿੰਦਿਆ ਵੀ ਮੈਨੂੰ ਭੈਣੀ ਸਾਹਿਬ ਦੇ ਵਿਕਾਸ ਤੇ ਉਥਾਨ ਦੀਆਂ ਖ਼ਬਰਾਂ ਮਿਲਦੀਆਂ ਰਹੀਆਂ। ਉਹਨਾਂ ਵਿੱਚ ਵਡੀ ਖ਼ਬਰ ਇਹ ਸੀ ਭੈਣੀ ਸਾਹਿਬ ਵਿੱਚ ਓਧਰਲੇ ਪੰਜਾਬ ਤੋਂ ਉਜੜ ਕੇ ਆਏ ਸਰਨਾਰਥੀਆਂ ਦੀ ਸਾਭ ਸੰਭਾਲ ਵਿੱਚ ਨਾਮਧਾਰੀਆਂ ਨੇ ਕੋਈ ਕਸਰ ਨਹੀਂ ਛੱਡੀ। ਇਹ ਉਦਮ ਕਰਨ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਗੱਦੀ ਉੱਤੇ ਬੈਠੇ ਸਨ ਜਿਹਨਾਂ ਦੇ ਦਰਸ਼ਨ ਮੈਂ ਉਹਨਾਂ ਦੀ ਦਿੱਲੀ ਵਾਲੀ ਠਾਹਰ ਤੇ ਕੀਤੇ ਸਨ।

ਲੋਕ ਭਲਾਈ ਤੇ ਨਾਮ ਸਿਮਰਨ ਦੀ ਇਸ ਮਰਯਾਦਾ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਉਸੇ ਭਾਵਨਾ ਨਾਲ ਪਾਲਿਆ ਜਿਹੜੀ ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੋਂ ਮਿਲੀ ਸੀ। ਦਿੱਲੀ ਛੱਡ ਕੇ ਚੰਡੀਗੜ੍ਹ ਆਉਣ ਤੋਂ ਪਿਛੋਂ ਮੈਂ ਕਈ ਵਾਰੀ ਭੈਣੀ ਸਾਹਿਬ ਗਿਆ ਹਾਂ ਤੇ ਹਰ ਵਾਰੀ ਪ੍ਰਭਾਵਤ ਹੋ ਕੇ ਆਇਆ ਹਾਂ। ਨਾਮਧਾਰੀ ਸੰਪਰਦਾਇ ਦੀਆਂ ਨੀਹਾਂ ਏਨੀਆਂ ਸਕਤੀਸ਼ਾਲੀ ਹਨ ਕਿ ਹੁਣ ਤਾਂ ਭੈਣੀ ਸਾਹਿਬ ਤੋਂ ਬਿਨਾ ਹਰਿਆਣਾ ਸਿਰਸਾ, ਹਿਮਾਚਲ ਪ੍ਰਦੇਸ ਮੰਡੀ ਅਤੇ ਪਟਿਆਲਾ, ਬੀੜ ਭਮਾਰਸੀ ਵਿੱਚ ਵੀ ਵੱਡੇ ਗੜ ਮਿਣ ਚੁੱਕੇ ਹਨ। ਜਵਾਨੀ ਵਿੱਚ ਸ਼ਰਨਾਰਥੀਆਂ ਨੂੰ ਸ਼ਰਨ ਦੇਣ ਵਿੱਚ ਇਹ ਸਭ ਵੀ ਪਿੱਛੇ ਨਹੀਂ ਰਹੇ।

ਦਿੱਲੀ ਛੱਡ ਕੇ ਪੰਜਾਬ ਆਉਣ ਤੋਂ ਪਿਛੋਂ ਭੈਣੀ ਸਾਹਿਬ ਨਾਲ ਪੈਦਾ ਹੋਏ ਹਲਾਤ ਨੇ ਮੇਰੇ ਲਈ ਨਾਮਧਾਰੀ ਮਾਣ ਮਰਯਾਦਾ ਦੇ ਹੋਰ ਦਰਵਾਜ਼ੇ ਵੀ ਖੋਲ੍ਹੇ। ਪਤਾ ਲੱਗਿਆ ਕਿ ਮੇਰੀ ਨਾਨੀ ਤੋਂ ਪ੍ਰਾਪਤ ਹੋਇਆ ਇਸਤਰੀ ਵਿਦਿਆ ਵਾਲਾ ਦਰਵਾਜ਼ਾ ਤਾਂ ਉਹਨਾਂ ਵਿਚੋਂ ਕੇਵਲ ਇੱਕ ਸੀ। ਧਾਰਮਕ ਮੂਲਵਾਦ ਦੀ ਨਿਖੇਧੀ, ਹਰ ਤਰ੍ਹਾਂ ਦੀ ਹਿੰਸਾ ਦਾ ਤਿਆਗ, ਭਰੂਣ ਹੱਤਿਆ ਦਾ ਖੰਡਨ, ਮਾਵ, ਭੈਣਾਂ ਤੇ ਧੀਆਂ ਦਾ ਸਤਿਕਾਰ ਭੈਣੀ ਸਾਹਿਬ ਦੀ ਮਿੱਟੀ ਦੀ ਵਡਮੁੱਲੀ ਦੇਣ ਹਨ। ਏਸ ਭੂਮੀ ਦੀ ਇੱਕ ਫੇਰੀ ਸਮੇਂ ਮੇਰੇ ਨਾਲ ਫੈਸਲਾਬਾਦ (ਪਾਕਿਸਤਾਨ) ਤੋਂ ਆਇਆ ਪੰਜਾਬੀ ਅਦੀਬ ਅਫਜ਼ਲ

ਅਹਿਸਨ ਰੰਧਾਵਾ ਵੀ ਸੀ। ਅਸੀਂ ਉਸ ਵੇਲੇ ਦੇ ਸਤਿਗੁਰਾਂ ਨੂੰ ਖੁਲ੍ਹੇ ਮੈਦਾਨ ਵਿੱਚ ਮੋਰਾਂ ਨੂੰ ਚੋਗ ਚੁਗਾਂਦੇ ਤੇ ਕਲੋਲ ਕਰਦੇ ਵੇਖਿਆ, ਉਹ ਸੱਚੀ ਤੇ ਸੁੱਚੀ ਪ੍ਰਕਿਤੀ ਨੂੰ ਸਦਾ ਹੀ ਆਪਣੇ ਅੰਗ ਸੰਗ ਰੱਖਦੇ ਸਨ।

ਮੈਂ ਮਾਰਕਸੀ ਸੋਚ ਵਾਲੇ ਸੰਤ ਸਿੰਘ ਸੇਖੋਂ ਨੂੰ ਭੈਣੀ ਸਾਹਿਬ ਤੋਂ ਸਰੋਪਾ ਲੈ ਕੇ ਗੱਦ ਗੱਦ ਹੁੰਦੇ ਵੇਖਿਆ ਹੈ। ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਨੂੰ ਪਰਨਾਇਆ ਕਿਰਪਾਲ ਸਿੰਘ ਕਸੇਲ ਤਾਂ ਕਈ ਵਾਰ ਓਥੇ ਨਤਮਸਤਕ ਹੋ ਆਇਆ ਹੈ। ਮੈਂ ਪਿਛਲੇ ਦਿਨਾਂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਕਾਸ ਵਿਭਾਗ ਦੀ ਮੁੱਖੀ ਜਸਬੀਰ ਕੌਰ ਨੂੰ ਓਥੋਂ ਦੀ ਗੁਰਮਤ ਸੰਗੀਤ ਮਰਯਾਦਾ ਦੇ ਗੁਣ ਗਾਉਂਦੇ ਸੁਣਿਆ ਹੈ। ਇੱਕ ਪੜਾਅ ਉੱਤੇ ਭੈਣੀ ਸਾਹਿਬ ਵਿਖੇ ਗੁਰਮਤ ਸੰਗੀਤ ਵਿਸ਼ਵ ਵਿਦਿਆਲਾ ਖੋਲ੍ਹਣ ਦੇ ਵੀ ਚਰਚੇ ਰਹੇ ਹਨ। ਇਸ ਸਭ ਕਾਸੇ ਦੀਆਂ ਜੜ੍ਹਾਂ ਉਸ ਸੋਚ ਵਿੱਚ ਹਨ ਜਿਹੜੀ ਭੈਣੀ ਸਾਹਿਬ ਦੇ ਗੱਦੀ ਨਸ਼ੀਨ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੋਂ ਪ੍ਰਾਪਤ ਹੋਈ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਨਾਮਧਾਰੀ ਮਰਯਾਦਾ ਦੀ ਪਹਿਚਾਣ ਸਫ਼ੈਦ ਵਸਤ੍ਰ ਅਤੇ ਚਿੱਟੀ ਉੱਨ ਦੀ ਮਾਲਾ ਹੈ। ਇਹਨਾਂ ਨੂੰ 'ਵਾਹਿਗੁਰੂ' ਮੰਤ੍ਰ ਦਾ ਉਪਦੇਸ਼ ਕੰਨ ਵਿੱਚ ਦਿੱਤਾ ਜਾਂਦਾ ਹੈ।

ਸੁਤੰਤਰਤਾ ਸੰਗਰਾਮ ਸਮੇਂ ਮਹਾਤਮਾ ਗਾਂਧੀ ਵੱਲੋਂ ਦਿੱਤਾ ਨਾ ਮਿਲ-ਵਰਤਣ ਦਾ ਹੋਕਾ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਸੋਚ ਵਿਚੋਂ ਉਪਜਿਆ ਸੀ। ਇਹ ਹੋਕਾ ਤੇ ਮਲੇਰਕੋਟਲਾ ਵਿੱਚ ਦਿੱਤੀਆਂ ਕੂਕਿਆਂ ਦੀਆ ਸ਼ਹੀਦੀਆਂ ਨਾਮਧਾਰੀਆਂ ਦੀ ਖਾਸ ਦੇਣ ਹਨ। 66 ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਅਤੇ ਕਈ ਕੂਕਿਆਂ ਨੂੰ ਫਾਂਸੀ ਲਟਕਾ ਕੇ ਉਹਨਾਂ ਦੇ ਆਗੂ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਦਿੱਤਾ। ਚੇਤੇ ਰਹੇ ਕਿ ਬਰਤਾਨਵੀ ਸਰਕਾਰ ਇਸ ਤੋਂ ਪਹਿਲਾ ਮੁਗਲ ਖ਼ਾਨਦਾਨ ਦੇ ਆਖਰੀ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੂੰ ਵੀ ਇਥੇ ਨਜਰਬੰਦ ਕਰ ਚੁੱਕੀ ਸੀ। ਉਹ ਰਾਜਕਾਜ ਦੇ ਧੰਦਿਆਂ ਤੋਂ ਵਿਹਲਾ ਹੋ ਕੇ ਸ਼ਾਇਰੀ ਵੀ ਲਿਖਦਾ ਸੀ। ਉਸਦਾ ਦਿਹਾਂਤ 1862 ਵਿੱਚ ਰੰਗੂਨ ਵਿਖੇ ਹੀ ਹੋਇਆ ਸੀ। ਉਹ ਜਾਣਦਾ ਸੀ ਕਿ ਗੋਰਿਆਂ ਨੇ ਉਸਨੂੰ ਮੁੜ ਆਪਣੇ ਦੇਸ਼ ਨਹੀਂ ਪਰਤਣ ਦੇਣਾ ਤੇ ਉਸਦੇ ਹੇਠ ਲਿਖੇ ਸ਼ਿਅਰ ਵਿੱਚ ਅੰਕਿਤ ਹੈ।

ਕਿਤਨਾ ਹੈ ਬਦਨਸੀਬ ਜਫਰ ਦਫਨ ਕੇ ਲੀਏ
ਦੋ ਗਜ ਜਮੀਨ ਭੀ ਨਾ ਮਿਲੀ ਜਹਾਨ ਮੈਂ। ■

ਰੱਬੀ ਜੋਤ ਆਈ ਏ



ਸੰਤ ਬਲਦੇਵ ਸਿੰਘ ਵੜੈਚ

ਗੁਰੂ ਰਾਮ ਸਿੰਘ ਜੋਤ ਰੱਬੀ ਪ੍ਰਗਟਾਈ ਏ।
ਰਾਈਆਂ ਪਿੰਡ ਵਿਚ ਜੋ ਰੱਬੀ ਰੁਸ਼ਨਾਈ ਏ।
ਰੁਤ ਬਸੰਤੀ ਦੇਣ ਵਧਾਈਆਂ ਆਈ ਏ।

ਏਸ ਖੁਸ਼ੀ ਵਿਚ ਫੁਲਾਂ ਦੇ ਖਿੜਗੈ ਖੇੜੇ ਨੇ।
ਨਾਲ ਸੁਗੰਧਾਂ ਭਰ ਗਏ ਸਾਰੇ ਵੇਹੜੇ ਨੇ।
ਬਾਗਾਂ ਦੇ ਵਿਚ ਮੋਰਾਂ ਪੈਲ ਆ ਪਾਈ ਏ।
ਰੁਤ ਬਸੰਤੀ ਦੇਣ ਵਧਾਈਆਂ ਆਈ ਏ।

ਮਾਂ ਸਦਾ ਕੌਰ ਦੀ ਕੁੱਖ ਨੂੰ ਭਾਗ ਆ ਲਾਇਆ ਏ।
ਦੁਨੀਆਂ ਦੇ ਦੁੱਖ ਵੰਡਾਵਣ ਵਾਲਾ ਅੱਜ ਆਇਆ ਏ।
ਦੇਵਤਿਆਂ ਨੇ ਅੰਬਰੋਂ ਛਹਿਬਰ ਲਾਈ ਏ।
ਰੁਤ ਬਸੰਤੀ ਦੇਣ ਵਧਾਈਆਂ ਆਈ ਏ।

ਗੋਰੇ ਨੂੰ ਹਿੰਦ ਚੋਂ ਕੱਢਣ ਦੇ ਕਮਰ ਕਮਾਏਗਾ।
ਗਊਆਂ ਨੂੰ ਕਰੂ ਆਜ਼ਾਦ ਬੁੱਚੜ ਮਰਵਾਏਗਾ।
ਸੱਚ ਦਾ ਸੂਰਜ ਚੜਿਆ ਹੋਈ ਰੁਸ਼ਨਾਈ ਏ।
ਰੁਤ ਬਸੰਤੀ ਦੇਣ ਵਧਾਈਆਂ ਆਈ ਏ।

ਬਾਲ ਵਿਆਹ ਕੇ ਕੰਨਿਆ ਨੂੰ ਮਾਰਨੋ ਰੋਕੇਗਾ।
ਮਾਈਆਂ ਨੂੰ ਅੰਮ੍ਰਿਤਪਾਣ ਦੀ ਦਿਲ ਵਿਚ ਸੋਚੇਗਾ।
ਕਡਣੀ ਕੁਲ ਕੁਰੀਤੀ ਜੋ ਜੱਗ ਛਾਈ ਏ।
ਰੁਤ ਬਸੰਤੀ ਦੇਣ ਵਧਾਈਆਂ ਆਈ ਏ।

ਬਲਦੇਵ ਸਿੰਘ ਇਕ ਐਸਾ ਇਹ ਪੰਥ ਚਲਾਏਗਾ।
ਜੋ ਕੁਲ ਦੁਨੀਆਂ ਦੇ ਅੰਦਰ ਪੂਜਿਆ ਜਾਏਗਾ।
ਨਾਨਕ ਗੁਰੂ ਗੋਬਿੰਦ ਦੀ ਜੋਤ ਸਹਾਈ ਏ।
ਰੁਤ ਬਸੰਤ ਦੇਣ ਵਧਾਈਆਂ ਆਈ ਏ।
ਗੁਰੂ ਰਾਮ ਸਿੰਘ ਜੋਤ ਰੱਬੀ ਰੁਸ਼ਨਾਈ ਏ।

ਭਾਰਤ ਵਿਚ ਆਜ਼ਾਦੀ ਦਾ ਪਹਿਲਾ ਆਗੂ



ਸ. ਤਰਲੋਚਨ ਸਿੰਘ ਸਾਬਕਾ ਐਮ. ਪੀ.

ਬੰਗਾਲ ਤੋਂ ਆਰੰਭ ਕਰਕੇ ਸਾਰੇ ਇਲਾਕੇ ਉਹ ਜਿੱਤ ਕੇ ਅਗੇ ਵਧਦੇ ਰਹੇ। ਉਸ ਸਮੇਂ ਕੋਈ ਸੋਚ ਸਕਦਾ ਸੀ ਕਿ ਇਤਨੀ ਸ਼ਕਤੀਵਾਨ ਸਰਕਾਰ ਵਿਰੁੱਧ ਕਦੇ ਕੋਈ ਆਵਾਜ਼ ਉਠੇਗੀ ? ਆਮ ਲੋਕਾਂ ਵਿਚ ਆਪਸੀ ਵਿਸ਼ਵਾਸ਼ ਹੀ ਮੁਕ ਚੁੱਕਾ ਸੀ। ਵੱਡੇ ਵੱਡੇ ਰਾਜੇ ਜੋ ਕਦੇ ਹੁਕਮਰਾਨ ਸਨ ਤੇ ਅਮੀਰ ਜ਼ਮੀਨਾਂ ਦੇ ਮਾਲਕ ਸਰਕਾਰ ਦੇ ਹੱਥ ਠੋਕੇ ਬਣ ਗਏ ਸਨ। ਭਾਰਤ ਵਿਚੋਂ ਸਾਰੀ ਆਰਥਿਕ ਸ਼ਕਤੀ ਵਲੈਤ ਜਾਣ ਲੱਗ ਗਈ ਸੀ। ਵਿਦੇਸ਼ੀ ਕੱਪੜੇ ਤੇ ਹੋਰ ਸਮਾਨ ਅੰਗਰੇਜ਼ ਵੇਚਕੇ ਭਾਰਤ ਦੀ ਸ਼ਕਤੀ ਨੂੰ ਖਤਮ ਕਰ ਰਿਹਾ ਸੀ।

ਕਦੇ ਤਸੱਵਰ ਕਰੋ ਅੰਗਰੇਜ਼ ਦਾ ਰਾਜ ਸਾਰੇ ਦੇਸ਼ ਵਿਚ 1849 ਤੋਂ ਮੁਕੰਮਲ ਹੋ ਚੁੱਕਾ ਸੀ। ਸਭ ਤੋਂ ਅਖੀਰ ਪੰਜਾਬ ਦੀ ਜੰਗ ਹੋਈ, ਜੋ ਅੰਗਰੇਜ਼ਾਂ ਨੇ ਸਾਜਸ਼ ਨਾਲ ਜਿੱਤੀ ਸੀ। ਬੰਗਾਲ ਤੋਂ ਆਰੰਭ ਕਰਕੇ ਸਾਰੇ ਇਲਾਕੇ ਉਹ ਜਿੱਤ ਕੇ ਅਗੇ ਵਧਦੇ ਰਹੇ। ਉਸ ਸਮੇਂ ਕੋਈ ਸੋਚ ਸਕਦਾ ਸੀ ਕਿ ਇਤਨੀ ਸ਼ਕਤੀਵਾਨ ਸਰਕਾਰ ਵਿਰੁੱਧ ਕਦੇ ਕੋਈ ਆਵਾਜ਼ ਉਠੇਗੀ ? ਆਮ ਲੋਕਾਂ ਵਿਚ ਆਪਸੀ ਵਿਸ਼ਵਾਸ਼ ਹੀ ਮੁਕ ਚੁੱਕਾ ਸੀ। ਵੱਡੇ ਵੱਡੇ ਰਾਜੇ ਜੋ ਕਦੇ ਹੁਕਮਰਾਨ ਸਨ ਤੇ ਅਮੀਰ ਜ਼ਮੀਨਾਂ ਦੇ ਮਾਲਕ ਸਰਕਾਰ ਦੇ ਹੱਥ ਠੋਕੇ ਬਣ ਗਏ ਸਨ। ਭਾਰਤ ਵਿਚੋਂ ਸਾਰੀ ਆਰਥਿਕ ਸ਼ਕਤੀ ਵਲੈਤ ਜਾਣ ਲੱਗ ਗਈ ਸੀ। ਵਿਦੇਸ਼ੀ ਕੱਪੜੇ ਤੇ ਹੋਰ ਸਮਾਨ ਅੰਗਰੇਜ਼ ਵੇਚਕੇ ਭਾਰਤ ਦੀ ਸ਼ਕਤੀ ਨੂੰ ਖਤਮ ਕਰ ਰਿਹਾ ਸੀ।

ਉਸ ਸਮੇਂ ਇਕ ਸਧਾਰਨ ਕਿਰਤੀ ਪੰਜਾਬ ਦੀ ਧਰਤੀ ਤੋਂ ਕਿਵੇਂ ਉਚੀ ਆਵਾਜ਼ ਵਿਚ ਇਕ ਵਿਦੇਸ਼ੀ ਸਰਕਾਰ ਵਿਰੁੱਧ ਖੜਾ ਹੋ ਸਕਿਆ ਸੀ। ਉਸ ਦੀ ਉਮਰ ਉਸ ਵਕਤ 40 ਸਾਲ ਦੀ ਸੀ ਤੇ ਉਹ ਇਕ ਪਿੰਡ ਵਾਸੀ ਸੀ। ਅੰਗਰੇਜ਼ ਸਰਕਾਰ ਦੀ ਸੀ. ਆਈ. ਡੀ. ਬੜੀ ਚੁਸਤ ਸੀ। ਉਹਨਾਂ ਨੂੰ ਵਿਰੋਧ ਦੀ ਖਬਰ ਤੁਰੰਤ ਮਿਲ ਜਾਂਦੀ ਸੀ। ਅੰਬਾਲੇ ਦਾ ਕਮਿਸ਼ਨਰ ਅੰਗਰੇਜ਼ ਹੁੰਦਾ ਸੀ। ਉਸਨੇ ਤੁਰੰਤ ਇਤਲਾਹ ਇਕੱਠੀ ਕੀਤੀ। ਪਤਾ ਲਗਾ ਕਿ ਲੁਧਿਆਣੇ ਦੇ ਨੇੜੇ ਭੈਣੀ ਪਿੰਡ ਵਿਚ ਇਕ ਸਾਬਕਾ ਸਿੱਖ ਫੌਜੀ ਇਹ ਵਿਰੋਧ ਦਾ ਲੀਡਰ ਹੈ। ਉਸ ਦਿਨ ਤੋਂ ਹੀ ਭੈਣੀ ਪਿੰਡ ਅੰਗਰੇਜ਼ ਦੀ ਨਿਗਰਾਨੀ ਵਿਚ ਆ ਗਿਆ ਸੀ।

ਇਹ ਸਿਆਸੀ ਕਰਾਮਾਤ ਕਰਨ ਵਾਲਾ ਸਤਿਗੁਰੂ ਰਾਮ ਸਿੰਘ ਸੀ ਜਿਸ ਦਾ 200ਵਾਂ ਜਨਮ ਦਿਨ ਅੱਜ ਮਨਾ ਰਹੇ ਹਾਂ। ਇਕ ਸਿੱਖ ਪਰਵਾਰ ਵਿੱਚ ਇਨ੍ਹਾਂ ਦਾ ਜਨਮ 3 ਫਰਵਰੀ 1816 ਈ. ਨੂੰ ਹੋਇਆ ਸੀ। ਉਸ

ਸਮੇਂ ਪੰਜਾਬ ਸਿੱਖ ਰਾਜ ਸੀ। ਪਰ ਇਹ ਰਾਜ ਕੇਵਲ ਸਤਿਲੁਜ ਦਰਿਆ ਤਕ ਸੀਮਿਤ ਸੀ। ਭੈਣੀ ਪਿੰਡ ਲੁਧਿਆਣਾ ਦੇ ਇਲਾਕਾ ਵਿਚ ਸੀ। ਅੰਗਰੇਜ਼ਾਂ ਦੇ ਤਹਿਤ ਸੀ। ਉਹ ਜਵਾਨੀ ਵਿਚ ਪੈਰ ਧਰਦਿਆਂ ਹੀ ਲਾਹੌਰ ਜਾ ਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ ਸੀ। ਉਹਨਾਂ ਨੂੰ ਕੰਵਰ ਨੌਨਿਹਾਲ ਸਿੰਘ ਪਲਟਨ ਵਿਚ ਰਖਿਆ ਗਿਆ ਸੀ। 1841 ਈ. ਵਿਚ ਉਹ ਪਿਸ਼ਾਵਰ ਪੁੱਜੇ। ਜਦ ਉਥੇ ਸਿੱਖਾਂ ਦੀ ਹਕੂਮਤ ਫੈਲ ਚੁੱਕੀ ਸੀ। ਉਥੇ ਉਹਨਾਂ ਦੀ ਮੁਲਾਕਾਤ ਰੂਹਾਨੀ ਬਾਬਾ ਬਾਲਕ ਸਿੰਘ ਨਾਲ ਹੋ ਗਈ। ਇਹ ਉਨ੍ਹਾਂ ਲਈ ਵਰਦਾਨ ਬਣੀ ਤੇ ਧਾਰਮਕ ਧਿਆਨ ਵਿਚ ਲੈ ਗਈ। ਉਹ ਫੌਜ ਵਿਚ 1845 ਤੱਕ ਰਹੇ। ਉਨ੍ਹਾਂ ਦਾ ਮਨ ਭਗਤੀ ਵਿਚ ਲੱਗ ਚੁੱਕਾ ਸੀ। ਫੌਜ ਛੱਡਕੇ ਆਪਣੇ ਪਿੰਡ ਆ ਗਏ। ਇਥੇ ਆ ਕੇ ਉਹਨਾਂ ਨੇ ਤਪਸਿਆ ਕਰਦਿਆਂ ਗੁਰੂ ਨਾਨਕ ਜੀ ਦੀ ਮਨੁੱਖੀ ਆਜ਼ਾਦੀ ਦੇ ਸ਼ਬਦ ਯਾਦ ਕੀਤੇ। ਗੁਰੂ ਗੋਬਿੰਦ ਸਿੰਘ ਜੀ ਦਾ ਮੁਗਲਾਂ ਵਿਰੁੱਧ ਸੰਘਰਸ਼ ਆਦਰਸ਼ ਬਣਾਇਆ। ਆਪਣੇ ਪਿੰਡ ਵਿਚ ਹੀ ਸੰਗਤ ਇਕਠੇ ਕਰਨ ਲਗ ਗਏ। ਮਿਕਨਾਤੀਸੀ ਸ਼ਕਤੀ ਉਨ੍ਹਾਂ ਵਿਚ ਆ ਗਈ ਸੀ। 10 ਸਾਲ ਉਨ੍ਹਾਂ ਆਪਣੀ ਸੰਗਤ ਨੂੰ ਉਪਦੇਸ਼ ਦੇ ਕੇ ਆਜ਼ਾਦੀ ਲਈ ਤਿਆਰ ਕੀਤਾ। ਵਿਦੇਸ਼ ਕਪੱੜੇ ਦਾ ਬਾਈਕਾਟ ਕਰਕੇ ਖਦਰ ਦੇ ਕਪੱੜੇ ਪਾਣ ਦੀ ਆਦਤ ਬਣਾ ਦਿੱਤੀ। ਆਪਣੇ ਸੇਵਕ ਸਾਰੇ ਪੰਜਾਬ ਵਿਚ ਭੇਜਕੇ ਸੰਘਰਸ਼ ਲਈ ਤਿਆਰ ਕੀਤੇ। ਭਗਤੀ ਦੀ ਲਹਿਰ ਵਿੱਚ ਨਾਮ ਜਪਣ ਦੀ ਪ੍ਰੇਰਨਾ ਕੀਤੀ। ਨਾਮ ਜਪਣ ਵਾਲਿਆਂ ਨੂੰ ਨਾਮਧਾਰੀ ਕਹਿਣ ਲੱਗ ਪਏ। ਇਲਾਕਾ ਇੰਚਾਰਜ ਸੂਬੇ ਕਹਾਵਣ ਲੱਗ ਗਏ। 1857 ਵਿੱਚ ਉਨ੍ਹਾਂ ਆਪਣੇ ਕਾਨੂੰਨ ਕਾਇਦੇ ਬਣਾਏ। ਆਪਣੇ ਬੰਦੇ ਡਾਕ ਵੰਡਣ ਲਾ ਦਿੱਤੇ।

ਪਿੰਡਾਂ ਵਿਚ ਸਤਿਕਾਰ ਵੱਧਦਾ ਗਿਆ। ਵੱਡੇ ਇਕੱਠ ਹੋਣ ਲੱਗ ਗਏ। ਅੰਗਰੇਜ਼ਾਂ ਦੇ ਜਾਸੂਸ ਖਬਰਾਂ ਭੇਜਦੇ ਰਹੇ। ਨਾਮਧਾਰੀ ਸੰਗਤ ਕੀਰਤਨ ਕਰਦੀ, ਸ਼ਬਦ ਪੜ੍ਹਦੀ ਉੱਚੀ ਸੁਰ ਵਿਚ ਗਾਉਂਦੀ। ਇਹਨਾਂ ਨੂੰ ਕੂਕੇ ਕਹਿਣ ਲੱਗ ਪਏ। ਜਦ ਸਿੱਖਾਂ ਵਿਚ ਪੂਰੀ ਤਰ੍ਹਾਂ ਲਹਿਰ ਪੱਕ ਗਈ ਤਾਂ ਕਈ ਨਿਯਮ ਬਣੇ। ਖਾਸ਼ ਕਰਕੇ ਵੈਸ਼ਨੂੰ ਰਹਿਣਾ, ਗਊ ਦੀ ਰਖਿਆ ਕਰਨੀ। 1863 ਵਿਚ ਨਾਮਧਾਰੀਆਂ ਦਾ ਇਕੱਠ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਰਖਿਆ ਗਿਆ ਪਰ ਸਰਕਾਰ ਨੇ ਉਥੇ ਪੂਰੀ ਚੌਕਸੀ ਰੱਖੀ। ਇਸ ਦੀ ਕਾਮਯਾਬੀ ਨੂੰ ਅੰਗਰੇਜ਼ਾਂ ਨੇ ਆਪਣੇ ਵਿਰੁੱਧ ਸਮਝਿਆ। ਇਸ ਪਿਛੋਂ ਮੁਕਤਸਰ ਮਾਘੀ ਤੇ ਇਕੱਠ ਕਰਨ ਦੀ ਆਗਿਆ ਨਾ ਦਿੱਤੀ। ਸ਼ਾਤਮਈ ਨਾਲ ਸਤਿਗੁਰੂ ਰਾਮ ਸਿੰਘ ਜੀ ਆਪਣਾ ਪ੍ਰਚਾਰ ਕਰਦੇ ਰਹੇ। ਪਰ ਸਰਕਾਰ ਨੇ ਇਹਨਾਂ ਨੂੰ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ। ਬਿਨਾਂ ਆਗਿਆ ਤੋਂ ਬਾਹਰ ਜਾਣ ਤੇ ਪਾਬੰਦੀ ਲਗਾ ਦਿੱਤੀ। 1867 ਵਿੱਚ ਇਕ ਅਦੁੱਤੀ ਇਕੱਠ ਆਨੰਦਪੁਰ ਸਾਹਿਬ ਵਿਚ ਕੀਤਾ। ਸਾਰੇ 22 ਸੂਬੇ ਅਤੇ 2000 ਘੋੜ ਸਵਾਰ ਸੇਵਕ ਉਥੇ ਪੁੱਜੇ। ਇਹ ਉਸ ਸਮੇਂ ਪਹਿਲਾ ਖਾਲਸਾਈ ਪ੍ਰਦਰਸ਼ਨ ਸੀ। ਜਿਸ ਨੇ ਅੰਗਰੇਜ਼ਾਂ ਨੂੰ ਹਿਲਾ ਦਿੱਤਾ। 1999 ਵਿੱਚ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਖਾਲਸੇ ਦੇ 300 ਸਾਲਾ ਜਨਮ ਤੇ ਨਾਮਧਾਰੀ ਸੰਮੇਲਨ ਅਨੰਦਪੁਰ ਸਾਹਿਬ ਕਰਕੇ ਹਰ ਪਾਸੇ ਚਿੱਟੇ ਕਪੱੜਿਆਂ ਦੀ ਲਹਿਰ ਲਾ ਦਿੱਤੀ ਸੀ।

> ***ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਤੋਪਾਂ ਨਾਲ ਇਹ 66 ਨਾਮਧਾਰੀ ਸਿੱਖ ਉਡਾਇ ਗਏ। ਨਾਮਧਾਰੀ ਲਹਿਰ ਤੇ ਪਾਬੰਦੀ ਲਗਾ ਦਿੱਤੀ ਗਈ। ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਤੋਂ ਅਲਾਹਾਬਾਦ ਤੇ ਫਿਰ ਰੰਗੂਨ ਭੇਜ ਦਿੱਤਾ ਗਿਆ। ਕਮਾਲ ਹੈ ਉਹਨਾਂ ਦੇ ਹੱਠ ਦਾ ਉਹਨਾਂ ਨੇ ਜੇਲ ਵਿਚ ਰਹਿ ਕੇ ਵੀ ਕੋਈ ਪਛਤਾਵਾ ਨਹੀਂ ਕੀਤਾ। ਆਪਣੀਆਂ ਚਿਠੀਆਂ ਰਾਹੀਂ ਸਿੱਖਾਂ ਨੂੰ ਗੁਰੂ ਦੇ ਲੜ ਲੱਗੇ ਰਹਿਣ ਦਾ ਉਪਦੇਸ਼ ਕੀਤਾ।***

ਨਾਮਧਾਰੀ ਸਿੱਖਾਂ ਵਿਚ ਜੋਸ਼ ਵੱਧ ਗਿਆ ਸੀ। ਇਸ ਦੌਰਾਨ ਅੰਮ੍ਰਿਤਸਰ ਵਿਚ ਮੁਸਲਮਾਨ ਬੁੱਚੜ ਜੋ ਗਊ ਮਾਰਕੇ ਵੇਚਦੇ ਸਨ ਉਹਨਾਂ ਨਾਲ 1871 ਵਿੱਚ ਝਗੜਾ ਹੋ ਗਿਆ ਤੇ ਚਾਰ ਮੁਸਲਮਾਨ ਮਰ ਗਏ। ਰਾਏਕੋਟ ਵਿਚ ਵੀ ਮੁਸਲਮਾਨ ਬੁੱਚੜ ਮਾਰ ਦਿੱਤੇ ਗਏ। ਨਾਮਧਾਰੀ ਸਾਰੇ ਪੰਜਾਬ ਵਿਚ ਉਤਸਾਹਿਤ ਹੋ ਕੇ ਅੰਗਰੇਜ਼ਾਂ ਵਿਰੁੱਧ ਭਾਸ਼ਣ ਦੇਣ ਲੱਗ ਪਏ। ਇਕ ਗਰੁੱਪ ਨੇ ਅੰਗਰੇਜ਼ੀ ਹਾਕਮਾਂ ਦੇ ਵਿਰੋਧ ਵਿਚ ਜੋਰਦਾਰ ਪ੍ਰਗਟਾਵਾ ਕੀਤਾ। ਅੰਗਰੇਜ਼ੀ ਸਰਕਾਰ ਭਾਰਤ ਵਿਚ ਭੈ-ਭੀਤ ਹੋ ਗਈ। ਇਹ ਭਾਰਤ ਵਿਚ ਪਹਿਲੇ ਵਿਦਰੋਹ ਦਾ ਵਾਕਿਆ ਸੀ। ਨਾਮਧਾਰੀ ਪਕੜੇ ਗਏ। ਡਿਪਟੀ ਕਮਿਸ਼ਨਰ ਅੰਬਾਲਾ ਤੁਰੰਤ ਮਲੇਰਕੋਟਲੇ ਪੁੱਜ ਗਿਆ।

ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਤੋਪਾਂ ਨਾਲ ਇਹ 66 ਨਾਮਧਾਰੀ ਸਿੱਖ ਉਡਾਇ ਗਏ। ਨਾਮਧਾਰੀ ਲਹਿਰ ਤੇ ਪਾਬੰਦੀ ਲਗਾ ਦਿੱਤੀ ਗਈ। ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਤੋਂ ਅਲਾਹਾਬਾਦ ਤੇ ਫਿਰ ਰੰਗੂਨ ਭੇਜ ਦਿੱਤਾ ਗਿਆ। ਕਮਾਲ ਹੈ ਉਹਨਾਂ ਦੇ ਹੱਠ ਦਾ ਉਹਨਾਂ ਨੇ ਜੇਲ ਵਿਚ ਰਹਿ ਕੇ ਵੀ ਕੋਈ ਪਛਤਾਵਾ ਨਹੀਂ ਕੀਤਾ। ਆਪਣੀਆਂ ਚਿਠੀਆਂ ਰਾਹੀਂ ਸਿੱਖਾਂ ਨੂੰ ਗੁਰੂ ਦੇ ਲੜ ਲੱਗੇ ਰਹਿਣ ਦਾ ਉਪਦੇਸ਼ ਕੀਤਾ।

ਅੱਜ ਜਦ ਭਾਰਤ ਦੀ ਆਜ਼ਾਦੀ ਦਾ ਇਤਿਹਾਸ ਲਿਖਿਆ ਗਿਆ ਹੈ ਉਸ ਵਿਚ ਮਹਾਤਮਾ ਗਾਂਧੀ ਨੂੰ ਇਸ ਦਾ ਬਾਨੀ ਮੰਨਿਆ ਗਿਆ ਹੈ। ਪਰ ਸਤਿਗੁਰੂ ਰਾਮ ਸਿੰਘ ਜੀ ਸਹੀ ਤੌਰ ਤੇ ਇਸ ਦੇ ਬਾਨੀ ਹਨ। ਭਾਰਤ ਸਰਕਾਰ ਇਸ ਇਤਿਹਾਸਕ ਤੱਥ ਨੂੰ ਅਪਨਾ ਕੇ ਆਪਣਾ ਫਰਜ਼ ਪੂਰਾ ਕਰੇ। ■

ਰੂਹਾਨੀ ਰਹਿਨੁਮਾ ਸਤਿਗੁਰੂ ਰਾਮ ਸਿੰਘ ਬਸਤੀਵਾਦੀ ਪ੍ਰਬੰਧ ਤੋਂ ਨਾਬਰੀ



✍ਪ੍ਰੋ. ਸੁਖਦੇਵ ਸਿੰਘ ਸਿਰਸਾ

ਗੁਰਬਾਣੀ ਅਤੇ ਸਿੱਖ ਆਦਰਸਾਂ/ਸਿਧਾਤਾਂ ਨੂੰ ਪ੍ਰਣਾਈ ਕੂਕਾ ਲਹਿਰ ਸ਼ਾਂਤਮਈ, ਧਰਮ ਅਤੇ ਸਮਾਜ ਸੁਧਾਰ ਦੀ ਲਹਿਰ ਸੀ, ਪਰ ਇਸ ਦਾ ਸਮਾਨਾਂਤਰ ਪ੍ਰਬੰਧਕੀ ਢਾਂਚਾ ਵਿਦੇਸ਼ੀ ਮਾਲ ਤੇ ਸਰਕਾਰੀ ਨੌਕਰੀਆਂ ਦਾ ਬਾਈਕਾਟ ਅਤੇ ਨਾ-ਮਿਲਵਰਤਨ ਦਾ ਨਾਹਰਾ ਬਰਤਾਨਵੀ ਬਸਤੀਵਾਦ ਹਕੂਮਤ ਨੂੰ ਚਿੰਤਤ ਕਰਦਾ ਸੀ। ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਅਤੇ ਕੂਕਾ ਲਹਿਰ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਬਰਤਾਨਵੀ ਹਾਕਮਾਂ ਨੇ ਕਈ ਤਰ੍ਹਾਂ ਦੇ ਹਥਕੰਡੇ ਵਰਤਣੇ ਸ਼ੁਰੂ ਕੀਤੇ।

ਇਹ ਵਰ੍ਹਾ (2016 ਈ.) ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਦੇ ਮਹਾਨ ਨਾਇਕ ਅਤੇ ਨਾਮਧਾਰੀ ਪੰਥ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੂਸਰੀ ਜਨਮ ਸ਼ਤਾਬਦੀ ਦਾ ਸਾਲ ਹੈ। ਪੰਜਾਬ ਦੇ ਗੁਮਨਾਮ ਜਿਹੇ ਪਿੰਡ ਭੈਣੀ ਰਾਈਆਂ (ਜ਼ਿਲਾ ਲੁਧਿਆਣਾ) ਦੇ ਕਿਰਤੀ ਪਰਿਵਾਰ 'ਚ 3 ਫਰਵਰੀ 1816 ਈ. ਨੂੰ ਜਨਮ ਲੈਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਨਾਨਕ ਨਾਮ ਲੇਵਾ, ਅਨਿਨ ਆਸਥਾਵਾਨ, ਧਰਮ-ਸਾਧਕ, ਦੂਰ-ਅੰਦੇਸ਼, ਸਮਾਜ ਸੁਧਾਰਕ ਤੇ ਸਿਦਕਵਾਨ ਰਾਸ਼ਟਰ-ਭਗਤ ਤਾਂ ਸਨ ਹੀ, ਉਪਰੋਂ ਵਾਧਾ ਇਹ ਕਿ ਆਦਰਸ਼ਕ ਸਿੱਖ ਜੀਵਨ-ਜਾਚ ਨੂੰ ਪ੍ਰਣਾਏ ਹੋਏ ਤੇ ਸੈਨਿਕ ਜੀਵਨ ਦਾ ਤਜਰਬਾ ਹੋਣ ਕਰਕੇ ਉਨ੍ਹਾਂ ਦੀ ਧਾਰਮਿਕ, ਸਮਾਜਕ ਤੇ ਰਾਜਸੀ ਸੰਗਠਨਾਂ ਨੂੰ ਮਹਾਨ ਮਨੁੱਖੀ ਆਦਰਸ਼ਾਂ ਦੇ ਤਾਬਿਆ ਤੋਰਨ ਦੀ ਯੋਗਤਾ ਹੈਰਾਨ ਕਰਨ ਵਾਲੀ ਸੀ। ਭਾਰਤੀ ਜਨ-ਮਾਨਸ ਵਿਚ ਉਨ੍ਹਾਂ ਦਾ ਅਕਸ ਭਾਵੇਂ ਕੂਕਾ ਲਹਿਰ ਦੇ ਰੂਹਾਨੀ ਰਹਿਨੁਮਾ ਵਾਲਾ ਹੈ, ਭਾਰਤ ਦੇ ਕੌਮੀ ਮੁਕਤੀ ਸੰਗਰਾਮ ਵਿਚ ਉਨ੍ਹਾਂ ਦੀ ਭੂਮਿਕਾ ਰਾਹ-ਦਸੇਰਿਆਂ ਵਾਲੀ ਰਹੀ ਹੈ। ਪੰਜਾਬ ਵਿਚ ਬਰਤਾਨਵੀ ਬਸਤੀਵਾਦ ਪ੍ਰਬੰਧ ਦੇ ਖਿਲਾਫ ਰੋਹ ਦੀ ਚਿੰਗਾਰੀ ਤਾਂ ਭਾਈ ਮਹਾਰਾਜ ਸਿੰਘ ਦੇ ਸਾਥੀਆਂ ਅਤੇ ਅਹਿਮਦ ਖਾਨ ਖਰਲ ਦੀ ਅਗਵਾਈ 'ਚ ਵਿਦਰੋਹ ਕਰਨ ਵਾਲੇ ਸਾਂਦਲਬਾਰ ਤੇ ਨੀਲੀਬਾਰ ਦੇ ਕਬੀਲਿਆਂ ਦੇ ਸੰਘਰਸ਼ ਸਮੇਂ ਫੁੱਟੀ, ਪਰ ਬਸਤੀਵਾਦ ਹਕੂਮਤ ਨੂੰ ਰਾਜਸੀ ਪੱਖੋਂ ਸੰਗਠਿਤ ਰੂਪ ਵਿਚ ਅਸਲ ਚੁਣੌਤੀ ਵਿਸ਼ਾਲ ਜਨ-ਆਧਾਰ ਵਾਲੀ ਕੂਕਾ ਲਹਿਰ ਨੇ ਹੀ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ 1857 ਨੂੰ ਭੈਣੀ ਸਾਹਿਬ ਵਿਖੇ 'ਸੰਤ ਖਾਲਸਾ' ਦੀ ਸਥਾਪਨਾ ਕੀਤੀ। 'ਸੰਤ ਖਾਲਸਾ' ਦੀ ਸਿਰਜਣਾ ਦਾ ਪ੍ਰਤੱਖ ਮਨੋਰਥ ਤਾਂ ਸਿੱਖ ਧਰਮ ਤੇ ਸਮਾਜ ਦੇ ਸੁਧਾਰ

ਦਾ ਸੀ, ਪਰ ਅਸਲ ਮਕਸਦ ਸਿੱਖਾਂ ਦੇ ਪਸਤ ਹੋਏ ਮਨੋਬਲ ਨੂੰ ਉਭਾਰ ਬਰਤਾਨਵੀ ਬਸਤੀਵਾਦ ਪ੍ਰਬੰਧ ਤੋਂ ਆਜ਼ਾਦੀ ਹਾਸਿਲ ਕਰਨਾ ਸੀ। ਧਾਰਮਿਕ ਦਿੱਖ ਵਾਲੇ ਕੂਕਾ ਅੰਦੋਲਨ ਦਾ ਪਹਿਲਾ ਪੜਾ (1857 ਤੋਂ 1863 ਈ. ਤੱਕ) ਸੁਧਾਰਵਾਦੀ ਆਸ਼ਿਆਂ ਵਾਲਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਵਿਲਾਸੀ ਸਿੱਖ ਸਾਮੰਤਾਂ ਤੇ ਰੀਤ-ਪੂਜ ਪੁਜਾਰੀਆਂ ਦੇ ਪ੍ਰਭਾਵ ਹੇਠ ਆਈ ਸਿੱਖ ਸਮਾਜ ਵਿਚਲੀਆਂ ਕੁਰਹਿਤਾਂ ਤੇ ਮਨੋ-ਵਿਕਾਰਾਂ ਨੂੰ ਦੂਰ ਕਰਨ ਲਈ ਗੁਰਬਾਣੀ ਅਤੇ ਸਿੱਖ ਜੀਵਨ ਜਾਚ ਦੇ ਪ੍ਰਸਾਰ ਪਸਾਰ ਦਾ ਬੀੜਾ ਚੁੱਕਿਆ। ਖੁਫੀਆਂ ਸਰਕਾਰੀ ਰਿਪੋਰਟਾਂ ਮੁਤਾਬਿਕ ਉਸ ਵੇਲੇ ਲਗਪਗ ਸੱਤ ਲੱਖ ਲੋਕ ਨਾਮਧਾਰੀ ਲਹਿਰ ਵਿੱਚ ਸ਼ਾਮਲ ਹੋਏ।[1] ਕੂਕਾ ਅੰਦੋਲਨ ਦੇ ਦੂਜੇ ਪੜਾਅ (1863 ਈ. ਤੋਂ ਬਾਅਦ) ਵਿਚ ਸਤਿਗੁਰੂ ਰਾਮ ਸਿੰਘ ਨੇ ਪੰਜਾਬ ਵਿਚ 22 ਨਾਮਧਾਰੀ ਸੂਬੇ ਮੁੱਕਰਰ ਕਰਕੇ ਬਸਤੀਵਾਦ ਹਕੂਮਤ ਦੇ ਰਾਜਸੀ ਪ੍ਰਬੰਧ ਨੂੰ ਸਿੱਧੀ ਚੁਣੌਤੀ ਦਿੱਤੀ। ਨਾਮਧਾਰੀਆਂ ਨੂੰ ਅੰਗਰੇਜ਼ ਸਰਕਾਰ ਦੀ ਨੌਕਰੀ ਨਾ ਕਰਨ ਅਤੇ ਸਰਕਾਰੀ ਪ੍ਰਸ਼ਾਸਨ (ਡਾਕ-ਤਾਰ, ਰੇਲਵੇ, ਕਚਹਿਰੀਆਂ ਤੇ ਸਕੂਲਾਂ-ਕਾਲਜਾਂ) ਨਾਲ ਸਹਿਯੋਗ ਨਾ ਕਰਨ ਦੀ ਸਖਤ ਹਿਦਾਇਤ ਕੀਤੀ। ਕੂਕਿਆਂ ਦੇ ਆਪਣੇ ਡਾਕ ਪ੍ਰਬੰਧ, ਪੰਚਾਇਤੀ ਨਿਆਂ-ਪ੍ਰਣਾਲੀ ਅਤੇ ਸਥਾਨਕ ਸਿੱਖਿਆ ਸੰਸਥਾਵਾਂ ਨੂੰ ਅਪਨਾਉਣ ਦੀ ਹਦਾਇਤ ਕਰਕੇ ਬਰਤਾਨਵੀ ਹਕੂਮਤ ਦੇ ਸਮਨਾਂਤਰ ਆਪਣਾ ਸਥਾਨਕ ਪ੍ਰਸ਼ਾਸਨਿਕ ਢਾਂਚਾ ਉਸਾਰਨ ਦਾ ਉਪਰਾਲਾ ਕੀਤਾ। ਬਰਤਾਨਵੀ ਬਸਤੀਵਾਦ ਹਕੂਮਤ ਦੇ ਆਰਥਿਕ ਆਧਾਰ ਉੱਤੇ ਸੱਟ ਮਾਰਨ ਲਈ ਵਿਦੇਸ਼ੀ ਮਾਲ ਦੇ ਬਾਈਕਾਟ ਦਾ ਨਾਅਰਾ ਕੂਕਾ ਅੰਦੋਲਨ ਦੇ ਇਕ ਦੂਰ ਅੰਦੇਸ਼ੀ ਵਾਲਾ ਫੈਸਲਾ ਸੀ। 'ਸਵਦੇਸ਼ੀ' ਅਤੇ 'ਨਾ-ਮਿਲਵਰਤਨ' ਸਤਿਗੁਰੂ ਰਾਮ ਸਿੰਘ ਜੀ ਦੀ ਸਿਆਸੀ ਚੇਤਨਾ ਤੇ ਸੂਝ ਦੇ ਉਹ ਸੂਤਰ ਹਨ ਜੋ ਪਿਛੋਂ ਜਾ ਕੇ ਭਾਰਤੀ ਸੁਤੰਤਰਤਾ ਸੰਗਰਾਮ ਦੇ ਮੂਲ ਰਾਜਸੀ ਸਿਧਾਂਤ ਬਣਦੇ ਹਨ। ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਲਹਿਰ ਦਾ ਮੂਲ ਪ੍ਰੇਰਨਾ ਸਿਧਾਂਤ ਕੂਕਾ ਅੰਦੋਲਨ ਦਾ 'ਸਵਦੇਸ਼ੀ' ਤੇ ਵਿਦੇਸ਼ੀ ਮਾਲ ਤੇ ਨੌਕਰੀਆਂ ਦੇ ਬਾਈਕਾਟ ਦਾ ਰਾਜਸੀ ਸੂਤਰ ਹੀ ਸੀ। ਐਨਸਾਈਕਲੋਪੀਡੀਆ ਬ੍ਰਿਟੇਨਿਕਾ ਦੇ ਨਿਮਨ ਲਿਖਤ ਇੰਦਰਾਜ ਤੋਂ ਸਾਡੇ ਮਤ ਦੀ ਪੁਸ਼ਟੀ ਹੋ ਜਾਂਦੀ ਹੈ, ਕਿ 'ਸਿੱਖ ਫਿਲਾਸਫ਼ਰ ਤੇ ਸੁਧਾਰਕ ਰਾਮ ਸਿੰਘ ਪਹਿਲਾ ਭਾਰਤੀ ਹੈ, ਜਿਸ ਨੇ ਬਰਤਾਨਵੀ ਵਪਾਰਕ ਨਾ ਤੇ ਨੌਕਰੀਆਂ ਦੇ ਬਾਈਕਾਟ ਅਤੇ ਨਾ-ਮਿਲਵਰਤਨ ਨੂੰ ਰਾਜਨੀਤਕ ਹਥਿਆਰ ਵਜੋਂ ਵਰਤਿਆ।'

{Guru) Ram Singh, Sikh Philosopher and reformer and first Indian to use non-co-operation and boycott of the British merchandise and services as a political weapon.[2]

ਗੁਰਬਾਣੀ ਅਤੇ ਸਿੱਖ ਆਦਰਸ਼ਾਂ/ਸਿਧਾਤਾਂ ਨੂੰ ਪ੍ਰਣਾਈ ਕੂਕਾ ਲਹਿਰ ਸ਼ਾਂਤਮਈ, ਧਰਮ ਅਤੇ ਸਮਾਜ ਸੁਧਾਰ ਦੀ ਲਹਿਰ ਸੀ, ਪਰ ਇਸ ਦਾ ਸਮਾਨਾਂਤਰ ਪ੍ਰਬੰਧਕੀ ਢਾਂਚਾ ਵਿਦੇਸ਼ੀ ਮਾਲ ਤੇ ਸਰਕਾਰੀ ਨੌਕਰੀਆਂ ਦਾ ਬਾਈਕਾਟ ਅਤੇ ਨਾ-ਮਿਲਵਰਤਨ ਦਾ ਨਾਹਰਾ ਬਰਤਾਨਵੀ ਬਸਤੀਵਾਦ ਹਕੂਮਤ ਨੂੰ ਚਿੰਤਤ ਕਰਦਾ ਸੀ। ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਅਤੇ ਕੂਕਾ ਲਹਿਰ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਬਰਤਾਨਵੀ ਹਾਕਮਾਂ ਨੇ ਕਈ ਤਰ੍ਹਾਂ ਦੇ ਹਥਕੰਡੇ ਵਰਤਣੇ ਸ਼ੁਰੂ ਕੀਤੇ। ਸਿੱਖ ਮਰਯਾਦਾ ਅਨੁਸਾਰ ਅਨੰਦ ਕਾਰਜ ਬਾਰੇ ਵਿਵਾਦ ਨੂੰ ਲੈ ਕੇ ਬਾਘਾਪੁਰਾਣਾ ਤੇ ਪੁਜਾਰੀਆਂ ਦੀ ਸ਼ਿਕਾਇਤ ਦੇ ਆਧਾਰ 'ਤੇ ਜੂਨ 1863 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰ ਦਿੱਤਾ। ਸਿੱਖ ਧਰਮ ਸੁਧਾਰ ਲਹਿਰ ਦੇ ਪ੍ਰੋਗਰਾਮ ਤਹਿਤ ਸਤਿਗੁਰੂ ਰਾਮ ਸਿੰਘ ਵਲੋਂ 1 ਜੂਨ 1863 ਈ. ਨੂੰ ਪਿੰਡ ਸਿਆੜ (ਲੁਧਿਆਣਾ) 'ਚ ਸਿੱਖ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਣ, ਪਿੰਡ ਖੋਟੇ (ਜ਼ਿਲਾ ਮੋਗਾ) 'ਚ ਸਿੱਖ ਮਰਯਾਦਾ ਅਨੁਸਾਰ ਸਾਦੇ ਤੇ ਸਮੂਹਿਕ ਵਿਆਹ ਕਰਨ ਅਤੇ ਮੜ੍ਹੀ ਮਸਾਣਾਂ ਦੀ ਪੂਜਾ ਨਾ ਕਰਨ ਦੇ ਆਦੇਸ਼ ਆਦਿ ਕਰਕੇ ਲੋਕ ਵੱਡੀ ਗਿਣਤੀ ਵਿਚ ਨਾਮਧਾਰੀ ਸਿੱਖ ਸੱਜਣ ਲੱਗੇ। ਨਾਮਧਾਰੀ ਸਿੱਖ ਘਰ-ਘਾਟ ਤੇ ਜਾਇਦਾਦਾਂ ਵੇਚ ਕੇ ਭੈਣੀ ਸਾਹਿਬ ਲੰਗਰ ਲਈ ਸਹਾਇਤਾ ਭੇਜਣ ਲੱਗੇ। ਖੁਫੀਆਂ ਤੰਤਰ ਦੀਆਂ ਸਰਕਾਰੀ ਰਿਪੋਰਟਾਂ ਅਤੇ ਪੁਜਾਰੀਆਂ ਦੀਆਂ ਸ਼ਿਕਾਇਤਾਂ ਦੇ ਬਹਾਨੇ 1863 ਈ. ਤੋਂ ਲੈ ਕੇ 1867 ਈ. ਤੱਕ ਸਤਿਗੁਰੂ ਰਾਮ ਸਿੰਘ ਜੀ ਨੂੰ ਕਈ ਵਾਰ ਨਜ਼ਰਬੰਦੀ ਜਾਂ ਜੂਹਬੰਦੀ ਦਾ ਦਮਨ ਝੱਲਣਾ ਪਿਆ। ਇਸ ਅਰਸੇ ਦੌਰਾਨ ਕੂਕਾ ਅੰਦੋਲਨ ਦੇ ਸੰਚਾਲਕਾਂ ਨੇ ਕਸ਼ਮੀਰ, ਗਵਾਲੀਅਰ, ਬਨਾਰਸ, ਲਖਨਊ ਤੇ ਕਈ ਦੇਸੀ ਰਿਆਸਤਾਂ ਨਾਲ ਬਸਤੀਵਾਦ ਹਕੂਮਤ ਤੋਂ ਆਜ਼ਾਦੀ ਹਾਸਿਲ ਕਰਨ ਲਈ ਸੰਪਰਕ ਬਣਾਏ। ਸੈਨਿਕ ਜੀਵਨ ਦਾ ਤਜ਼ਰਬਾਂ ਹੋਣ ਕਰਕੇ ਸਤਿਗੁਰੂ ਰਾਮ ਸਿੰਘ ਜੀ ਨੇ ਕੂਕਿਆਂ ਨੂੰ ਸੈਨਿਕ ਸਿਖਲਾਈ ਦੁਆਉਣ ਲਈ ਕਸ਼ਮੀਰ ਰੈਜੀਮੈਂਟ ਵਿਚ ਕੁਝ ਕੂਕੇ ਸਿੰਘ ਭਰਤੀ ਕਰਵਾਏ। ਅੰਗਰੇਜ਼ ਹਾਕਮਾਂ ਨੇ ਆਪਣਾ ਪ੍ਰਭਾਵ ਵਰਤ ਕੇ ਇਹ ਰਜਮੈਂਟ ਹੀ ਤੁੜਵਾ ਦਿੱਤੀ। ਬਰਤਾਨਵੀ ਹਕੂਮਤ ਖਿਲਾਫ ਬਗਾਵਤ ਸਮੇਂ ਸਹਾਇਤਾ ਲਈ ਕੂਕਾ ਲਹਿਰ ਦੇ ਸੰਚਾਲਕਾਂ ਨੇ ਨੇਪਾਲ, ਕਾਬਲ ਅਤੇ ਰੂਸ ਦੀਆਂ ਸਰਕਾਰਾਂ ਨਾਲ ਕੂਟਨੀਤਕ ਸੰਬੰਧ ਬਣਾਏ। ਖੁਫੀਆ ਤੰਤਰ ਦੀਆਂ ਰਿਪੋਰਟਾਂ ਦੇ ਆਧਾਰ ਤੇ ਅੰਬਾਲਾ ਦੇ ਪੁਲਿਸ ਕਮਿਸ਼ਨਰ ਤੇ ਸਤੰਬਰ 1866 ਈ. ਵਿਚ ਹੀ ਅੰਗਰੇਜ਼ ਸਰਕਾਰ ਨੂੰ ਕੂਕਿਆਂ ਵਲੋਂ ਬਗਾਵਤ ਕਰਨ ਦੀ ਸੰਭਾਵਨਾ ਬਾਰੇ ਲਿਖ ਦਿੱਤਾ ਸੀ। ਅੰਗਰੇਜ਼ ਅਧਿਕਾਰੀ

ਵਲੋਂ ਸਤਿਗੁਰੂ ਰਾਮ ਸਿੰਘ ਜੀ ਉਪਰ ਕੜੀ ਨਜ਼ਰ ਰੱਖਣ, ਉਹਨਾਂ ਨੂੰ ਤੇ ਕੂਕਿਆਂ ਸੂਬਿਆਂ ਨੂੰ ਗ੍ਰਿਫਤਾਰ ਕਰਨ ਜਾਂ ਪੰਜਾਬ ਤੋਂ ਬਾਹਰ ਭੇਜਣ ਦੇ ਸੁਝਾਅ ਦਿੱਤੇ ਗਏ ਸਨ। ਸ਼ਾਂਤਮਈ ਕੂਕਾ ਅੰਦੋਲਨ 1869 ਈ. ਵਿਚ ਉਸ ਸਮੇਂ ਹਿੰਸਕ ਹੋ ਗਿਆ ਜਦੋਂ ਥਰਾਜਵਾਲਾ (ਜ਼ਿਲਾ ਫਿਰੋਜ਼ਪੁਰ) ਦੇ ਕੂਕਿਆਂ ਨੇ ਖੁਲ੍ਹੀ ਬਗਾਵਤ ਕਰਕੇ ਭੈਣੀ ਸਾਹਿਬ ਵੱਲ ਚਾਲੇ ਪਾ ਦਿੱਤੇ। ਇਸ ਵਿਦਰੋਹ ਨੂੰ ਦਬਾ ਦਿੱਤਾ ਗਿਆ, ਪਰ ਅੰਗਰੇਜ਼ ਅਧਿਕਾਰੀ ਕੂਕਿਆਂ ਦੇ ਰਾਜਸੀ ਮਨੋਰਥ ਬਾਰੇ ਵਧੇਰੇ ਚੌਕੰਨੇ ਹੋ ਗਏ। ਪ੍ਰਮਾਣ ਵਜੋਂ ਕਰਨਲ ਮੈਕ ਐਂਡਰਿਊ ਦੀ ਇਹ ਚਿਤਾਵਨੀ ਦੇਖੀ ਜਾ ਸਕਦੀ ਹੈ, "ਕਸ਼ਮੀਰ ਵਿਚ (ਗੁਰੂ ਰਾਮ ਸਿੰਘ ਦਾ) ਆਪਣੇ ਪੈਰੋਕਾਰਾਂ ਦੀ ਇਕ ਟੁੱਕੜੀ ਰੱਖਣ ਦਾ ਹੰਭਲਾ ਤੇ ਏਸੇ ਤਰ੍ਹਾਂ ਦਾ ਨੇਪਾਲ ਵਿਚ ਚੁੱਕਿਆ ਕਦਮ ਪ੍ਰਗਟ ਕਰਦਾ ਹੈ ਉਹ ਗੁਰੂ ਜਾਂ ਧਾਰਮਿਕ ਰਹਿਨੁਮਾ ਦੇ ਘੇਰੇ ਤੋਂ ਬਾਹਰ ਕੰਮ ਕਰ ਰਿਹਾ ਹੈ।"[3]

ਸਤਿਗੁਰੂ ਰਾਮ ਸਿੰਘ ਜੀ ਤੇ ਕੂਕਾ ਲਹਿਰ ਦੇ ਪੰਜਾਬ ਵਿਚ ਵਧਦੇ ਪ੍ਰਭਾਵ ਨੂੰ ਰੋਕਣ ਲਈ ਬਰਤਾਨਵੀ ਹਾਕਮਾਂ ਤੇ ਅਧਿਕਾਰੀਆਂ ਨੇ ਹਿੰਦੂ ਪੁਜਾਰੀਆਂ, ਡੇਰਿਆਂ ਤੇ ਗੁਰਦੁਆਰਿਆਂ ਦੇ ਸਿੱਖ ਮਹੰਤਾਂ, ਸਿੱਖ ਸਾਮੰਤਾਂ ਅਤੇ ਆਪਣੇ ਵਫ਼ਾਦਾਰ ਟੋਡੀਆਂ ਨੂੰ ਕੂਕਾ ਵਿਰੋਧੀ ਲਈ ਉਤਸਾਹਿਤ ਕੀਤਾ। ਹਿੰਦੂ ਤੇ ਮੁਸਲਮਾਨ ਭਾਈਚਾਰਿਆਂ ਵਿਚ ਸੰਪਰਦਾਇਕ ਤਣਾਉ ਵਧਾਉਣ ਲਈ ਪੰਜਾਬ ਵਿਚ ਬੁੱਚੜਖਾਨੇ ਖੋਲ੍ਹਣ ਦੀ ਇਜਾਜਤ ਦਿੱਤੀ। ਬੁੱਚੜਖਾਨਿਆਂ ਵਿਚ ਗਊ ਹੱਤਿਆ ਰੋਕਣ ਲਈ ਕੂਕੇ ਸਿੰਘਾਂ ਨੇ ਅੰਮ੍ਰਿਤਸਰ ਅਤੇ ਰਾਏਕੋਟ ਦੇ ਬੁੱਚੜਖਾਨਿਆਂ ਉਪਰ ਹਮਲੇ ਕਰਕੇ ਕੁਝ ਬੁੱਚੜਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਅਹਿੰਸਾ, ਨਾਮਦਾਨ ਨਾਲ ਵਰੋਸਾਏ ਕੂਕਾ ਅੰਦੋਲਨ ਦੀ ਚਾਲਕ ਸ਼ਕਤੀ ਸੀ, ਪਰ ਅੰਮ੍ਰਿਤਸਰ ਤੇ ਰਾਏਕੋਟ ਦੇ ਬੁੱਚੜ ਬੱਧ ਦੀ ਘਟਨਾਵਾਂ ਤੋਂ ਬਾਅਦ ਨਾਮਧਾਰੀ ਜਜ਼ਬਾਤੀ ਤੌਰ ਤੇ ਭੜਕ ਉਠੇ। ਮਲੇਰਕੋਟਲੇ ਦੇ ਸਾਕੇ ਵਿਚ 65 ਕੂਕੇ ਤੋਪਾਂ ਨਾਲ ਉਡਾ ਦਿੱਤੇ ਗਏ। ਅਤੇ ਭਾਈ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ। ਮਲੇਰਕੋਟਲੇ ਤੇ ਮਲੌਦ ਦੇ ਯੁੱਧਾਂ ਵਿਚ ਦਸ ਕੂਕੇ ਸ਼ਹੀਦ ਹੋਏ। ਬੁਚੜਾਂ ਨੂੰ ਮਾਰਨ ਤੇ ਬਗਾਵਤ ਦੇ ਦੋਸ਼ ਵਿਚ 4 ਕੂਕੇ ਸਿੰਘਾਂ ਨੂੰ ਕਾਲੇ ਪਾਣੀ ਦੀ ਸਜਾ ਹੋਈ, 10 ਨੂੰ ਫਾਂਸੀ ਟੰਗ ਦਿੱਤਾ ਗਿਆ। ਬੁਚੜਾਂ ਉਪਰ ਹਮਲੇ ਨੂੰ ਅੰਗਰੇਜ਼ ਅਧਿਕਾਰੀਆਂ ਨੇ ਸਿੱਧੀ ਰਾਜਸੀ ਬਗਾਵਤ ਵਜੋਂ ਦੇਖਿਆ, ਇਹ ਹਮਲਾ ਬੁੱਚੜਾਂ ਤੇ ਨਹੀਂ ਸਰਕਾਰ ਅੰਗਰੇਜ਼ਾਂ ਦੀ ਪ੍ਰਭੂਸੱਤਾ ਤੇ ਹੈ। ਕੂਕੇ ਸਾਡਾ ਰਾਜ ਖੋਹਣਾ ਚਾਹੁੰਦੇ ਹਨ, ਮੁੜ ਆਪਣਾ ਗੁਆਚਿਆ ਜਾਂ ਖਾਲਸਾ ਜਾਂ ਸਾਂਝਾ ਪੰਜਾਬੀ ਰਾਜ ਕਾਇਮ ਕਰਨ ਲਈ।"[4] ਅੰਗਰੇਜ਼ ਅਧਿਕਾਰੀ ਆਰ. ਜੀ. ਟਾਇਲਰ ਨੇ 1866 ਈ. ਵਿਚ ਕੂਕਾ ਅੰਦੋਲਨ ਦੇ ਰਾਜਸੀ ਬਗਾਵਤ ਦਾ ਰੂਪ ਧਾਰ ਜਾਣ ਦੀ ਸੰਭਾਵਨਾ ਦੀ ਭਵਿੱਖਬਾਣੀ ਕੀਤੀ ਸੀ।[5] ਰਾਇਕੋਟ ਦੇ ਬੁੱਚੜਾਂ ਉਪਰ ਹੋਏ ਹਮਲੇ ਤੋਂ ਬਾਅਦ ਜੇ. ਡਬਲਿਊ ਮੈਕਨਾਬ ਨੇ 4 ਨਵੰਬਰ 1871 ਦੀ ਲੰਬੀ ਰਿਪੋਰਟ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਨਜ਼ਰਬੰਦ ਕਰਨ ਦੀ ਸਿਫਾਰਸ਼ ਕੀਤੀ।[6]

ਸਤਿਗੁਰੂ ਰਾਮ ਸਿੰਘ ਜੀ ਅਤੇ ਉਸ ਦੇ ਅਨਿਯਾਈਆਂ ਵਲੋਂ ਅੰਗਰੇਜ਼ ਸਰਕਾਰ ਦੇ ਕਾਨੂੰਨ ਤੇ ਪ੍ਰਬੰਧ ਨੂੰ ਦਿੱਤੀ ਖੁਲ੍ਹੀ ਚੁਣੌਤੀ ਨੂੰ ਦੇਖ ਕੇ ਲੈਫਟੀਨੈਂਟ ਕਰਨਲ ਮੈਕ ਐਂਡਰਿਊ ਨੇ ਉਨ੍ਹਾਂ ਨੂੰ ਤੁਰੰਤ ਦੇਸ਼-ਬਦਰ ਕਰਨ ਦੀ ਸਿਫਾਰਸ਼ 20 ਨਵੰਬਰ 1871 ਨੂੰ ਕੀਤੀ ਸੀ।[7] ਮਲੇਰਕੋਟਲੇ ਦੇ ਸਾਕੇ ਬਾਅਦ ਲੁਧਿਆਣਾ ਦੇ ਕਮਿਸ਼ਨਰ ਦੇ ਹੁਕਮ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨੂੰ ਗਿਫ੍ਤਾਰ ਕਰਕੇ 18 ਜਨਵਰੀ 1872 ਈ. ਅਲਾਹਬਾਦ 'ਚ ਨਜ਼ਰਬੰਦੀ ਲਈ ਭੇਜ ਦਿੱਤਾ। ਅਨੰਦਪੁਰ ਦੇ ਹੋਲੇ ਮਹੱਲੇ ਸਮੇਂ ਕੂਕਿਆਂ ਦੀ ਬਗਾਵਤ ਦੇ ਡਰੋਂ 16 ਮਾਰਚ 1872 ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਕਲਕਤਾ ਤੋਂ ਰੰਗੂਨ ਭੇਜ ਦਿੱਤਾ ਗਿਆ। ਰੰਗੂਨ 'ਚ ਨਜ਼ਰਬੰਦੀ ਸਮੇਂ ਦੇਸ਼-ਭਗਤ ਕੂਕੇ ਸਤਿਗੁਰੂ ਰਾਮ ਸਿੰਘ ਜੀ ਕੋਲ ਜਾਨ ਤਲੀ ਤੇ ਧਰ ਕੇ ਪਹੁੰਚਦੇ ਰਹੇ। ਵਿਦੇਸ਼ੀ ਧਰਤੀ ਤੇ ਸਰਕਾਰੀ ਪਾਬੰਦੀਆਂ ਦੇ ਬਾਵਜੂਦ 96 ਕੂਕੇ ਸਿੰਘ ਸਤਿਗੁਰੂ ਰਾਮ ਸਿੰਘ ਜੀ ਤੋਂ ਹੁਕਮਨਾਮੇ ਹਾਸਿਲ ਕਰਨ ਰੰਗੂਨ ਤੇ ਮਰਗੋਈ ਪਹੁੰਚੇ।

ਰੰਗੂਨ (ਬਰ੍ਹਮਾ) ਅਤੇ ਮਰਗੋਈ ਵਿਚ ਨਜ਼ਰਬੰਦੀ ਸਮੇਂ

ਸਤਿਗੁਰੂ ਰਾਮ ਸਿੰਘ ਜੀ ਕੂਕਾ ਲਹਿਰ ਦੇ ਪੰਜਾਬ ਵਿਚ ਵਧਦੇ ਪ੍ਰਭਾਵ ਨੂੰ ਰੋਕਣ ਲਈ ਬਰਤਾਨਵੀ ਹਾਕਮਾਂ ਤੇ ਅਧਿਕਾਰੀਆਂ ਨੇ ਹਿੰਦੂ ਪੁਜਾਰੀਆਂ, ਡੇਰਿਆਂ ਤੇ ਗੁਰਦੁਆਰਿਆਂ ਦੇ ਸਿੱਖ ਮਹੰਤਾਂ, ਸਿੱਖ ਸਾਮੰਤਾਂ ਅਤੇ ਆਪਣੇ ਵਫ਼ਾਦਾਰ ਟੋਡੀਆਂ ਨੂੰ ਕੂਕਾ ਵਿਰੋਧੀ ਲਈ ਉਤਸ਼ਾਹਿਤ ਕੀਤਾ। ਹਿੰਦੂ ਤੇ ਮੁਸਲਮਾਨ ਭਾਈਚਾਰਿਆਂ ਵਿਚ ਸੰਪਰਦਾਇਕ ਤਣਾਉ ਵਧਾਉਣ ਲਈ ਪੰਜਾਬ ਵਿਚ ਬੁੱਚੜਖਾਨੇ ਖੋਲ੍ਹਣ ਦੀ ਇਜ਼ਾਜਤ ਦਿੱਤੀ।

ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਦੇ ਦਰਸ਼ਨ ਕਰਨ ਜਾਂਦੇ ਕੂਕੇ ਦੇਸ਼-ਭਗਤਾਂ, ਛੋਟੇ ਭਰਾਤਾ ਗੁਰੂ ਹਰੀ ਸਿੰਘ ਜੀ, ਸਪੁੱਤਰੀ ਬੀਬੀ ਨੰਦਾ ਅਤੇ ਸ਼ਰਧਾਲੂ ਕੂਕੇ ਸਿੰਘਾਂ ਦੇ ਨਾਮ ਹੁਕਮਨਾਮੇ ਲਿਖੇ। ਬਰਤਾਨਵੀ ਅਧਿਕਾਰੀਆਂ ਨੂੰ ਨਾਮਧਾਰੀ ਸਿੰਘ ਤੇ ਗੁਰੂ ਸਾਹਿਬ ਦੇ ਸੰਪਰਕਾਂ ਦੀ ਭਿਣਕ ਨਾ ਪਵੇ, ਇਸ ਲਈ ਗੁਰੂ ਸਾਹਿਬ ਦੀ ਹਿਦਾਇਤ ਮੁਤਾਬਿਕ ਹੁਕਮਨਾਮੇ ਪੜ੍ਹਨ ਤੋਂ ਬਾਅਦ ਅਗਨ-ਭੇਂਟ ਕਰਕੇ ਜਾਂ ਪਾਣੀ 'ਚ ਗਾਲ ਕੇ ਨਸ਼ਟ ਕਰ ਦਿੱਤੇ ਜਾਂਦੇ। ਜਿਹੜੇ ਹੁਕਮਨਾਮੇ ਅੰਗਰੇਜ਼ ਅਧਿਕਾਰੀਆਂ ਦੇ ਹੱਥ ਲੱਗ ਜਾਂਦੇ ਉਹ ਜ਼ਬਤ ਕਰ ਲਏ ਜਾਂਦੇ। ਭਾਈ ਨਰੈਣ ਸਿੰਘ (ਰੋਡੇ ਜ਼ਿਲ੍ਹਾ ਮੋਗਾ ਵਾਸੀ) ਤੋਂ ਪੁਲਿਸ ਕਪਤਾਨ ਲੁਧਿਆਣਾ ਜੇ. ਪੀ. ਬਾਰਬਟਨ ਨੇ 18 ਜੂਨ 1879 ਨੂੰ ਜਗਰਾਉਂ ਨੇੜੇ ਤਲਾਸ਼ੀ ਸਮੇਂ ਹੁਕਮਨਾਮੇ ਫੜੇ ਸਨ ਜਿਹਨਾਂ ਦਾ ਅੰਗਰੇਜ਼ੀ ਅਨੁਵਾਦ ਹੁਣ ਮਿਲਦਾ ਹੈ 'ਹੁਕਮਨਾਮੇ' ਹਾਸਿਲ ਕਰਨ ਜਾਂਦੇ ਕੂਕੇ ਇਨੇ ਚੌਕਸ ਸਨ ਕਿ ਜੁਲਾਈ 1880 ਇਕ ਵੀ ਹੁਕਮਨਾਮਾ ਲੈਂਦੇ ਸਮੇਂ ਪਕੜਿਆ ਨਹੀਂ ਗਿਆ। ਧੰਨਾ ਸਿੰਘ ਪੁੱਤਰ ਲਾਲ ਸਿੰਘ (ਗੁੰਮਟੀ) 28 ਜੁਲਾਈ 1880 ਨੂੰ ਹੁਕਮਨਾਮਾ ਲੈਂਦੇ ਸਮੇਂ ਰੰਗੂਨ 'ਚ ਸਤਿਗੁਰੂ ਰਾਮ ਸਿੰਘ ਜੀ ਦੇ ਬੰਗਲੇ ਕੋਲੋਂ ਫੜਿਆ ਗਿਆ। ਇਤਆਤ ਵਜੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਮਰਗੋਈ ਟਾਪੂ 'ਚ ਅਣਦੱਸੀ ਥਾਂ 'ਤੇ ਭੇਜ ਦਿੱਤਾ ਗਿਆ। ਮੀਹਾਂ ਸਿੰਘ (ਸਰਹਾਲੀ) ਰੂਸ ਤੋਂ ਬਾਬਾ ਗੁਰਬਚਨ ਸਿੰਘ ਦੁਆਰਾ ਲਿਆਂਦੇ ਮਹੱਤਵਪੂਰਨ ਪੱਤਰ ਨੂੰ ਗੁਰੂ ਸਾਹਿਬ ਤੱਕ ਪਹੁੰਚਾਉਣ ਲਈ ਮਰਗੋਈ ਪਹੁੰਚ ਗਿਆ ਅਤੇ ਸਤਿਗੁਰੂ ਜੀ ਦੇ ਬੰਗਲੇ ਵਿਚੋਂ ਫੜਿਆ ਗਿਆ।[8]

'ਹੁਕਮਨਾਮਾ' ਸ਼ਾਹੀ ਫੁਰਮਾਨ ਲਈ ਵਰਤਿਆ ਜਾਣ ਵਾਲਾ ਸੰਕੇਤ ਪਦ ਹੈ, ਪਰ "ਸਿਖ ਗੁਰੂਆਂ ਜਾਂ ਧਾਰਮਿਕ ਆਗੂਆਂ ਦੁਆਰਾ ਆਪਣੇ ਸ਼ਰਧਾਲੂਆਂ ਜਾਂ ਸੇਵਕਾਂ ਵਲ ਲਿਖੇ ਪੱਤਰ ਨੂੰ ਵੀ 'ਹੁਕਮਨਾਮਾ' ਕਿਹਾ ਜਾਂਦਾ ਹੈ।...... ਹੁਕਮਨਾਮੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਤੋਂ ਲਿਖੇ ਜਾਣੇ ਸ਼ੁਰੂ ਹੋਏ ਸਨ ਅਤੇ ਦਸਮ ਗੁਰੂ ਤੋਂ ਬਾਅਦ ਬੰਦਾ ਬਹਾਦਰ ਅਤੇ ਗੁਰੂ-ਪਤਨੀਆਂ ਤੋਂ ਇਲਾਵਾ ਪ੍ਰਮੁੱਖ ਤਖਤਾਂ ਤੋਂ ਵੀ ਹੁਣ ਤਕ ਜਾਰੀ ਕੀਤੇ ਜਾਂਦੇ ਹਨ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਪਹਿਲਾਂ ਹੁਕਮਨਾਮੇ ਆਮ ਤੌਰ ਤੇ ਗੁਰੂ ਸਾਹਿਬ ਆਪ ਹੀ ਲਿਖਦੇ ਸਨ, ਪਰ ਦਸਮ ਗੁਰੂ ਵੇਲੇ ਹੁਕਮਨਾਮੇ ਲਿਖਾਰੀ ਲਿਖਦੇ ਸਨ ਅਤੇ ਗੁਰੂ ਸਾਹਿਬ ਉਨ੍ਹਾਂ ਉਤੇ ਆਪਣੇ 'ਨੀਸਾਣ' ਪਾਂਦੇ ਸਨ ਜਿਨ੍ਹਾਂ ਦੀ ਲਿਖਾਵਟ ਦਾ ਸਰੂਪ ਵਖਰਾ ਜਿਹਾ ਜਾਂ ਵਿਲੱਖਣ ਹੁੰਦਾ ਸੀ।.... ਡਾ. ਗੰਡਾ ਸਿੰਘ ਅਨੁਸਾਰ 'ਇਨ੍ਹਾਂ ਹੁਕਮਨਾਮਿਆਂ ਦਾ ਆਮ ਉਦੇਸ਼, ਪ੍ਰਚਾਰ ਲਈ ਹਦਾਇਤਾਂ, ਗੁਰੂ ਘਰ ਦੇ ਲੰਗਰ ਲਈ ਕਾਰ-ਭੇਟਾ, ਗੁਰੂ ਸਾਹਿਬ ਦੇ ਮੁੱਖ ਅਸਥਾਨ ਪਰ ਪਹੁੰਚਣ ਦਾ ਪ੍ਰਬੰਧ, ਸਿੱਖ ਸੰਗਤਾਂ ਪਰ ਆਪਣੀ ਖੁਸ਼ੀ ਦੇ ਪ੍ਰਗਟਾਵੇ ਰਾਹੀਂ ਗੁਰੂ ਅਤੇ ਸੰਗਤਾਂ ਦਾ ਮੇਲ ਕਾਇਮ ਰੱਖਣ, ਸਿੱਖਾਂ ਨੂੰ ਆਪਸ ਵਿਚ ਮੇਲ ਰੱਖਣ ਦਾ ਹੁਕਮ, ਵੇਲੇ ਕੁਵੇਲੇ ਲੋੜੀਂਦੀਆਂ ਵਸਤਾਂ ਲਈ ਫਰਮਾਇਸ਼ਾਂ, ਬਾਹਰ ਗੁਰ-ਪੁਰਬਾਂ ਲਈ ਸੰਗਤਾਂ ਨੂੰ ਉਤਸ਼ਾਹ, ਖਾਸ਼ ਮੌਕਿਆਂ ਤੇ ਸੰਗਤਾਂ ਨੂੰ ਗੁਰੂ ਦੀ ਹਜ਼ੂਰੀ 'ਚ ਆਉਣ ਦਾ ਸੱਦਾ, ਸੰਗਤਾਂ ਨੂੰ 'ਖਾਲਸਾ' ਕਰਨ ਦੀ ਇਤਲਾਹ, ਮਸੰਦਾਂ ਦੀ ਪ੍ਰਥਾ ਨੂੰ ਬੰਦ ਕਰ ਦਿੱਤੇ ਜਾਣ ਅਤੇ ਉਹਨਾਂ ਦੀ ਵਿਚੋਲਗੀ ਹਟਾ ਦੇਣ ਬਾਬਤ ਅਤੇ ਬਾਹਰ ਦੀਆਂ ਸੰਗਤਾਂ ਨੂੰ ਖਬਰਾਂ ਪਹੁੰਚਾਉਣਾ ਆਦਿ ਸੀ।''[9] ਡਾ. ਰਤਨ ਸਿੰਘ ਜੱਗੀ ਦੀ ਨਜ਼ਰ ਵਿਚ ਹੁਕਮਨਾਮਿਆਂ ਦਾ ਮਹੱਤਵ ਇਤਿਹਾਸਕ, ਧਾਰਮਕ ਅਤੇ ਸਾਹਿਤਕ ਤਿੰਨਾਂ ਪੱਖਾਂ ਤੋਂ ਹੈ। ਪੰਜਾਬੀ ਵਿਚ ਪ੍ਰਾਪਤ ਹੁਕਮਨਾਮੇ ਪੰਜਾਬ ਦੇ ਇਤਿਹਾਸ (ਖਾਸ ਕਰਕੇ ਮੱਧਕਾਲ) ਦੇ ਨਾਲ ਨਾਲ ਸਿੱਖ ਧਰਮ ਦੇ ਵਿਕਾਸ 'ਤੇ ਮਰਯਾਦਾ 'ਚ ਆਉਂਦੀਆਂ ਤਬਦੀਲੀਆਂ ਉਪਰ ਰੌਸ਼ਨੀ ਪਾਉਂਦੇ ਹਨ। ਪੁਰਾਣੀ ਪੰਜਾਬੀ ਵਾਰਤਕ ਦਾ ਨਮੂਨਾ ਹੋਣ ਤੋਂ ਇਲਾਵਾ ਇਹ ਪੰਜਾਬ ਦੇ ਭਾਸ਼ਾਈ ਵਰਤਾਰੇ, ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਰਿਵਰਤਨਾਂ ਅਤੇ ਗੁਰਮੁੱਖੀ ਲਿਪੀ ਦੇ ਵਿਕਾਸ ਦੀ ਨਿਸ਼ਾਨਦੇਹੀ ਵੀ ਕਰਦੇ ਹਨ।

ਨਜ਼ਰਬੰਦੀ ਸਮੇਂ 1875 ਈ. ਤੋਂ 1881 ਈ. ਦੌਰਾਨ ਸਤਿਗੁਰੂ ਰਾਮ ਸਿੰਘ ਜੀ ਵਲੋਂ ਲਿਖੇ ਗਏ ਹੁਕਮਨਾਮੇ ਨਾਮਧਾਰੀ ਇਤਿਹਾਸ ਦੇ ਤਾਂ ਪ੍ਰਮਾਣਿਕ ਦਸਤਾਵੇਜ ਤਾਂ ਹਨ ਹੀ, ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਨਾਲ ਸੰਬੰਧਤ ਹੋਣ ਇਹ ਸਾਡਾ ਸਾਂਝਾ ਬੇਸ਼-ਕੀਮਤੀ ਕੌਮੀ ਸਰਮਾਇਆ ਵੀ ਹਨ। ਇਤਿਹਾਸਕ, ਧਾਰਮਕ, ਸਮਾਜਕ, ਰਾਜਨੀਤਕ ਤੇ ਸਾਹਿਤਕ ਪੱਖੋਂ ਮਹੱਤਵਪੂਰਨ ਦਸਤਾਵੇਜ ਦਾ ਰੁੱਤਬਾ ਰੱਖਣ ਵਾਲੇ ਇਹ ਹੁਕਮਨਾਮੇ ਗੁਰਮਤਿ ਆਦਰਸ਼ਾਂ ਨੂੰ ਪ੍ਰਣਾਏ, ਸਚੇ ਰਾਸ਼ਟਰ-ਭਗਤ ਅਤੇ ਭਵਿਖ ਮੁਖੀ ਦ੍ਰਿਸ਼ਟੀ ਵਾਲੇ ਰਹਿਨੁਮਾ ਦੀ ਮਨੋ-ਵੇਦਨਾ ਦਾ ਵੀ ਇਜ਼ਹਾਰ ਕਰਦੇ ਹਨ। ਜੋ ਆਪਣੇ ਵਤਨ ਤੋਂ ਦੂਰ ਬੈਠਾ ਪ੍ਰਾਣਾਂ ਤੋਂ ਵੀ ਪਿਆਰੇ ਪੰਥ ਦੇ ਬਿਛੋੜੇ ਦਾ ਸੱਲ ਸਹਿੰਦਾ ਹੈ। ਇਹਨਾਂ ਹੁਕਮਨਾਮਿਆਂ ਵਿਚੋਂ ਗੁਰੂ ਜੀ ਦੇ ਪੰਥ-ਪਿਆਰ, ਆਪਣੇ ਵਤਨ ਨੂੰ ਆਜ਼ਾਦ ਕਰਾਉਣ ਦੀ ਸਿੱਕ ਅਤੇ ਉਸ ਤੜਪ ਤੇ ਲਾਚਾਰੀ ਦੇ ਦਰਸ਼ਨ ਵੀ ਹੁੰਦੇ ਹਨ। ਵੱਡੇ ਜੋਖ਼ਿਮ ਝਾਗ ਕੇ ਸਤਿਗੁਰੂ ਨੂੰ ਮਿਲਣ ਗਏ ਸ਼ਰਧਾਲੂ ਕੂਕਿਆਂ ਨੂੰ ਨਾ ਮਿਲ ਸਕਣ, ਨਾ ਗੱਲ ਕਰ ਸਕਣ ਤੇ ਨਾ ਅੰਨ-ਪਾਣੀ ਦੀ ਸੇਵਾ ਕਰ ਸਕਣ ਦੀ ਮਜ਼ਬੂਰੀ ਚੋਂ ਉਠਦੀ ਹੈ। ਹੋਰ ਸਾਨੂੰ ਕੋਈ ਦੁੱਖ ਨਹੀਂ ਇਕ ਸੰਗਤਿ ਦੇ ਵਿਛੋੜੇ ਦਾ ਵੱਡਾ ਦੁੱਖ ਹੈ। ਇਹ ਬਚਨ ਗੁਰੂ ਜੀ ਨੇ ਹਰ ਹੁਕਮਨਾਮੇ ਵਿਚ ਕਿਸੇ ਨਾ ਕਿਸੇ ਰੂਪ 'ਚ ਹਾਜ਼ਰ ਹੈ। ਇਨ੍ਹਾਂ

ਹੁਕਮਨਾਮਿਆਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਦੂਰ ਅੰਦੇਸ਼ ਧਰਮ ਤੇ ਸਮਾਜ ਸੁਧਾਰਕ, ਸੁਦ੍ਰਿੜ ਕੌਮੀ ਨਾਇਕ ਤੇ ਸਜੱਗ ਰਾਜਨੀਤੀ-ਵੇਤਾ ਅਤੇ ਨਾਮ ਬਾਣੀ ਨੂੰ ਪ੍ਰਣਾਏ ਤੇ ਸੇਵਾ ਦੇ ਪੁੰਜ ਹਲੀਮ ਸਿੱਖ ਸਰੂਪ ਦੇ ਦਰਸ਼ਨ ਹੁੰਦੇ ਹਨ। ਸੰਗਤ ਨੂੰ ਗੁਰੂ ਸਰੂਪ ਮੰਨ ਕੇ ਉਹ ਆਪਣੇ ਆਪ ਨੂੰ 'ਗੁਰੂ ਦਰ ਦਾ ਰਪਟੀਆ' ਜਾਂ 'ਬੁਰਬਾਲਾ' ਕਹਿੰਦੇ ਹਨ, "ਮੇਰੇ ਵਿਚ ਤਾਂ ਗੁਰੂ ਲਛਨ ਬਾਲ ਜਿਨਾ ਬੀ ਨਹੀ ਹੈ,[10] ਜਾਂ "ਮੇਰੇ ਮੈ ਤਾ ਗੁਰਿਆਈ ਦਾ ਕੰਮ ਬਾਲ ਜਿਨਾ ਬੀ ਨਹੀਂ ਹੈ।[11] ਸਿੱਖ ਮਹੰਤਾਂ ਤੇ ਪੁਜਾਰੀਆਂ ਦੇ ਕੂੜ ਪ੍ਰਚਾਰ ਤੇ ਉਤਰ ਵਜੋਂ ਆਪ ਕਹਿੰਦੇ ਹਨ "ਮੈ ਗੁਰੂ ਨਹੀ, ਮੈਂ ਤਾ ਗੁਰੂ ਦੇ ਦਰ ਦਾ ਰਪਟੀਆਂ ਹਾਂ। ਮੈ ਬੀ ਅੱਠ ਪਹਰਿ ਏਹੀ ਬੇਨਤੀ ਕਰਦਾ ਹਾ ਜੋ ਹੇ ਗੁਰੂ ਜੀ ਤੇਰੀ ਸੁਨ ਹੈ। ਵੇਮੁਖੀ, ਵੇਸਿਦਕੀ, ਮਨਮੁਖੀ ਤੇ ਰਖ ਲਈ, ਅਗੇ ਜੋ ਗੁਰੂ ਜੀ ਨੋ ਭਾਵੇ।"[12] ਅਨਿਨ ਸਰਧਾਵਾਨ, ਹਲੀਮ ਤੇ ਦੂਰ ਅੰਦੇਸ਼ ਸਿੱਖ ਹੋਣ ਕਰਕੇ ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਇਆ, ਆਪਣੇ ਸੇਵਕਾਂ ਦੇ ਨਾਮ ਲਿਖੇ ਸੰਦੇਸ਼ਾਂ ਨੂੰ, 'ਹੁਕਮ' ਕਹਿਣ ਦੀ ਥਾਂ ਬਹੁਤੇ ਥਾਈਂ ਹਰਿਦਾਸ ਲਿਖਿਆ ਹੈ, "ਪਿਛੇਦਿਆ ਦਾ ਭੀ ਏਹੀ ਹੁਕਮ ਹੈ ਅਰਥ ਜੋ ਗਿਆਰਾਂ ਗੁਰੂ ਹੋਏ ਹੈ ਮੈ ਭੀ ਓਨਾ ਦਾ ਹੀ ਹੁਕਮ ਸੁਣਾਉਂਦਾ ਹਾਂ। ਮੈ ਤਾ ਗੁਰੂ ਨਹੀ, ਗੁਰਾ ਕੀ ਵਡਿਆਈ ਕਰੋ। ਨਾਮ ਤੇ ਮੰਗੋ ਜੋ ਮੰਗਣਾ ਹੈ।"[13] ਸਿੱਖ ਧਰਮ ਵਿਚ ਮਹੰਤਾਂ ਤੇ ਵਿਲਾਸੀ ਪੁਜਾਰੀਆਂ ਵਲੋਂ ਪਾਏ ਜਾ ਰਹੇ ਵਿਗਾੜਾਂ ਦੇ ਮੱਦੇ ਨਜ਼ਰ ਉਨ੍ਹਾਂ ਨੇ ਨਾਮਧਾਰੀ ਸੰਗਤ ਨੂੰ ਕਿਸੇ ਦਾ ਝੂਠਾ ਨਾ ਖਾਣ ਦੀ ਹਦਾਇਤ ਮਹੰਤ ਪ੍ਰਥਾ ਤੇ ਹੋਰ ਕੁਰਾਹਿਤਾਂ ਤੋਂ ਸੁਚੇਤ ਕਰਦਿਆਂ ਆਪਣੇ ਭਰਾਤਾ ਗੁਰੂ ਹਰੀ ਸਿੰਘ ਜੀ ਨੂੰ ਇਹ ਬਚਨ ਕੀਤਾ, "ਇਕੁ ਕੰਮੁ ਇਹੁ ਭੀ ਕਰੀ ਭਾਈ ਇਕੁ ਤਾ ਕਿਸੇ ਨੂ ਭਜਨ ਨਾ ਦਸੀ, ਇਕੁ ਕਿਸੇ ਨੂ ਜੂਠਾ ਨਾ ਦੇਈ, ਇਕ ਗਦੀ ਲਾ ਕੇ ਨਾ ਬੈਠੀ, ਇਕ ਕਿਸੇ ਤੇ ਲਤਾ ਨਾ ਦਬਾਈ। ਜੇ ਦਬਵਾਵੇ ਤਾ ਕਿਸੇ ਜਨਾਨੇ ਤੇ ਨਾ ਦਬਾਈ।"[14]

ਆਪਣਾ ਰਾਜ ਤੇ ਪ੍ਰਭੂਸੱਤਾ ਗੁਆ ਕੇ ਹਾਰੀ ਹੋਈ ਮਾਨਸਿਕਤਾ ਵਾਲਾ ਸਿੱਖ ਭਾਈਚਾਰਾ ਵਿਲਾਸੀ ਸਾਮੰਤਾਂ, ਵਿਭਚਾਰੀ ਡੇਰੇਦਾਰਾਂ ਤੇ ਰੀਤ-ਪੂਜਕ ਮਹੰਤਾਂ ਦੇ ਪ੍ਰਭਾਵ ਹੇਠ ਸਿੱਖ ਜੀਵਨ-ਜਾਚ ਤੇ ਮਹਾਨ ਗੁਰਮਤਿ ਆਦਰਸਾਂ ਵਲੋਂ ਮੂੰਹ ਮੋੜ ਰਿਹਾ ਸੀ। ਪੂਜਾ ਦਾ ਧਾਨ ਖਾਣ ਵਾਲੇ ਵਿਹਲੜ ਪੁਜਾਰੀ ਡੇਰੇਦਾਰ ਤੇ ਮਹੰਤ ਲੋਕਾਂ ਨੂੰ ਨਾਮ ਦਾਨ ਤੇ ਕਿਰਤ ਕਰਨ ਦਾ ਉਪਦੇਸ਼ ਦੇਣ ਦੀ ਥਾਂ 'ਗੁਰੂ' ਹੋਣ ਦਾ ਭਰਮ ਪਾਈ ਰੱਖਣ ਲਈ 'ਸੀਤ ਪ੍ਰਸਾਦਿ' (ਜੂਠਾ ਖੁਆਉਣ) ਤੇ ਕਰਾਮਾਤਾਂ ਮੰਨਣ ਲਈ ਪ੍ਰੇਰ ਰਹੇ ਸਨ। ਸਿੱਖ ਭਾਈਚਾਰੇ ਨੂੰ ਬਾਣੀ ਕੰਠ ਕਰਨ, ਨਾਮ ਜਪਣ, ਪਿਛਲੀ ਰਾਤ ਇਸ਼ਨਾਨ ਕਰਕੇ ਬੰਦਗੀ ਕਰਨ, ਸ਼ਰਾਬ ਮਾਸ ਨਾ ਖਾਣ, ਪਰ ਨਾਰੀ ਦਾ ਸੰਗ ਨਾ ਕਰਨ, ਮੁੰਡੇਬਾਜ਼ੀ ਤੋਂ ਬਚਣ ਅਤੇ ਪਰਾਇਆ ਧਨ ਪਦਾਰਥ ਪ੍ਰਵਾਨ ਨਾ ਕਰਨ ਦਾ ਉਪਦੇਸ਼ ਦੇ ਕੇ ਸਤਿਗੁਰੂ ਰਾਮ ਸਿੰਘ ਸਿੱਖ ਭਾਈਚਾਰੇ ਦੇ ਗੁਆਚੇ ਹੋਈ ਮਾਨਵੀ ਗੌਰਵ ਨੂੰ ਬਹਾਲ ਕਰਵਾਉਣਾ ਚਾਹੁੰਦੇ ਸਨ। ਪਸਤ ਹੋਏ ਮਨੋਬਲ ਵਾਲੇ ਸਿਖ ਸਮਾਜ ਨੂੰ ਸਤਿਗੁਰੂ ਨਾਮ ਦਾਨ ਤੇ ਸਿਮਰਨ ਰਾਹੀਂ ਰੂਹਾਨੀ ਤੇ ਆਤਮਿਕ ਪੱਖੋਂ ਹੁਲਾਸ ਦੇਣਾ ਚਾਹੁੰਦੇ ਸਨ। ਦਾਨ, ਪੁੰਨ, ਸੰਜਮ ਭਾਈਚਾਰਕ ਸਾਂਝ ਅਤੇ ਆਪਸੀ ਸਹਿਯੋਗ ਦੀ ਸੰਥਯਾ ਦੇ ਕੇ ਸਤਿਗੁਰੂ ਰਾਮ ਸਿੰਘ ਵਿਅਕਤੀਵਾਦੀ ਰੁਝਾਨ ਨੂੰ ਠਲ ਕੇ ਸਰਬ-ਸਾਂਝੀਵਾਲਤਾ ਦੇ ਸਿੱਖੀ ਸਿੱਧਾਂਤ ਤੇ ਵਿਹਾਰ ਨੂੰ ਪੁਸ਼ਟ ਕਰਨ ਦਾ ਉਪਰਾਲਾ ਕਰਦੇ ਹਨ। ਉਦਾਹਰਨ ਵਜੋਂ ਉਪਦੇਸ਼ਾਤਮਿਕ ਕਥਨ ਦੇਖੇ ਜਾ ਸਕਦੇ ਹਨ :

-"ਬਾਣੀ ਕੰਠ ਕਰਨੀ ਸਰਬ ਬੁਢੇ ਬਾਲੇ ਮਾਈ ਬੀਬੀ। ਪਿਛਾ ਰਾਤ ਇਸਨਾਨ ਤੇ ਲਟਕੇ ਲਟਕੀਆ ਨੂ ਅਖਰ ਪੜ੍ਹਾ ਦੇਣੇ ਅਰ ਜਥਾ ਸਕਤ ਸੇਵਾ ਬੀ ਕਰਨੀ ਅਨ ਬਸਤ੍ਰ ਦੀ ਲੋੜਮਾਨ ਦੀ, ਚਾਹੇ ਕਿਸੇ ਭੇਖ ਚ ਹੋਵੇ, ਚਾਹੇ ਨਿੰਦਕ ਬੀ ਹੋਵੇ।"[15]

-"ਭੁਖੇ ਨੂ ਰੋਟੀ ਕਪੜਾ ਜੋੜਾ, ਕਿਸੇ ਭੇਖ ਦਾ

ਆਪਣਾ ਰਾਜ ਤੇ ਪ੍ਰਭੂਸੱਤਾ ਗੁਆ ਕੇ ਹਾਰੀ ਹੋਈ ਮਾਨਸਿਕਤਾ ਵਾਲਾ ਸਿੱਖ ਭਾਈਚਾਰਾ ਵਿਲਾਸੀ ਸਾਮੰਤਾਂ, ਵਿਭਚਾਰੀ ਡੇਰੇਦਾਰਾਂ ਤੇ ਰੀਤ-ਪੂਜਕ ਮਹੰਤਾਂ ਦੇ ਪ੍ਰਭਾਵ ਹੇਠ ਸਿੱਖ ਜੀਵਨ-ਜਾਚ ਤੇ ਮਹਾਨ ਗੁਰਮਤਿ ਆਦਰਸਾਂ ਵਲੋਂ ਮੂੰਹ ਮੋੜ ਰਿਹਾ ਸੀ। ਪੂਜਾ ਦਾ ਧਾਨ ਖਾਣ ਵਾਲੇ ਵਿਹਲੜ ਪੁਜਾਰੀ ਡੇਰੇਦਾਰ ਤੇ ਮਹੰਤ ਲੋਕਾਂ ਨੂੰ ਨਾਮ ਦਾਨ ਤੇ ਕਿਰਤ ਕਰਨ ਦਾ ਉਪਦੇਸ਼ ਦੇਣ ਦੀ ਥਾਂ 'ਗੁਰੂ' ਹੋਣ ਦਾ ਭਰਮ ਪਾਈ ਰੱਖਣ ਲਈ 'ਸੀਤ ਪ੍ਰਸਾਦਿ' (ਜੂਠਾ ਖੁਆਉਣ) ਤੇ ਕਰਾਮਾਤਾਂ ਮੰਨਣ ਲਈ ਪ੍ਰੇਰ ਰਹੇ ਸਨ। ਸਿੱਖ ਭਾਈਚਾਰੇ ਨੂੰ ਬਾਣੀ ਕੰਠ ਕਰਨ, ਨਾਮ ਜਪਣ, ਪਿਛਲੀ ਰਾਤ ਇਸ਼ਨਾਨ ਕਰਕੇ ਬੰਦਗੀ ਕਰਨ, ਸ਼ਰਾਬ ਮਾਸ ਨਾ ਖਾਣ, ਪਰ ਨਾਰੀ ਦਾ ਸੰਗ ਨਾ ਕਰਨ, ਮੁੰਡੇਬਾਜ਼ੀ ਤੋਂ ਬਚਣ ਅਤੇ ਪਰਾਇਆ ਧਨ ਪਦਾਰਥ ਪ੍ਰਵਾਨ ਨਾ ਕਰਨ ਦਾ ਉਪਦੇਸ਼ ਦੇ ਕੇ ਸਤਿਗੁਰੂ ਰਾਮ ਸਿੰਘ ਸਿੱਖ ਭਾਈਚਾਰੇ ਦੇ ਗੁਆਚੇ ਹੋਈ ਮਾਨਵੀ ਗੌਰਵ ਨੂੰ ਬਹਾਲ ਕਰਵਾਉਣਾ ਚਾਹੁੰਦੇ ਸਨ।

ਹੋਵੇ, ਭਾਵੇ ਨਿੰਦਾ ਬੀ ਕਰਦਾ ਹੋਵੇ ਪਰ ਲੋੜਮਾਨ ਦੇਖ ਕੇ ਉਸਨੂ ਬੀ ਦੇਣਾ, ਜਿਤਨਾ ਕੁ ਸਰੇ ਆਪ ਤੇ। ਪੁੰਨ ਤੇ ਘਾਟਾ ਨਹੀ ਆਉਦਾ, ਪਰ ਦੇਣਾ ਔਖਾ ਹੈ।"[16]

-"ਵੈਲ ਅਰ ਗਡਾ ਬੀ ਦੇ ਦਿਆ ਕਰੋ ਜਿਸ ਦੇ ਪਾਸ ਨਾ ਹੋਵੇ ਗਰੀਬ ਦੇ, ਪਿੰਡ ਮੈ ਬੀ ਦੂਏ ਪਿੰਡ ਦੇ ਨੂ ਵੀ ਦੇ ਦਿਤਾ, ਸਤਿਸੰਗੀ ਨੂੰ।"[17]

-ਆਪਣੀ ਬਲੋ ਜਰਾ ਸੀਰੀ ਨਾਲ ਨਰਮਾਈ ਰਖਣੀ, ਥੋੜੇ ਕਖ ਪਠੇ ਬਲੋ ਗਲ ਨਹੀ ਪੈਣਾ ਜੇ ਆਪ ਨਰਮਾਈ ਰਖੋਗੇ ਤਾ ਸੀਰੀ ਕੰਮ ਭੀ ਅੱਛਾ ਕਰਨਗੇ।"[18]

ਬਰਤਾਨਵੀ ਹਕਮਾਂ ਦੇ ਰਹਿਮੋ ਕਰਮ 'ਤੇ ਜਾਗੀਰਾਂ, ਇਨਾਮ, ਅਕਰਾਮ, ਵਜੀਫੇ ਤੇ ਆਹੁਦੇਦਾਰੀਆਂ/ਖਿਤਾਬ ਲੈਣ ਵਾਲੇ ਵਿਲਾਸੀ ਸਿੱਖ ਸੰਗਤਾਂ ਤੇ ਪੂਜਾ ਦਾ ਧਾਨ ਖਾਣ ਵਾਲੇ ਪਾਖੰਡੀਆਂ ਪੁਜਾਰੀਆਂ ਦੀ ਦੇਖਾ ਦੇਖੀ ਸਿੱਖਾਂ ਵਿਚ ਵੀ ਰਾਤੋ ਰਾਤ ਅਮੀਰ ਹੋਣ ਤੇ ਧਨ-ਦੌਲਤ ਇਕਠੀ ਕਰਨ ਦੀ ਲਾਲਸਾ ਪੈਦਾ ਹੋ ਰਹੀ ਸੀ। ਪਦਾਰਥਵਾਦੀ, ਭੋਗਵਾਦੀ ਅਤੇ ਵਿਅਕਤੀਵਾਦੀ ਰੁਚੀਆਂ ਦੇ ਚਲਣ ਕਰਕੇ ਸਿੱਖ ਭਾਈਚਾਰੇ ਵਿਚ ਭ੍ਰਿਸ਼ਟਾਚਾਰ, ਨਸ਼ਾਖੋਰੀ ਅਤੇ ਵੇਸ਼ਵਾ-ਗਮਨੀ ਵਰਗੀਆਂ ਅਨੈਤਿਕ ਅਲਾਮਤਾ ਵਧ ਰਹੀਆਂ ਸਨ। ਇਸ ਦੀ ਟੋਹ ਹੁਕਮਨਾਮਾ ਨੰ 47 ਦੇ ਇਹਨਾਂ ਸ਼ਬਦਾਂ ਚੋਂ ਮਿਲਦੀ ਹੈ : "ਮੈਂ ਵੀ ਸਿਖਾਂ ਵਿਚ ਰਹਿ ਕੇ ਡਿਠਾ ਹੈ ਲਹੌਰ ਮੈ। ਮੁਸਲੀ, ਲਟਕਾ, ਮਾਸ ਦਾਰੂ ਆਮ, ਭਜਨ ਬਾਣੀ ਕਿਤੇ ਨਾਮ ਮਾਤ੍ਰ ਬੀ ਨਾ ਸੀ।"[19] ਭਾਈ ਮੀਆਂ ਸਿੰਘ ਪੁੱਤਰ ਸਿਆਮ ਸਿੰਘ (ਸਰਹਾਲੀ) ਨੂੰ ਲਿਖੇ ਹੁਕਮਨਾਮੇ ਵਿਚ ਸਤਿਗੁਰੂ ਰਾਮ ਸਿੰਘ - 'ਰੰਡੀ ਮੁੰਡੇ ਤੋਂ ਬਚਣ' ਦੀ ਤਾੜਨਾ ਕਰਦੇ ਹਨ, "ਰੰਡੀ ਦੇ ਸੰਗਿ ਇਕ ਤਾ ਸਰੀਰ ਨੂ ਦੁਖ ਲਗ ਜਾਦਾ ਹੈ, ਦੂਜਾ ਪੈਸਾ ਬਰਬਾਦ ਜਾਦਾ ਹੈ, ਤੀਆ ਧਰਮ ਜਾਦਾ ਹੈ, ਚੌਥਾ ਲੋਕਾ ਮੈ ਬਹੁਤ ਭੰਡੀ ਹੁੰਦੀ ਹੈ।"[20] ਕਿਸੇ ਦਾ ਧਨ ਪਦਾਰਥ ਲੈਣ, ਖੋਹਣ ਜਾਂ ਲੈ ਕੇ ਵਾਪਸ ਨਾ ਮੋੜਨ ਨੂੰ ਗੁਰੂ ਸਾਹਿਬ ਨੇ ਬਜਰ ਕੁਰਹਿਤ ਸਮਾਨ ਕਿਹਾ ਹੈ। ਸਤਿਗੁਰਾਂ ਨੇ ਤਾਂ ਕੂਕਿਆਂ ਨੂੰ ਲੱਭੀ ਹੋਈ ਚੀਜ਼ ਵੀ ਉਸ ਦਾ ਮਾਲਕ ਲੱਭ ਕੇ ਮੋੜਨ ਦੀ ਹਦਾਇਤ ਕੀਤੀ। ਇਥੋਂ ਤੱਕ ਵੀ ਤੀਰਥਾਂ ਗੁਰਦੁਆਰਿਆਂ ਦੇ ਮੇਲਿਆਂ ਉਪਰ ਵੀ ਅੰਨ-ਪਾਣੀ ਆਪਣਾ ਛਕਣ ਦਾ ਉਪਦੇਸ਼ ਦਿੱਤਾ ਹੈ, ਅੱਜ ਦੇ ਘੋਰ ਪਦਾਰਥਵਾਦੀ ਤੇ ਉਪਭੋਗਤਾਵਾਦੀ ਦੌਰ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਹੋਰ ਵੀ ਪ੍ਰਸੰਗਕ ਹਨ, ਪ੍ਰਮਾਣ ਵਜੋਂ ਇਹ ਗੁਰ ਵਾਕ ਵਾਚੇ ਜਾ ਸਕਦੇ ਹਨ :

-ਕਿਸੇ ਦਾ ਧਨ ਪਦਾਰਥ ਨਹੀਂ ਲੈਣਾ। ਕਿਸੇ ਦਾ ਧਕਾ ਕਰਕੇ ਨਾ ਚੋਰੀ ਕਰਕੇ ਨਾ ਠੱਗੀ ਕਰਕੇ ਕਖ ਆਦਿਕ ਬੀ ਨਹੀ ਲੈਣਾ। ਗੁਰੂ ਜੀ ਦਾ ਹੁਕਮ ਹੈ

'ਹਕੁ ਪਰਾਇਆ ਨਾਨਕਾ
ਉਸੁ ਸੂਅਰ ਉਸੁ ਗਾਇ।'[21]

- ਹੋਰੁ ਬਗਾਨੀ ਅੰਸ ਕਿਸੇ ਤਰਾ ਬੀ ਨਾ ਲੈਣੀ, ਚੁਰਾ ਕੇ ਨਾ ਖੋਹ ਕੇ ਨਾ ਠੱਗੀ ਕਰਕੇ, ਜੇ ਡਿਗੀ ਪਈ ਬੀ ਲਭੇ ਤਾ ਜਿਸ ਦੀ ਹੋਵੇ ਉਸ ਕੋ ਦੇ ਦੇਣੀ। ਅਰੁ ਕਰਿਜਾ ਲੈ ਕੇ ਨਾ ਦੇਣਾ ਇਹ ਚੋਰੀ ਧਾੜੇ ਤੇ ਬੀ ਬਡਾ ਪਾਪੁ ਹੈ। ਸੋ ਖਾਲਸਾ ਜੀ ਬਗਾਨੀ ਅੰਸ ਦਾ ਸਦਾ ਤਿਆਗ ਕਰਨਾ ਏਹੁ ਬਡਾ ਧਰਮੁ ਹੈ।"[22]

ਨਿਰਸੰਦੇਹ ਸਤਿਗੁਰੂ ਰਾਮ ਸਿੰਘ ਜੀ ਦਾ ਅਕਸ ਰੂਹਾਨੀ ਮਸੀਹੇ ਵਾਲਾ ਹੈ, ਪਰ ਪੰਜਾਬ ਦੇ ਸਭਿਆਚਾਰਕ ਤੇ ਰਾਜਸੀ ਜਾਗਰਣ ਵਿਚ ਵੀ ਉਨ੍ਹਾਂ ਦੀ ਦੇਣ ਅਦੁੱਤੀ ਹੈ। ਨਾਰੀ ਉਥਾਨ, ਨਾਰੀ ਸਿੱਖਿਆ, ਲਿੰਗ ਵਿਤਕਰੇ ਨੂੰ ਨਕਾਰਣ, ਵਿਆਹ-ਪ੍ਰਥਾ ਵਿਚਲੇ ਸੁਧਾਰਾਂ ਅਤੇ ਮਾਤ-ਭਾਸ਼ਾ ਦੇ ਮਹੱਤਵ ਦ੍ਰਿੜ ਕਰਵਾਉਣ ਲਈ ਉਨ੍ਹਾਂ ਦਾ ਯੋਗਦਾਨ ਝੰਡਾਬਰਦਾਰਾਂ ਵਾਲਾ ਰਿਹਾ ਹੈ। ਸਿੱਖ ਮਾਨਸਿਕਤਾ ਨੂੰ ਸਾਮੰਤੀ ਸੰਸਕਾਰਾਂ ਤੇ ਪਿੱਤਰ-ਸਤਾਤਮਿਕ ਵਿਚਾਰਧਾਰਾ ਦੇ ਦਾਬੇ ਤੋਂ ਮੁਕਤ ਕਰਨ ਲਈ ਉਨ੍ਹਾਂ ਦੇ ਨਾਮਧਾਰੀ ਬੀਬੀਆਂ ਨੂੰ ਸਿਆੜ ਵਿਖੇ ਅੰਮ੍ਰਿਤਪਾਨ ਕਰਨ ਦਾ ਹੱਕ ਦਿੱਤਾ। ਨਾਰੀ ਸਸ਼ਕਤੀਕਰਣ ਲਈ ਉਨ੍ਹਾਂ ਨੇ ਔਰਤਾਂ ਦੀ ਸਿਖਿਆ ਕੁੜੀ ਮੁੰਡੇ ਨੂੰ ਬਰਾਬਰ ਸਮਝਣ, ਬਾਲ-ਵਿਆਹ, ਵਿਧਵਾ ਵਿਆਹ, ਪੁੰਨ ਦੇ, ਸਾਦੇ ਤੇ ਸਮੂਹਿਕ ਵਿਆਹ ਅਤੇ ਸਮਾਜਿਕ ਕੰਮਾਂ ਵਿਚ ਔਰਤ ਦੀ ਬਰਾਬਰ ਦੀ ਭਾਗੀਦਾਰੀ ਦੀ ਵਕਾਲਤ ਕੀਤੀ। ਨਾਮਧਾਰੀ ਪੰਥ ਦੇ ਪ੍ਰਚਾਰ ਪਸਾਰ ਲਈ ਸੂਬੇ ਥਾਪਣ ਸਮੇਂ ਉਨ੍ਹਾਂ ਨੇ ਬੀਬੀ ਹੁਕਮੀ ਨੂੰ ਸੂਬਾ ਥਾਪ ਕੇ ਔਰਤ ਜਾਤੀ ਦੇ ਸਨਮਾਨ ਤੇ ਗੌਰਵ ਨੂੰ ਬਹਾਲ ਕੀਤਾ। ਨਾਮਧਾਰੀ ਸੰਗਤ ਤੇ ਉਘੇ ਕੂਕਿਆਂ ਨੂੰ ਲਿਖੇ ਹੁਕਮਨਾਮਿਆਂ ਵਿਚ ਬਾਰ ਬਾਰ ਕੁੜੀਆਂ ਨੂੰ ਮਾਰਨ, ਵੇਚਣ, ਵੱਟੇ ਸੱਟੇ ਦਾ ਵਿਆਹ ਕਰਨ, ਬਾਲ-ਵਿਆਹ ਕਰਨ ਅਤੇ ਮੁੰਡੇ-ਕੁੜੀ 'ਚ ਵਿਤਕਰਾ ਕਰਨ ਦੀ ਮਨਾਹੀ ਕੀਤੀ ਗਈ ਹੈ, ਪ੍ਰਮਾਣ ਵਜੋਂ ਹੁਕਮਨਾਮਿਆਂ ਵਿਚੋਂ ਇਹ ਅੰਸ਼ ਹਾਜ਼ਰ ਹਨ-

-"ਹੋਰ ਲਟਕੇ ਲਟਕੀਆਂ ਨੂ ਅਖਰ ਪੜਾਇ ਦੇਣੇ। ਹੋਰ ਲਟਕੀ ਨਾ ਕਿਸੇ ਮਾਰਨੀ, ਨਾ ਕਿਸੇ ਵਟਾ ਕਰਨਾ, ਨਾ ਲਟਕੀ ਦੇ ਦਮ ਲੈਣੇ। ਜੇਹੜਾ ਲਟਕੀ ਮਾਰੇ, ਬੇਚੇ, ਵਟਾ ਕਰੇ, ਉਸ ਦੇ ਹੱਥ ਦਾ, ਘਰ ਦਾ ਅੰਨ ਪਾਣੀ ਨਹੀ ਵਰਤਨਾ, ਉਸ ਨੂ ਸੰਗਤ ਵਿਚ ਨਹੀ ਬੜਨ ਦੇਣਾ।"[23]

-"ਹੋਰੁ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬਡਾ ਪਾਪੁ ਹੈ। ਜੋ ਮਾਰਨੇ ਦਾ ਏਹੁ ਪਾਪੁ ਹੈ ਜੋ ਲੜਕੀਆਂ ਮੈਂ ਬਹੁਤ ਈ ਗੁਣ ਹੈਨ, ਅਨੇਕ ਤਰਾਂ ਦੇ ਸੁਖ ਦਿੰਦੀਆਂ ਹੈਨ ਇਸਤਰੀਆਂ। ਗਿਣੇ ਨਹੀ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਬਡਾ ਪਾਪੁ ਹੈ। ਅਰੁ ਬਰੁ ਬੱਟਾ

ਕਰਨੇ ਤੇ, ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀ ਮਿਲਦਾ ਤੇ ਬੁਢਾ ਕੇ ਕਿਸੋਹਣਾ ਲਭਦਾ ਹੈ। ਦੰਮ ਲੈਣੇ ਤੇ ਕੁੜੀ ਦਾ ਘਰ ਰਿਜਕੁ ਨਹੀ ਰਹਦਾ।....ਨਾਲੇ ਕੁੜੀ ਬਿਭਿਚਾਰਨੀ ਹੋਇ ਜਾਂਦੀ ਹੈ। ਬਹੁਤ ਥਾਈ ਖਰਾਬੁ ਹੁੰਦੀ ਰਹਿੰਦੀ ਹੈ।"[24]

-"ਗੁਰੂ ਜੀ ਦਾ ਬੀ ਏਹੋ ਹੁਕਮੁ ਹੈ ਜੋ ਅਠਾਰਾ ਬਰਸ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾ ਬਿਆਹੁ ਕਰਨਾ, ਉਰੇ ਨਹੀ ਕਰਨਾ।....ਤੁਸੀ ਭਾਮੇ ਦੇਖ ਲਓ ਪ੍ਰੇਮ ਸੁਮਾਰਗ ਮੈ ਲਿਖਾ ਹੈ। ਅਗੇ ਸਾਨੂ ਖਵਰ ਨਹੀ ਸੀ ਏਸ ਹੁਕਮ ਦੀ, ਤਾ ਥੋੜੇ ਮਹੀਨਿਆ ਦੀਆ ਕੁੜੀਆਂ ਲੋਕ ਬਿਆਹ ਦਿੰਦੇ ਥੇ।"[25]

ਬਰਤਾਨਵੀ ਬਸਤੀਵਾਦ ਹਕੂਮਤ ਨੂੰ ਚੁਣੌਤੀ ਦੇਣ ਵਾਲੇ ਕੂਕਾ ਅੰਦੋਲਨ ਨੂੰ ਜਿਥੇ ਅੰਗਰੇਜ਼ ਹਕੂਮਤ ਦੇ ਕਹਿਰ ਤੇ ਦਮਨ ਦਾ ਸਾਹਮਣਾ ਕਰਨਾ ਪਿਆ, ਉਥੇ ਸਮਾਜਿਕ ਰਿਆਸਤੀ ਰਾਜਾਂ, ਰਜਵਾੜਿਆਂ, ਸਰਕਾਰ-ਪ੍ਰਸਤ ਟੋਡੀਆਂ, ਪੁਜਾਰੀਆਂ, ਸਿੱਖ ਮਹੰਤਾਂ ਅਤੇ ਸਿੱਖ ਸੰਪ੍ਰਦਾਵਾਂ ਦੀਆਂ ਸਾਜਿਸਾਂ ਅਤੇ ਜਿਆਦਤੀਆਂ ਦਾ ਵੀ ਸਾਹਮਣਾ ਕਰਨਾ ਪਿਆ। ਅਕਾਲ ਬੁੰਗੇ ਦੇ ਪੁਜਾਰੀਆਂ ਨੇ ਦੀਵਾਲੀ ਮੌਕੇ ਸਤਿਗੁਰੂ ਤੇ ਕੂਕੇ ਸਿੰਘਾਂ ਨੂੰ ਹਰਿਮੰਦਰ ਸਾਹਿਬ ਵਿਚ ਪ੍ਰਵੇਸ਼ ਨਾ ਕਰਨ ਦਿੱਤਾ। ਹੋਲੇ ਮਹੱਲੇ ਦੇ ਤਿਉਹਾਰ ਸਮੇਂ ਤਪੇ ਨਿਹੰਗ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਕਤਲ ਕਰਨ ਦੀ ਸਾਜਿਸ਼ ਘੜੀ, ਪਰ ਬਾਅਦ ਗੁਰੂ ਜੀ ਬਚਨ ਸੁਣਕੇ ਉਸ ਦਾ ਮਨ ਬਦਲ ਗਿਆ। ਮਲੌਦ ਦੇ ਅੰਗਰੇਜ਼ ਪ੍ਰਸਤ ਬਚਨ ਸਿੰਘ ਤੇ ਅੰਮ੍ਰਿਤਸਰ ਦੇ ਮਜੀਠੀਏ ਸਰਦਾਰ ਦਿਆਲ ਸਿੰਘ ਆਦਿ ਰਜਵਾੜਿਆਂ ਦੇ ਕੂਕਾ ਅੰਦੋਲਨ ਦੇ ਵਿਰੋਧ ਵਿਚ ਬਸਤੀਵਾਦੀ ਹਕੂਮਤ ਦਾ ਪੱਖ ਪੂਰਿਆ।[26] ਪਟਿਆਲਾ, ਨਾਭਾ, ਜੀਂਦ ਤੇ ਸੰਗਰੂਰ ਦੀਆਂ ਰਿਆਸਤਾਂ ਦੇ ਰਾਜਿਆਂ, ਮਹੰਤ, ਬ੍ਰਹਮ ਬੂਟਾ ਅੰਮ੍ਰਿਤਸਰ, ਸੰਤ ਨਰੈਣ ਸਿੰਘ ਸੇਖਵਾਂ (ਜ਼ਿਲਾ ਫਿਰੋਜ਼ਪੁਰ), ਧਿਆਨਪੁਰ (ਗੁਰਦਾਸਪੁਰ) ਦੇ ਬੈਰਾਗੀ ਮਹੰਤਾਂ /ਸਰਬਰਾਹਾਂ ਅਤੇ ਸਿੰਘ ਸਭਾ ਤੇ ਚੀਫ ਖਾਲਸਾ ਦੀਵਾਨ ਵਰਗੀਆਂ ਸੰਸਥਾਵਾਂ ਸਿੱਧ ਅਸਿੱਧੇ ਰੂਪ ਵਿਚ ਬਰਤਾਨਵੀ ਹਕੂਮਤ ਦੇ ਹੱਕ ਵਿਚ ਕੂਕਾ ਅੰਦੋਲਨ ਦੇ ਖਿਲਾਫ ਭੁਗਤੀਆਂ।[27] ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਦੇਸੀ ਰਿਆਸਤਾਂ ਤੇ ਰਾਜਿਆਂ, ਸਾਮੰਤਾਂ, ਰਜਵਾੜਿਆਂ, ਡੇਰਿਆਂ ਤੇ ਮਹੰਤਾ/ਪੁਜਾਰੀਆਂ, ਗੁਰਦੁਆਰਿਆਂ ਦੇ ਸਰਬਰਾਹਾਂ ਅਤੇ ਸਿੰਘ ਸਭਾ ਲਹਿਰ ਵਰਗੀਆਂ ਸਿੱਖ ਜਥੇਬੰਦੀਆਂ ਦੀ ਅੰਗਰੇਜ਼ ਪੱਖੀ ਭੂਮਿਕਾ ਅਤੇ ਨਾਮਧਾਰੀ ਵਿਰੋਧ ਦਾ ਪ੍ਰਮਾਣ ਦਰਜ਼ ਹਨ। ਸਿੱਖ ਸੰਸਥਾਵਾਂ ਅਤੇ ਕੂਕਾ ਅੰਦੋਲਨ ਦੇ ਵਿਰੋਧ ਬਾਰੇ ਨਿਮਨ ਅੰਕਿਤ ਟਿਪਣੀਆਂ ਅਤੇ ਹੁਕਮਨਾਮਾ ਨੰ 60 (ਪੰਨੇ 469 ਤੋਂ 495 ਤੱਕ) ਵਿਚਾਰਨਯੋਗ ਹਨ :

-"ਦੇਸ ਮੈ ਸਾਰੇ ਸਿਖਾ ਨੇ, ਸਾਧਾ ਨੇ ਵੈਰ ਕੀਤਾ ਪੁਜ ਕੇ ਵੇ ਕਾਰਨ। ਅਕਾਲ ਬੁੰਗੇ ਵਾਲਿਆ ਨੇ ਵੇਕਾਰਨ ਸਾਰੇ ਦੇਸ ਮੈ ਕਲਾਮ ਲਿਖ ਕੇ ਫੇਰ ਦਿਤੀ ਅਵਚਲਾ ਨਗਰ ਸਾਹਿਬ ਤਾਈ।"[28]

-"ਗੁਰੂ ਜੀ ਦਾ ਹੁਕਮ ਹੈ ਬਹੁ ਦੁਖ ਪਾਵੈ ਖਾਲਸਾ।....ਐਸਾ ਪ੍ਰਮੇਸਰ ਦਾ ਭਾਣਾ ਵਰਤਿਆ, ਰਾਜੇ ਰਈਅਤਿ, ਭੇਖ ਹੋਰ ਲੋਕ ਸਭੇ ਮਾਰ ਮਾਰ ਕਰਦੈ ਹੈ।, ਅਰੁ ਬਹੁਤ ਨਿੰਦਾ ਸੁਣਦੇ ਹਾ ਹੋਇ ਰਹੀ ਹੈ। ਦਮਦਮੀਆ ਨੇ ਬਡਾ ਅਧਰਮ ਕੀਤਾ ਜੋਰਾਬਰੀ ਸੰਗਤ ਨੂ ਮਥਾ ਨਾ ਟੇਕਣ ਦਿਤਾ। ਅਗੇ ਆਪਣੇ ਖਾਲਸੇ ਵਿਚ ਤਾ ਏਹੁ ਵਰਤਾਰਾ ਵਰਤ ਗਿਆ। ਅਜਕਲ ਕੇ ਸਮੇ ਮੈ। ਪਹਿਲਾ ਸਿਖਾ ਦੀ ਕਿਰਪਾ ਬੀਰ ਸਿੰਘ ਤੇ ਹੋਈ, ਫੇਰ ਮਹਾਰਾਜ ਸਿੰਘ ਤੇ ਹੋਈ। ਹੁਣ ਮੇਰੇ ਉਤੇ ਸਿਖਾ ਕੀ ਕਿਰਪਾ ਹੋਈ।"[29]

ਅਕਾਲਬੁੰਗੇ ਤੇ ਹੋਰ ਪੁਜਾਰੀਆਂ ਨੂੰ ਲਿਖੇ ਹੁਕਮਨਾਮੇ ਵਿਚੋਂ ਸਿੱਖ ਸੰਸਥਾਵਾਂ ਦੇ ਬਸਤੀਵਾਦ ਹਕੂਮਤ ਪੱਖੀ ਕਾਰਨਾਮਿਆਂ ਤੇ ਕੂਕਿਆਂ ਦੇ ਵਿਰੋਧ ਦੀ ਤਸਵੀਰ ਸਪਸ਼ਟ ਉਘੜਦੀ ਹੈ :

-"...ਸਾਰੇ ਰਾਜੇ ਸਿੰਘ ਕੂਕਿਆਂ ਦਾ ਲਹੂ ਪੀਣ ਲਾਇ ਦਿਤੇ ਹੈਨ।....ਜਿਥੇ ਕੂਕੇ ਗੁਰੂ ਜੀ ਦਾ ਅਸਥਾਨ ਜਾਣ ਕੇ ਮੱਥਾ ਟੇਕਣ ਜਾਂਦੇ ਹਨ ਤਾ ਅਗਿਓ ਉਹ ਪੁਜਾਰੀ ਸਿੰਘ ਕੂਕਿਆਂ ਨੂੰ ਦੂਰੋ ਦੂਰੋ ਕਹਿਕੇ ਪੈਂਦੇ ਹਨ ਸਾਰੀ ਗੁਰਦੁਆਰੀ।....ਤੁਸੀ ਮੁਖ ਹੋ ਸਾਰੇ ਪੰਜਾਬ ਮੈ ਅਕਾਲ ਬੁੰਗੇ ਵਾਲੇ, ਨਾਲ ਤੁਮਾਰੇ ਪਾਸ ਸਿੰਘ ਸਭਾ ਲਗਦੀ ਹੈ। ਆਪ ਭੀ ਬਡੇ ਹੋ

"ਇਹ ਹੁਕਮਨਾਮੇ ਉਨੀਵੀਂ ਸਦੀ ਦੀ ਪੰਜਾਬੀ ਵਾਰਤਕ ਦਾ ਨਮੂਨਾ ਹਨ, ਜਦੋਂ ਪੰਜਾਬੀ ਬੋਲਚਾਲ ਦੇ ਯੁਗ ਵਿਚੋਂ ਨਿਕਲ ਕੇ ਲਿਖਤ ਦੇ ਯੁਗ ਵਿਚ ਪ੍ਰਵੇਸ਼ ਕਰ ਰਹੀ ਸੀ।....ਇਹਨਾਂ ਹੁਕਮਨਾਮਿਆਂ ਵਿਚ ਸੰਬੋਧਕ ਤੇ ਸੰਬੋਧਿਤ ਵਿਚਕਾਰ ਕੋਈ ਫਾਸਲਾ, ਕੋਈ ਦੂਰੀ ਨਹੀਂ। ਸਥਾਨ ਦੀ ਦੂਰੀ ਤਾਂ ਉਨ੍ਹਾਂ ਸਿੱਖਾਂ ਨੇ ਮਿਟਾ ਦਿੱਤੀ ਸੀ ਸੋ ਐਨਾ ਪੈਂਡਾ ਕਢ ਕੇ ਦੂਰ ਦੇਸ ਵਿਚ ਆਪਣੇ ਮਹਿਬੂਬ ਤਕ ਪਹੁੰਚਦੇ ਰਹੇ, ਤੇ ਮਾਨਸਿਕ ਤੇ ਆਤਮਿਕ ਦੂਰੀ ਸਤਿਗੁਰੂ ਜੀ ਆਪ ਮੇਟ ਦੇਂਦੇ ਹਨ।

ਤੇ ਤੁਮਾਰੇ ਪੱਖੀ ਭੀ ਬਡੇ ਹੈਨ ਰਾਜੇ ਬਲਧਾਰੀ। ਇਹ ਕਿਸਾ ਮੁਕਉ ਜਿਸ ਤਰਾ ਸੇ ਮੁਕਦਾ ਹੈ।[30]

ਕੂਕਾ ਅੰਦੋਲਨ ਦਾ ਵਿਰੋਧ ਕਰਨ ਵਾਲੇ ਰਜਵਾੜਿਆਂ, ਰਈਸਾਂ, ਜਿਮੀਂਦਾਰਾਂ ਤੇ ਪੁਜਾਰੀ ਵਰਗ ਨੂੰ ਬਰਤਾਨਵੀ ਸਰਕਾਰ ਨੇ ਕਈ ਤਰ੍ਹਾਂ ਤੇ ਪ੍ਰਲੋਭਨ-ਇਨਾਮ, ਜਾਗੀਰਾਂ, ਪਦਵੀਆਂ, ਸਰਕਾਰੀ ਆਹੁਦੇ, ਪੈਨਸ਼ਨਾ, ਪ੍ਰਸੰਸਾ ਪੱਤਰ ਆਦਿਕ ਦੇ ਕੇ ਨਿਵਾਜਿਆ ਹੋਇਆ ਸੀ। ਆਰਥਿਕ ਪੱਖੋਂ ਕਮਜ਼ੋਰ ਰਿਆਸਤਾਂ ਦੀ ਪੁਸਤ-ਪਨਾਹੀ ਖੁਦ ਅੰਗਰੇਜ਼ ਸਰਕਾਰ ਕਰਦੀ ਸੀ। ਹਕੂਮਤ ਵਲੋਂ ਮਹੰਤਾਂ ਤੇ ਪੁਜਾਰੀ ਵਰਗ ਨੂੰ ਮੁਰੱਬੇ ਤੇ ਇਨਾਮ ਦੇ ਕੇ ਗੋਲੇ ਬਣਾਇਆ ਹੋਇਆ ਸੀ। ਮਹੰਤਾਂ ਤੇ ਪੁਜਾਰੀਆਂ ਨੂੰ ਗੁਰਦੁਆਰਿਆਂ ਦੀਆਂ ਜ਼ਮੀਨਾਂ ਜਾਇਦਾਦਾਂ ਆਪਣੇ ਨਾਮ ਰਜਿਸਟਰੀ ਕਰਵਾਉਣ ਦੀ ਖੁਲ੍ਹ ਦਿੱਤੀ ਹੋਈ ਸੀ। ਇਥੋਂ ਤੱਕ ਕਿ ਇਤਿਹਾਸਿਕ ਗੁਰਦੁਆਰਿਆਂ ਦੇ ਪੁਜਾਰੀ ਤੇ ਮਹੰਤਾਂ, ਸਰਬਰਾਹਾਂ ਦੇ ਅਧੀਨ ਸਨ ਜੋ ਕੇਵਲ ਸਰਕਾਰ ਜਾਂ ਡਿਪਟੀ ਕਮਿਸ਼ਨਰਾਂ ਨੂੰ ਜਵਾਬ ਦੇਹ ਹੁੰਦਾ ਸੀ। ਸਤਿਗੁਰੂ ਰਾਮ ਸਿੰਘ ਜੀ ਇਹ ਸਮਝਦੇ ਸਨ ਕਿ ਸਿੰਘ ਸਭਾ ਲਹਿਰ ਤੇ ਸਾਮੰਤਾਂ ਪੁਜਾਰੀਆਂ ਦਾ ਮਨੋਰਥ ਕੂਕਾ ਲਹਿਰ ਨੂੰ ਢਾਹ ਲਾਕੇ ਆਪਣੇ ਬਰਤਾਵਨੀ ਸਰਪ੍ਰਸਤਾਂ ਦੀ ਖ਼ੁਸ਼ਨੂਦੀ ਹਾਸਿਲ ਕਰਨਾ ਹੈ। ਇਤਿਹਾਸ ਦਾ ਸਿਤਮ ਇਹ ਹੈ ਕਿ ਸਰਕਾਰ ਭਗਤ ਰਾਜੇ-ਰਜਵਾੜੇ, ਸਿੱਖ ਮਹੰਤ/ਪੁਜਾਰੀ ਤੇ ਸਿੱਖ ਜਥੇਬੰਦੀਆਂ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਬਦਰ ਕਰਵਾਉਣ ਵਿਚ ਕਾਮਯਾਬ ਹੋਈਆਂ।[31]

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਰਾਜਨੀਤਕ ਪੱਖੋਂ ਵੀ ਬਹੁਤ ਮਹੱਤਵਪੂਰਨ ਹਨ, ਇਨ੍ਹਾਂ ਵਿਚ ਇਕ ਪਾਸੇ ਦੁਨੀਆਂ ਦੇ ਵੱਖ ਵੱਖ ਦੇਸਾਂ ਤੇ ਖਿੱਤਿਆਂ ਵਿਚ ਸਾਮਰਾਜ ਖਿਲਾਫ ਉਠ ਰਹੀਆਂ ਕੌਮੀ ਮੁਕਤੀ ਲਹਿਰਾਂ ਬਾਰੇ ਜਾਣਕਾਰੀ ਮਿਲਦੀ ਹੈ ਅਤੇ ਦੂਜੇ ਪਾਸੇ ਪੰਜਾਬ ਵਿਚ ਅੰਗਰੇਜ਼ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਵਿਰੁੱਧ ਸੁਲਘ ਰਹੇ ਵਿਦਰੋਹ ਦੀ ਟੋਹ ਮਿਲਦੀ ਹੈ। ਇਨ੍ਹਾਂ ਹੁਕਮਨਾਮਿਆਂ ਵਿਚ ਰੂਸ, ਕਾਬਲ, ਨੇਪਾਲ ਆਦਿ ਸੁਤੰਤਰ ਹਸਤੀ ਵਾਲੇ ਪ੍ਰਭੂਸੱਤਾ ਸੰਪਨ ਦੇਸ਼ਾਂ ਨਾਲ ਕੂਟਨੀਤਕ ਸੰਬੰਧ ਪੈਦਾ ਕਰਕੇ ਪੰਜਾਬ ਵਿਚ ਬਿੱਲਿਆਂ (ਅੰਗਰੇਜ਼ਾਂ) ਦੇ ਖਿਲਾਫ ਜਨਤਕ ਰੋਹ ਉਭਾਰਨ ਦੇ ਯਤਨਾਂ ਦੇ ਹਵਾਲੇ ਮਿਲਦੇ ਹਨ। ਸਤਿਗੁਰੂ ਰਾਮ ਸਿੰਘ ਕੁਝ ਹੁਕਨਾਮਿਆਂ ਵਿਚ ਸੌ ਸਾਖੀ, ਪ੍ਰਹਿਲਾਦਸਰ ਵਾਲੀ ਪੋਥੀ ਅਤੇ ਬਡ ਤੀਰਥ ਵਿਚੋਂ ਮਿਲੀਆਂ ਸਾਖੀਆਂ ਦੇ ਆਧਾਰ ਤੇ ਰੂਸ ਦੇ ਪੰਜਾਬ ਵਿਚ ਆਉਣ ਅਤੇ ਅੰਗਰੇਜ਼ ਹਕੂਮਤ ਦੇ ਖਾਤਮੇ ਦੀ ਭਵਿੱਖਬਾਣੀ ਕਰਕੇ ਸਿੱਖਾਂ ਦੇ ਮਨੋਬਲ ਨੂੰ ਦ੍ਰਿੜ ਕਰਵਾਉਣ ਦਾ ਯਤਨ ਕੀਤਾ ਗਿਆ ਹੈ। ਹੁਕਮਨਾਮਾ ਨੰ 41 ਵਿਚ ਰੂਸ ਤੇ ਟਰਕੀ ਵਿਚ ਛਿੜ ਚੁਕੀ ਜੰਗ ਦੇ ਹਵਾਲੇ ਨਾਲ ਪੰਜਾਬ ਵਿਚ ਰੂਸ ਦੇ ਆਉਣ ਦੀ ਸੰਭਾਵਨਾ ਦਾ ਹਵਾਲਾ ਹੈ। ਜਦੋਂ ਮਹਾਰਾਜ ਦਲੀਪ ਸਿੰਘ ਆਪਣਾ ਰਾਜ ਵਾਪਸ ਲੈਣ ਲਈ ਰੂਸ ਦੀ ਮਦਦ ਲਈ ਯਤਨਸ਼ੀਲ ਸੀ, ਉਸ ਸਮੇਂ ਕੂਕਾ ਲਹਿਰ ਦੇ ਸੰਚਾਲਕ ਸੂਬਾ ਬਿਸ਼ਨ ਸਿੰਘ ਤੇ ਸੂਬਾ ਗੁਰਬਚਨ ਸਿੰਘ ਆਦਿ ਕੂਕਿਆਂ ਰਾਹੀਂ ਰੂਸ ਨਾਲ ਅੰਗਰੇਜ਼ ਹਕੂਮਤ ਵਿਰੁਧ ਬਗਾਵਤ ਲਈ ਸੰਪਰਕ ਵਿਚ ਸਨ। ਇਕ ਹੁਕਮਨਾਮੇ (ਹੁਕਮਨਾਮਾ 42) ਵਿਚ ਦਲੀਪ ਸਿੰਘ ਦੇ ਈਸਾਈ ਧਰਮ ਗ੍ਰਹਿਣ ਕਰ (ਗਊ ਮਾਸ ਖਾ ਲੈਣ) ਲੈਣ ਕਰਕੇ ਉਸ ਤੋਂ ਕਿਸੇ ਕਿਸਮ ਦੀ ਉਮੀਦ ਨਾ ਰੱਖਣ ਦਾ ਜ਼ਿਕਰ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਬਿਦੇਸ਼ੀ ਧਰਤੀ ਉਪਰ ਨਜ਼ਰਬੰਦੀ ਸਮੇਂ ਵੀ ਸੂਬਾ ਬਿਸ਼ਨ ਸਿੰਘ (ਕਾਬਲ ਵਾਲਾ), ਸੂਬਾ ਗੁਰਚਰਨ ਸਿੰਘ, ਭਗਵਾਨ ਸਿੰਘ ਅੜਬੰਗੀ, ਸ਼ੰਕਰ ਰਾਇ, ਕਿਸ਼ਨ ਸਿੰਘ (ਗ੍ਰੰਥਗੜ) ਆਦਿ ਰਾਹੀਂ ਰੂਸ, ਕਾਬਲ ਅਤੇ ਨੇਪਾਲ ਆਦਿ ਨਾਲ ਨੇੜਲੇ ਸੰਪਰਕ ਬਣਾਏ ਹੋਏ ਸਨ। ਭਰਾਤਾ ਗੁਰੂ ਹਰੀ ਸਿੰਘ ਨੂੰ ਲਿਖੇ ਇਕ ਹੁਕਮਨਾਮੇ ਵਿਚ ਸਤਿਗੁਰੂ ਸੰਕੇਤ ਕਰਦੇ ਹਨ, "ਸਰੂਪ ਸਿੰਘ (ਰੂਸ ਲਈ ਕੋਡ) ਪੰਜਾਬ ਮੈ ਆਵੈ ਤਕ ਲਿਖਣਾ ਗੁਰੂ ਜੀ ਕਾ ਬਚਨ ਹੈ ਜਦ ਮਾਝੇ ਵਿਚ ਸਰੂਪ ਸਿੰਘ ਆਵੇ ਫੇਰ ਨੇਰ ਨਹੀਂ ਲਿਖੀ ਹੈ।"[32] ਸਤਿਗੁਰੂ ਮਾਝੇ ਦੇ ਕੂਕਿਆਂ - ਸਿਆਮ ਸਿੰਘ (ਸਰਹਾਲੀ), ਜੀਵਨ ਸਿੰਘ (ਸਰਹਾਲੀ), ਕਾਨ ਸਿੰਘ (ਬੁਰਜ ਰਾਇਕੇ) ਜੋ ਪੰਜਾਬ ਵਿਚ ਅੰਗਰੇਜ਼ਾਂ ਵਿਰੁੱਧ ਸੰਘਰਸ਼ ਦੀ ਹੋ ਰਹੀ ਤਿਆਰੀ ਬਾਰੇ ਪੁੱਛਦੇ ਹਨ (ਹੁਕਮਨਾਮਾ 47, ਪੰਨਾ 393) ਨਾਮਧਾਰੀ ਸਿੰਘਾਂ ਨੂੰ ਹੁਕਮਨਾਮਾ 48 ਵਿਚ ਪੁੱਛਦੇ ਹਨ, "ਰੂਸ ਆਇ ਪਹੁਚਾ ਹੈ ਕਾਬਲ ਦੇਸ ਮੈ ਕਿ ਅਜੇ ਕਿਤੇ ਦੂਰ ਈ ਹੈ। ਜੈਸਾ ਹੈ ਤੈਸਾ ਹਵਾਲੁ ਲਿਖੋ।"[33] ਬਰਤਾਨਵੀ ਬਸਤੀਵਾਦ ਦਮਨਕਾਰੀ ਵਿਵਸਥਾ ਦੇ ਖਾਸੇ ਬਾਰੇ ਉਸ ਪਾਸੇ ਚੇਤੰਨ ਹਨ, ਤੇ ਲਿਖਦੇ ਹਨ, "ਇਕ ਬੱਡੇ ਨਿਰਦਈ ਹਨ, ਇਨ੍ਹਾਂ ਨੇ ਧੋਖੇ ਵਿਚ (1857 ਈ. ਗਦਰ ਸਮੇਂ) ਮੇਖਾ ਗਡ ਗਡ ਕੇ ਲੋਕ ਮਾਰੇ ਹੈ।"[34] ਦਮਨਕਾਰੀ ਸਾਮਰਾਜੀ ਪ੍ਰਬੰਧ ਦੇ ਸਮਾਨਾਂਤਰ ਕਲਿਆਣਕਾਰੀ (ਸਿਖ ਸਿਧਾਂਤਾਂ ਉਪਰ ਆਧਾਰਿਤ ਰਾਜ) ਸਵਦੇਸੀ ਰਾਜ ਦੀ ਸਥਾਪਨਾ ਲਈ ਹੁਕਮਨਾਮਿਆਂ ਵਿਚ ਅੰਗਰੇਜ਼ਾਂ ਦੀ ਨੌਕਰੀ ਨਾ ਕਰਨ, ਵਿਦੇਸ਼ੀ ਮਾਲ ਦਾ ਬਾਈਕਾਟ ਕਰਨ ਅਤੇ ਅੰਗਰੇਜ਼ਾਂ ਦੇ ਡਾਕ ਤਾਰ, ਰੇਲਵੇ, ਸਕੂਲ ਸਿਖਿਆ ਸੰਸਥਾਵਾਂ ਅਤੇ ਨਿਆਂ ਪ੍ਰਬੰਧ ਦੀ ਥਾਂ ਸਥਾਨਕ ਵਿਵਸਥਾਵਾਂ ਕਾਇਮ ਕਰਨ ਦੀ ਸਲਾਹ ਦਿੱਤੀ ਗਈ ਹੈ। ਸੱਤਾ ਸੰਘਰਸ਼ ਲਈ ਸਮਾਨਾਂਤਰ ਵਿਵਸਥਾ (ਪੰਜਾਬ 'ਚ 22 ਸੂਬਿਆਂ ਦੀ ਸਥਾਪਨਾ) ਸਵੇਦਸ਼ੀ ਅਤੇ ਨਾ ਮਿਲਵਰਤਨ ਦੇ ਰਾਜਸੀ ਪੈਂਤੜੇ ਕਾਰਨ ਅੰਗਰੇਜ਼ ਅਧਿਕਾਰੀਆਂ ਤੇ ਹਾਕਮਾਂ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸਬਦਰ ਕਰਕੇ ਨਜ਼ਰਬੰਦ ਕੀਤਾ ਸੀ।

ਨਜ਼ਰਬੰਦੀ ਬਾਅਦ ਹਾਕਮਾਂ ਦੀ ਚਿੰਤਾ ਘਟੀ ਨਹੀਂ ਸੀ। ਉਨ੍ਹਾਂ ਦੀ ਡਾਕ ਤੇ ਮਿਲਣ ਉਪਰ ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ ਅਹਿਮ ਹੁੰਦੀਆਂ ਰਹੀਆਂ ਜਿਵੇਂ "ਪਿਛੇ ਤਾ ਲਿਆਏ ਹੈ ਜੋ ਏਥੇ ਰਹਾ ਤਾ ਚੌਥੇ ਬਰਗਾ ਕੰਮ ਕਰਾਇ ਦੇਊਗਾ। ਅਰੁ ਹੁਣ ਇਹ ਡਰ ਹੈ ਭਾਈ ਚਿਠੀ ਭੇਜ ਕੇ ਪਿਛੇ ਸੂੜ ਕਰਾ ਦੇਊ, ਏਹੁ ਭਰਮ ਹੈ ਹੁਣ। ਮੇਰੇ ਸਰੀਰ ਦਾ ਕਾਲ ਬਰਗਾ ਭੈਅ ਹੈ ਏਨਾ ਨੂ, ਏਸ ਕਰਕੇ ਮੇਰੇ ਪਾਸ ਕਿਸੇ ਨੂ ਆਉਣ ਨਹੀ ਦਿੰਦੇ।"[35] ਜਾਂ ਏਥੇ ਸਾਡੇ ਪਾਸ ਕਿਸੇ ਨੂ ਨਾ ਬੋਲਣ ਦਿੰਦੇ ਹੈ, ਨਾ ਖੜਾ ਹੋਣਿ ਦਿੰਦੇ ਹੈ। ਇਨਾ ਨੂੰ ਏਨਾ ਦੇ ਕਰਮ ਨੇ ਬਹੁਤੁ ਭੈ ਦੇ ਰਖਾ ਹੈ। ਆਖੇ ਹੈ ਜੇ ਏਧੀ ਬਾਤ ਪੰਜਾਬ ਮੈ ਜਾ ਰਹੀ ਤਾ ਕੂਕੇ ਸੂੜ ਕਰ ਦੇਣਗੇ ਵਿਲਿਆ ਦਾ। ਕਾਲ ਜੈਸਾ ਭੈ ਹੈ ਏਨਾ ਕੋ ਨਾਮਧਾਰੀਆ ਦਾ।"[36] ਕੂਕਿਆਂ ਦੇ ਰਾਜਨੀਤਕ ਮਨੋਰਥ ਇਨ੍ਹਾਂ ਸਤਰਾਂ ਵਿਚੋ ਸਾਫ਼ ਝਲਕਦਾ ਹੈ :

"ਏਨਾ ਬਿਲਿਆ ਨੂੰ ਲੋਕਾ ਨੇ ਏਹੁ ਭਰਮ ਪਾਇਆ ਹੈ ਚੰਗਿਆ ਚੰਗਿਆ ਨੇ, ਏਹੁ ਕੂਕੇ ਤੁਮਾਰਾ ਰਾਜ ਲੈ ਲੈਣਗੇ ਅਗੇ ਵਾਗੂ ਜੈਸਾ ਚੁਗਤਿਆ ਥੋ ਲੈ ਲਿਆ ਸੀ। ਏ ਓਈ ਸਿਖ ਹੈਨਿ, ਏਸ ਕਰਕੇ ਸਾਡੇ ਪਿਛੇ ਪੈ ਗਏ ਲੋਕਾ ਦਾ ਕਹਾ ਮੰਨਕੇ। ਹਮਾਰੀ ਤਾ ਮਨਸਾ ਕਿਸੇ ਦਾ ਕਖ ਖੋਹਣ ਦੀ ਨਹੀ ਸੀ।"[37]

ਸਰਲ ਸੁਬੋਧ ਭਾਸ਼ਾ ਸ਼ੈਲੀ ਵਿਚ ਲਿਖੇ ਹੁਕਮਨਾਮਿਆਂ ਦਾ ਪੰਜਾਬੀ ਸਾਹਿਤ ਅਤੇ ਪੰਜਾਬੀ ਦੇ ਭਾਸ਼ਾਈ ਵਿਕਾਸ ਦੀ ਦ੍ਰਿਸ਼ਟੀ ਤੋਂ ਵੀ ਮਹੱਤਵਪੂਰਨ ਸਥਾਨ ਹੈ। ਡਾ. ਹਰਿਭਜਨ ਸਿੰਘ ਅਨੁਸਾਰ, "ਇਹ ਹੁਕਮਨਾਮੇ ਉਨੀਵੀਂ ਸਦੀ ਦੀ ਪੰਜਾਬੀ ਵਾਰਤਕ ਦਾ ਨਮੂਨਾ ਹਨ, ਜਦੋਂ ਪੰਜਾਬੀ ਬੋਲਚਾਲ ਦੇ ਯੁਗ ਵਿਚੋਂ ਨਿਕਲ ਕੇ ਲਿਖਤ ਦੇ ਯੁਗ ਵਿਚ ਪ੍ਰਵੇਸ਼ ਕਰ ਰਹੀ ਸੀ।

ਸਰਲ ਸੁਬੋਧ ਭਾਸ਼ਾ ਸ਼ੈਲੀ ਵਿਚ ਲਿਖੇ ਹੁਕਮਨਾਮਿਆਂ ਦਾ ਪੰਜਾਬੀ ਸਾਹਿਤ ਅਤੇ ਪੰਜਾਬੀ ਦੇ ਭਾਸ਼ਾਈ ਵਿਕਾਸ ਦੀ ਦ੍ਰਿਸ਼ਟੀ ਤੋਂ ਵੀ ਮਹੱਤਵਪੂਰਨ ਸਥਾਨ ਹੈ। ਡਾ. ਹਰਿਭਜਨ ਸਿੰਘ ਅਨੁਸਾਰ, "ਇਹ ਹੁਕਮਨਾਮੇ ਉਨੀਵੀਂ ਸਦੀ ਦੀ ਪੰਜਾਬੀ ਵਾਰਤਕ ਦਾ ਨਮੂਨਾ ਹਨ, ਜਦੋਂ ਪੰਜਾਬੀ ਬੋਲਚਾਲ ਦੇ ਯੁਗ ਵਿਚੋਂ ਨਿਕਲ ਕੇ ਲਿਖਤ ਦੇ ਯੁਗ ਵਿਚ ਪ੍ਰਵੇਸ਼ ਕਰ ਰਹੀ ਸੀ।....ਇਹਨਾਂ ਹੁਕਮਨਾਮਿਆਂ ਵਿਚ ਸੰਬੋਧਕ ਤੇ ਸੰਬੋਧਿਤ ਵਿਚਕਾਰ ਕੋਈ ਫਾਸਲਾ, ਕੋਈ ਦੂਰੀ ਨਹੀਂ। ਸਥਾਨ ਦੀ ਦੂਰੀ ਤਾਂ ਉਨ੍ਹਾਂ ਸਿੱਖਾਂ ਨੇ ਮਿਟਾ ਦਿੱਤੀ ਸੀ ਜੋ ਐਨਾ ਪੈਂਡਾ ਕਢ ਕੇ ਦੂਰ ਦੇਸ ਵਿਚ ਆਪਣੇ ਮਹਿਬੂਬ ਤਕ ਪਹੁੰਚਦੇ ਰਹੇ, ਤੇ ਮਾਨਸਿਕ ਤੇ ਆਤਮਿਕ ਦੂਰੀ ਸਤਿਗੁਰੂ ਜੀ ਆਪ ਮੇਟ ਦੇਂਦੇ ਹਨ, ਭਾਸ਼ਿਕ ਅਤੇ ਆਤਮਕਿ ਤੌਰ ਤੇ ਸਿੱਖ ਦੇ ਬਹੁਤ ਨੇੜੇ ਹੋ ਜਾਂਦੇ ਹਨ।......ਸਤਿਗੁਰੂ ਰਾਮ ਸਿੰਘ ਤੇ ਉਹਨਾਂ ਦੇ ਸਿਖਾਂ ਦਾ ਵਿਚਕਾਰ ਅਧਿਆਤਮਿਕ ਤੇ ਸਭਿਆਚਾਰਕ ਗੁਣਾਂ ਦੀ ਐਸੀ ਸਾਂਝ ਹੈ ਕਿ ਉਹ 'ਦ੍ਵੈ ਤੇ ਏਕ ਰੂਪ ਹੈ ਗਯੋ' ਜਾਪਦੇ ਹਨ। ਇਸ ਅਵਸਥਾ ਤਕ ਉਹੀ ਸੰਤ ਜਨ ਪਹੁੰਚਦੇ ਹਨ ਜਿਨਾਂ ਆਪਣਾ ਪਰਕਾ ਮੇਟ ਦਿਤਾ ਹੋਵੇ। ਇਹਨਾਂ ਹੁਕਮਨਾਮਿਆਂ ਵਿਚ ਆਪੇ ਪਰਕੇ ਦਾ ਝਾਉਲਾ ਨਹੀਂ ਪੈਂਦਾ।38 ਸਰਲ ਸਪਸ਼ਟ ਭਾਸ਼ਾਈ ਲਹਿਜੇ ਵਾਲੇ ਹੁਕਮਨਾਮੇ ਸਤਿਗੁਰੂ ਜੀ ਦੀ ਇਕਾਗਰ ਚਿਤ ਬਿਰਤੀ ਅਤੇ ਵਿਚਾਰਧਾਰਕ ਸਪਸ਼ਟਤਾ ਦੇ ਲਖਾਇਕ ਹਨ। ਨਿਰੇ ਉਚੇਚੇ ਬਚਨ ਬਿਲਾਸ ਵਾਲੀ ਸ਼ੈਲੀ 'ਚ ਲਿਖੇ ਇਹ ਹੁਕਮਨਾਮੇ ਉਨ੍ਹੀਵੀਂ ਸਦੀ ਦੀ ਪੰਜਾਬੀ ਵਾਰਤਕ ਦਾ ਇਕ ਨਿਵੇਕਲਾ ਰੰਗ ਉਜਾਗਰ ਕਰਦੇ ਹਨ। ਹੁਕਮਨਾਮਿਆਂ ਦੇ ਕਰਤਾ ਖੁਦ ਮਾਲਵੇ ਦੇ ਜੰਮਪਲ ਹੋਣ ਕਾਰਨ ਭਾਸ਼ਾ ਮਲਵਈ ਲਹਿਜੇ ਵਾਲੀ ਹੈ। ਹੁਕਮਨਾਮਿਆਂ ਵਿਚ ਭਾਵੇਂ ਸਥਾਨਕ ਮਲਵਈ ਰੰਗ ਭਾਰੂ ਹੈ ਪਰ ਕਿਤੇ ਕਿਤੇ ਬ੍ਰਜ ਭਾਸ਼ਾ ਦਾ ਮਿਸ਼ਰਣ ਇਸ ਗਲ ਦਾ ਪ੍ਰਮਾਣ ਹੈ ਕਿ 18-19ਵੀਂ ਸਦੀ ਵਿਚ ਸਿੱਖ ਵਿਦਵਾਨਾਂ ਦਾ ਰੁਝਾਨ ਬ੍ਰਜ ਭਾਸ਼ਾ ਵੱਲ ਰਿਹਾ ਹੈ। ਗੁਰਬਾਣੀ ਦੇ ਭਾਸ਼ਾਈ ਤੇ ਵਿਆਕਰਣ ਪ੍ਰਭਾਵ ਕਾਰਨ ਇਨ੍ਹਾਂ ਹੁਕਮਨਾਮਿਆਂ ਵਿਚ ਸ਼ਬਦ ਜੋੜ ਤੇ ਲਿਪੀ ਚਿੰਨ ਗੁਰਬਾਣੀ ਵਾਲੇ ਹਨ। ਉਨੀਵੀਂ ਸਦੀ ਵਿਚ ਪੰਜਾਬੀ ਭਾਸ਼ਾ ਦਾ 'ਬੋਲ' ਤੇ 'ਲਿਖਤ' ਵਿਚ ਕਿਹੋ ਜਿਹਾ ਸੀ ? ਇਹ ਹੁਕਮਨਾਮੇ ਇਸ ਦਾ ਦਸਤਾਵੇਜੀ ਪ੍ਰਮਾਣ ਹਨ।

ਫੁੱਟ ਨੋਟ ਅਤੇ ਹਵਾਲੇ

1. ਜਸਵਿੰਦਰ ਸਿੰਘ, ਸੰਗ੍ਰਹਿ ਕਰਤਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ' ਪੰਨਾ 27
2. Encyclopedia Britanica, Vol VIII, p. 142
3. ਤਾਰਾ ਸਿੰਘ ਅਨਜਾਣ, ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ (2008) ਪੰਨਾ 74
4. ਸੁਵਰਨ ਸਿੰਘ ਵਿਰਕ, "ਕੂਕਾ ਲਹਿਰ ਦਾ ਬਸਤੀਵਾਦ ਵਿਰੋਧੀ ਸਾਹਿਤ", ਕੂਕਾ ਅੰਦੋਲਨ ਸਮਾਜ-ਸਭਿਆਚਾਰਕ ਪਰਿਪੇਖ (ਸੰਪਾ. ਜਸਪਾਲ ਕੌਰ, ਸੁਖਦੇਵ ਸਿੰਘ) 2012, ਪੰਨਾ 74
5. "The whole drift of his reformation being apperently to consolidate the power of sikhsim with a view to

political ends. I think it possible that it was not the original intention, but i fully beleive that it has been the result, and further am of opinion that it was the natural result of any religious revival among a war like race panting to recover their much loved land and to restore the glories of their sect." R.G. Tylor
Rebels Against The British Rule (Bhai Nahar Singh, Bhai Kirpal; Singh), 1989, p. 19.20

61 "Whatever may have been the intentions of the leader of the sect at the beginning, its tendency is distinctly political.....It seems necessary for the internal safty and tranqulity of the country, that Ram Singh be deported to some place, where he cannot be visited by his worshippers....I am strongly of the opinion that the safest thing to do with Ram Singh is to transport him to the Andamans." Menabb, J.W., cited in i bid. p. XIX

7. Lt. Colonel G. Mc Andrew, cited, ibid. p. XX ਹੋਰ ਦੇਖੋ ਨਾਹਰ ਸਿੰਘ ਐਮ. ਏ. ਨਾਮਧਾਰੀ ਇਤਿਹਾਸ ਭਾਗ -1 (ਸੰਪਾ. ਪੋ. ਮਲਵਿੰਦਰ ਜੀਤ ਸਿੰਘ ਵੜੈਚ ਪੰਨਾ 175-176
8. ਜਸਵਿੰਦਰ ਸਿੰਘ ਉਹੀ, ਪੰਨਾ 48
9. ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ ਪਹਿਲਾ, 2005, ਪੰਨਾ 433-34
10. ਹੁਕਮਨਾਮਾ 6, ਪੰਨਾ 143 (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ)
11. ਹੁਕਮਨਾਮਾ 7, ਪੰਨਾ 152
12. ਹੁਕਮਨਾਮਾ 28, ਪੰਨਾ 302
13. ਹੁਕਮਨਾਮਾ, 54 ਪੰਨਾ 433-34
14. ਹੁਕਮਨਾਮਾ, 11, ਪੰਨਾ 192
15. ਹੁਕਮਨਾਮਾ 16,, ਪੰਨਾ 228
16. ਹੁਕਮਨਾਮਾ 17, ਪੰਨਾ 239
17. ਹੁਕਮਨਾਮਾ 15, ਪੰਨਾ 221
18. ਹੁਕਮਨਾਮਾ 35 ਪੰਨਾ 336
19. ਹੁਕਮਨਾਮਾ 47, ਪੰਨਾ 394
20. ਹੁਕਮਨਾਮਾ 49, ਪੰਨਾ 407
21. ਹੁਕਮਨਾਮਾ 20, ਪੰਨੇ 255-256
22. ਹੁਕਮਨਾਮਾ 28, ਪੰਨੇ 294-95
23. ਹੁਕਮਨਾਮਾ 20 ਪੰਨਾ 255
24. ਹੁਕਮਨਾਮਾ 28, ਪੰਨੇ 296-97
25. ਹੁਕਮਨਾਮਾ 23, ਪੰਨੇ 276-77
26. ਸਵਰਨ ਸਿੰਘ ਸਨੇਹੀ, 'ਕੂਕਾ ਲਹਿਰ ਦਾ ਇਤਿਹਾਸਕ ਤੇ ਸਾਹਿਤਕ ਸੰਦਰਭ" ਕੂਕਾ ਐਂਦੋਲਨ : ਸਮਾਜ-ਸਭਿਆਚਾਰਕ ਪਰਿਪੇਖ (2012), ਪੰਨੇ 641, 67
27. ਤਾਰਾ ਸਿੰਘ ਅਨਜਾਣ, ਹੁਕਮਨਾਮੇ ਸਤਿਗੁਰੂ ਰਾਮ ਸਿੰਘ ਜੀ : ਇਕ ਅਧਿਐਨ, (2013) ਪੰਨੇ 105, 06, 09)
28. ਹੁਕਮਨਾਮਾ, 6, ਪੰਨਾ 149
29. ਹੁਕਮਨਾਮਾ 7, ਪੰਨਾ 157-58
30. ਹੁਕਮਨਾਮਾ 60, ਪੰਨੇ 488, 89, 90
31. British had established their stronghold over the landed aristiracy as well as priestly vlass. the british enrolled them as the members of Darbars of Lieutenant Governer and Viceroy, made them Extra-Assist Commissioners and Honorary Magistrates. They wer rewarded with jagirs, epnsions and letters of appreciation for redering loyal services to the Raj. Those who were in financial crisis, their estates were looked after by the government itself. Similarly the priestly class was also patronised by the British in terms of assigning land-squares and inams. Mahants and Pujaris were allowed to register the gurdwara-landed propery against their names. Moreover Mahants and Pujaris of historical gurdwara wer put under Sarbrah who was nominated by the government and accountable to the Deputy commissioner alone. When Namdhari Guru Ram Singh was taunting the pujaris that they had support of big people he was referring to this development."
32. ਹੁਕਮਨਾਮਾ 24 ਪੰਨਾ 279
33. ਹੁਕਮਨਾਮਾ 48, ਪੰਨਾ 398
34. ਹੁਕਮਨਾਮਾ 07, ਪੰਨਾ 170
35. ਹੁਕਮਨਾਮਾ 7, ਪੰਨੇ 155-56
36. ਹੁਕਮਨਾਮਾ 45, ਪੰਨਾ 394
37. ਹੁਕਮਨਾਮਾ 04, ਪੰਨੇ-129-30
38. ਡਾ. ਹਰਿਭਜਨ ਸਿੰਘ, "ਸੇਵਾ" (ਭੂਮਿਕਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਪੰਨੇ ਪ. ਬ. ਭ) ■

ਨਾਮਧਾਰੀ ਗੁਰੂ ਰਾਮ ਸਿੰਘ ਵਲੋਂ ਇਸਤਰੀ ਉਧਾਰ ਲਈ ਕੀਤੇ ਗਏ ਉਪਰਾਲੇ



ਡਾ. ਧਰਮ ਸਿੰਘ

ਇਸਤਰੀ ਉਧਾਰ ਦੇ ਪ੍ਰਸੰਗ ਵਿਚ ਉਨ੍ਹਾਂ ਵਲੋਂ ਆਪਣੇ ਪੈਰੋਕਾਰਾਂ ਨੂੰ ਬੜੀਆਂ ਸਪਸ਼ਟ ਹਦਾਇਤਾਂ ਹਨ। ਉਹਨਾਂ ਹੁਕਮਨਾਮਿਆਂ ਵਿਚ ਛੋਟੀ ਉਮਰ ਵਿਚ ਵਿਆਹ ਕਰ ਦਿੱਤਾ ਜਾਂਦਾ ਸੀ ਜਿਸਨੂੰ ਬਾਲ ਵਿਆਹ ਕਿਹਾ ਜਾਂਦਾ ਸੀ। ਬਾਲ ਵਿਆਹ ਵਿਚ ਅਗੋਂ ਆਪਣੀਆਂ ਕਈ ਬੁਰਾਈਆਂ ਹਨ। ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਆਪਣੀ ਇਕ ਚਿਠੀ ਵਿਚ ਵਿਆਹਯੋਗ ਲੜਕੀ ਅਤੇ ਲੜਕੇ ਦੀ ਵਿਆਹ ਦੀ ਉਮਰ ਕ੍ਰਮਵਾਰ ਅਠਾਰਾਂ ਤੇ ਵੀਹ ਸਾਲ ਨਿਸਚਿਤ ਕੀਤੀ ਹੈ।

ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਪੰਜਾਬ ਵਿਚ ਜਿਹੜੀਆਂ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਲਹਿਰਾਂ ਚਲੀਆਂ ਉਹਨਾਂ ਵਿਚ ਨਾਮਧਾਰੀ ਲਹਿਰ ਅਪਣੀ ਬਹੁ-ਮੰਤਵੀ ਖੂਬੀਆਂ ਕਰਕੇ ਵਿਸ਼ੇਸ਼ ਤੌਰ ਤੇ ਸਾਡਾ ਧਿਆਨ ਖਿੱਚਦੀ ਹੈ। ਇਸ ਸਮੇਂ ਤਕ ਪੁੱਜਦਿਆਂ ਸਿੱਖ ਸਮਾਜ ਵਿਚ ਵਿਸ਼ੇਸ਼ ਕਰਕੇ ਕੁਲੀਨ ਵਰਗ ਵਿੱਚ, ਕਈ ਤਰ੍ਹਾਂ ਦੀਆਂ ਬੁਰਾਈਆਂ ਪੈਦਾ ਹੋ ਗਈਆਂ ਸਨ ਜਿਸਨੇ ਇਸਤਰੀ ਦੇ ਰੁਤਬੇ ਅਤੇ ਮਾਣ ਸਤਿਕਾਰ ਨੂੰ ਬਹੁਤ ਠੇਸ ਪਹੁੰਚਾਈ ਸੀ। ਇਹਨਾਂ ਕੁਰੀਤੀਆਂ ਵਿਚ ਜੰਮਦਿਆਂ ਹੀ ਕੁੜੀ ਨੂੰ ਮਾਰ ਦੇਣਾ, ਬਾਲ ਵਿਆਹ, ਵਿਧਵਾ ਵਿਆਹ ਦੀ ਮਨਾਹੀ, ਕੁੜੀਆਂ ਨੂੰ ਵਸਤਾਂ ਵਾਂਗ ਵੇਚਣਾ, ਵੱਟੇ ਖੱਟੇ ਦਾ ਵਿਆਹ, ਸਤੀ ਦੀ ਰਸਮ, ਉਨਾਂ ਵਿਚਲੀ ਅਨਪੜ੍ਹਤਾ ਅਤੇ ਉਸਨੂੰ ਹਦੋ ਸਮਝਣਾ ਆਦਿ ਸੁਆਲ ਸਨ। ਇਹਨਾਂ ਸਾਰੀਆਂ ਕੁਰੀਤੀਆਂ ਨੇ ਸਿੱਖ ਇਸਤਰੀ ਦਾ ਜੀਵਨ ਦੁੱਭਰ ਹੀ ਨਹੀਂ ਸਗੋਂ ਦੁੱਖਦਾਈ ਬਣਾ ਧਰਿਆ ਸੀ। ਸਭ ਤੋਂ ਵੱਧ ਚਿੰਤਾ ਵਾਲੀ ਗੱਲ ਸੀ ਕਿ ਸਿਖਾਂ ਦੇ ਕੁਲੀਨ ਵਰਗ, ਜਿਸ ਪਿਛੇ ਸਮਾਜ ਚਲਦਾ ਹੈ, ਇਨ੍ਹਾਂ ਕੁਰਤੀਆਂ ਤੋਂ ਅਭਿੱਜ ਨਹੀਂ ਸੀ। ਮਿਸਾਲ ਵਜੋਂ ਮਹਾਰਾਜਾ ਰਣਜੀਤ ਸਿੰਘ ਦੇ ਦਾਹ ਸਸਕਾਰ ਸਮੇਂ ਉਸ ਨਾਲ ਕੁਝ ਰਾਣੀਆਂ (ਖਾਸ ਕਰਕੇ ਡੋਗਰਿਆਂ ਦੀਆਂ ਰਾਣੀਆਂ) ਰਾਜਪੂਤ ਰਾਣੀਆਂ ਵਾਂਗ ਸਤੀ ਹੋ ਗਈਆਂ। ਇਨ੍ਹਾਂ ਸਾਰੀਆਂ ਕੁਰੀਤੀਆਂ ਵਿਰੁੱਧ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਲੋਕਾਂ ਨੂੰ ਲਾਮਬੰਦ ਕਰਨ ਦਾ ਬੀੜਾ ਉਠਾਇਆ। ਇਸਤਰੀ ਉਧਾਰ ਲਈ ਕੀਤੇ ਗਏ ਨਾਮਧਾਰੀ ਗੁਰੂ ਜੀ ਦੇ ਉਪਰਾਲਿਆਂ ਨੂੰ ਸਮਝਣ ਲਈ ਸਾਡੇ ਕੋਲ ਉਹਨਾਂ ਦੀਆਂ ਲਿਖੀਆਂ ਜਾਂ ਲਿਖਵਾਈਆ ਗਈਆਂ ਚਿੱਠੀਆਂ ਹਨ, ਜਿਨ੍ਹਾਂ ਨੂੰ ਉਹਨਾਂ ਦੇ ਸ਼ਰਧਾਲੂ ਗੁਰੂ ਜੀ ਦੇ 'ਹੁਕਮਨਾਮੇ' ਕਹਿੰਦੇ ਹਨ। ਇਹਨਾਂ ਚਿਠੀਆਂ ਵਿਚ

ਇਸਤਰੀ ਉਧਾਰ ਦੇ ਪ੍ਰਸੰਗ ਵਿਚ ਉਨ੍ਹਾਂ ਵਲੋਂ ਆਪਣੇ ਪੈਰੋਕਾਰਾਂ ਨੂੰ ਬੜੀਆਂ ਸਪਸ਼ਟ ਹਦਾਇਤਾਂ ਹਨ। ਉਹਨਾਂ ਹੁਕਮਨਾਮਿਆਂ ਵਿਚ ਛੋਟੀ ਉਮਰ ਵਿਚ ਵਿਆਹ ਕਰ ਦਿੱਤਾ ਜਾਂਦਾ ਸੀ ਜਿਸਨੂੰ ਬਾਲ ਵਿਆਹ ਕਿਹਾ ਜਾਂਦਾ ਸੀ। ਬਾਲ ਵਿਆਹ ਵਿਚ ਅਗੋਂ ਆਪਣੀਆਂ ਕਈ ਬੁਰਾਈਆਂ ਹਨ। ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਆਪਣੀ ਇਕ ਚਿਠੀ ਵਿਚ ਵਿਆਹਯੋਗ ਲੜਕੀ ਅਤੇ ਲੜਕੇ ਦੀ ਵਿਆਹ ਦੀ ਉਮਰ ਕ੍ਰਮਵਾਰ ਅਠਾਰਾਂ ਤੇ ਵੀਹ ਸਾਲ ਨਿਸਚਿਤ ਕੀਤੀ ਹੈ।

ਗੁਰੂ ਜੀ ਦਾ ਹੁਕਮ ਹੈ ਜੋ ਅਠਾਰਾਂ ਬਰਸਾਂ ਦੀ ਲੜਕੀ, ਬੀਸ ਬਰਸਾਂ ਦਾ ਲੜਕਾ ਹੋਵੇ ਤਾਂ ਬਿਆਹੁ ਕਰਨਾ, ਉਰੇ ਨਹੀ ਕਰਨਾ (ਚਿੱਠੀ ਨੰ 23)। ਏਥੇ ਇਹ ਸੰਕੇਤ ਕਰਨਾ ਜ਼ਰੂਰੀ ਭਾਸਦਾ ਹੈ ਕਿ ਇਹ ਉਮਰ ਉਸ ਵੇਲੇ ਨਿਸਚਿਤ ਕੀਤੀ ਗਈ ਹੈ, ਜਦ ਸਰਕਾਰੀ ਕਾਨੂੰਨ ਮੁਤਾਬਿਕ ਇਹ ਦਸ ਸਾਲ (ਲੜਕੀਆਂ) ਸੀ। ਸਹਿਜੇ ਸਹਿਜੇ ਸਰਕਾਰੀ ਕਾਨੂੰਨ ਵਿਚ ਸੋਧ ਕਰਕੇ ਇਹ ਉਮਰ ਵਧਾਈ ਜਾਂਦੀ ਰਹੀ। ਰਾਜਪੂਤਾਂ ਦੀ ਵੇਖਾ ਵੇਖੀ ਜਾਂ ਕਹਿ ਲਵੋ ਰਾਜ ਘਰਾਣਿਆਂ ਦੀ ਰੀਸ ਅਤੇ ਕਮਜੋਰ ਆਰਥਿਕਤਾ ਕਰਕੇ ਬਾਲ ਵਿਆਹ ਆਮ ਪ੍ਰਚਲਿਤ ਸਨ ਜਿਨਾਂ ਤੋਂ ਬਾਬਾ ਜੀ ਨੇ ਵਰਜਿਆ ਹੈ।

ਵੱਟੇ ਬੱਟੇ ਦਾ ਵਿਆਹ ਇਕ ਹੋਰ ਬੁਰਿਆਈ ਸੀ ਕਿਉਂਕਿ ਇਸ ਵਿਧੀ ਰਾਹੀਂ ਕੀਤੇ ਗਏ ਵਿਆਹ ਵਿਚ ਅਕਸਰ ਤ੍ਰਿਆਕੜ ਨਾਲ ਧੱਕਾ ਹੋ ਜਾਂਦਾ ਸੀ। ਬਹੁਤ ਵਾਰੀ ਲਾੜਾ ਕਾਫੀ ਵਡੀ ਉਮਰ ਦਾ ਅਤੇ ਲਾੜੀ ਘਟ ਉਮਰ ਦੀ ਹੁੰਦੀ ਸੀ। ਮਜਬੂਰੀ ਵੱਸ ਕੀਤਾ ਗਿਆ ਵਿਆਹ ਅਕਸਰ ਅਨਜੋੜ ਵਿਆਹ ਹੀ ਹੁੰਦਾ। ਇਸ ਤਰ੍ਹਾਂ ਧੀਆਂ ਦੇ ਪੈਸੇ ਲੈ ਕੇ ਵਿਆਹ ਕਰਨ ਦੀ ਬੁਰਾਈ ਵੀ ਜੋਰਾਂ ਤੇ ਸੀ। ਇਹਨਾਂ ਕੁਰੀਤੀਆਂ ਦੇ ਫਲਸਰੂਪ ਪੈਦਾ ਹੋ ਗਏ ਮੰਦੇ ਪ੍ਰਭਾਵਾਂ ਤੋਂ ਸਚੇਤ ਕਰਦਿਆਂ ਉਹ ਲਿਖਦੇ ਹਨ :

ਹੋਰ ਅਗੇ ਜੋ ਲੜਕੀ ਮਾਰ ਦੇਏ ਅਰੁ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬੜਾ ਪਾਪ ਹੈ। ਕੁੜੀਆਂ ਦਾ ਮਾਰਨਾ ਗਊ ਮਾਰਨੇ ਤੇ ਬੀ ਬਡਾ ਪਾਪ ਹੈ ਅਰੁ ਬਰੁ ਬਟਾ ਕਰਨ ਤੇ ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀ ਮਿਲਦਾ, ਕੁੜੀ ਬਹੁਤ ਦੁਖੀ ਹੁੰਦੀ ਹੈ। (ਚਿਠੀ ਨੰ 28)

ਉਨ੍ਹਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਅਜੇਹਾ ਕੁਝ ਪਹਿਲਾਂ ਤੋਂ ਹੀ ਹੁੰਦਾ ਆ ਰਿਹਾ ਹੈ ਪਰ ਉਹ ਆਪਣੀ ਸੰਗਤ ਨੂੰ ਇਸ ਗਲੋਂ ਸਾਵਧਾਨ ਵੀ ਕਰਦੇ ਹਨ ਕਿ ਪਿਛੇ ਜੋ ਕੁਝ ਹੋ ਚੁੱਕਾ ਹੈ, ਉਸਨੂੰ ਭੁੱਲ ਕੇ ਨਵੇਂ ਸਿਰਿਓਂ ਸਮਾਜ ਦੀ ਪੁਨਰ ਉਸਾਰੀ ਜਾਂ ਪੁਨਰ-ਸੁਧਾਰ ਵਿਚ ਕੁੱਦ ਜਾਣ। ਇਸ ਵਿਚ ਨਵੀਂ ਗੱਲ ਵਿਦਿਆ ਦੀ ਵੀ ਆਣ ਜੁੜੀ ਸੀ।

ਇਸ ਤੋਂ ਵੀ ਅਗਲੀ ਗੱਲ ਕਿ ਅਜੇਹੇ ਵਿਅਕਤੀਆਂ ਦਾ ਸਮਾਜਕ ਬਾਈਕਾਟ ਕਰਨ ਦਾ ਵੀ ਸੱਦਾ ਦਿੱਤਾ ਗਿਆ ਹੈ :

ਜੇ ਕੁੜੀ ਮਾਰੇ, ਬੇਚੇ ਜਾਂ ਬਟਾ ਕਰੇ ਅਰ ਜੇਕਰ ਅਛੀ ਤਰਾਂ ਮਲੂਮੀ ਹੋ ਜਾਏ ਤਾਂ ਉਸ ਨਾਲ ਨ ਬਰਤਣਾ, ਨ ਉਸਨੂੰ ਸੰਗਤ ਮੇਂ ਬੜਨ ਦੇਣਾ। (ਚਿੱਠੀ ਨੰ 4)

ਇਕ ਹੋਰ ਬਾਤ ਸਭਨਾ ਨੂੰ ਸੁਣਾ ਦੇਣੀ ਜੋ ਕੁੜੀ ਮਾਰੇ। ਬੇਚੇ, ਬਟਾ ਕਰੇ। ਜੇ ਏਹੁ ਬਾਤ ਨ ਮੰਨੇ ਤਾਂ ਓਸ ਨੂ ਸੰਗਤ ਮੈਂ ਨ ਬੜਨ ਦੇਣਾ। (ਚਿੱਠੀ ਨੰ 52)

ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀਆਂ ਚਿਠੀਆਂ ਨੂੰ ਪੜ੍ਹਨ ਤੇ ਇਕ ਹੋਰ ਤੱਥ ਵੀ ਸਾਹਮਣੇ ਆਉਂਦਾ ਹੈ ਕਿ ਇਸਤਰੀਆਂ ਨਾਲ ਸੰਬੰਧਿਤ ਕੁਰੀਤੀਆਂ ਦਾ ਜ਼ਿਕਰ ਕੇਵਲ ਇੱਕ ਅੱਧ ਚਿਠੀ ਵਿਚ ਹੀ ਨਹੀਂ, ਸਗੋਂ ਕਈਆਂ ਚਿਠੀਆਂ ਵਿਚ ਹੈ ਅਤੇ ਬਹੁਤ ਵਾਰੀ ਇਸ ਸਾਰੀ ਬੁਰਾਈਆਂ ਇਕੱਠੇ ਰੂਪ ਵਿਚ ਸੂਚੀਬੱਧ ਹੋਈਆਂ ਮਿਲਦੀਆਂ ਹਨ। ਇਹ ਸਾਇਦ ਇਸ ਕਰਕੇ ਵੀ ਸੀ ਕਿ ਇਨਾਂ ਭੈੜਾਂ ਨਾਲ ਤਤਕਾਲੀ ਸਮਾਜ ਪੂਰੀ ਤਰ੍ਹਾਂ ਗ੍ਰਸਿਆ ਪਿਆ ਸੀ ਅਤੇ ਇਹ ਘੁਣ ਵਾਂਗ ਅੰਦਰੋਂ ਅੰਦਰੀਂ ਖੋਖਲਾ ਕਰ ਰਿਹਾ ਸੀ। ਉਨ੍ਹਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਅਜੇਹਾ ਕੁਝ ਪਹਿਲਾਂ ਤੋਂ ਹੀ ਹੁੰਦਾ ਆ ਰਿਹਾ ਹੈ ਪਰ ਉਹ ਆਪਣੀ ਸੰਗਤ ਨੂੰ ਇਸ ਗਲੋਂ ਸਾਵਧਾਨ ਵੀ ਕਰਦੇ ਹਨ ਕਿ ਪਿਛੇ ਜੋ ਕੁਝ ਹੋ ਚੁੱਕਾ ਹੈ, ਉਸਨੂੰ ਭੁੱਲ ਕੇ ਨਵੇਂ ਸਿਰਿਓਂ ਸਮਾਜ ਦੀ ਪੁਨਰ ਉਸਾਰੀ ਜਾਂ ਪੁਨਰ-ਸੁਧਾਰ ਵਿਚ ਕੁੱਦ ਜਾਣ। ਇਸ ਵਿਚ ਨਵੀਂ ਗੱਲ ਵਿਦਿਆ ਦੀ ਵੀ ਆਣ ਜੁੜੀ ਸੀ :

ਹੋਰ ਲੜਕੇ ਲੜਕੀਆਂ ਨੂੰ ਅਖਰ ਪੜਾਏ ਦੇਣੇ। ਹੋਰ ਲੜਕੀ ਨਾ ਕਿਸੇ ਮਾਰਨੀ, ਨਾ ਕਿਸੇ ਵਟਾ ਕਰਨਾ, ਨਾ ਲੜਕੀ ਦੇ ਦਮ ਲੈਣੇ। ਜੇਹੜਾ ਲੜਕੀ ਮਾਰੇ, ਬੇਚੇ, ਵਟਾ ਕਰੇ ਉਸਦੇ ਘਰ ਦਾ ਅੰਨ ਪਾਣੀ ਨਹੀਂ ਵਰਤਣਾ। ਉਸਨੂੰ ਸੰਗਤ ਵਿਚ ਨਹੀਂ ਬੜਣ ਦੇਣਾ। ਹੁਣ ਤੇ ਪਿਛੇ ਭਾਵ ਕੁਝ ਕੀਤਾ ਹੋਵੇ ਅਗੇ ਸਮਝ ਕੇ ਵਰਤਨਾ (ਚਿੱਠੀ ਨੰ 20)

ਇਸਤਰੀ ਉਧਾਰ ਲਈ ਉਪਰੋਕਤ ਕੁਰੀਤੀਆਂ ਤੇ ਵਰਜਣ ਦੇ ਨਾਲ ਨਾਲ ਔਰਤਾਂ ਲਈ ਹੋਰ ਜੇਹੜਾ ਉਚੇਚਾ ਉਪਰਾਲਾ ਉਨ੍ਹਾਂ ਨੇ ਕੀਤਾ, ਉਹ ਸੀ ਇਸਤਰੀਆਂ ਵਿਚ

ਵਿਦਿਆ ਦਾ ਪ੍ਰਚਾਰ ਕਰਨਾ। ਬਾਬਾ ਜੀ ਬਾਰ-ਬਾਰ ਆਪਣੀਆਂ ਚਿੱਠੀਆਂ ਵਿਚ ਇਸਤਰੀਆਂ ਨੂੰ ਅੱਖਰ ਗਿਆਨ ਦੇਣ, ਬਾਣੀ ਪੜ੍ਹਨ ਅਤੇ ਕੰਠ ਕਰਨ ਦੀ ਨਸੀਹਤ ਕਰਦੇ ਹਨ। ਅਸੀਂ ਜਾਣਦੇ ਹਾਂ ਕਿ ਗੁਰਬਾਣੀ ਵਿਚ ਗਿਆਨ ਨੂੰ ਇਕ ਬਹੁਤ ਵੱਡੀ ਸ਼ਕਤੀ ਮੰਨਿਆ ਗਿਆ ਹੈ ਜੋ ਹਨੇਰਿਆਂ ਨੂੰ ਪ੍ਰਕਾਸ਼ ਵਿਚ ਤਬਦੀਲ ਕਰਨ ਦੇ ਸਮਰਥ ਹੈ। ਗੁਰਬਾਣੀ ਨੂੰ ਇਸ ਜਗ ਵਿਚ ਚਾਨਣ ਵੀ ਕਿਹਾ ਗਿਆ ਹੈ। ਬਾਬਾ ਜੀ ਦਾ ਵਿਰਸਾ ਗੁਰਬਾਣੀ ਪ੍ਰੇਮ ਸੀ, ਇਸ ਲਈ ਉਹ ਇਸ ਤੋਂ ਸੇਧ ਲੈ ਕੇ ਬਾਰ ਬਾਰ ਵਿਦਿਆ ਦੀ ਗੱਲ ਕਰਦੇ ਹਨ :

ਸੋ ਭਾਈ ਬਾਣੀ ਸਭ ਨੇ ਕੰਠ ਕਰਨੀ, ਜਨਾਨੇ, ਮਰਦਾਨੇ, ਬੁਢੇ ਬਾਲੇ ਨੇ। ਜੋ ਬਾਣੀ ਪੜ੍ਹੇਗਾ ਅਰ ਭਜਨ ਕਰੇਗਾ ਸੋ ਉਸ ਵਾਸਤੇ ਸਭ ਸੁਖ ਹੋਣਗੇ। (ਚਿੱਠੀ ਨੰ 3)

ਸਭ ਨੂੰ, ਕੁੜੀ ਮੁੰਡੇ ਨੂੰ ਅੱਖਰ ਪੜਾਇ ਦੇਣੇ ਗੁਰਮੁਖੀ (ਨੰ. 12)

ਖਾਲਸਾ ਜੀ ਸਭ ਨੇ ਬਾਣੀ ਕੰਠ ਕਰਨੀ ਕੁੜੀ ਮੁੰਡੇ ਨੇ, ਨਾਲੇ ਮਾਲਾ ਫੇਰਨੀ। ਪੰਜ ਗ੍ਰੰਥੀ ਜੋ ਪੜ੍ਹੂਗਾ ਉਸਨੂੰ ਬਹੁਤ ਫਾਇਦਾ ਹੋਊਗਾ (ਚਿੱਠੀ ਨੰ 18)

ਬਾਬਾ ਰਾਮ ਸਿੰਘ ਜੀ ਵਲੋਂ ਇਸਤਰੀ ਉਧਾਰ ਲਈ ਅਥਵਾ ਇਸਤਰੀ ਵਿਦਿਆ ਦੇ ਹੱਕ ਵਿਚ ਦਿੱਤੇ ਗਏ ਪਹਿਰੇ ਦੇ ਫਲਸਵਰੂਪ ਲੋਕਾਂ ਵਿਚ ਇਸ ਸੰਬੰਧੀ ਜਾਗ੍ਰਿਤੀ ਆਉਣੀ ਸ਼ੁਰੂ ਹੋ ਗਈ। ਇਹ ਸ਼ਾਇਦ ਬਾਬਾ ਜੀ ਦੇ ਯਤਨਾਂ ਦਾ ਸਿੱਟਾ ਹੀ ਸੀ ਕਿ ਬਾਅਦ ਵਿਚ ਚਲਣ ਵਾਲੀ ਸਿੰਘ ਸਭਾ ਲਹਿਰ ਨੇ ਇਸਤਰੀ ਵਿਦਿਆ ਨੂੰ ਆਪਣੇ ਏਜੰਡੇ ਵਿਚ ਸ਼ਾਮਿਲ ਕਰ ਲਿਆ ਸੀ। ਲਾਹੌਰ ਵਿਚ 1870 ਈਸਵੀ ਵਿਚ ਓਰੀਐਂਟਲ ਕਾਲਜ ਖੁਲ੍ਹਿਆ ਜਿਸ ਵਿਚ ਪੰਜਾਬੀ ਦੀ ਪੜ੍ਹਾਈ ਦੀ ਵਿਸ਼ੇਸ਼ ਵਿਵਸਥਾ ਕੀਤੀ ਗਈ ਸੀ। ਪੰਜਾਬੀ ਦੀ ਪੜ੍ਹਾਈ ਤੋਂ ਬਿਨਾਂ ਇਸ ਕਾਲਜ ਦੀ ਕਾਇਮੀ ਨੇ ਸਿੱਖ ਸਮਾਜ ਵਿਚ ਵਿਦਿਆ ਦੇ ਮਹੱਤਵ ਨੂੰ ਭਲੀਭਾਂਤ ਉਜਾਗਰ ਕਰ ਦਿੱਤਾ ਸੀ। ਏਥੇ ਇਹ ਸੰਕੇਤ ਕਰਨਾ ਵੀ ਬੇਲੋੜਾ ਨਹੀਂ ਹੋਵੇਗਾ ਕਿ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਆਗੂ ਪ੍ਰੋ. ਗੁਰਮੁੱਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਖੁਦ ਓਰੀਐਂਟਲ ਵਿਚੋਂ ਪੜ੍ਹੇ ਹੋਏ ਸਨ ਅਤੇ ਮੁੜ ਇਥੇ ਹੀ ਅਧਿਆਪਕੀ ਕਾਰਜ ਵੀ ਕਰਨ ਲੱਗੇ ਸਨ। ਇਹਨਾਂ ਦੋਹਾਂ ਦੇ ਯਤਨਾਂ ਅਤੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਕਾਰਨ ਸਿੱਖਾਂ ਦੇ ਵੱਖਰੇ ਸਕੂਲ ਖੁਲ੍ਹਣ ਲੱਗੇ ਅਤੇ ਲੜਕੀਆਂ ਨੂੰ ਪਹਿਲੀ ਵਾਰ ਆਪਣੀ ਮਾਤ ਭਾਸ਼ਾ (ਪੰਜਾਬੀ) ਦੇ ਮਾਧਿਅਮ ਰਾਹੀਂ ਸਕੂਲੀ ਸਿੱਖਿਆ ਪ੍ਰਾਪਤ ਕਰਨ ਦੇ ਹੱਕ ਹਾਸਿਲ ਹੋ ਗਏ।

ਉਪਰੋਕਤ ਸੁਧਾਰਾਂ ਜਾਂ ਉਪਰਾਲਿਆਂ ਤੋਂ ਬਾਅਦ ਨਾਮਧਾਰੀ ਵਿਚਾਰਧਾਰਾ ਨੇ ਅੰਤਰਜਾਤੀ ਵਿਆਹ ਰਚਾਉਣ ਦੀ ਪ੍ਰੰਪਰਾ ਸ਼ੁਰੂ ਕਰਕੇ ਇਕ ਹੋਰ ਨਵੀਂ ਸ਼ੁਰੂਆਤ ਕੀਤੀ। ਬੇਸ਼ਕ ਗੁਰਮਤਿ ਵਿਚਾਰਧਾਰਾ ਵਿਚ ਜਾਤਪਾਤ ਅਤੇ ਵਰਣ ਆਸ਼ਰਮ ਨੂੰ ਕੋਈ ਮਾਨਤਾ ਸੀ ਪਰ ਵਿਹਾਰਕ ਰੂਪ ਵਿਚ ਇਸਦਾ ਅਸਰ ਸਮਾਜ ਦੇ ਹਰ ਤਬਕੇ ਉਪਰ ਚਲ ਰਿਹਾ ਸੀ। ਜਾਤਪਾਤ ਦਾ ਫਰਕ ਮੇਟਣ ਲਈ ਵਿਹਾਰਕ ਪੱਧਰ ਉਤੇ ਰੋਟੀ ਅਤੇ ਬੇਟੀ ਦੀ ਸਾਂਝ ਸਭ ਤੋਂ ਵਡੀਆਂ ਸਾਂਝਾਂ ਸਨ। ਰੋਟੀ ਦੀ ਸਾਂਝ ਤਾਂ ਲੰਗਰ ਦੇ ਰੂਪ ਵਿਚ ਪਹਿਲਾਂ ਹੀ ਪ੍ਰਚਲਿਤ ਸੀ, ਇਸ ਵੇਲੇ ਬੇਟੀ ਦੀ ਸਾਂਝ ਪੈਣੀ ਸ਼ੁਰੂ ਹੋ ਗਈ। ਅਜ ਅਜੇਹੇ ਵਿਆਹਾਂ ਨੂੰ ਕਾਨੂੰਨੀ ਮਾਨਤਾ ਹਾਸਿਲ ਹੈ। ਅੱਜ ਦੇ ਸਿੱਖ ਸਮਾਜ ਵਿਚ ਅੰਤਰ ਜਾਤੀ ਵਿਆਹ ਦਾ ਆਧਾਰ ਵਿਦਿਆ, ਨੌਕਰੀ, ਜਾਂ ਬਿਹਤਰ ਆਰਥਿਕਤਾ ਰੁਤਬਾ ਅਤੇ ਹੋਰ ਕੰਮ ਹੋ ਗਿਆ ਹੈ ਪਰ ਵਿਚਾਰਧਾਰਕ ਅਤੇ ਵਿਹਾਰਕ ਪੱਧਰ ਉਪਰ ਇਹਨਾਂ ਨੂੰ ਪੁਨਰ ਸੁਰਜੀਤ ਕਰਨ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਦਾ ਯੋਗਦਾਨ ਨਿਸਚੈ ਹੀ ਸ਼ਲਾਘਾਯੋਗ ਹੈ। ਹਥਲਾ ਲੇਖ ਤਾਂ ਕੇਵਲ ਇਕ ਯਤਨ ਮਾਤਰ ਹੈ, ਲੋੜ ਹੈ ਉਹਨਾਂ ਦੇ ਇਸਤਰੀ ਉਧਾਰ ਲਈ ਕੀਤੇ ਗਏ ਉਪਰਾਲਿਆਂ ਬਾਰੇ ਅਗਲੇਰੀ ਖੋਜ ਕਰਨ ਦੀ। ਬੇਸ਼ਕ ਗੁਰੂ ਜੀ ਦੀਆਂ ਚਿੱਠੀਆਂ ਅਜੇਹੀ ਖੋਜ ਵਿਚ ਸਾਡੀ ਮਦਦ ਕਰਦੀਆਂ ਹਨ ਪਰ ਉਹਨਾਂ ਬਾਰੇ ਲਿਖੇ ਗਏ ਹੋਰ ਗ੍ਰੰਥਾਂ ਵਿਚ ਵੀ ਢੇਰ ਸਾਰੀ ਸਮੱਗਰੀ ਮਿਲਦੀ ਹੈ ਜਿਸ ਦੇ ਵਿਵੇਚਨ ਦੀ ਲੋੜ ਹੈ। ਆਪਣੀ ਗੱਲ ਅਸੀਂ ਸਿਰਦਾਰ ਕਪੂਰ ਸਿੰਘ ਦੇ ਇਸ ਕਥਨ ਨਾਲ ਖਤਮ ਕਰਨੀ ਚਾਹਾਂਗੇ ਕਿ, "ਜੋ ਉਨ੍ਹਾਂ (ਗੁਰੂ ਰਾਮ ਸਿੰਘ) ਨੇ ਦੇਸ਼ ਅਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਵੀ ਦੇਈਏ ਉਹਨਾਂ ਦਾ ਇਹ ਇਕ ਪਰਚਾਰ ਕਿ ਇਸਤਰੀ ਤੇ ਮਰਦ ਬਰਾਬਰ ਹਨ, ਹੀ ਉਨਾਂ ਨੂੰ ਸੰਸਾਰ ਭਰ ਦੇ ਸ਼ੋਮਣੀ ਸੁਧਾਰਕਾਂ ਦੀ ਸਫ ਵਿਚ ਖੜਾ ਕਰ ਦਿੰਦਾ ਹੈ। ■

ਅੱਜ ਦੇ ਸਿੱਖ ਸਮਾਜ ਵਿਚ ਅੰਤਰ ਜਾਤੀ ਵਿਆਹ ਦਾ ਆਧਾਰ ਵਿਦਿਆ, ਨੌਕਰੀ, ਜਾਂ ਬਿਹਤਰ ਆਰਥਿਕਤਾ ਰੁਤਬਾ ਅਤੇ ਹੋਰ ਕਮ ਹੋ ਗਿਆ ਹੈ ਪਰ ਵਿਚਾਰਧਾਰਕ ਅਤੇ ਵਿਹਾਰਕ ਪੱਧਰ ਉਪਰ ਇਹਨਾਂ ਨੂੰ ਪੁਨਰ ਸੁਰਜੀਤ ਕਰਨ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਦਾ ਯੋਗਦਾਨ ਨਿਸਚੈ ਹੀ ਸ਼ਲਾਘਾਯੋਗ ਹੈ।

ਨਾਮਧਾਰੀ ਲਹਿਰ ਦਾ ਇਤਿਹਾਸ
ਬਸਤੀਵਾਦ ਵਿਰੁੱਧ ਪ੍ਰਚੰਡ ਨਾਬਰੀ ਦਾ ਪ੍ਰਵਚਨ



✍ ਪ੍ਰੋ. ਮਨਜੀਤ ਸਿੰਘ

"ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ, ਪਰੰਪਰਾਗਤ ਜੀਵਨ-ਮੁੱਲਾਂ ਅਤੇ ਸਮਾਜਕ ਕਦਰਾਂ-ਕੀਮਤਾਂ ਬਾਰੇ ਆਮ ਲੋਕਾਂ ਵਿਚ ਆਸਥਾ ਪੈਦਾ ਕਰਨ ਲਈ, 12 ਅਪ੍ਰੈਲ 1857 ਈ. ਨੂੰ ਨਾਮਧਾਰੀ ਪੰਥ (ਕੂਕਾ ਜਥੇਬੰਦੀ) ਦੀ ਸਾਜਣਾ ਕੀਤੀ। ਉਨ੍ਹਾਂ ਅੰਗਰੇਜ਼ ਹਾਕਮਾਂ ਖਿਲਾਫ ਨਾ-ਮਿਲਵਰਤਨ ਨੂੰ ਰਾਜਨੀਤਕ ਹਥਿਆਰ ਵਜੋਂ ਅਪਣਾਉਣ ਵਿਚ ਪਹਿਲ ਕੀਤੀ।

ਹਥਲੇ ਲੇਖ ਦੇ ਬੁਨਿਆਦੀ ਮਸਲੇ ਦੇ ਰੂਬਰੂ ਹੋਣ ਤੋਂ ਪਹਿਲਾਂ ਇਸ ਲੇਖ ਦੀ ਸੀਮਾ ਰੇਖਾ ਨਿਸ਼ਚਿਤ ਕਰ ਲੈਣੀ ਜ਼ਰੂਰੀ ਮਹਿਸੂਸ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਲੇਖ ਦਾ ਉਦੇਸ ਨਾ ਤਾਂ ਨਾਮਧਾਰੀ ਲਹਿਰ ਦੀ ਕੋਈ ਨਵੀਂ ਇਤਿਹਾਸਕ ਰੂਪ ਰੇਖਾ ਤਿਆਰ ਕਰਨਾ ਹੈ ਅਤੇ ਨਾਲ ਹੀ ਇਸ ਧਾਰਮਿਕ ਰਾਜਨੀਤਿਕ ਲਹਿਰ ਦੇ ਕਿਸੇ ਸਿਧਾਂਤਕ ਮੁੱਦੇ ਨਾਲ ਉਲਝਣਾ ਹੈ। ਸਗੋਂ ਵਿਸ਼ਵ ਪੱਧਰ ਤੇ 'ਬਸਤੀਵਾਦ' (Colonialism) 'ਉਤਰ ਬਸਤੀਵਾਦ' (post colonialism), ਅਤੇ ਪੂਰਬਵਾਦ (orientalism) ਉਪਰ ਹੋਂਦ ਵਿਚ ਆਈ ਬਹਿਸ (ਡੀਬੇਟ) ਦੀ ਰੌਸ਼ਨੀ ਵਿਚ, ਨਾਮਧਾਰੀ ਲਹਿਰ ਦੇ ਸ਼ਾਨਾਮੱਤੇ ਇਤਿਹਾਸ ਨੂੰ, ਨਵੇਂ ਮੁਹਾਵਰੇ ਵਿਚ ਚਰਚਾ ਦਾ ਵਿਸ਼ਾ ਬਣਾਉਣਾ ਹੈ। ਉਚੇਚੇ ਤੌਰ ਤੇ ਵਰਨਣਯੋਗ ਹੈ ਕਿ 'ਉਤਰ-ਸਥਿਤੀਆਂ' (Post situations) ਦੇ ਜਿਸ ਦੌਰ ਚੋਂ ਅਸੀਂ ਗੁਜ਼ਰ ਰਹੇ ਹਾਂ, ਉਹ ਨਿਤ ਬਦਲਦੇ ਗਿਆਨ-ਵਿਗਿਆਨ ਦੇ 'ਵਿਸਫੋਟ' (explosion) ਦਾ ਯੁੱਗ ਹੈ। ਸੈਟੇਲਾਈਟ ਤੇ ਕੰਪਿਊਟਰ ਤਕਨਾਲੋਜੀ ਦੀ ਮਦਦ ਨਾਲ, ਬੜੀ ਤੇਜ਼ ਗਤੀ ਨਾਲ ਨਵਾਂ ਗਿਆਨ-ਵਿਗਿਆਨ ਸਿਰਜਿਆ ਜਾ ਰਿਹਾ ਹੈ ਅਤੇ ਪਰੰਪਕ ਗਿਆਨ ਵਿਗਿਆਨ ਦੀਆਂ ਸੀਮਾਵਾਂ ਦੀ, ਬਾਖੂਬੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ। ਅਜਿਹੀ ਸਥਿਤੀ ਵਿਚ ਪੀਠੇ ਨੂੰ ਮੁੜ ਮੁੜ ਪੀਹਣ ਨਾਲ, ਹੁਣ ਬਟਤੀ ਦੇਰ ਗੁਜ਼ਰ ਬਸਰ ਕਰਨ ਮੁਸ਼ਕਿਲ ਨਜ਼ਰ ਆ ਰਿਹਾ ਹੈ। ਲੋੜ ਹੈ ਨਾਮਧਾਰੀ ਲਹਿਰ ਨਾਲ ਜੁੜੇ ਤੱਥਾਂ (facts) ਅਤੇ ਘਟਨਾਵਾਂ ਨੂੰ ਵਿਸ਼ਵ ਵਿਆਪੀ ਸਿਰਜੇ ਜਾ ਰਹੇ ਗਿਆਨ ਦੇ ਮੁਹਾਵਰੇ ਵਿਚ ਡੀਕੋਡ ਕੀਤਾ ਜਾਵੇ ਤਾਂ ਜੋ ਭਾਰਤ ਦੀ ਜੰਗ-ਏ-ਆਜ਼ਾਦੀ ਲਈ ਇਸ ਲਹਿਰ ਵਲੋਂ ਵਿੱਢੇ ਗਏ ਸਮੁੱਚੇ ਸੰਘਰਸ਼ ਦਾ ਭਰਵਾਂ ਬਿੰਬ ਉਜਾਗਰ ਹੋ ਸਕੇ ਅਤੇ ਇਸ ਸੰਘਰਸ਼ ਦੀ

ਆਪਣੀ ਨਿਵੇਕਲੀ ਸਾਰਥਕਤਾ (significance) ਨੂੰ ਨਵੇਂ ਮੁਹਾਵਰੇ ਵਿਚ ਇੰਟਰਪ੍ਰੈਟ ਕੀਤਾ ਜਾ ਸਕੇ। ਮੇਰੀ ਜਾਚੇ, ਇਹ ਅਜੋਕੇ ਸਮੇਂ ਦੀ ਵੱਡੀ ਲੋੜ ਹੈ।

ਧਿਆਨ ਨਾਲ ਵੇਖਦਿਆਂ ਪਤਾ ਚਲਦਾ ਹੈ ਕਿ ਨਾਮਧਾਰੀ ਲਹਿਰ ਦੁਆਰਾ ਵਿੱਢੇ ਗਏ ਸੰਘਰਸ਼ ਦਾ ਇਤਿਹਾਸ, ਨੱਬੇ ਕੁ ਵਰ੍ਹਿਆਂ 'ਚ ਫੈਲਿਆ ਹੋਇਆ ਹੈ। ਭਾਵ, 1857 ਈ. ਤੋਂ 1947 ਈ. ਤੱਕ ਦੇ ਵਕਫੇ 'ਚ। ਨੱਬੇ ਕੁ ਵਰ੍ਹਿਆਂ ਦੇ ਇਸ ਇਤਿਹਾਸ ਨੂੰ ਜੇਕਰ ਬਹੁਤ ਹੀ ਸੰਖੇਪ ਰੂਪ ਵਿਚ ਪੇਸ਼ ਕਰਨਾ ਹੋਵੇ ਤਾਂ ਕਿਹਾ ਜਾਵੇਗਾ ਕਿ ਇਹ ਇਤਿਹਾਸ ਬਸਤੀਵਾਦ ਵਿਰੁੱਧ ਪ੍ਰਚੰਡ ਨਾਬਰੀ (defiance) ਦਾ ਪ੍ਰਵਚਨ ਹੈ। ਨਾਬਰੀ, ਅਰਬੀ-ਫਾਰਸੀ ਜ਼ੁਬਾਨਾ ਨਾਲ ਸੰਬੰਧਤ ਸ਼ਬਦ ਹੈ ਜਿਸ ਦੇ ਕੋਸ਼ਕ ਅਰਥ (dictionary, meaning) ਹਨ : ਅਵੱਗਿਆ, ਹੁਕਮ ਮੰਨਣ ਤੋਂ ਇਨਕਾਰ ਕਰਨਾ, ਅਸਵੀਕਰਨ, ਇਨਕਾਰ, ਅਪ੍ਰਵਾਨਗੀ, ਅਸਹਿਮਤੀ ਆਦਿ। 'ਪ੍ਰਵਚਨ' ਅੰਗਰੇਜ਼ੀ ਜ਼ੁਬਾਨ ਦੇ ਸ਼ਬਦ (Discourse) ਦਾ ਪੰਜਾਬੀ ਰੁਪਾਂਤਰ ਹੈ। 'ਪ੍ਰਵਚਨ' (ਡਿਸਕੋਰਸ) ਦੇ ਹੁਣ ਇਕ ਤੋਂ ਵੱਧ ਅਰਥ ਪ੍ਰਚਲਤ ਹਨ। 'ਪਾਠ' (Text) ਤੇ 'ਪ੍ਰਵਚਨ' (Discourse) ਨੂੰ ਲੈ ਕੇ, ਵਿਸ਼ਵ ਪੱਧਰ 'ਤੇ ਗਰਮ ਬਹਿਸ ਜਾਰੀ ਹੈ। ਮੋਟੇ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ 'ਪਾਠ', ਪ੍ਰਦੱਤ (available) ਹੁੰਦਾ ਹੈ ਅਤੇ 'ਪ੍ਰਵਚਨ' ਉਸਾਰਿਆ ਜਾਂ ਸਿਰਜਿਆ ਜਾਂਦਾ ਹੈ। ਮਸਲਨ, 'ਪ੍ਰਭੂ ਦੇ ਨਾਮ' ਉਪਰ ਪ੍ਰਵਚਨ ਦੇਣ ਲਈ, ਪ੍ਰਵਚਨ ਕਰਤਾ, ਭਿੰਨ ਭਿੰਨ ਸਰੋਤਾਂ ਤੋਂ ਸਾਮੱਗਰੀ ਹਾਸਿਲ ਕਰਕੇ ਆਪਣੇ ਪ੍ਰਵਚਨ ਨੂੰ ਸਿਰਜਦਾ ਹੈ। ਕਿਸੇ 'ਪਾਠ' ਵਿਚਲੀਆਂ 'ਖਾਮੋਸ਼ੀਆਂ' ਜਾਂ 'ਚੁੱਪਾਂ' (silances) ਨੂੰ ਬੋਲ ਪ੍ਰਦਾਨ ਕਰਨ ਵਿਚ ਵੀ, ਪ੍ਰਵਚਨ ਦੀ ਅਹਿਮ ਭੂਮਿਕਾ ਮੰਨੀ ਜਾਂਦੀ ਹੈ। ਖ਼ੈਰ ! ਯਾਦ ਰਹੇ ਕਿ ਨਾਮਧਾਰੀ ਲਹਿਰ ਦੇ ਇਤਿਹਾਸ ਦੇ ਪ੍ਰਭਾਵ, ਇਨ੍ਹਾਂ ਨੱਬੇ ਵਰ੍ਹਿਆਂ (1857 ਈ. ਤੋਂ 1947 ਈ.) ਤੱਕ ਹੀ ਸੀਮਿਤ ਮਹਿਦੂਦ ਨਹੀਂ, ਸਗੋਂ ਇਨ੍ਹਾਂ ਤੋਂ ਮਗਰਲੇ ਸਮਿਆਂ ਵਿਚ ਵੀ ਪ੍ਰਚੰਡ ਵਿਖਾਈ ਦਿੰਦੇ ਹਨ। ਮੌਜੂਦਾ ਨਾਮਧਾਰੀ ਭਾਈਚਾਰੇ ਦੀ ਹੋਂਦ, ਇਸ ਵਿਚਾਰ ਦੀ ਪੁਸ਼ਟੀ ਲਈ ਵੱਡਾ ਸਬੂਤ ਹੈ। ਸੰਨ 2007 ਦੇ ਦੌਰਾਨ ਇਸ ਭਾਈਚਾਰੇ ਨੇ ਆਪਣੇ ਇਤਿਹਾਸ ਦੀ ਸਿਰਜਣਾ 150 ਵਰ੍ਹੇ ਪੂਰੇ ਕੀਤੇ ਹਨ। ਇਸ ਸ਼ੁਭ ਅਵਸਰ ਤੇ ਪ੍ਰੋ. ਤਾਰਾ ਸਿੰਘ ਅਨਜਾਣ ਹੋਰਾਂ ਦੀ ਪੁਸਤਕ 'ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ' ਸਾਮਣੇ ਆਈ, ਜਿਸ ਨੂੰ ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਣ ਮੰਤਰਾਲਾ ਭਾਰਤ ਸਰਕਾਰ, ਨਵੀਂ ਦਿੱਲੀ ਨੇ ਪ੍ਰਕਾਸ਼ਤ ਕੀਤਾ ਹੈ।

ਪੁਸਤਕ ਦੇ ਸਰਵਰਕ ਉਪਰ ਦਰਜ਼ ਇਹ ਟਿੱਪਣੀ ਇਥੇ ਵਿਸ਼ੇਸ਼ ਤੌਰ 'ਤੇ ਵਰਣਯੋਗ ਹੈ :

"ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ, ਪਰੰਪਰਾਗਤ ਜੀਵਨ-ਮੁੱਲਾਂ ਅਤੇ ਸਮਾਜਕ ਕਦਰਾਂ-ਕੀਮਤਾਂ ਬਾਰੇ ਆਮ ਲੋਕਾਂ ਵਿਚ ਆਸਥਾ ਪੈਦਾ ਕਰਨ ਲਈ, 12 ਅਪ੍ਰੈਲ 1857 ਈ. ਨੂੰ ਨਾਮਧਾਰੀ ਪੰਥ (ਕੂਕਾ ਜਥੇਬੰਦੀ) ਦੀ ਸਾਜਣਾ ਕੀਤੀ। ਉਨ੍ਹਾਂ ਅੰਗਰੇਜ਼ ਹਾਕਮਾਂ ਖਿਲਾਫ ਨਾ-ਮਿਲਵਰਤਨ ਨੂੰ ਰਾਜਨੀਤਕ ਹਥਿਆਰ ਵਜੋਂ ਅਪਣਾਉਣ ਵਿਚ ਪਹਿਲ ਕੀਤੀ। ਕੂਕਾ ਲਹਿਰ ਨੇ ਭਾਰਤ ਆਜ਼ਾਦ ਹੋਣ ਤੱਕ ਹਰ ਕੁਰਬਾਨੀ ਦਿੱਤੀ ਅਤੇ ਆਜ਼ਾਦੀ ਤੋਂ ਬਾਅਦ, ਇਹ ਦੇਸ਼ ਦੇ ਵਿਕਾਸ ਵਿਚ ਜੁੱਟ ਗਈ। 'ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ' ਵਿਚ ਇਹਨਾਂ ਸਿਰਲੱਥ ਸੂਰਿਆਂ ਦਾ ਇਤਿਹਾਸ, ਪ੍ਰਮਾਣਿਕ ਹਵਾਲਿਆਂ ਨਾਲ ਬੜੇ ਸਜੀਵ ਰੂਪ ਵਿਚ ਪੇਸ਼ ਹੈ। ਕੂਕਾ ਜਥੇਬੰਦੀ ਦੀ ਸਾਜਣਾ ਦੇ 150 ਸਾਲ ਪੂਰੇ ਹੋਣ ਉਤੇ ਇਹ ਮਹੱਤਵਪੂਰਨ ਰਚਨਾ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।"

ਇਸ ਸੰਕਲਪਸ਼ੀਲ ਟਿੱਪਣੀ ਦੇ ਨਾਲ ਅੰਕਿਤ ਇਹ ਬਹੁ-ਰੰਗੀ ਤਸਵੀਰ 'ਚ ਸਿਰਲੱਥ ਸੂਰੇ ਅੰਮ੍ਰਿਤਸਰ ਵਿਖੇ ਸ਼ਹੀਦੀਆਂ ਪ੍ਰਾਪਤ ਕਰਦੇ ਹੋਏ ਵਿਖਾਏ ਗਏ ਹਨ। ਇਸ ਤੋਂ ਛੁਟ ਪੁਸਤਕ ਅੰਦਰ ਦਰਜ਼ ਕੁਝ ਹੋਰ ਤਸਵੀਰਾਂ ਵੀ, ਪੁਸਤਕ ਵਿਚ ਸ਼ਾਮਿਲ ਵੇਰਵਿਆਂ ਦੇ ਭਰਵੇਂ ਬਿੰਬ ਸਿਰਜਣ ਵਿਚ ਸਹਾਇਕ ਸਾਬਿਤ ਹੁੰਦੀਆਂ ਹਨ। ਨਾਮਧਾਰੀ ਲਹਿਰ ਦੇ ਮੁਢਲੇ ਨੱਬੇ ਵਰ੍ਹਿਆਂ ਦੇ ਇਤਿਹਾਸ ਨਾਲ ਸੰਬਧਤ ਇਹ ਸਾਰੇ ਵੇਰਵੇ, ਇਸ ਪੁਸਤਕ ਦੇ ਉਨ੍ਹਾਂ ਸੋਲ੍ਹਾਂ ਲੇਖਾਂ ਵਿਚ ਭਰਪੂਰ ਚਰਚਾ ਦਾ ਵਿਸ਼ਾ ਬਣੇ ਹਨ, ਜਿਨ੍ਹਾਂ ਦੇ ਸਿਰਲੇਖ ਇਸ ਪ੍ਰਕਾਰ ਹਨ : ਪੂਰਵ ਪ੍ਰਸਥਿਤੀਆਂ, ਕੂਕਾ ਜਥੇਬੰਦੀ, ਕੂਕਾ ਲਹਿਰ ਦਾ ਪ੍ਰਚਾਰ, ਇਸਤਰੀਆਂ ਦਾ ਮਾਣ ਵਧਾਇਆ, ਸਤਿਗੁਰੂ ਜੀ ਦੀ ਨਜ਼ਰਬੰਦੀ, ਉਚੇਰੀਆਂ ਉਡਾਨਾ ਲਈ ਪਰ ਤੋਲੇ, ਸ਼ਿਕਾਇਤਾਂ ਤੇ ਨਿਗਰਾਨੀ, ਕੂਕੇ ਤੇ ਕੌਮਾਂਤਰੀ ਸਾਂਝਾਂ, ਗਊਅਨ ਕੇ ਰਖਵਾਰੇ, ਸਾਕਾ ਮਲੇਰਕੋਟਲਾ, ਜਲਾਵਤਨੀ ਤੇ ਕੂਕੇ ਉੱਤੇ ਤਸ਼ੱਦਦ, ਚਾਨਣ ਨੇ ਵੇਹੜਾ ਰੁਸ਼ਨਾਇਆ, ਜੰਗ ਜਾਰੀ ਰਹੀ, ਕਾਫਲਾ ਵਧਦਾ ਗਿਆ, ਮੰਜ਼ਿਲ ਦੇ ਹੋਰ ਨੇੜੇ, ਇਕ ਉਦੇਸ਼-ਆਜ਼ਾਦ ਦੇਸ਼। ਇਹ ਸਾਰੇ ਵੇਰਵੇ, ਇਸ ਵਕਤ ਪਬਲਿਕ ਡੋਮੇਨ ਵਿਚ ਕਈ ਤਰ੍ਹਾਂ ਨਾਲ ਮੌਜੂਦ ਹਨ। ਨਾਮਧਾਰੀ ਭਾਈਚਾਰੇ ਲਈ ਇਹ ਵੇਰਵੇ ਬੁਨਿਆਦੀ ਪ੍ਰੇਰਨਾ ਦਾ ਸਰੋਤ ਮੰਨੇ ਜਾਂਦੇ ਹਨ। ਇਥੇ ਇਹ ਬਸ ਨਹੀਂ, ਇਹ ਵੇਰਵੇ ਸਾਡਾ ਕੌਮੀ ਸਰਮਾਇਆ ਵੀ ਹਨ। ਸਿਰਫ ਸਮੁੱਚਾ ਸਿੱਖ ਭਾਈਚਾਰਾ ਹੀ ਨਹੀਂ, ਸਾਰਾ ਦੇਸ਼ ਇਹਨਾਂ ਵੇਰਵਿਆਂ ਉਪਰ ਮਾਣ ਕਰਦਾ ਨਹੀਂ ਥਕਦਾ। ਇਸ ਵਿਚਾਰ ਦੀ ਪੁਸ਼ਟੀ ਦੇਸ਼ ਦੀ ਆਜ਼ਾਦੀ ਦੇ ਘੁਲਾਟੀਏ ਸੋਹਣ ਸਿੰਘ ਭਕਨਾ ਦੇ ਉਸ ਕਥਨ ਤੋਂ ਸਹਿਜੇ ਹੀ ਹੋ ਜਾਂਦੀ ਹੈ, ਜਿਸ ਮੁਤਾਬਕ 'ਨਾਮਧਾਰੀਆਂ ਦੀਆਂ ਆਜ਼ਾਦੀ ਲਈ ਕੀਤੀਆਂ

ਕੁਰਬਾਨੀਆਂ ਤੱਕੜੀ ਤੇ ਇਕ ਪਲੜੇ ਵਿਚ ਪਾਈਆਂ ਜਾਣ ਅਤੇ ਬਾਕੀ ਹਿੰਦੁਸਤਾਨ ਦੀਆਂ ਦੂਜੇ ਵਿਚ ਜੇ ਇਹ ਭਾਰੀਆਂ ਨਾ ਹੋਈਆਂ ਤਾਂ ਘੱਟ ਵੀ ਨਾ ਹੋਣਗੀਆਂ।"

ਇਸ ਟਿਪਣੀ ਵਿਚ ਅਤਿ ਕਥਨੀ ਵਾਲੀ ਕੋਈ ਗਲ ਨਹੀਂ, ਕਿਉਂਕਿ, ਬੀਤ ਚੁਕੀ ਵੀਹਵੀਂ ਸਦੀ ਦੇ ਪਿਛਲੇ ਅੱਧ ਦੌਰਾਨ, ਸੰਨ 1857 ਦੇ ਵਿਦਰੋਹ ਤੋਂ ਛੁੱਟ, ਕੋਈ ਵੀ ਲਹਿਰ, ਸਿੱਧੇ ਤੇ ਸਪਸ਼ਟ ਰੂਪ ਵਿਚ ਅੰਗਰੇਜ਼ੀ ਹਕੂਮਤ ਨਾਲ ਲੋਹਾ ਲੈਣ ਲਈ ਸਾਮ੍ਹਣੇ ਨਹੀਂ ਆਈ। ਪ੍ਰੋ. ਅਨਜਾਣ ਦੇ ਇਸ ਵਿਚਾਰ ਨਾਲ ਅਸੀਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ 'ਧਰਮਿਕ ਤੇ ਸਮਾਜਕ ਮੁੱਦਿਆਂ ਨੂੰ ਲੈ ਕੇ ਬ੍ਰਹਮੋ ਸਮਾਜ, ਪ੍ਰਾਰਥਨਾ ਸਭਾ, ਰਾਮ ਕ੍ਰਿਸ਼ਨ ਮਿਸ਼ਨ, ਥਿਓਸੋਫ਼ੀਕਲ ਮਿਸ਼ਨ, ਰਾਧਾਸੁਆਮੀ, ਨਿਰੰਕਾਰੀ ਆਦਿ ਲਹਿਰਾਂ ਚਲੀਆਂ, ਪਰ ਇਹਨਾਂ ਵਿਚੋਂ ਕਿਸੇ ਵੀ ਲਹਿਰ ਨੇ ਅੰਗਰੇਜ਼ੀ ਹਕੂਮਤ ਦੇ ਖਿਲਾਫ ਝੰਡਾ ਬੁਲੰਦ ਨਹੀਂ ਕੀਤਾ। ਹਾਂ! ਮੁਸਲਮਾਨਾਂ ਦੀ ਵਹਾਬੀ ਜਮਾਤ ਜ਼ਰੂਰ ਪਹਿਲਾਂ ਸਿੱਖਾਂ ਦੇ ਖਿਲਾਫ ਅਤੇ ਮਗਰੋਂ ਅੰਗਰੇਜ਼ੀ ਹਕੂਮਤ ਦੇ ਵਿਰੋਧ ਵਿਚ ਲਾਮਬੰਦ ਹੋਈ। ਪਰ ਇਸ ਦਾ ਪ੍ਰਭਾਵ ਕੂਕਾ ਲਹਿਰ ਜਿਤਨਾ ਪ੍ਰਚੰਡ ਨਹੀਂ ਸੀ। ਨਾ-ਮਿਲਵਰਤਨ, ਸਵਦੇਸੀ ਵਸਤਾਂ ਦੀ ਵਰਤੋਂ ਅਤੇ ਅਹਿੰਸਾ ਨਾਮਧਾਰੀ ਲਹਿਰ ਦੇ ਅਜੇਹੇ ਰਾਜਨੀਤਕ ਹਥਿਆਰ ਸਨ ਜਿਨ੍ਹਾਂ ਸਦਕਾ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਤਕ ਉਖੜ ਗਈਆਂ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਪ੍ਰਕਾਸ਼ਤ 'ਸਾਹਿਤ ਕੋਸ਼' (ਪਰਿਭਾਸ਼ਿਕ ਸ਼ਬਦਾਵਲੀ) ਦੇ 'ਨਾਮਧਾਰੀ ਸੰਪ੍ਰਦਾਇ' ਇੰਦਰਾਜ ਵਿਚ ਇਸ ਦਾ ਜ਼ਿਕਰ ਇੰਝ ਹੋਇਆ ਹੈ :

"ਇਸ ਦੇ ਨਾਲ ਹੀ ਅੰਗਰੇਜ਼ ਹਾਕਮਾਂ ਤੋਂ ਮਾਤ-ਭੂਮੀ ਨੂੰ ਆਜ਼ਾਦ ਕਰਾਉਣ ਲਈ ਹਰੇਕ ਨਾਮਧਾਰੀ ਲਈ ਹੇਠ ਲਿਖੇ ਨਿਯਮਾਂ 'ਤੇ ਚਲਣ ਦੀ ਹਦਾਇਤ ਵੀ ਕੀਤੀ- ਅੰਗ੍ਰੇਜ਼ ਦੇ ਕਾਨੂੰਨ ਦੀ ਥਾਂ ਪੁਰਾਣੇ ਅਸੂਲਾਂ ਦੀ ਥਾਂ ਪੰਚਾਇਤਾਂ ਵਿਚ ਨਿਬੇੜੋ, ਅੰਗ੍ਰੇਜ਼ ਵਲੋਂ ਖੋਲੇ ਸਕੂਲਾਂ ਦੀ ਥਾਂ ਬੱਚਿਆਂ ਨੂੰ ਦੇਸੀ ਪਾਠਸ਼ਾਲਾ ਵਿਚ ਪੜ੍ਹਾਓ, ਸੁਦੇਸੀ (ਖੱਦਰ) ਪਹਿਨੋ, ਰੇਲ ਜਾਂ ਡਾਕਖਾਨੇ ਦੀ ਥਾਂ ਆਪਣੇ ਵਸੀਲੇ ਰੱਥ, ਬੈਲਗੱਡੀ, ਘੋੜੇ ਜਾਂ ਊਠ ਦੀ ਵਰਤੋਂ ਕਰੋ। ਗੱਲ ਕੀ, ਅੰਗਰੇਜ਼ ਹਕੂਮਤ ਨਾਲ ਨਾ-ਮਿਲਵਰਤਨ ਕਰੋ।" (ਪੰਨਾ 642)

ਜ਼ਿਕਰਯੋਗ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਵਿਕਸਿਤ ਕੀਤੇ, ਕੁਝ ਇਨ੍ਹਾਂ 'ਸੂਝ ਮਾਡਲਾਂ' ਨੂੰ ਸ਼ਿਦਤ ਨਾਲ ਅਪਣਾਉਂਦਿਆਂ ਵੀਹਵੀਂ ਸਦੀ ਦੇ ਦੂਜੇ ਕੁ ਦਹਾਕੇ (ਸੰਨ 1920) ਦੇ ਆਸਪਾਸ ਮਹਾਤਮਾ ਗਾਂਧੀ ਜੀ ਨੇ ਅੰਗਰੇਜ਼ੀ ਹਕੂਮਤ ਦੇ ਖਿਲਾਫ ਆਪਣਾ ਅਸਹਿਯੋਗ ਅੰਦੋਲਨ ਆਰੰਭ ਕੀਤਾ। ਇਸ ਇਤਿਹਾਸਕ ਸਚਾਈ ਤੋਂ ਸਹਿਜੇ ਕੀਤਿਆਂ ਕੋਈ ਵੀ ਮੁਨਕਰ ਨੀਹੀਂ ਹੋ ਸਕਦਾ ਕਿ ਗਾਂਧੀ ਜੀ ਦਾ 'ਅਸਹਿਯੋਗ ਅੰਦੋਲਨ', 'ਸੁਦੇਸੀਵਾਦ', ਅਤੇ 'ਅਹਿੰਸਾ ਦਾ ਮਾਰਗ', ਬੁਨਿਆਦੀ ਤੌਰ ਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਿਕਸਿਤ ਕੀਤੇ 'ਸੂਝ ਮਾਡਲਾਂ' ਤੋਂ ਪੂਰੀ ਤਰ੍ਹਾਂ ਪ੍ਰੇਰਿਤ ਤੇ ਪ੍ਰਭਾਵਿਤ ਸੀ। ਇਸ ਸਚਾਈ ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ, ਸੁਭਾਸ ਚੰਦਰ ਬੋਸ, ਬਾਬੂ ਰਜਿੰਦਰ ਪ੍ਰਸ਼ਾਦ ਅਤੇ ਅਜਿਹੇ ਕਈ ਪ੍ਰਤੀਨਿਧ ਹੋਰ ਸਿਆਸੀ ਆਗੂਆਂ ਨੇ ਵੀ ਸਵੀਕਾਰ ਕੀਤਾ। ਇਹ ਗੱਲ ਵੱਖਰੀ ਹੈ ਕਿ ਜਦੋਂ ਇਤਿਹਾਸਕਾਰਾਂ ਨੇ ਭਾਰਤ ਦੀ ਜੰਗੇ-ਏ-ਆਜ਼ਾਦੀ ਦਾ ਇਤਿਹਾਸ ਲਿਖਿਆ ਤਾਂ ਇਸ ਵਿਚ ਨਾਮਧਾਰੀ ਲਹਿਰ ਦੇ ਲਾਸਾਨੀ ਸੰਘਰਸ਼ ਨੂੰ ਉਹ ਸਪੇਸ ਮੁਹੱਈਆ ਨਾ ਕੀਤੀ ਗਈ, ਜਿਸ ਦੀ ਕਿ ਉਹ ਹੱਕਦਾਰ ਸੀ। ਇਸ ਸਬੰਧ ਵਿਚ ਡਾ. ਹਰਿਭਜਨ ਸਿੰਘ ਹੁਰਾਂ ਦਾ ਇਹ ਕਹਿਣਾ ਦਰੁੱਸਤ ਹੈ ਕਿ "ਇਤਿਹਾਸਕ ਕਾਲਕ੍ਰਮ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਖੁਦ ਕਾਂਗਰਸ, ਨਾਮਧਾਰੀ ਲਹਿਰ ਵਿਚ ਸ਼ਾਮਿਲ ਹੋਈ ਜਾਪਦੀ ਹੈ।" ਜਦੋਂ ਕਿ ਪ੍ਰਚਲਤ ਇਤਿਹਾਸਾਂ 'ਚ ਇਸ ਸੰਬੰਧੀ ਵਧੇਰੇ ਕਰਕੇ, ਕਾਂਗਰਸ ਦੇ ਰੋਲ ਨੂੰ ਪ੍ਰਾਥਮਿਕਤਾ ਦਿੱਤੀ ਗਈ ਹੈ। ਇਹ ਮਸਲਾ ਇਤਿਹਾਸਕਾਰਾਂ ਕੋਲੋਂ ਲੋੜੀਂਦੇ ਨਿਆਂ ਦੀ ਮੰਗ ਕਰਦਾ ਹੈ।

ਇਸ ਸਚਾਈ ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ, ਸੁਭਾਸ ਚੰਦਰ ਬੋਸ, ਬਾਬੂ ਰਜਿੰਦਰ ਪ੍ਰਸ਼ਾਦ ਅਤੇ ਅਜਿਹੇ ਕਈ ਪ੍ਰਤੀਨਿਧ ਹੋਰ ਸਿਆਸੀ ਆਗੂਆਂ ਨੇ ਵੀ ਸਵੀਕਾਰ ਕੀਤਾ। ਇਹ ਗੱਲ ਵੱਖਰੀ ਹੈ ਕਿ ਜਦੋਂ ਇਤਿਹਾਸਕਾਰਾਂ ਨੇ ਭਾਰਤ ਦੀ ਜੰਗੇ-ਏ-ਆਜ਼ਾਦੀ ਦਾ ਇਤਿਹਾਸ ਲਿਖਿਆ ਤਾਂ ਇਸ ਵਿਚ ਨਾਮਧਾਰੀ ਲਹਿਰ ਦੇ ਲਾਸਾਨੀ ਸੰਘਰਸ਼ ਨੂੰ ਉਹ ਸਪੇਸ ਮੁਹੱਈਆ ਨਾ ਕੀਤੀ ਗਈ, ਜਿਸ ਦੀ ਕਿ ਉਹ ਹੱਕਦਾਰ ਸੀ।

ਖੈਰ ! ਲੇਖ ਦਾ ਆਰੰਭ ਵਿਚ ਅਸੀਂ ਨਾਮਧਾਰੀ ਲਹਿਰ ਦੇ ਇਤਿਹਾਸ ਨੂੰ, ਬਸਤੀਵਾਦ ਵਿਰੁੱਧ ਪ੍ਰਚੰਡ ਨਾਬਰੀ ਪ੍ਰਵਚਨ ਵਜੋਂ ਗ੍ਰਹਿਣ ਕੀਤਾ ਸੀ। ਅੰਗਰੇਜ਼ੀ ਹਕੂਮਤ

ਪ੍ਰਤੀ ਨਾਮਧਾਰੀਆਂ ਦਾ ਨਾਬਰੀ ਭਰਿਆ ਇਹ ਰਵੱਈਆ, ਨਾ-ਮਿਲਵਰਤਨ, ਸੁਦੇਸੀਵਾਦ ਅਤੇ ਅਹਿੰਸਾ ਦੇ ਮਾਰਗ ਰਾਹੀਂ ਪ੍ਰਗਟ ਹੁੰਦਾ ਹੈ। ਜ਼ਿਕਰਯੋਗ ਹੈ ਕਿ ਨਾਮਧਾਰੀ ਲਹਿਰ ਦੇ ਅਜੇਹੇ ਰਵੱਈਏ ਵਿਚ, ਅੰਗਰੇਜ਼ੀ ਸਾਮਰਾਜ ਦੇ ਹੁਕਮਾਂ ਪ੍ਰਤੀ ਅਵੱਗਿਆ, ਅਸਹਿਮਤੀ, ਅਸਵੀਕਰਨ, ਇਨਕਾਰ, ਅਪ੍ਰਵਾਨਗੀ ਦੇ ਪ੍ਰਸਤਾਵ ਸ਼ਾਮਿਲ ਸਨ। ਨਾਮਧਾਰੀਆਂ ਦੇ ਇਹ ਬਗਾਵਤੀ ਸੁਰ, ਸਿਰਫ ਅੰਗਰੇਜ਼ੀ ਹਕੂਮਤ ਦੇ ਭਾਰਤੀਆਂ ਉਪਰ ਢਾਏ ਜ਼ੁਲਮ / ਤਸ਼ਦਦ ਦੇ ਹੀ ਵਿਰੁੱਧ ਨਹੀਂ, ਸਗੋਂ ਇਹ ਤਾਂ, ਅੰਗਰੇਜ਼ੀ ਸਾਮਰਾਜ ਦੀ ਸਮੁੱਚੀ 'ਬਸਤੀਵਾਦ ਸੋਚ' ਉਪਰ ਪ੍ਰਸ਼ਨ ਚਿੰਨ੍ਹ ਲਾਉਂਦੇ ਨਜ਼ਰ ਆਉਂਦੇ ਹਨ। ਬਸਤੀਵਾਦ ਅੰਗਰੇਜ਼ਾਂ ਦਾ ਹੋਵੇ ਜਾਂ ਫਰਾਂਸੀਸੀਆਂ ਦਾ ਅਤੇ ਜਾਂ ਫਿਰ ਪੁਰਤਗਾਲੀਆਂ ਦਾ, ਬਸਤੀਵਾਦ ਤਾਂ ਬਸਤੀਵਾਦ ਹੀ ਹੁੰਦਾ ਹੈ। ਇਥੋਂ ਤਕ ਵੀ ਨਵ-ਬਸਤੀਵਾਦ ਵੀ, 'ਬਸਤੀਵਾਦ' ਦਾ ਬਦਲਿਆ ਰੂਪ ਹੁੰਦਾ ਹੈ। ਫਰਕ ਸਿਰਫ਼ ਸ਼ੋਸ਼ਣ 'ਦਮਨ' ਤੇ 'ਗੁਲਾਮ' ਬਣਾਉਣ ਦੇ ਤਰੀਕਿਆਂ ਵਿਚ ਹੁੰਦਾ ਹੈ। ਜਿਵੇਂ ਕਿ ਪਹਿਲਾਂ ਵੀ ਸੰਕੇਤ ਮਾਤਰ ਜ਼ਿਕਰ ਕੀਤਾ ਗਿਆ ਹੈ ਕਿ 'ਬਸਤੀਵਾਦ' ਮੂਲ ਰੂਪ ਵਿਚ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਦਾ ਪੰਜਾਬੀ ਰੂਪਾਂਤਰ/ਤਰਜਮਾ ਹੈ। ਆਪਣੀ ਸਮੀਖਿਆ ਪੁਸਤਕ 'ਪੂਰਬਵਾਦ' : ਸਿਧਾਂਤ ਤੇ ਵਿਹਾਰ' (2010) 'ਚ ਉਤਰਬਸਤੀਵਾਦ ਚਿੰਤਨ ਅਤੇ ਪੂਰਬਵਾਦ ਦੇ ਆਪਸੀ ਸੰਬੰਧਾਂ ਉਪਰ ਚਰਚਾ ਕਰਦਿਆਂ ਡਾ. ਯਾਦਵਿੰਦਰ ਸਿੰਘ ਨੇ ਭਿੰਨ ਭਿੰਨ ਹਵਾਲਿਆਂ ਨਾਲ ਸਪਸ਼ਟ ਕੀਤਾ ਹੈ ਕਿ 'Colonialism' ਬੁਨਿਆਦੀ ਤੌਰ ਤੇ ਰੋਮਨ ਭਾਸ਼ਾ ਦੇ ਸ਼ਬਦ 'Colonia' ਤੋਂ ਵਿਕਸਿਤ ਹੋਇਆ ਹੈ, ਜਿਸ ਦੇ ਅਰਥ ਹਨ : ਖੇਤ ਜਾਂ ਬਸਤੀਵਾਦ ਵਸਾਉਣਾ। ਸ਼ੁਰੂ ਸ਼ੁਰੂ ਵਿਚ ਇਹ ਸ਼ਬਦ ਉਹਨਾਂ ਰੋਮਨ ਨਿਵਾਸੀਆਂ ਲਈ ਵਰਤਿਆ ਜਾਂਦਾ ਸੀ ਜੋ ਆਪਣੀ ਰੋਮਨ ਨਾਗਰਿਕਤਾ ਨੂੰ ਤਿਆਗੇ ਬਿਨਾਂ ਦੂਜੇ ਮੁਲਕਾਂ ਵਿਚ ਜਾ ਵਸੇ ਸਨ। ਪਰੰਪਰਕ ਅਰਥਾਂ ਵਿਚ ਬਸਤੀਵਾਦ ਨੂੰ, ਬਸਤੀਵਾਦੀਆਂ (ਬਸਤੀ ਵਸਾਉਣ ਵਾਲਿਆਂ) ਦੇ ਨੁਕਤਾ-ਏ-ਨਿਗਾਹ ਤੋਂ ਪਰਿਭਾਸ਼ਤ ਕੀਤਾ ਜਾਂਦਾ ਰਿਹਾ ਹੈ। ਨਤੀਜਨ ਇਸ ਚੋਂ ਮੂਲ ਨਿਵਾਸੀਆਂ ਦੇ ਹਿਤ ਅਣਗੌਲੇ ਰਹਿ ਜਾਂਦੇ ਹਨ। ਨਵ ਚਿੰਤਨ ਦੇ ਅੰਤਰਗਤ 'ਬਸਤੀਵਾਦ' ਨੂੰ ਉਹਨਾਂ ਮੂਲ ਨਿਵਾਸੀਆਂ ਦੀ ਦ੍ਰਿਸ਼ਟੀ ਤੋਂ ਨਿਰਖਣ-ਪਰਖਣ ਦੇ ਯਤਨ ਹੋਏ ਹਨ। ਇਸ ਪੱਖੋਂ 'ਪੂਰਬਵਾਦ' ਉਪਰ ਵਿਸ਼ਵ ਪੱਧਰ 'ਤੇ ਛਿੜੀ ਬਹਿਸ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ ਇਸ ਸੰਬੰਧ ਵਿਚ ਇਹ ਆਲੋਚਨਾਤਮਕ-ਟਿੱਪਣੀ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹੈ :

"ਜਿਥੇ ਵੀ ਬਸਤੀਵਾਦ ਪਣਪਦਾ ਹੈ ਉਥੇ ਜੰਗ ਨਸਲਕੁਸ਼ੀ ਸਮਝੌਤਾ, ਗੁਲਾਮੀ ਅਤੇ ਪ੍ਰਤੀਰੋਧ ਦੇ ਪ੍ਰਵਚਨ ਰਾਹੀਂ, ਸਰੂਪ ਗ੍ਰਹਿਣ ਕਰਦਾ ਹੈ। ਇਸ ਤਰਾਂ ਬਸਤੀਵਾਦ ਨੂੰ ਇਕ ਥਾਂ ਦੇ ਲੋਕਾਂ ਵਲੋਂ, ਦੂਜੀ ਥਾਂ ਦੇ ਲੋਕਾਂ ਦੀਆਂ ਜ਼ਮੀਨਾਂ ਅਤੇ ਵਸਤਾਂ ਉਤੇ ਕਾਬਜ਼ ਹੋਣ ਦੀ ਪ੍ਰਕਿਰਿਆ ਵਜੋਂ ਸਮਝਿਆ ਜਾ ਸਕਦਾ ਹੈ। ਜੇਕਰ ਬਸਤੀਵਾਦ ਦੇ ਇਤਿਹਾਸ ਉਤੇ ਨਜ਼ਰਸਾਨੀ ਕੀਤੀ ਜਾਵੇ ਤਾਂ ਇਸ ਦਾ ਪਿਛੋਕੜ ਆਦਿਕਾਲੀਨ ਇਤਿਹਾਸ ਤੋਂ ਹੀ ਖੋਜਿਆ ਜਾ ਸਕਦਾ ਹੈ। ਦੂਜੀ ਸਦੀ ਵਿਚ ਰੋਮਨ ਸਾਮਰਾਜ ਅਰਮੀਨੀਆ ਤੋਂ ਐਟਲਾਂਟਿਕ ਤੱਕ ਫੈਲਿਆ ਸੀ। ਚੰਗੇਜ਼ ਖਾਂ ਨੇ ਤੇਰ੍ਹਵੀਂ ਸਦੀ ਵਿਚ ਮੱਧ ਏਸ਼ੀਆ ਅਤੇ ਚੀਨ ਨੂੰ ਆਪਣੀ ਬਸਤੀ ਬਣਾਇਆ। ਇਸੇ ਤਰ੍ਹਾਂ ਦਖਣੀ ਭਾਰਤ ਵਿਚ ਪੰਦਰ੍ਹਵੀਂ ਸਦੀ ਦੌਰਾਨ ਵਿਜੇ ਨਗਰ ਸਾਮਰਾਜ ਨੇ ਆਪਣੇ ਬਸਤੀਵਾਦ ਪ੍ਰੋਜੈਕਟ ਦਾ ਵਿਸਥਾਰ ਕੀਤਾ।

('ਪੂਰਬਵਾਦ : ਸਿਧਾਂਤ ਅਤੇ ਵਿਹਾਰ' ਪੰਨਾਂ 11)

ਇਥੋਂ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸੋਲ੍ਹਵੀਂ ਸਦੀ ਦੇ ਦੌਰਾਨ ਯੂਰਪੀ ਤਾਕਤਾਂ ਨੇ ਬਸਤੀਵਾਦ ਨੂੰ ਨਵਾਂ ਵਿਧੀ ਵਿਧਾਨ ਮੁਹੱਈਆ ਕੀਤਾ। ਇਸ ਬਸਤੀਵਾਦ ਨੇ ਪਹਿਲੀ ਵੇਰਾਂ ਦੁਨੀਆਂ ਦੇ ਵੱਖ ਵੱਖ ਹਿੱਸਿਆ ਨੂੰ ਇਕ ਇਕਾਈ ਵਿਚ ਬੰਨ੍ਹਣ ਦਾ ਉਪਰਾਲਾ ਕੀਤਾ ਜੋ ਆਪ ਪੂਰੀ ਤਰ੍ਹਾਂ ਪੂੰਜੀਵਾਦ ਵਿਵਸਥਾ ਉਪਰ ਆਧਾਰਤ ਸੀ। ਇਉਂ 'ਬਸਤੀਵਾਦ' 'ਸਾਮਰਾਜਵਾਦ' ਤੇ 'ਪੂੰਜੀਵਾਦ' ਦੇ ਆਪਸੀ ਸੰਬੰਧਾਂ ਨੂੰ ਲੈ ਕੇ ਵਿਸ਼ਵ ਪੱਧਰ ਤੇ ਵੱਡੀ ਬਹਿਸ ਛਿੜੀ। ਲੈਨਿਨ ਨੇ ਆਪਣੀ ਪੁਸਤਕ Imperialism : The Highest Stage of Capitalism ਵਿਚ ਸਾਮਰਾਜ

"ਜਿਥੇ ਵੀ ਬਸਤੀਵਾਦ ਪਣਪਦਾ ਹੈ ਉਥੇ ਜੰਗ ਨਸਲਕੁਸ਼ੀ ਸਮਝੌਤਾ, ਗੁਲਾਮੀ ਅਤੇ ਪ੍ਰਤੀਰੋਧ ਦੇ ਪ੍ਰਵਚਨ ਰਾਹੀਂ, ਸਰੂਪ ਗ੍ਰਹਿਣ ਕਰਦਾ ਹੈ। ਇਸ ਤਰਾਂ ਬਸਤੀਵਾਦ ਨੂੰ ਇਕ ਥਾਂ ਦੇ ਲੋਕਾਂ ਵਲੋਂ, ਦੂਜੀ ਥਾਂ ਦੇ ਲੋਕਾਂ ਦੀਆਂ ਜ਼ਮੀਨਾਂ ਅਤੇ ਵਸਤਾਂ ਉਤੇ ਕਾਬਜ਼ ਹੋਣ ਦੀ ਪ੍ਰਕਿਰਿਆ ਵਜੋਂ ਸਮਝਿਆ ਜਾ ਸਕਦਾ ਹੈ।

ਨੂੰ ਪੂੰਜੀਵਾਦ ਦੀ ਸਭ ਤੋਂ ਉਚੇਰੀ ਪੱਧਰ ਸਾਬਿਤ ਕੀਤਾ। ਜ਼ਿਕਰਯੋਗ ਹੈ ਕਿ ਵੀਹਵੀਂ ਸਦੀ ਦੇ ਅੰਤ ਅਤੇ ਇਕਵੀਂ ਸਦੀ ਦੇ ਆਰੰਭ ਹੋਣ ਤੋਂ ਪਹਿਲਾਂ ਯੂਰਪੀ ਬਸਤੀਵਾਦ ਦਾ ਲਗਭਗ ਖ਼ਾਤਮਾ ਹੋ ਚੁਕਾ ਸੀ ਅਤੇ ਸੰਸਾਰ ਬਸਤੀ ਰਹਿਤ ਸਥਿਤੀਆਂ ਵੱਲ ਵੱਧਣ ਲੱਗਾ। ਡਾ. ਯਾਦਵਿੰਦਰ ਸਿੰਘ ਦਾ ਇਹ ਕਹਿਣਾ ਦਰੁਸਤ ਹੈ ਕਿ ਕੁਝ ਵਿਦਵਾਨਾਂ ਨੇ ਇਸ ਬਸਤੀਰਹਿਤ ਸਥਿਤੀ ਨੂੰ 'ਉਤਰ ਬਸਤੀਵਾਦ' ਦਾ ਨਾਂ ਦਿੱਤਾ। ਲਿਉਤਾਰਦ ਤੇ ਹੋਮੀ ਭਾਬਾ ਦੇ ਵਿਚਾਰਾਂ ਦੇ ਹਵਾਲੇ ਨਾਲ ਡਾ. ਮਨਮੋਹਨ ਸਿੰਘ ਆਪਣੀ ਪੁਸਤਕ 'ਪ੍ਰਤੱਖਣ ਤੇ ਪਰਿਪੇਖ' 2005 ਵਿਚ ਬਸਤੀਵਾਦ, ਉਤਰ ਬਸਤੀਵਾਦ ਦਾ ਸਿਧਾਂਤਕ ਪਰਿਪੇਖ ਉਸਾਰਦਿਆਂ ਇਹ ਪ੍ਰਸਤਾਵ ਬਣਾਉਂਦਾ ਹੈ ਕਿ 'ਉਤਰ ਬਸਤੀਵਾਦ' ਚਿੰਤਨ ਦਾ ਭਾਵ, ਬਸਤੀਵਾਦ ਤੋਂ ਨਿਜਾਤ ਪਾ ਕੇ ਆਪਣੇ ਬਾਰੇ ਸੋਚਣ ਸਮਝਣ ਤੇ ਪੇਸ਼ ਕਰਨ ਦਾ ਬੌਧਿਕ ਯਤਨ ਹੈ।" (ਪੰਨਾ : 12)

ਜਦੋਂ ਪੱਛਮ ਦੇ ਵਿਦਵਾਨਾਂ ਵਲੋਂ ਪੂਰਬੀ ਜੀਵਨ ਜਾਚਾਂ, ਆਸਥਾਵਾਂ ਤੇ ਸੋਚਣ ਦੀਆਂ ਸ਼ੈਲੀਆਂ ਨੂੰ ਛੁਟਿਆ ਕੇ ਪੇਸ਼ ਕੀਤਾ ਜਾਣ ਲੱਗਿਆ ਤਾਂ ਸਿੱਟੇ ਵਜੋਂ 'ਪੂਰਬਵਾਦ' ਨਾਲ ਜੁੜਿਆ ਚਿੰਤਨ ਸਾਹਮਣੇ ਆਇਆ। ਖ਼ਾਸ ਕਰਕੇ ਐਡਵਰਡ, ਹੋਮੀ ਭਾਬਾ, ਗਾਇਤਰੀ ਚਕਰੋਵਰਤੀ ਸਪੀਵਾਕ, ਏਜਾਜ਼ ਅਹਿਮਦ, ਫ਼ਰਾਂਜ ਫੈਨਨ ਆਦਿ ਵਿਦਵਾਨਾਂ ਦਾ ਚਿੰਤਨ ਇਸ ਪੱਖੋਂ ਵਿਸ਼ੇਸ਼ ਤੌਰ ਤੇ ਵਿਚਾਰਣਯੋਗ ਹੈ। ਬਸਤੀਵਾਦ ਹਿਤਾਂ ਦੀ ਪੈਰਵੀ ਕਰਨ ਵਾਲੇ ਚਿੰਤਨ ਵਿਧੀ ਦੇ ਮਹੱਤਵ ਨੂੰ ਬਾਖ਼ੂਬੀ ਉਭਾਰਿਆ। ਨਤੀਜਨ, ਇਕ ਬਹੁਤ ਹੀ ਮਹੱਤਵਪੂਰਨ ਤੇ ਸਾਰਥਕ ਬਹਿਸ ਨੇ ਜਨਮ ਲਿਆ। ਇਸ ਬਹਿਸ ਚੋਂ ਇਹ ਨੁਕਤਾ ਵਿਸ਼ੇਸ਼ ਕਰਕੇ ਉਭਰ ਕੇ ਸਾਹਮਣੇ ਆਇਆ ਕਿ ਜਿਥੇ ਪੱਛਮ 'ਲਰਨਿੰਗ (Learning) ਨੂੰ ਤਰਜੀਹ ਦੇਂਦਾ ਹੈ ਉਥੇ ਪੂਰਬ ਅਵੇਕਨਿੰਗ (Awaikening) ਨੂੰ। ਨਾਲੇ ਪਛਮ ਦਾ ਨਜ਼ਰੀਆ ਜਿਥੇ ਪਦਾਰਥਵਾਦੀ ਹੈ, ਉਥੇ ਪੂਰਬ ਦਾ ਨਜ਼ਰੀਆ ਅਧਿਆਤਮਵਾਦੀ ਰਿਹਾ ਹੈ। ਅਜਿਹੀਆਂ ਕੁਝ ਹੋਰ ਭਿੰਨਤਾਵਾਂ ਵੀ ਸਾਮ੍ਹਣੇ ਆਈਆਂ, ਜਿਨ੍ਹਾਂ ਕਰਕੇ ਇਹ ਵਿਵਾਦ ਖਾਸਾ ਭੱਖਿਆ।

ਖ਼ੈਰ ! ਚਰਚਾ ਅਧੀਨ ਨਾਮਧਾਰੀ ਲਹਿਰ ਦੇ ਦਰਪੇਸ਼ ਮੂਲ ਮਸਲਾ, ਅੰਗਰੇਜ਼ੀ ਹਕੂਮਤ ਦੀ ਬਸਤੀਵਾਦੀ ਸੋਚ ਨਾਲ ਨਜਿੱਠਣ ਦਾ ਸੀ। ਚੁਣੌਤੀ ਵੱਡੀ ਸੀ। ਸੋ, ਪ੍ਰਤੀਉਤਰ ਵੀ ਵੱਡਾ ਦੇਣਾ ਬਣਦਾ ਸੀ। ਉਨੀਂ ਦਿਨੀਂ ਇਹ ਗੱਲ ਇਕ ਕਹਾਵਤ ਵਾਂਗ ਪ੍ਰਚਲਤ ਹੋ ਗਈ ਸੀ ਕਿ ਅੰਗਰੇਜ਼ਾਂ ਦੇ ਰਾਜ ਵਿਚ ਸੂਰਜ ਨਹੀਂ ਡੁੱਬਦਾ। ਭਾਵ, ਉਨ੍ਹਾਂ ਦਾ ਰਾਜ ਇਤਨਾ ਵੱਡਾ ਸੀ ਕਿ ਕਿਤੇ ਨਾ ਕਿਤੇ ਉਨ੍ਹਾਂ ਦੇ ਰਾਜ ਵਿਚ ਸੂਰਜ ਚੜ੍ਹਿਆ ਹੀ ਹੁੰਦਾ ਸੀ। ਇਹ ਅੰਗਰੇਜ਼ੀ

ਪੰਜਾਬ ਉਪਰ ਆਪਣੀ ਪਕੜ ਪੱਕੀ ਤੇ ਪੀਢੀ ਕਰਨ ਲਈ, ਉਨ੍ਹਾਂ ਕਈ ਹੱਥਕੰਡੇ ਵਰਤੇ। ਸਿੱਖੀ ਵਿਚ ਹੋਏ ਬੇਹਿਸਾਰ ਪਤਨ ਅਤੇ ਅੰਗਰੇਜ਼ੀ ਹਕੂਮਤ ਦੇ ਜ਼ਬਰ ਜ਼ੁਲਮ ਤੇ ਲੁੱਟ ਖਸ਼ੁਟ ਦੀਆਂ ਬਸਤੀਵਾਦ ਕੂਟਨੀਤੀਆਂ ਨਾਲ ਹੋਂਦ ਵਿਚ ਆਈਆਂ ਸਥਿਤੀਆਂ ਨਾਲ ਨਜਿੱਠਣ ਲਈ ਗੁਰੂ ਰਾਮ ਸਿੰਘ ਜੀ ਨੇ ਮਹਾਰਜੇ ਦੀ ਫੌਜ ਤੋਂ ਅਸਤੀਫਾ ਦੇ ਦਿੱਤਾ। ਆਪ ਬਚਪਨ ਤੋਂ ਹੀ ਅਧਿਆਤਮਕਵਾਦ ਬਿਰਤੀ ਦੇ ਮਾਲਕ ਸਨ।

ਹੁਕਮਰਾਨਾ ਦੀ ਬਸਤੀਵਾਦੀ ਸੋਚ ਦਾ ਹੀ ਸਿੱਟਾ ਸੀ ਕਿ ਏਸ਼ੀਆ ਅਤੇ ਅਫਰੀਕਾ ਦੇ ਬਹੁਤ ਸਾਰੇ ਮੁਲਕ, ਉਨ੍ਹਾਂ ਦੇ ਕਬਜ਼ੇ ਵਿਚ ਆ ਚੁਕੇ ਸਨ। ਭਾਵ, ਉਨ੍ਹਾਂ ਦੀਆਂ ਬਸਤੀਆਂ ਬਣ ਚੁੱਕੇ ਹੋਏ ਸਨ। ਭਾਰਤ, ਅਜਿਹੇ ਗੁਲਾਮ ਮੁਲਕਾਂ ਵਿਚੋਂ ਇਕ ਸੀ। ਪੰਜਾਬ ਨੂੰ ਛੱਡ ਕੇ ਬਾਕੀ ਦਾ ਲਗਭਗ ਸਾਰਾ ਭਾਰਤ, ਅੰਗਰੇਜ਼ੀ ਹਕੂਮਤ ਅਧੀਨ ਆ ਚੁੱਕਾ ਸੀ। 1839 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੁੰਦੀ ਹੈ ਅਤੇ 1849 ਈ. ਤੱਕ ਪੰਜਾਬ ਵੀ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਜਾਂਦਾ ਹੈ।

ਪੰਜਾਬ ਉਪਰ ਆਪਣੀ ਪਕੜ ਪੱਕੀ ਤੇ ਪੀਢੀ ਕਰਨ ਲਈ, ਉਨ੍ਹਾਂ ਕਈ ਹੱਥਕੰਡੇ ਵਰਤੇ। ਸਿੱਖੀ ਵਿਚ ਹੋਏ ਬੇਹਿਸਾਰ ਪਤਨ ਅਤੇ ਅੰਗਰੇਜ਼ੀ ਹਕੂਮਤ ਦੇ ਜ਼ਬਰ ਜ਼ੁਲਮ ਤੇ ਲੁੱਟ ਖਸ਼ੁਟ ਦੀਆਂ ਬਸਤੀਵਾਦ ਕੂਟਨੀਤੀਆਂ ਨਾਲ ਹੋਂਦ ਵਿਚ ਆਈਆਂ ਸਥਿਤੀਆਂ ਨਾਲ ਨਜਿੱਠਣ ਲਈ ਗੁਰੂ ਰਾਮ ਸਿੰਘ ਜੀ ਨੇ ਮਹਾਰਜੇ ਦੀ ਫੌਜ ਤੋਂ ਅਸਤੀਫਾ ਦੇ ਦਿੱਤਾ। ਆਪ ਬਚਪਨ ਤੋਂ ਹੀ ਅਧਿਆਤਮਕਵਾਦ ਬਿਰਤੀ ਦੇ ਮਾਲਕ ਸਨ। ਸਿੱਖੀ ਰਹਿਣ ਬਹਿਣੀ ਵਿਚਲੀ ਉਚਤਾ ਸੁੱਚਤਾ ਦੀ ਮੁੜ ਬਹਾਲੀ ਲਈ, ਆਪ ਨੇ ਕੁਝ ਪ੍ਰੋਗਰਾਮ ਉਲੀਕੇ ਅਤੇ 12 ਅਪ੍ਰੈਲ 1857 ਨੂੰ ਨਾਮਧਾਰੀ ਜਥੇਬੰਦੀ ਦੀ ਨੀਂਹ ਰੱਖੀ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਅੰਗਰੇਜ਼ੀ ਹਕੂਮਤ ਦੀ ਬਸਤੀਵਾਦ ਸੋਚ ਨਾਲ ਨਜਿੱਠਣ ਲਈ ਉਨ੍ਹਾਂ 'ਨਾਬਰੀ' (ਡਿਫਾਇੰਸ) ਵਾਲਾ ਪੈਂਤੜਾ ਅਪਣਾਇਆ। 'ਨਾਬਰੀ' ਬਿਨਾਂ ਸਭਿਆਚਾਰ ਨਿਰਮਾਣ ਦੀ ਪ੍ਰਕਿਰਿਆ ਸੰਭਵ ਨਹੀਂ ਹੁੰਦੀ। ਮੁਗਲ ਹਕੂਮਤ ਦੀਆਂ ਮਾਰੂ ਕੂਟਨੀਤੀਆਂ ਨਾਲ ਨਜਿੱਠਣ ਲਈ ਮੱਧਕਾਲ ਵਿਚ ਸਿੱਖ ਗੁਰੂ ਸਾਹਿਬਾਨ ਨੇ ਵੀ ਨਾਬਰੀ ਵਾਲਾ ਰਵੱਈਆ

ਹੀ ਅਖ਼ਤਿਆਰ ਕੀਤਾ ਸੀ। 'ਸਿੱਖ ਸਭਿਆਚਾਰ', ਖਾਸ਼ ਕਰਕੇ 'ਪੰਜਾਬੀ ਸਭਿਆਚਾਰ' ਦੇ ਨਿਰਮਾਣ ਵਿਚ ਉਹਨਾਂ ਦੇ ਅਜਿਹੇ ਰਵੱਈਏ ਦੀ ਅਹਿਮ ਭੂਮਿਕਾ ਮੰਨੀ ਜਾਂਦੀ ਹੈ। 'ਨਾਬਰੀ' ਤੇ 'ਅਹਿੰਸਾ' ਦੇ ਸੰਗਮ ਵਾਲੇ ਅਨੋਖੇ 'ਸੂਝ ਮਾਡਲ' ਨੂੰ ਅਗੇ ਚਲਕੇ ਨਾਮਧਾਰੀ ਲਹਿਰ ਨੇ ਵੀ ਅਪਣਾਇਆ। ਇਸ ਵਿਚਾਰ ਦੀ ਪੁਸਟੀ ਸਾਨੂੰ 'ਸਤਿਗੁਰੂ ਬਿਲਾਸ' (ਭਾਗ ਪਹਿਲਾ) ਵਿਚ ਦਰਜ 'ਸਾਕਾ ਮਲੇਰਕੋਟਲਾ' ਨਾਲ ਸੰਬੰਧਤ ਸੰਵਾਦ ਚੋਂ ਸਹਿਜੇ ਹੀ ਹੋ ਜਾਂਦੀ ਹੈ। ਜਦੋਂ ਨਾਮਧਾਰੀ ਸਿੰਘਾਂ ਦੇ ਸ਼ਹੀਦੀ ਜਥੇ ਨੇ ਬੁਚੜਾਂ ਨੂੰ ਮਾਰ ਮੁਕਾਉਣ ਦਾ ਨਿਰਣਾ ਕਰ ਲਿਆ ਤਾਂ ਸਤਿਗੁਰੂ ਜੀ ਖੁਦ ਉਸ ਸ਼ਹੀਦੀ ਜਥੇ ਨੂੰ ਸਮਝਾਉਣ ਲਈ ਅਕਾਲ ਬੁੰਗੇ ਪਹੁੰਚੇ ਅਤੇ ਸਿੰਘਾਂ ਤੋਂ ਪੁਛ ਕੀਤੀ, "ਧੁਆਨੂੰ ਹੁਕਮ ਕੌਣ ਦੇਂਦਾ ਹੈ ਕੋਟਲਾ ਮਾਰੋ ?" ਹੀਰਾ ਸਿੰਘ ਨੇ ਕਿਹਾ "ਸਾਨੂੰ ਗੁਰੂ ਤੇਗ ਬਹਾਦਰ ਜੀ ਹੁਕਮ ਦੇਂਦੇ ਹੈ ਦ੍ਰਿਸਟਾਨ ਮੈਂ।" ਚੰਡੀ ਦੀ ਵਾਰ, ਚੰਡੀ ਚਰਿਤ੍ਰ, ਅਕਾਲ ਉਸਤਿਤ, ਚੌਪਈ ਸਾਹਿਬ ਦਾ ਪਾਠ ਕਰਕੇ ਇਹ ਸ਼ਹੀਦੀ ਜਥਾ ਆਪਣੇ ਪੂਰਵ ਨਿਸ਼ਚਿਤ ਉਦੇਸ਼ ਦੀ ਪੂਰਤੀ ਲਈ ਅਗੇ ਵੱਧਣ ਤੋਂ ਸੰਕੋਚ ਨਹੀਂ ਕਰਦਾ। ਚਾਹੁੰਦੇ ਹੋਏ ਵੀ ਸਤਿਗੁਰੂ ਰਾਮ ਸਿੰਘ ਜੀ ਉਨ੍ਹਾਂ ਨੂੰ ਅਜਿਹਾ ਕਰਨਾ ਰੋਕ ਨਾ ਸਕੇ। ਉਨ੍ਹਾਂ ਇਕ ਤਰਫ ਨਾ-ਮਿਲਵਰਤਨ, ਸੁਦੇਸੀਵਾਦ, ਅਤੇ ਅਹਿੰਸਾ ਨੂੰ ਇਕ ਰਾਜਨੀਤਕ ਹਥਿਆਰ ਵਾਂਗ ਵਰਤਿਆ ਅਤੇ ਦੂਜੀ ਤਰਫ, ਸਮੇਂ ਸਮੇਂ (ਖਾਸ ਕਰਕੇ ਆਪਣੀ ਜਲਾਵਤਨੀ ਦੇ ਸਮੇਂ ਦੌਰਾਨ) ਜਾਰੀ ਕੀਤੇ ਆਪਣੇ ਹੁਕਮਨਾਮਿਆਂ ਰਾਹੀਂ, ਨਾਮਧਾਰੀ ਸਿੰਘਾਂ ਨੂੰ ਧਾਰਮਕ ਅਧਿਆਤਮਿਕ ਉਚਤਾ ਨੂੰ ਕਾਇਮ ਰੱਖਣ ਦੇ ਸੰਦੇਸ਼ ਦਿੱਤੇ ਜਿਵੇਂ ਕਿ :

"ਕਕਾਰਾਂ ਦੀ ਕਰੜੀ ਪਾਬੰਦੀ ਲਾਈ। ਸਰੀਰ ਤੰਦਰੁਸਤੀ ਲਈ, ਸ਼ਰੀਰਕ ਸਫਾਈ ਵਜੋਂ, ਪਹਿਰ ਰਾਤ ਰਹਿੰਦਿਆਂ ਸਣੇ ਕੇਸੀ ਇਸ਼ਨਾਨ ਕਰਨ, ਦਾਤਣ ਕਰਨ ਅਤੇ ਸਾਫ਼ ਬਸਤ੍ਰ ਪਾਉਣ ਦੀ ਰੀਤ ਤੋਰੀ। ਮਾਸ, ਸ਼ਰਾਬ, ਚੋਰੀ, ਯਾਰੀ, ਝੂਠ, ਨਿੰਦਿਆ, ਠੱਗੀ, ਧੋਖਾ ਆਦਿ ਬੁਰਾਈਆਂ ਨੂੰ ਛੱਡਣ ਦਾ ਉਪਦੇਸ਼ ਦਿੱਤਾ। ਇਸਤ੍ਰੀਆਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਛਕਾ ਕੇ, ਨਾਮ ਬਾਣੀ ਦੀ ਰੀਤ ਮੁੜ ਸੁਰਜੀਤ ਕੀਤੀ। ਜਾਤ-ਪਾਤ ਦਾ ਭਿੰਨ-ਭੇਦ ਮਿਟਾ ਕੇ ਵਿਆਹ ਸ਼ਾਦੀਆਂ ਕਰਨ ਦੇ ਨਾਲ, ਵਿਧਵਾ ਵਿਆਹ ਕਰਨ ਉਪਰ ਵੀ ਜ਼ੋਰ ਦਿੱਤਾ। ਇਸਤ੍ਰੀ ਮਰਦ ਦੇ ਹੱਕਾਂ ਦੀ ਬਰਾਬਰੀ ਦੇ ਵਿਚਾਰ ਨੂੰ ਚੰਗੀ ਤਰ੍ਹਾਂ ਪ੍ਰਚਾਰਿਆ।

ਇਹ ਹੁਕਮਨਾਮੇ, ਨਾਮਧਾਰੀ ਜੀਵਨ ਸ਼ੈਲੀ ਦਾ ਸਹਿਜ ਅੰਗ ਹਨ। ਇਹਨਾਂ ਵਿਚਲਾ ਨਜ਼ਰੀਆ, 'ਨਾਬਰੀ' ਤੇ 'ਅਹਿੰਸਾ' ਦੇ ਸੁਮੇਲ ਦਾ ਸੂਚਕ ਹੈ। ਆਪਣੀ ਮੂਲ ਬਿਰਤੀ ਵਿਚ ਇਹ ਨਜ਼ਰੀਆ ਧਾਰਮਕ ਅਧਿਆਤਮਕ ਕਦਰਾਂ-ਕੀਮਤਾਂ ਦਾ ਲਖਾਇਕ ਹੈ। ਨਵੀਂ ਅਕਾਦਮਕ ਸ਼ਬਦਾਵਲੀ ਵਿਚ ਇਸ ਨੂੰ, ਸਹਿਜੇ ਹੀ 'ਪੂਰਬਵਾਦੀ ਚਿੰਤਨ' ਨਾਲ ਜੋੜਿਆ ਜਾ ਸਕਦਾ ਹੈ। ਆਪਣੀ ਸਮੀਖਿਆ ਪੁਸਤਕ 'ਵਿਸ਼ਵੀਕਰਨ : ਸਾਹਿਤਕ ਪ੍ਰਤੀਉਤਰ' (2007) ਨਾਲ ਸੰਬੰਧਤ "ਨਾਮਧਾਰੀ ਲਹਿਰ : ਇਕਵੀਂ ਸਦੀ ਤੇ ਵਿਸ਼ਵੀਕਰਨ ਦੀਆਂ ਚੁਣੌਤੀਆਂ" (ਪੰਨੇ 120-126) ਲੇਖ ਵਿਚ ਮੈਂ ਇਸ ਸੰਬੰਧੀ ਇਹ ਪ੍ਰਸਤਾਵ ਵਿਕਸਿਤ ਕੀਤਾ ਸੀ ਕਿ :

"ਵਿਸ਼ਵੀਕਰਨ ਦੇ ਇਸ ਦੌਰ ਵਿਚ ਜਦੋਂ ਬਾਕੀ ਦੇ ਭਾਈਚਾਰਿਆਂ ਦੀ ਪਹਿਚਾਣ ਦੇ ਖਤਮ ਹੋਣ ਦੇ ਖਦਸੇ ਪੈਦਾ ਹੋ ਰਹੇ ਹਨ, ਪਰ ਨਾਮਧਾਰੀ ਭਾਈਚਾਰੇ ਦੇ ਦਰਪੇਸ਼ ਅਜਿਹਾ ਕੋਈ ਖਤਰਾ ਨਹੀਂ ਹੈ। ਕਾਰਨ ? ਇਸ ਭਾਈਚਾਰੇ ਦੇ ਇਨ੍ਹਾਂ ਖਤਰਿਆਂ ਪ੍ਰਤਿ ਵਧੇਰੇ ਸੁਚੇਤ ਹੋਣਾ ਮੰਨਿਆ ਜਾ ਸਕਦਾ ਹੈ। ਵੇਖਣਾ ਇਹ ਹੈ ਕਿ ਆਪਣੀ ਇਸ ਵੱਖਰੀ ਪਹਿਚਾਣ ਨੂੰ ਬਣਾਏ ਰਖਦਿਆਂ ਇਹ ਭਾਈਚਾਰਾ, ਕਿਵੇਂ ਨਵੇਂ ਵਿਕਸਿਤ ਹੋ ਰਹੇ ਗਿਆਨ-ਵਿਗਿਆਨ ਨਾਲ ਜੁੜਦਾ ਹੈ ? ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਤੋਂ ਪ੍ਰੇਰਣਾ ਗ੍ਰਹਿਣ ਕਰਦਾ ਹੋਇਆ ਇਹ ਭਾਈਚਾਰਾ, ਕਿਵੇਂ ਸਿੱਖ ਧਰਮ ਦੀ ਮੁੱਖਧਾਰਾ ਦਾ ਅਟੁੱਟ ਅੰਗ ਬਣ ਕੇ ਰਹਿ ਸਕਦਾ ਹੈ ? ਕੰਪਿਊਟਰ ਤੇ ਸੂਚਨਾ ਤਕਨਾਲੋਜੀ ਦੇ ਇਸ ਯੁੱਗ ਦੀਆਂ ਚੁਣੌਤੀਆਂ ਨੂੰ ਭਵਿਖ ਵਿਚ ਇਹ ਭਾਈਚਾਰਾ ਕਿਵੇਂ ਲੈਂਦਾ ਹੈ ? ਇਹ ਕੁਝ ਕੁ ਅਹਿਮ ਪ੍ਰਸ਼ਨ ਹਨ ਜਿਹਨਾਂ ਨੂੰ ਹੋਰ ਗੰਭੀਰਤਾ ਨਾਲ ਵਿਚਾਰਨਾ ਬਣਦਾ ਹੈ।" (ਪੰਨੇ 125-126)

'ਵਿਸ਼ਵੀਕਰਨ ਦੇ ਵਿਖਾਈ ਦੇਂਦੇ ਮੌਜੂਦਾ ਵਰਤਾਰੇ 'ਨਵੇਂ ਬਸਤੀਵਾਦ' ਤੇ 'ਨਵ ਪੂੰਜੀਵਾਦ' ਦੇ ਹੀ ਲਖਾਇਕ ਹਨ। ਮੈਂ ਅਕਸਰ ਇਨ੍ਹਾਂ ਵਰਤਾਰਿਆਂ ਨੂੰ ਐਲ. ਪੀ. ਜੀ. ਕਲਚਰ ਦੀ ਸੰਗਿਆ ਦੇਂਦਾ ਆ ਰਿਹਾ ਹਾਂ। ਐਲ ਤੋਂ ਭਾਵ 'ਉਦਾਰੀਕਰਨ,' ਪੀ. ਤੋਂ ਭਾਵ 'ਨਿਜੀਕਰਨ' ਅਤੇ ਜੀ. ਤੋਂ ਭਾਵ ਵਿਸ਼ਵੀਕਰਨ ਹੈ। ਮੌਜੂਦਾ 'ਮਾਲ ਕਲਚਰ' ਇਨ੍ਹਾਂ ਵਰਤਾਰਿਆਂ ਦੀ ਹੀ ਦੇਣ ਹੈ। ਇਸ ਸਭ ਕੁਝ ਸਦਕਾ ਜਿਹੜੀਆਂ ਨਵੀਆਂ ਚੁਣੌਤੀਆਂ/ਵੰਗਾਰਾਂ ਹੋਂਦ ਵਿਚ ਆਈਆਂ ਹਨ, ਉਹਨਾਂ ਦੇ ਢੁਕਵੇਂ ਪ੍ਰਤੀਉਤਰ ਦੇਣ ਦੀ ਸਮਰੱਥਾ, ਨਾਮਧਾਰੀ ਭਾਈਚਾਰੇ ਕੋਲ ਹੈ। ਇਹ ਭਾਈਚਾਰਾ 'ਪ੍ਰੰਪਰਾ' ਤੇ 'ਨਵੀਨਤਾ' ਵਿਚਾਲੇ ਲੋੜੀਂਦਾ ਤਵਾਜ਼ਨ/ਸੰਤੁਲਨ ਬਣਾਉਣ ਤੇ ਸਮਰੱਥ ਹੈ, ਸਾਡੇ ਸਾਰਿਆਂ ਲਈ ਇਹ ਇਕ ਫਖ਼ਰ ਵਾਲੀ ਗੱਲ ਹੈ। ਜ਼ਿੰਦਗੀ ਵਿਚ ਪਰੰਪਰਕ ਸਾਦਗੀ ਦੇ ਮਾਡਲ ਨੂੰ ਬਣਾਈ ਰੱਖਣਾ। ਇਸ ਭਾਈਚਾਰੇ ਲਈ ਕਾਫੀ ਕਾਰਗਰ ਸਾਬਿਤ ਹੋ ਰਿਹੈ। ਆਸ ਹੈ ਭਵਿੱਖ ਵਿਚ ਵੀ ਇਹ ਭਾਈਚਾਰਾ ਇਸ ਤਵਾਜ਼ਨ/ਸੰਤੁਲਨ ਨੂੰ ਬਣਾਈ ਰੱਖੇਗਾ।■

ਅਦੁੱਤੀ ਸਖ਼ਸ਼ੀਅਤ :
ਸਤਿਗੁਰੂ ਰਾਮ ਸਿੰਘ ਜੀ



ਪ੍ਰੋਫੈਸਰ ਰਵੇਲ ਸਿੰਘ

ਸੰਨ 2011 ਵਿਚ ਭਾਰਤ ਸਰਕਾਰ ਦੇ ਸਭਿਆਚਾਰ ਵਿਭਾਗ ਦੀ ਵਿਸ਼ੇਸ਼ ਸ਼ਾਖਾ ਨੇ ਦਿੱਲੀ ਸਰਕਾਰ ਦੀ ਪੰਜਾਬੀ ਅਕਾਦਮੀ ਨੂੰ 'ਕੂਕਾ ਲਹਿਰ ਦੀ 150ਵੀਂ ਵਰ੍ਹੇ ਗੰਢ ਮਨਾਉਣ ਲਈ ਕੁਝ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕਰਨ ਲਈ ਕਿਹਾ ਅਤੇ ਨਾਲ ਹੀ ਵਿਸ਼ੇਸ਼ ਗਰਾਂਟ ਵੀ ਮੁਹੱਈਆ ਕੀਤੀ। ਪੰਜਾਬੀ ਅਕਾਦਮੀ ਦਾ ਸਕੱਤਰ ਹੋਣ ਦੇ ਨਾਤੇ ਮੈਂ ਦੇਸ ਦੇ ਪਹਿਲੇ ਸੁਤੰਤਰਤਾ ਸੰਗਰਾਮ ਦੀ 150ਵੀਂ ਵਰ੍ਹੇ ਗੰਢ ਮਨਾਉਣ ਲਈ ਭਾਰਤ ਸਰਕਾਰ ਵਲੋਂ ਕਾਇਮ ਕੀਤੀ ਗਈ ਰਾਸ਼ਟਰੀ ਅਮਲ ਕਮੇਟੀ ਦੇ ਅਹਿਮ ਮੈਂਬਰ ਸ. ਹਰਵਿੰਦਰ ਸਿੰਘ ਹੰਸਪਾਲ ਨੂੰ ਮਿਲਕੇ ਇਹਨਾਂ ਪ੍ਰੋਗਰਾਮਾਂ ਦੀ ਰੂਪ ਰੇਖਾ ਤੈਅ ਕਰਨ ਦੀ ਸੋਚੀ। ਲੰਮੇ ਵਿਚਾਰ ਵਟਾਂਦਰੇ ਮਗਰੋਂ ਇਹ ਤੈਅ ਹੋਇਆ ਕਿ ਇਸ ਲਹਿਰ ਬਾਰੇ ਇਕ ਮਲਟੀਮੀਡੀਆ ਸ਼ੋਅ ਤਿਆਰ ਕੀਤਾ ਜਾਵੇ ਤਾਂ ਜੇ ਦੇਸ ਦੀ ਆਮ ਜਨਤਾ ਨੂੰ ਵੀ ਇਹ ਜਾਣਕਾਰੀ ਹਾਸਿਲ ਹੋ ਸਕੇ ਕਿ "ਕੂਕਾ ਲਹਿਰ" ਕੀ ਸੀ ? ਇਸ ਦੇ ਮਨੋਰਥ ਕੀ ਸਨ ? ਅਤੇ ਇਸਨੇ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਕੀ ਰੋਲ ਅਦਾ ਕੀਤਾ ? ਇਸ ਤੋਂ ਇਲਾਵਾ ਬੁਧੀਜੀਵੀਆਂ ਲਈ ਇਕ ਸੈਮੀਨਾਰ ਵੀ ਆਯੋਜਿਤ ਕਰਨ ਦੀ ਯੋਜਨਾ ਬਣਾਈ ਗਈ। ਉਸ ਵਕਤ ਰਾਸ਼ਟਰੀ ਅਮਲ ਕਮੇਟੀ ਵਿਚ ਇਹ ਗੱਲ ਅਕਸਰ ਉਠਦੀ ਸੀ ਕਿ ਪੰਜਾਬ ਦਾ ਦੇਸ਼ ਦੇ ਪਹਿਲੇ ਸੁਤੰਤਰਤਾ ਸੰਗਰਾਮ ਵਿਚ ਨਾਕਾਰਤਮਕ ਰੋਲ ਰਿਹਾ ਹੈ ਯਾਨਿ ਪੰਜਾਬ ਉਸ ਵਕਤ ਦੇਸ਼ ਭਗਤਾਂ ਦਾ ਨਹੀਂ ਬ੍ਰਿਟਿਸ਼ ਸਾਮਰਾਜ ਦੇ ਹੱਕ ਵਿਚ ਭੁਗਤਿਆ ਸੀ। ਇਹ ਗੱਲ ਮੈਨੂੰ ਵੀ ਅਤੇ ਹੰਸਪਾਲ ਹੁਰਾਂ ਨੂੰ ਵੀ ਬਹੁਤ ਰੜਕਦੀ ਸੀ। ਅਸੀਂ ਇਸ ਗਲਤ ਫਹਿਮੀ ਨੂੰ ਲੈਣਾ ਚਾਹੁੰਦੇ ਸਾਂ। ਸੋ ਇਹ ਫੈਸਲਾ ਕੀਤਾ ਕਿ ਮਲਟੀਮੀਡੀਆ ਸ਼ੋਅ ਉਤੇ ਪੂਰਾ ਜ਼ੋਰ ਲਗਾਇਆ ਜਾਵੇ। ਸੋ ਅਸੀਂ ਇਸ ਸ਼ੋਅ ਦੀ ਸਕਰਿਪਟ ਉਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜਿਉਂ ਜਿਉਂ ਮੈਂ ਇਸ ਲਹਿਰ ਸੰਬੰਧੀ ਅਧਿਐਨ ਕਰਦਾ ਗਿਆ, ਮੈਂ ਇਸਦੇ ਅੰਦਰ ਧੱਸਦਾ ਹੀ ਚਲਾ ਗਿਆ। ਮੈਨੂੰ ਇਹ ਕੰਮ ਕਰਦਿਆਂ ਹੀ ਪਤਾ ਲਗਾ ਕਿ ਮੈਂ ਖੁਦ ਵੀ ਇਸ ਲਹਿਰ ਅਤੇ ਇਸਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਆਦਰਸ਼ਾਂ ਤੋਂ ਬਿਲਕੁਲ ਨਾਵਾਕਿਫ ਸਾਂ।

ਭਾਈ ਮਹਾਰਾਜ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਮੁਲਾਜ਼ਮ ਸਨ। ਉਨ੍ਹਾਂ ਨੇ ਸਿਖ ਰਾਜ ਦੀ ਚੜ੍ਹਤ ਦੇ ਦਿਨਾਂ ਅਤੇ ਖਾਲਸਾਈ ਜਲੌਅ ਨੂੰ ਆਪਣੇ ਅੱਖੀਂ ਵੇਖਿਆ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਸਰਦਾਰਾਂ ਦੇ ਖੇਰੂੰ ਖੇਰੂੰ ਹੋਣ ਦੇ ਵੀ ਆਪ ਚਸ਼ਮਦੀਦ ਗਵਾਹ ਸਨ। ਸੱਤਾ ਨਾਲ ਸਿੱਖ ਧਰਮ ਵਿਚ ਆਉਂਦੀ ਜਾ ਰਹੀ ਗਿਰਾਵਟ ਵੱਲ ਉਹਨਾਂ ਦਾ ਵਿਸ਼ੇਸ਼ ਧਿਆਨ ਸੀ। ਹਾਲਾਂਕਿ ਉਹ ਫੌਜੀ ਮੁਲਾਜ਼ਮ ਸਨ ਪਰ ਇਕ ਧਾਰਮਿਕ ਬਿਰਤੀ ਵਾਲੇ ਇਨਸਾਨ ਹੋਣ ਕਾਰਨ ਸੰਤ ਸੁਭਾਅ ਦੇ ਸਨ। ਸਿੱਖਾਂ

ਦੀ ਦੁਰਦਸ਼ਾ ਸ਼ਾਇਦ ਉਹਨਾਂ ਤੋਂ ਸਹਾਰੀ ਨਹੀਂ ਗਈ ਇਸ ਲਈ ਉਹਨਾਂ ਨੇ ਫੌਜ ਦੀ ਮੁਲਾਜ਼ਮਤ ਛੱਡਣਾ ਹੀ ਬੇਹਤਰ ਸਮਝਿਆ। ਪਰ ਇਸਦੇ ਨਾਲ ਹੀ ਉਹ ਇਕ ਅਜਿਹੇ ਮਾਰਗ ਲਈ ਤਿਆਰ ਹੋਣਾ ਤੇ ਸਿੱਖ ਕੌਮ ਨੂੰ ਜਾਗ੍ਰਿਤ ਕਰਨ ਦੇ ਰਾਹ ਤੇ ਤੁਰ ਪਏ। ਕਮਾਲ ਦੀ ਗੱਲ ਇਹ ਸੀ ਕਿ ਭਾਰਤ ਦੀ ਸੁਤੰਤਰਤਾ ਦੀ ਲੜਾਈ 1857 ਵਿਚ ਲੜੀ ਗਈ, ਜਿਸ ਵਿਚ ਮਹਾਰਾਜਾ ਪਟਿਆਲਾ ਦੀਆਂ ਫੌਜਾਂ ਨੇ ਬ੍ਰਿਟਿਸ ਹਕੂਮਤ ਦੀ ਪਿੱਠ ਪੂਰੀ ਪਰ ਮਹਾਰਾਜਾ ਪਟਿਆਲਾ ਦੀ ਇਸ ਕਾਰਵਾਹੀ ਨੂੰ ਪੂਰੇ ਪੰਜਾਬ ਨੇ ਸਿਰ ਲਾਹਨਤ ਵਾਂਗ ਪਾ ਦੇਣਾ ਪੰਜਾਬ ਦੀ ਤ੍ਰਾਸਦੀ ਰਹੀ ਹੈ। ਇਹੋ ਮਿਹਣਾ ਹੀ ਸਾਨੂੰ ਰਾਸਟਰੀ ਪੱਧਰ ਦੀਆਂ ਕਮੇਟੀਆਂ ਵਿਚ ਸੁਣਨਾ ਪੈਂਦਾ ਸੀ।। ਪਰ ਜਦੋਂ ਮੈਂ ਨਾਮਧਾਰੀ ਇਤਿਹਾਸ ਨੂੰ ਖੋਜਣ ਦੇ ਰਾਹ ਪਿਆ ਤਾਂ ਹੈਰਾਨੀ ਹੋਈ ਕਿ ਸਾਰਾ ਭਾਰਤ 1857 ਦੀ ਜੰਗ ਲੜਨ ਲਈ ਉਠਿਆ ਪਰ ਪੰਜਾਬ ਦੀ ਧਰਤੀ ਉਤੇ ਸਤਿਗੁਰੂ ਰਾਮ ਸਿੰਘ ਵਰਗੇ ਯੋਧੇ ਤਾਂ ਲੋਕਾਂ ਨੂੰ 1854 ਵਿਚ ਹੀ ਲਾਮਬੰਦ ਕਰਨ ਲੱਗ ਪਏ ਸਨ। ਸੋ ਸਾਡੇ ਵਾਸਤੇ ਇਹ ਸ਼ਊਰ ਗੱਲ ਸੀ ਕਿ ਅਸੀਂ ਇਸ ਦਾ ਰੱਜ ਕੇ ਪ੍ਰਚਾਰ ਕਰੀਏ। ਇਹ ਕਮਾਲ ਦੀ ਗੱਲ ਸੀ ਕਿ ਕੁੱਲ ਭਾਰਤ ਲਗਭਗ ਇਕ ਸੌ ਸਾਲ ਦੀ ਗੁਲਾਮੀ ਤੋਂ ਬਾਅਦ ਸਿਰ ਚੁੱਕਣ ਦੇ ਸਮਰਥ ਹੋਇਆ ਸੀ ਜਦਕਿ ਪੰਜਾਬ ਕੇਵਲ ਪੰਜ ਸਾਲ ਬਾਅਦ ਹੀ ਅੰਗਰੇਜ਼ਾਂ ਦੀਆਂ ਦਮਨਕਾਰੀ ਨੀਤੀਆਂ ਨੂੰ ਪਛਾਣ ਚੁੱਕਾ ਸੀ। ਅਤੇ ਇਹ ਪਛਾਣ ਕਰਨ ਵਾਲੇ ਹੋਰ ਕੋਈ ਨਹੀਂ, ਸਤਿਗੁਰੂ ਰਾਮ ਸਿੰਘ ਜੀ ਸਨ ਇਹਨਾਂ ਨੇ ਧਾਰਮਿਕ ਵਿੱਥ ਵਾਲੀ ਕੌਮੀ ਲਹਿਰ ਦਾ ਆਗਾਜ਼ ਕੀਤਾ।

ਸਤਿਗੁਰੂ ਰਾਮ ਸਿੰਘ ਜੀ ਨੇ ਇਸ ਧਰਮ ਵਿਚ ਆਈਆਂ ਬਹੁ-ਭਾਂਤੀ ਕੁਰੀਤੀਆਂ ਨੂੰ ਪਛਾਣ ਲਿਆ ਸੀ। ਉਹ ਸਿੱਖਾਂ ਦੇ ਆਚਰਣ ਨੂੰ ਉਚਾ ਚੁੱਕਣਾ ਚਾਹੁੰਦੇ ਸਨ ਅਤੇ 1849 ਵਿਚ ਅੰਗਰੇਜ਼ਾਂ ਹੱਥੋਂ ਹਾਰ ਕੇ ਪਸਤ ਹੋਏ ਸਿੱਖਾਂ ਨੂੰ ਹੌਸਲਾ ਦੇਣ ਦਾ ਬੀੜਾ ਉਠਾਈ ਬੈਠੇ ਸਨ। ਇਸੇ ਲਈ ਉਹਨਾਂ ਨੇ 1857 ਵਿਚ ਸੰਤ ਖਾਲਸਾ ਦੀ ਸਥਾਪਨਾ ਕੀਤੀ ਜੋ ਇਕ ਮਹੱਤਵਪੂਰਨ ਇਤਿਹਾਸਕ ਘਟਨਾ ਸੀ। 'ਸੰਤ ਖਾਲਸਾ' ਦਾ ਮੁੱਖ ਮਨੋਰਥ ਸਿੱਖਾਂ ਨੂੰ ਨੈਤਿਕ ਅਮੀਰੀ ਬਖਸ਼ ਕੇ ਉਨ੍ਹਾਂ ਦੇ ਖਿਡਰ ਚੁੱਕੇ ਗੌਰਵ ਨੂੰ ਬਹਾਲ ਕਰਨਾ ਸੀ। ਇਸ ਤਰ੍ਹਾਂ ਸਤਿਗੁਰੂ ਜੀ ਉਹ ਰਹਿਨੁਮਾ ਬਣੇ। ਜੋ ਸਿੱਖ ਪੰਥ ਦੇ ਭਵਿੱਖ ਲਈ ਚਿੰਤਤ ਸਨ ਅਤੇ ਇਸ ਵਿਚ ਨਵੀਂ ਰੂਹ ਫੂਕਣਾ ਚਾਹੁੰਦੇ ਸਨ। 'ਸੰਤ ਖਾਲਸਾ' ਦੀ ਕਾਇਮੀ ਦਰਅਸਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਨਿਰਮਿਤ 'ਸੰਤ ਖਾਲਸਾ' ਦਾ ਹੀ ਨਵਾਂ ਰੂਪ ਸੀ ਜੋ ਕਿ ਨਵੀਆਂ ਪ੍ਰਸਥਿਤੀਆਂ ਵਿਚ ਨਵਾਂ ਉਤਸ਼ਾਹ ਲੈ ਕੇ ਆਇਆ ਸੀ।

ਸਤਿਗੁਰੂ ਰਾਮ ਸਿੰਘ ਜੀ ਖੁਦ ਵਿਸ਼ਾਲ ਦ੍ਰਿਸ਼ਟੀ ਦੇ ਮਾਲਕ ਸਨ। ਉਹਨਾਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਜਦ ਤੱਕ ਪੰਜਾਬ ਲੋਕਾਂ ਦਾ ਗੌਰਵ ਬਹਾਲ ਨਹੀਂ ਹੁੰਦਾ ਇਹ ਜ਼ੁਲਮ ਦੇ ਖਿਲਾਫ ਲੜ ਨਹੀਂ ਸਕਣਗੇ। ਇਸ ਲਈ ਉਨ੍ਹਾਂ ਨੇ ਧਰਮ ਸੁਧਾਰ ਦੇ ਨਾਲ ਨਾਲ ਸਮਾਜ ਸੁਧਾਰ ਲਹਿਰ ਵੀ ਸ਼ੁਰੂ ਕੀਤੀ। ਦਿਖਾਵੇ ਦੀ ਜ਼ਿੰਦਗੀ ਤਿਆਗ ਕੇ ਸਾਦਗੀ, ਉਚੇ ਆਚਰਣ, ਸਵੱਛਤਾ ਅਤੇ ਨਿਮਰਤਾ ਦੇ ਗੁਣ ਭਰਨ ਲਈ ਆਪਣੇ ਸਾਥੀਆਂ ਨੂੰ ਪ੍ਰੇਰਿਤ ਕੀਤਾ। ਉਸ ਵਕਤ ਅੰਧ ਵਿਸ਼ਵਾਸ਼ ਵਿਚ ਫਸੇ ਲੋਕਾਂ ਨੂੰ ਕੱਢਣ ਲਈ ਨਵੇਂ ਪ੍ਰਯਤਨ ਕੀਤੇ। ਮੜੀ ਮਸਾਣਾ ਦੀ ਪੂਜਾ ਬੰਦ ਕਰਨ ਦਾ ਉਪਦੇਸ਼ ਦਿੱਤਾ ਅਤੇ ਨਾਮ ਮਾਰਗ ਅਪਣਾਉਣ ਦੀ ਨਸੀਹਤ ਕੀਤੀ। ਨਾਮਧਾਰੀ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਉਹ ਗਰੀਬ ਗੁਰਬੇ ਦੀ ਮਦਦ ਕਰਨ ਤਾਂ ਜੋ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਹੋ ਸਕੇ। ਇਸ ਵਾਸਤੇ ਪੂਰੇ ਨਾਮਧਾਰੀ ਸਮਾਜ ਵਿਚ ਵਿਆਜ ਲੈਣ ਦੇਣ ਦੀ ਮਨਾਹੀ ਕੀਤੀ।

ਜਦੋਂ ਉਹਨਾਂ ਮਹਿਸੂਸ ਕੀਤਾ ਕਿ ਸਿੱਖ ਸਮਾਜ ਵਿਆਹ ਸ਼ਾਦੀਆਂ ਅਤੇ ਹੋਰ ਸਮਾਜਕ ਸਮਾਗਮਾਂ ਵਕਤ ਵਿੱਤ ਤੋਂ ਬਾਹਰ ਖਰਚ ਕਰਕੇ ਕਗਾਂਲ ਹੋ ਰਿਹਾ ਹੈ ਤਾਂ ਉਨ੍ਹਾਂ ਨੇ ਦਹੇਜ ਦੀ ਰਸਮ ਨੂੰ ਤੁਰੰਤ ਰੋਕਿਆ ਅਤੇ ਸਾਦਗੀ ਉਤੇ ਚਲਦਿਆਂ ਸਮੂਹਿਕ ਵਿਆਹ ਕਰਨ ਦੀ ਰਸਮ ਸ਼ੁਰੂ ਕੀਤੀ। ਜੋ ਅੱਜ ਤੱਕ ਵੀ ਜਾਰੀ ਹੈ। ਵੇਦੀ ਵਿਆਹ ਦੀ ਰੀਤ ਦੀ ਥਾਂ ਅਨੰਦ ਕਾਰਜ ਨੂੰ ਤਰਜੀਹ ਦਿਤੀ ਅਤੇ ਸਮੂਹਿਕ ਅਨੰਦ ਕਾਰਜਾਂ ਸਮੇਂ ਕੇਵਲ ਸਵਾ ਰੁਪਏ ਦੇ ਖਰਚ ਦੀ ਸੀਮਾ ਰਖੀ। ਬਰਾਤਾਂ ਦੇ ਵੱਗ ਨੂੰ ਰੋਕਿਆ ਅਤੇ ਵਿਆਹ ਵਿਚ ਸ਼ਾਹੀ ਭੋਜਾਂ ਦੀ ਥਾਂ ਸਭ ਨੂੰ ਲੰਗਰ ਵਿਚੋਂ ਪ੍ਰਸ਼ਾਦੇ ਛਕਣ ਲਈ ਕਿਹਾ। ਇਹ ਉਸ ਸਮੇਂ ਗਰੀਬ ਲੋਕਾਂ ਦੀ ਮੁਕਤੀ ਲਈ ਅਹਿਮ ਕਦਮ ਸੀ।

ਸਤਿਗੁਰੂ ਰਾਮ ਸਿੰਘ ਜੀ ਔਰਤ ਦੀ ਸਥਿਤੀ ਸਬੰਧੀ ਵੀ ਪੂਰੇ ਜਾਗਰੂਕ ਸਨ। ਉਹਨਾਂ ਨੂੰ ਕੁੜੀਆਂ ਨੂੰ ਮਾਰਨ ਦੀਆਂ ਘਟਨਾਵਾਂ ਉਤੇ ਦੁੱਖ ਹੁੰਦਾ। ਵੱਟੇ ਸੱਟੇ ਦੇ ਵਿਆਹ ਵਿਚ ਕੁੜੀਆਂ ਦੀ ਹੁੰਦੀ ਨਿਰਾਦਰੀ ਉਹਨਾਂ ਲਈ ਘੋਰ ਦੁੱਖ ਦਾ ਕਾਰਣ ਹੁੰਦੀ। ਸੋ ਉਹਨਾਂ ਨੇ ਨਾਮਧਾਰੀ ਸਮਾਜ ਨੂੰ ਇਕ ਹੁਕਮਨਾਮਾ ਜਾਰੀ ਕਰਕੇ ਕੁੜੀਆਂ ਨੂੰ ਮਾਰਨ ਨੂੰ ਗਊ ਹੱਤਿਆ ਦੇ ਤੁੱਲ ਸਮਝਣ ਲਈ ਕਿਹਾ ਅਤੇ ਨਾਲ ਹੀ ਕੁੜੀਆਂ ਦੀ ਹਤਿਆ ਕਰਨ, ਵੱਟੇ ਦੇ ਵਿਆਹਾਂ, ਕੁੜੀਆਂ ਵੇਚਣ ਆਦਿ ਦੀ ਸਖਤ ਮਨਾਹੀ ਕੀਤੀ। ਇਸ ਦੇ ਨਾਲ ਹੀ ਉਹਨਾਂ ਨੇ ਕੁੜੀਆਂ ਨੂੰ ਸਾਖਰ ਬਣਾਉਣ ਦੀ ਪਹਿਲ ਕਦਮੀ ਕੀਤੀ। ਉਹਨਾਂ ਨੂੰ ਗਿਆਨ ਸੀ ਕਿ ਸਾਖਰਤਾ ਤੋਂ ਬਿਨਾਂ ਨਾਰੀ ਮੁਕਤੀ ਸੰਭਵ ਨਹੀਂ ਹੈ। ਆਪਣੇ ਵੱਖ ਵੱਖ ਹੁਕਮਨਾਮਿਆਂ ਵਿਚ ਆਪ ਲਿਖਦੇ ਹਨ :

"ਲੜਕੇ ਲੜਕੀਆਂ ਨੂੰ ਅੱਖਰ ਪੜਾਉਣੇ ਪਹਿਲੀ

ਹੋਛ ਆਉਂਦਿਆਂ ਹੀ। ਸਭ ਨੂੰ ਕੁੜੀ ਮੁੰਡੇ ਨੂੰ ਅੱਖਰ ਪੜਾਏ ਦੇਣੇ ਗੁਰਮੁਖੀ ਦੇ। ਇਕ ਬਾਤ ਹੋਰ ਵੀ ਸਭ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ ਨਾ ਬੇਚੇ ਨਾ ਬੱਟਾ ਕਰੇ। ਜੇ ਕੋਈ ਇਹ ਬਾਤ ਨਾ ਮੰਨੇ। ਤਾ ਉਸਨੂੰ ਸੰਗਤ ਵਿਚ ਨਾ ਵੜਨ ਦੇਣਾ।"

ਇਸ ਤਰ੍ਹਾਂ ਅਵੱਗਿਆ ਕਰਨ ਵਾਲੇ ਦੇ ਸਮਾਜਿਕ ਬਾਈਕਾਟ ਦਾ ਵੀ ਪ੍ਰਬੰਧ ਸੀ। ਇਸਦੇ ਨਾਲ ਹੀ ਆਪ ਨੇ ਆਪਣੇ ਸਿਖਾਂ ਦੇ ਸਰਬਾਂਗੀ ਵਿਕਾਸ ਦੇ ਵੀ ਉਪਰਾਲੇ ਕੀਤੇ ਅਤੇ ਉਨਾਂ ਨੂੰ ਸਹੀ ਪਾਠ ਕਰਨ ਅਤੇ ਸੰਗੀਤ ਦੀ ਸਿਖਿਆ ਹਾਸਿਲ ਕਰਨ ਲਈ ਵੀ ਪ੍ਰੇਰਿਆ।

ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਜਦੋਂ ਨਾਮਧਾਰੀ ਸਿਖਾਂ ਨੇ ਗਊ ਹੱਤਿਆ ਦੇ ਖਿਲਾਫ ਜਦੋ ਜਹਿਦ ਕੀਤੀ ਤਾਂ ਸਤਿਗੁਰੂ ਦਾ ਰੋਲ ਬਹੁਤ ਤਰਕਸ਼ੀਲ ਸੀ। ਆਪ ਇਸ ਲਹਿਰ ਨੂੰ ਦਰਜਾ ਬਦਰਜਾ ਸਹਿਜੇ ਸਹਿਜੇ ਉਠਾਉਣਾ ਚਾਹੁੰਦੇ ਸਨ। ਗਊ ਹਤਿਆ ਕਰਨ ਵਾਲੇ ਮੁਸਲਮਾਨਾਂ ਦੇ ਕਤਲਾਂ ਤੋਂ ਬਾਅਦ ਆਪ ਦਾ ਆਚਰਣ ਹੋਰ ਵੀ ਨਿਘਰ ਕੇ ਸਾਹਮਣੇ ਆਉਂਦਾ ਹੈ ਜਦੋਂ ਉਹ ਆਪਣੇ ਸਿਰਲੱਥ ਯੋਧਿਆਂ ਨੂੰ ਸ਼ਰੇਆਮ ਇਹ ਜੁਰਮ ਕਬੂਲ ਕਰਨ ਲਈ ਪ੍ਰੇਰਿਤ ਕਰਦੇ ਹਨ। ਇਸ ਤੋਂ ਸਤਿਗੁਰੂ ਜੀ ਦੇ ਲੋਕ ਹਿਤੈਸ਼ੀ ਹੋਣ ਉਤੇ ਮੋਹਰ ਲੱਗਦੀ ਹੈ। ਉਹਨਾਂ ਦਾ ਖਿਆਲ ਸੀ ਕਿ ਜੇ ਅਸੀਂ ਇਨ੍ਹਾਂ ਹੱਤਿਆਵਾਂ ਦੀ ਜ਼ਿੰਮੇਵਾਰੀ ਨਾ ਲਈ ਤਾਂ ਬੇਕਸੂਰ ਗਰੀਬ ਲੋਕਾਂ ਉਤੇ ਜੁਲਮ ਢਾਹੇ ਜਾਣਗੇ ਜੋ ਸਤਿਗੁਰੂ ਨੂੰ ਮਨਜ਼ੂਰ ਨਹੀਂ ਸੀ। ਭਾਵੇਂ ਕਿ ਇਸ ਤੋਂ ਮਗਰੋਂ ਇਹਨਾਂ ਸਾਰੇ ਨਾਮਧਾਰੀ ਸਿੱਖਾਂ ਨੂੰ ਮੌਤ ਦਾ ਸਾਹਮਣਾ ਕਰਨਾ ਪਿਆ। ਪਰ ਇਸ ਦਾ ਅਸਰ ਇਹ ਵੀ ਹੋਇਆ ਕਿ ਉਨ੍ਹਾਂ ਨੇ ਮਰਜੀਵੜਿਆਂ ਦੀ ਇਕ ਪੂਰੀ ਫੌਜ ਤਿਆਰ ਕਰ ਲਈ ਜੋ ਹਰ ਤਰ੍ਹਾਂ ਦੇ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਸੀ।

ਬ੍ਰਿਟਿਸ ਸਾਮਰਾਜ ਨਾਲ ਸੁਤੰਤਰਤਾ ਦੀ ਲੜਾਈ ਨੂੰ ਉਹ ਦੋ-ਧਾਰੀ ਰੱਖ ਰਹੇ ਸਨ। ਇਕ ਪਾਸੇ ਵਿਦੇਸ਼ੀ ਮਾਲ ਦੇ ਬਾਈਕਾਟ ਦਾ ਸੰਦੇਸ਼ ਅਤੇ ਦੂਜੇ ਪਾਸੇ ਸਮਾਨਾਂਤਰ ਪ੍ਰਸ਼ਾਸ਼ਨ ਦਾ ਸਿਧਾਂਤ ਲਿਆ ਕੇ ਬ੍ਰਿਟਿਸ਼ ਸਾਮਰਾਜ ਨੂੰ ਸੋਚਣ ਲਈ ਮਜਬੂਰ ਕੀਤਾ ਅਤੇ ਦੂਜੇ ਪਾਸੇ ਅਜੇਹੇ ਸਿੱਖਾਂ ਦੀ ਫੌਜ ਤਿਆਰ ਸੀ ਜੋ ਸਤਿਗੁਰੂ ਦੇ ਇਸ਼ਾਰੇ ਉਤੇ ਜਾਨ ਕੁਰਬਾਨ ਕਰਨ ਲਈ ਤਿਆਰ ਬੈਠੇ ਸਨ।

ਰਾਜਸੀ ਚੇਤਨਾ ਵਾਲੇ ਕੋਣ ਤੋਂ ਦੇਖੀਏ ਤਾਂ ਸਤਿਗੁਰੂ ਜੀ ਦੀ ਦੂਰ ਦ੍ਰਿਸ਼ਟੀ ਵੀ ਲਾਸਾਨੀ ਹੈ। ਉਹਨਾਂ ਨੂੰ ਇਸ ਗਲ ਦਾ ਗਿਆਨ ਸੀ ਕਿ ਇੰਨੇ ਵੱਡੇ ਪੰਜਾਬ ਵਿਚ ਲਹਿਰ ਨੂੰ ਫੈਲਾਉਣ ਲਈ ਅਤੇ ਲਹਿਰ ਦੇ ਪ੍ਰਬੰਧ ਲਈ ਇਕਹਰੀ ਇਕਾਈ ਨਾਲ ਕੰਮ ਨਹੀਂ ਚਲ ਸਕਦਾ। ਇਸ ਲਈ ਉਹਨਾਂ ਨੇ ਪੂਰੇ ਪੰਜਾਬ ਨੂੰ 22 ਹਿੱਸਿਆ ਵਿਚ ਵੰਡ ਕੇ ਇਸਦੇ 22 ਸੂਬੇ ਨਿਯੁਕਤ ਕੀਤੇ। ਆਮ ਲੋਕਾਂ ਨੂੰ ਨਾਮਧਾਰੀ ਲਹਿਰ ਨਾਲ ਜੋੜਨ ਲਈ 80 ਹਜਾਰ ਦੇ ਕਰੀਬ ਮਾਲਾ ਵੰਡਣਾ ਕੋਈ ਸਾਧਾਰਨ ਸੋਚ ਦਾ ਕੰਮ ਨਹੀਂ ਸੀ। ਸਗੋਂ ਇਹ ਯਤਨ 80 ਹਜ਼ਾਰ ਨਵੇਂ ਲੋਕਾਂ ਨੂੰ ਇਸ ਧਰਮ ਸੁਧਾਰ, ਸਮਾਜ ਸੁਧਾਰ ਅਤੇ ਰਾਜਨੀਤਕ ਲਹਿਰ ਨਾਲ ਜੋੜਨਾ ਸੀ। ਆਪ ਦਾ ਖਿਆਲ ਸੀ ਕਿ ਬਰਤਾਨਵੀ ਹਕੂਮਤ ਦੀ ਆਰਥਿਕਤਾ ਉਤੇ ਸੱਟ ਮਾਰ ਕੇ ਅਤੇ ਲੋਕਾਂ ਨੂੰ ਉਹਨਾਂ ਖਿਲਾਫ ਲਾਮਬੰਦ ਕਰਨ ਤੋਂ ਬਿਨਾਂ ਗੁਲਾਮੀ ਦੇ ਇਸ ਜੂਲੇ ਤੋਂ ਛੁਟਕਾਰਾ ਨਹੀਂ ਮਿਲ ਸਕਦਾ।

ਬਰਤਾਨੀਆਂ ਵਰਗੇ ਸਾਮਰਾਜ, ਜਿਸ ਦੀ ਹਕੂਮਤ ਵਿਚ ਸੂਰਜ ਨਹੀਂ ਡੁੱਬਦਾ ਸੀ, ਦਾ ਮੁਕਾਬਲਾ ਕਰਨ ਲਈ ਇਕ ਸਹਿਜ ਸੋਚ ਦੀ ਜ਼ਰੂਰਤ ਸੀ। ਇਕ ਅਜੇਹੀ ਯੋਜਨਾਬੰਦੀ ਦੀ ਜੋ ਦੁਸ਼ਮਣ ਦੀ ਹਰ ਚਾਲ ਨੂੰ ਪਸਤ ਕਰ ਸਕੇ। ਇਸ ਵਾਸਤੇ ਸਤਿਗੁਰੂ ਜੀ ਨੇ ਇਕ ਅਜਿਹੀ ਵਿਉਂਤ ਬਣਾਈ ਜੋ ਉਸ ਵਕਤ ਦੇ ਹਾਲਾਤ ਮੁਤਾਬਕ ਹੈਰਾਨਕੁਨ ਜਾਪਦੀ ਹੈ। ਉਹਨਾਂ ਨਿਪੁੰਨ ਸ਼ਾਸ਼ਕ ਵਾਂਗ ਆਪਣੀ ਵਿਦੇਸ਼ੀ ਨੀਤੀ ਘੜਨੀ ਵੀ ਸ਼ੁਰੂ ਕਰ ਦਿੱਤੀ ਸੀ। ਇਸ ਲਈ ਉਹਨਾਂ ਨੇ ਕਸ਼ਮੀਰ, ਗਵਾਲੀਅਰ, ਬਨਾਰਸ ਅਤੇ ਲਖਨਊ ਸਮੇਤ ਕਈ ਰਿਆਸਤਾਂ ਨਾਲ ਸੰਪਰਕ ਸਾਧ ਕੇ ਰਾਜਸੀ ਸੰਬੰਧ ਬਣਾਉਣੇ ਸ਼ੁਰੂ ਕੀਤੇ। ਕਸ਼ਮੀਰ ਵਿਚ ਤਾਂ ਕੂਕੇ ਸਿੰਘਾਂ ਨੂੰ ਜੰਗੀ ਸਿਖਲਾਈ ਲਈ ਵੀ ਭੇਜਿਆ। ਇਥੇ ਹੀ ਬਸ ਨਹੀਂ ਸਗੋਂ ਕਾਬੁਲ ਤੇ ਰੂਸ ਦੀਆਂ ਸਮਕਾਲੀਨ ਸਰਕਾਰਾਂ ਨਾਲ ਵੀ ਸੰਬੰਧ ਬਣਾ ਕੇ ਬਕਾਇਦਾ ਸੰਦੇਸ਼ਾਂ ਦਾ ਆਦਾਨ ਪ੍ਰਦਾਨ ਸ਼ੁਰੂ ਕੀਤਾ। ਇਹ ਸਾਰੀ ਪ੍ਰਕਿਰਿਆ ਇਕ ਕੁਸਲ ਪ੍ਰਸ਼ਾਸਕ ਵਾਲੀ ਹੀ ਸੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਬਾਕੀ ਭਾਰਤ ਤੋਂ ਪਹਿਲਾਂ ਵੀ ਤੇ ਫਿਰ ਨਾਲ ਨਾਲ ਵੀ ਸੁਤੰਤਰਤਾ ਸੰਗਰਾਮ ਦੀ ਪਹਿਲੀ ਜੰਗ ਵਿਚ ਪੂਰੀ ਤਨਦੇਹੀ ਨਾਲ ਕੁਦਿਆ ਸੀ। ਇਸ ਤੋਂ ਵੀ ਅਗਾਂਹ ਜਾ ਕੇ ਦੇਖੀਏ ਤੇ ਮਹਾਤਮਾ ਗਾਂਧੀ ਵਲੋਂ 20ਵੀਂ ਸਦੀ ਸ਼ੁਰੂ ਕੀਤੀ ਗਈ ਸਵਦੇਸ਼ੀ ਅਤੇ ਨਾ ਮਿਲਵਰਤਨ ਲਹਿਰ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਭਾਵ ਹੇਠ ਹੀ ਆਈ ਜਾਪਦੀ ਹੈ।

ਇੰਜ ਸਤਿਗੁਰੂ ਰਾਮ ਸਿੰਘ ਪੰਜਾਬ ਦੀ ਇਜ਼ਤ ਦੇ ਰਾਖੇ ਬਣ ਕੇ ਉਭਰੇ ਹਨ। ਜਿਨ੍ਹਾ 21ਵੀਂ ਸਦੀ ਵਿਚ ਵੀ ਸਾਨੂੰ ਰਾਸ਼ਟਰੀ ਪੱਧਰ ਤੇ ਇਹ ਗੌਰਵ ਦੁਆਇਆ ਕਿ ਪੰਜਾਬ ਨੇ ਕਦੇ ਵੀ ਦੇਸ਼ ਨੂੰ ਜਾਂ ਰਾਸ਼ਟਰੀ ਹਿਤਾਂ ਨੂੰ ਪਿਠ ਨਹੀਂ ਦਿਖਾਈ ਸਗੋਂ ਇਹ ਮਰਜੀਵੜੇ ਤਾਂ ਹਮੇਸ਼ਾਂ ਹੀ ਛਾਤੀਆਂ ਉਤੇ ਗੋਲੀਆਂ ਖਾਂਦੇ ਰਹੇ ਹਨ। ■

ਸੱਚਾ ਰਹਿਬਰ : ਸਤਿਗੁਰੂ ਰਾਮ ਸਿੰਘ



ਡਾ. ਨਰਿੰਦਰ ਸਿੰਘ

ਸਤਿਗੁਰੂ ਰਾਮ ਸਿੰਘ ਜੀ ਨੇ ਗਹਿਰੇ ਅੰਤਰੀਵ ਸੁਧਾਰ ਦਾ ਬੀੜਾ ਚੁਕਿਆ। ਸਥਾਪਤ ਹੋ ਚੁਕੀ ਬੁਰਾਈ ਵਿਰੁਧ ਜਦੋਂ ਜਦੋਂ ਵੀ ਰਹਿਨੁਮਾ ਸੁਧਾਰਕ ਆਵਾਜ਼ ਚੁਕਦਾ ਹੈ ਤਾਂ ਉਸ ਆਵਾਜ਼ ਦਾ ਵਿਰੋਧ ਹੁੰਦਾ ਹੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਸਮਾਜਕ, ਧਾਰਮਕ, ਰਾਜਨੀਤਕ ਵਿਰੋਧਾਂ ਦਾ ਤੂਫ਼ਾਨ ਝੱਲਿਆ।

ਫ਼ਰਵਰੀ 2016 ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਦੋ ਸੌਵੀਂ ਵਰ੍ਹੇ ਗੰਢ ਮਨਾਈ ਜਾ ਰਹੀ ਹੈ। ਮੁਬਾਰਕ ਮੌਕਾ ਹੈ। ਸਤਿਗੁਰੂ ਜੀ ਦੇ ਸਿਦਕਵਾਨ ਸਿੱਖ ਸ਼ਰਧਾਲੂ ਉਤਸਾਹਿਤ ਹਨ। ਹੋਣ ਵੀ ਕਿਉਂ ਨਾ ਉਹ ਆਪਣੇ ਅਜਿਹੇ ਸਤਿਗੁਰੂ ਦਾ ਪਾਵਨ ਪੁਰਬ ਮਨਾ ਰਹੇ ਹਨ ਜਿਸਨੇ ਕਦੇ ਉਸ ਵੇਲੇ ਦੇ ਸਮਾਜ , ਧਰਮ, ਰਾਜਨੀਤੀ ਵਿੱਚ ਆ ਰਹੀਆਂ ਗਹਿਰੀਆਂ ਅਤੇ ਸਿਆਹ ਕਾਲੀਆਂ ਬੁਰਾਈਆਂ ਨਾਲ ਨਜਿੱਠਣ ਲਈ ਧਰਮ ਯੁੱਧ ਸ਼ੁਰੂ ਕੀਤੇ ਸੀ। ਜਿਸ ਦੀ ਅਗਵਾਈ ਨਾਲ ਕੂੜ ਦੀਆਂ ਜੜ੍ਹਾਂ ਹਿਲੀਆਂ ਸਨ। ਵਿਦੇਸ਼ੀ ਹਾਕਮਾਂ ਦੇ ਕੂੜ ਦੀਆਂ ਵੀ ਅਤੇ ਆਪਣੇ ਇਥੋਂ ਦੇ ਧਾਰਮਕ, ਸਮਾਜਕ ਕੂੜ ਪਾਸਾਰੇ ਦੀਆਂ ਵੀ। ਦੇਸ਼ ਦੀ ਆਜ਼ਾਦੀ ਦੀ ਲੜਾਈ ਲੜਨ ਵਾਲਾ ਵੀ ਉਹ ਅਜਿਹਾ ਪਹਿਲਾ ਵਿਅਕਤੀ ਸੀ ਜਿਸਨੇ ਵਿਦੇਸ਼ੀ ਦੇ ਤ੍ਰਿਸਕਾਰ ਅਤੇ ਸਵਦੇਸੀ ਦੇ ਪਰਵਾਰ ਦੀ ਗੱਲ ਕੀਤੀ। ਵਿਦੇਸੀ ਵਸਤਰਾਂ ਦੇ ਤ੍ਰਿਸਕਾਰ ਦੀ ਹੀ ਨਹੀਂ ਵਿਦੇਸੀ ਸੇਵਾਵਾਂ ਦੇ ਤ੍ਰਿਸਕਾਰ ਦੀ ਵੀ। ਉਹਦਾ ਇਹ ਫ਼ਾਰਮੂਲਾ ਹੀ ਅੰਤਮ ਤੋਰ ਤੇ ਦੇਸ ਨੂੰ ਆਜ਼ਾਦੀ ਦਿਵਾਉਣ ਵਿੱਚ ਕਾਮਯਾਬ ਹੋਇਆ। ਉਹ ਲੜਾਈ! ਬਿਨਾ ਖੜਗ ਬਿਨਾ ਢਾਲ।

ਪਰ ਇਸ ਗੱਲ ਨੂੰ ਮਾਨਤਾ ਕੌਣ ਦੇਵੇ? ਮਾਨਤਾ ਦਿੰਦੇ ਤਾਂ ਇਹ ਮਹਾਨ ਪੁਰਬ ਰਾਸ਼ਟਰੀ ਪੱਧਰ ਤੇ ਨਾ ਮਨਾਇਆ ਜਾਂਦਾ।

ਸਤਿਗੁਰੂ ਰਾਮ ਸਿੰਘ ਜੀ ਨੇ ਜਿਹਨਾਂ ਹਾਲਾਤ ਵਿੱਚ ਇਹ ਮਹਾਂ ਕਰਮ-ਯੱਗ ਪ੍ਰਾਰੰਭ ਕੀਤਾ ਉਸਦਾ ਜ਼ਾਇਜਾ ਲੈਣਾ ਵੀ ਮਹੱਤਵ ਪੂਰਣ ਹੈ। ਇਹ ਸਮਾਂ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਵੀ ਹੈ, ਉਸਦੇ ਅੰਤਲੇ ਦੌਰ ਦਾ ਵੀ ਅਤੇ ਅੰਗਰੇਜ਼ੀ ਹਕੂਮਤ ਦੇ ਪੰਜਾਬ ਉੱਤੇ ਕਾਬਜ਼ ਹੋਣ ਦਾ ਵੀ। ਮਹਾਰਾਜਾ ਰਣਜੀਤ ਸਿੰਘ ਦੇ ਮੁਢਲੇ ਦੌਰ ਵਿੱਚ ਰਜਨੀਤਕ, ਸਮਾਜਕ ਅਤੇ ਧਾਰਮਕ ਸਥਿਰਤਾ ਦਾ ਕੁਝ ਸਮਾਂ ਮੰਨਿਆ ਜਾਂਦਾ ਹੈ ਪਰ ਇਸ ਪਿਛੋਂ ਧਾਰਮਕ ਤੇ

ਸਮਾਜਕ ਖੇਤਰਾਂ ਵਿੱਚ ਗਿਰਾਵਟ ਆਉਂਦੀ ਗਈ ਅਤੇ ਪੰਜਾਬੀਆਂ ਦੇ ਅੰਗਰੇਜ਼ਾਂ ਹੱਥੋਂ ਪੰਜਾਬ ਹਾਰ ਜਾਣ ਬਾਅਦ ਤਾਂ ਪੰਜਾਬ ਦੇ ਸਮਾਜਕ ਅਤੇ ਧਾਰਮਕ ਖੇਤਰਾਂ ਵਿੱਚ ਅਤਿ ਦਰਜੇ ਦੀ ਗਿਰਾਵਟ ਆਈ।

18 ਵੀ ਸਦੀ ਦੇ ਪੰਜਾਬ ਦੇ ਇਤਿਹਾਸ ਬਾਰੇ, ਪੰਜਾਬ ਦੇ ਸਮਾਜਕ, ਰਾਜਨੀਤਕ, ਧਾਰਮਕ ਅਤੇ ਨਿਤਾ ਪ੍ਰਤੀ ਦੀ ਜ਼ਿੰਦਗੀ ਨਾਲ ਜੁੜੇ ਸਮੇਂ ਦੇ ਸਜੀਵ ਚਿਤਰ ਵਰਗੇ ਇਤਿਹਾਸ ਬਾਰੇ ਜੇ ਪ੍ਰਮਾਣਕ ਰੂਪ ਵਿੱਚ ਜਾਣਨਾ ਹੋਵੇ ਤਾਂ ਸਾਡੇ ਪਾਸ ਗਿਆਨੀ ਗਯਾਨ ਸਿੰਘ ਰਚਿਤ 'ਸ੍ਰੀ ਗੁਰੂ ਪੰਥ ਪ੍ਰਕਾਸ਼' ਨਾਮ ਦਾ ਗ੍ਰੰਥ ਹੈ' ਇਸਦਾ 60ਵਾਂ ਅਧਿਆਇ ਵਿਸ਼ੇਸ਼ ਰੂਪ ਵਿੱਚ ਉਸ ਸਾਰੇ ਕਾਲ ਦਾ ਵੇਰਵਾ ਪ੍ਰਸੰਗ ਸਹਿਤ ਚਿਤਰਿਤ ਕਰਦਾ ਹੈ। ਮੁਗਲਾਂ ਦਾ ਪਿਛਲੇਰਾ ਸਮਾਂ, ਫਿਰ ਉਹ ਸਮਾਂ ਜਦੋਂ ਸਿੰਘਾਂ ਦੇ ਪ੍ਰਤਾਪ ਕਾਰਣ ਮੁਗਲ ਰਾਜ ਖੀਣ ਹੋ ਰਿਹਾ ਸੀ, ਫਿਰ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ, ਫਿਰ ਮਹਾਰਾਜੇ ਦੇ ਰਾਜ ਦੀ ਸਥਾਪਤੀ ਅਤੇ ਉਸ ਵਿੱਚ ਆ ਰਹੀਆਂ ਖਾਮੀਆਂ ਦੀ ਗਾਥਾ ਤੇ ਫਿਰ ਅੰਗਰੇਜ਼ਾਂ ਦੇ ਰਾਜ ਦਾ ਸਮਾਂ। ਇਹਨਾਂ ਸਾਰੇ ਸਮਿਆਂ ਵਿੱਚ ਗਰੀਬਾਂ ਦੀ ਕੀ ਹਾਲਤ ਸੀ, ਅਮੀਰ ਤੇ ਤਾਕਤਵਰ ਕੀ ਕਰ ਰਹੇ ਸਨ, ਇਸਤਰੀ ਦੀ ਕੀ ਸਥਿਤੀ ਸੀ, ਸਮਾਜਕ ਮੁੱਲਾਂ ਦਾ ਕੀ ਹੋ ਰਿਹਾ ਸੀ, ਪਰਿਵਾਰਕ ਤੇ ਧਾਰਮਿਕ ਸਥਿਤੀ ਕੀ ਸੀ, ਖੁਸ਼ਹਾਲੀ ਜਾਂ ਮੰਦਹਾਲੀ ਦਾ ਮੀਟਰ ਕੀ ਦਸਦਾ ਸੀ, ਇਹ ਸਾਰਾ ਕੁਝ ਗਿਆਨੀ ਗਯਾਨ ਸਿੰਘ ਹੋਰਾਂ ਨੇ ਕਵਿਤਾ ਦੇ ਰੂਪ ਵਿੱਚ ਅਤਿ ਸਪੱਸ਼ਟਤਾ ਨਾਲ ਬਿਆਨ ਕੀਤਾ ਹੈ। ਇਥੇ ਕੁਝ ਸਥਿਤੀਆਂ ਬਾਰੇ ਮੋਟੇ ਮੋਟੇ ਸੰਕੇਤ ਅੰਕਿਤ ਹਨ:

1. ਤੁਰਕਨ ਕੀ ਜਬ ਥੀ ਪਾਤਸ਼ਾਹੀ
ਸਦੀ ਅਠੇ ਦਸ ਮਾਹੈ ਜੀ
....
ਮਨ ਭਾਵਤ ਹਿੰਦੁਨ ਪੈ ਮੁਸਲੇ,
ਜ਼ਾਲਮ ਜ਼ੁਲਮ ਕਮਾਤੇ ਥੇ

2. ਫਿਰ ਜਬ ਸ਼ਾਹੀ ਬੀਚ ਤੱਨਜ਼ਲ ਆਯੋ
ਤਬ ਕੀ ਸੁਨੋ ਸਭੈ
....
ਚਾਲੀ ਸਾਲ ਰਹਯੋ ਦੁਰਹਾਲੈ,
ਕਹਿਰ ਕਰਾਲ ਮਹਾਈ ਜੇ
ਹਾਲ ਚਾਲ ਬਸਨੋ ਉਜੱੜਨੋ,
ਗਦਰੈ ਜਦਰ ਲੜਾਈ ਜੇ

3. ਅੱਠਾਰਾ ਸੌ ਬੀਸ ਬਾਦ ਫਿਰ
ਰਾਜ ਸਿੰਘਨ ਜਬਿ ਜੰਮਯੋਂ ਥਾ
ਕਹਿਰ ਜਹਿਰ ਲੁਟ ਮਾਰ ਤਬੈ ਕਿਛ
ਸਿੰਧ ਲਹਿਰ ਜਯੋਂ ਜੰਮਯੋ ਥਾ
....
ਹੇਤ ਸ੍ਰੀ ਬਨ ਸਿੱਖ ਸਾਧਨ ਕੇ,
ਲੰਗਰ ਬਹੁ ਠਾਂ ਦੇਤੇ ਥੇ
ਜੋ ਜਮੀਨ ਬੀਜਨ ਥਾ ਜੇਤੀ,
ਹੋਈ ਬਹੋਈ ਲੇਤੇ ਥੇ

4. ਜਰਾ ਕੁ ਆਬਿ ਰਣਜੀਤ ਸਿੰਘ ਕੇ,
ਵਕਤੈਂ ਕੇਰੀ ਭੀ ਕੈ ਹੈ
ਭਏ ਸ਼ੁਕੀਨ ਨ੍ਰਿਮ ਸਰਦਾਰ,
ਬੱਦਲੀ ਪੌਣ ਜ਼ਮਾਨੇ ਜੀ
ਪਿਛਲੇ ਥੇ ਜਿਸ ਭੌਲੇ ਭਾਲੇ,
ਇਹ ਫਿਰ ਭਏ ਸਯਾਨੇ ਜੀ
....
ਕੰਨੀ ਬੁੰਦੇ ਸੀਸ ਮੀਢੀਆਂ,
ਨਥਲੀ ਰਖਤ ਕੁਮਾਰੀ ਭੀ
ਪੈ ਤਬਿ ਕੇਚਿਤ ਹੋਨੇ ਲਾਗੇ,
ਨਰ ਨਾਰੀ ਬਿਭਚਾਰੀ ਭੀ

5. ਥੀਓ ਜਬ ਰਾਜ ਅੰਗਰੇਜ਼ੀ ਤੇਜੀ ਔਰੈਂ ਥਈ
ਗਈ ਰੀਤ ਨੀਤਿ ਪੁਰਾ ਨਈ ਤੌਰ ਕੀ ਠਈ
ਫਾਰਸੀ ਹਾਰਸੀ ਗਈ,
ਤੇਜੀ ਅੰਗਰੇਜ਼ੀ ਲਈ
ਦੌਲਤ ਇਜ਼ਤ ਗਈ ਇਲਮ ਪੈ ਚਲ ਕੈ
ਸਿਦਕ ਬਿਦਕ ਗਯੋ ਧਰਮ ਨਰਮ ਪਯੋ
ਰੀਤਿ ਪਰਤੀਤਿ ਸਿੱਖੀ ਨੇਰ ਭਈ ਹਲ ਕੈ

ਉਪਰੋਕਤ ਹਵਾਲੇ ਸਮੇਂ ਦੀ ਗਤੀ ਨਾਲ ਪੰਜਾਬ ਦੇ ਬਦਲ ਦੇ ਹਾਲਾਤ ਬਾਰੇ ਇੱਕ ਚਲ-ਚਿਤਰ ਪੇਸ਼ ਕਰਦੇ ਹਨ। 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਕਰਤਾ ਇਤਿਹਾਸ ਦੀ ਪੁਸਤਕ ਤਾਂ ਨਹੀਂ ਲਿਖ ਰਿਹਾ ਪਰ ਪ੍ਰਮਾਣਕ ਇਤਿਹਾਸ ਲਿਖਣ ਲਈ ਜੋ ਸਮਗਰੀ ਚਾਹੀਦੀ ਹੁੰਦੀ ਹੈ ਉਹ ਮੁਹੱਈਆ ਕਰਵਾ ਰਿਹਾ ਹੈ।

ਸਾਡੇ ਹਥਲੇ ਲੇਖ ਦਾ ਇੱਕ ਪ੍ਰਯੋਜਨ ਉਸ ਇਤਿਹਾਸਕ ਪ੍ਰਸੰਗ ਵਲ ਰੁਚਿਤ ਹੋਣਾ ਹੈ ਜਿਸ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਨੇ ਗਹਿਰੇ ਅੰਤਰੀਵ ਸੁਧਾਰ ਦਾ ਬੀੜਾ ਚੁਕਿਆ। ਸਥਾਪਤ ਹੋ ਚੁਕੀ ਬੁਰਾਈ ਵਿਰੁਧ ਜਦੋਂ ਜਦੋਂ ਵੀ ਰਹਿਨੁਮਾ ਸੁਧਾਰਕ ਆਵਾਜ਼ ਚੁਕਦਾ ਹੈ ਤਾਂ ਉਸ ਆਵਾਜ਼ ਦਾ ਵਿਰੋਧ ਹੁੰਦਾ ਹੀ ਹੈ। ਸਤਿਗੁਰੂ ਰਾਮ ਸਿੰਘ ਨੇ ਵੀ ਸਮਾਜਕ, ਧਾਰਮਕ, ਰਾਜਨੀਤਕ ਵਿਰੋਧਾਂ ਦਾ ਤੂਫ਼ਾਨ ਝੱਲਿਆ ਪਰ ਉਹਨਾਂ ਦੀ ਸੁਰ ਹਮੇਸ਼ਾਂ ਸ਼ਾਂਤ ਅਤੇ ਸਹਿਜ ਰਹੀ-ਉਹੀ ਸੁਰ ਜੋ ਰੱਬੀ ਬੰਦਿਆਂ ਦੀ ਹੁੰਦੀ ਹੈ - ਭਾਵੇਂ ਜ਼ੁਲਮ ਦੀ ਅਤਿ ਹੋ ਜਾਏ। ਰੰਗੂਨ ਤੋਂ ਭੇਜੇ

ਆਪਣੇ ਹੁਕਮਾਨਾਮਿਆਂ ਵਿੱਚ (ਜਿਨ੍ਹਾਂ ਨੂੰ ਉਹ ਖ਼ੁਦ ਹਰਦਾਸ ਜਾਂ ਅਰਦਾਸ ਕਹਿੰਦੇ ਹਨ) ਉਹ ਆਪਣੀ ਸੰਗਤ ਨੂੰ ਕਹਿੰਦੇ ਹਨ:

ਹੋਰ ਭਾਈ ਧਾਰਨਾ ਇਹ ਹੈ ਭਜਨ ਬਾਣੀ ਦੀ, ਜੇ ਕੰਮਕਾਰ ਤੇ ਬੇਲ ਹੋਵੇ ਤਾਂ ਏਕਾਂਤ ਹੋ ਕੇ ਭਜਨ ਬਾਣੀ ਕਰਨਾ ਹੋਰ ਨਹੀਂ ਕੁੱਝ ਮੰਗਣਾ, ਇੱਕ ਨਾਮੁ ਈ ਮੰਗਣਾ (ਹੁਕਮਨਾਮਾ 33)

ਸਭੇ ਸਿੰਘ ਰਾਤ ਨੂੰ ਇੱਕਠੇ ਹੋਕੇ ਬਾਣੀ ਕੰਠ ਕੀਤਾ ਕਰੋ ਹਮੇਸ਼ਾ। ਮਾਈ ਭਾਈ ਸਭਨੇ ਬਾਣੀ ਕੰਠ ਜ਼ਰੂਰ ਕਰਨੀ (ਹੁਕਮਨਾਮਾ 34)

ਵਿਦੇਸ਼ ਵਿੱਚ ਵਿਦੇਸ਼ੀਆਂ ਦੀ ਕੈਦ ਵਿੱਚ ਸਤਿਗੁਰੂ ਦਾ ਸੁਰ ਕਿਤਨਾ ਸ਼ਾਤ ਹੈ। ਵਪਾਰੀ ਦਿਮਾਗ਼ ਦੇ ਅੰਗਰੇਜ਼ ਹਾਕਮਾਂ ਨੂੰ ਡਰ ਕੁੱਝ ਹੋਰ ਸੀ। ਡਰ ਸੀ ਕਿ ਇਹ ਵਿਅਕਤੀ ਸਾਡੀਆਂ ਵਸਤਾਂ, ਸਾਡੀਆਂ, ਸੇਵਾਵਾਂ ਦਾ ਬਾਈਕਾਟ ਕਰਨ ਦਾ ਪ੍ਰਚਾਰ ਕਰਦਾ ਹੈ। ਭਾਰਤ ਨੂੰ ਇੱਕ ਮੰਡੀ ਵਜੋਂ ਵਰਤਣ ਤੋਂ ਸਾਨੂੰ ਰੋਕਦਾ ਹੈ। ਇਹ ਖ਼ਤਰਨਾਕ ਹੋ ਸਕਦਾ ਹੈ।

ਬਹਾਦਰ ਸ਼ਾਹ ਜ਼ਫਰ ਵਰਗਾ ਬਾਦਸ਼ਾਹ ਕੈਦ ਕਰਕੇ ਰੰਗੂਨ ਭੇਜਿਆ ਜਾਵੇਂ ਆਮ ਆਦਮੀ ਨੂੰ ਅੰਗਰੇਜ਼ਾਂ ਦੀ ਇਹ ਚਾਲ ਕੁੱਝ ਹੱਦ ਤਕ ਸਮਝ ਆਉਂਦੀ ਹੈ। ਉਸ ਪਾਸ ਮੁਗਲੀਆ ਤਖ਼ਤ ਸੀ (ਭਾਵੇਂ ਨਾਂ ਮਾਤਰ ਹੀ ਸਹੀ) ਪਰ ਸਤਿਗੁਰੂ ਰਾਮ ਸਿੰਘ ਵਰਗਾ ਸਾਈਂ ਬੰਦਾ ਵੀ ਕੈਦ ਕਰਕੇ ਰੰਗੂਨ ਭੇਜਿਆ ਜਾਂ ਤਾਂ ਅੰਗਰੇਜ਼ਾਂ ਦੇ ਡਰ ਨੂੰ ਵਖਰੇ ਮਾਪਦੰਡਾਂ ਨਾਲ ਹੀ ਨਾਪਣਾ ਬਣਦਾ ਹੈ। ਅੰਗਰੇਜ਼ ਜਾਣਦੇ ਸਨ ਕਿ ਇਸ ਵੇਲੇ ਕੂਕੇ ਹੀ ਅਜਿਹੀ ਸੰਗਠਿਤ ਇਕਾਈ ਹਨ ਜਿਹਨਾਂ ਦਾ ਇੱਕ ਮੈਂਬਰ ਵੀ, ਭੁਲਕੇ ਵੀ ਅੰਗਰੇਜ਼ੀ ਸਰਕਾਰ ਦਾ ਵਫਾਦਾਰ ਨਹੀਂ ਹੋ ਸਕਦਾ।

ਉਸ ਵੇਲੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਵਿਚੋਂ ਇੱਕ ਬਹੁਤ ਭਿਆਨਕ ਬੁਰਾਈ ਔਰਤ ਦੀ ਸਥਿਤੀ ਨੂੰ ਲੈਕੇ ਸੀ। ਸਿੱਖ ਸਮਾਜ ਜਿਸ ਦੇ ਹਰੇਕ ਗੁਰੂ ਨੇ ਹੀ ਔਰਤ ਦੇ ਮਾਣ ਤੇ ਸਤਿਕਾਰ ਦੀ ਪੁਰਜੋਰ ਵਕਾਲਤ ਕੀਤੀ, ਉਹੀ ਸਿੱਖ ਸਮਾਜ, ਧੀ ਨੂੰ ਵੇਚਣ , ਵੱਟਾ ਕਰਨ ਤਕ ਜਾ ਰਿਹਾ ਸੀ। ਸਤਿਗੁਰੂ ਰਾਮ ਸਿੰਘ ਜਾਣਦੇ ਸਨ ਕਿ ਸਮਾਜ ਵਿੱਚੋਂ ਬੁਰਾਈ ਤਦ ਤਕ ਨਹੀਂ ਜਾ ਸਕਦੀ ਜਾਂ ਸਮਾਜ ਤਦ ਤਕ ਬਦਲਾਓ ਨਹੀਂ ਪ੍ਰਾਪਤ ਕਰ ਸਕਦਾ ਜਦ ਤਕ ਔਰਤ ਅਨਪੜ੍ਹ ਹੈ ਅਤੇ ਉਸਦੀ ਬੇਕਦਰੀ ਹੈ। ਧਰਮ ਦੇ ਖੇਤਰ ਵਿੱਚ ਪਰਵਾਰ, ਵਿੱਚ, ਔਰਤ ਨੂੰ ਬਰਾਬਰ ਦਾ ਸਥਾਨ ਮਿਲਣਾ ਜ਼ਰੂਰੀ ਹੈ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਦੇਖੀਏ ਤਾਂ ਉਹਨਾਂ ਦਾ ਸਪਸ਼ਟ ਸੰਕੇਤ ਹਨ ਕਿ ਅਸੀਂ ਕੀ ਕਰੀਏ ਅਤੇ ਕੀ ਨਾ ਕਰੀਏ। ਉਹਨਾਂ ਦੇ ਅਦੇਸ਼ ਹੁਕਮ ਇੱਕ ਤਰੀਕੇ ਨਾਲ ਫਿਰ ਧਰਮ ਸਮਾਜ ਅਤੇ ਰਾਜਨੀਤੀ ਦੀ ਨਿਘਰਦੀ ਜਾਂਦੀ ਤਸਵੀਰ ਪੇਸ਼ ਕਰਦੇ ਹਨ:

1. ਹੋਰ ਹੁਣ ਇਉ ਕਰੋ ਅਠਾਰਾ ਬਰਸ ਦੀ ਲੜਕੀ ਦਾ ਅਨੰਦ ਪੜੌਣਾ, ਘਟ ਨਹੀਂ ਪੜੌਣਾ, ਛੋਟੀ ਹੈ। ਜੋ ਕਈ ਬਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਂਗਾ, ਕੰਨਿਆ ਮਾਰੂਗਾ ਉਸਦੇ ਨਾਲ ਨਹੀ ਵਰਤਣਾ। (ਹੁਕਮਨਾਮਾ 44)

2. ਜੋ ਕੁੜੀ ਮਾਰੇ ਬੇਚੇ, ਬਟਾ ਕਰੇ, ਅਰ ਜੇਕਰ ਅਛੀ ਤਰਾ ਮਲੂਮੀ ਹੋਏ ਜਾਵੇ ਤਾ ਉਸਦੇ ਨਾਲ ਨਹੀ ਬਰਤਣਾ। ਨਾ ਓਸ ਨੂੰ ਸੰਗਤ ਮੈ ਬੜਨ ਦੇਣਾ। (ਹੁਕਮਨਾਮਾ 4)

ਇਵੇਂ ਹੀ ਸਤਿਗੁਰੂ ਰਾਮ ਸਿੰਘ ਦੇ ਕਈ ਹੁਕਮਨਾਮੇ ਕੁੜੀਆਂ ਨੂੰ ਅੱਖਰ ਪੜ੍ਹਾਉਣ ਦੀ ਤਾਕੀਦ ਕਰਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਉਸ ਸਾਰੀ ਸਥਿਤੀ ਨੂੰ ਸਮਝਦੇ (ਜਿਸ ਸਥਿਤੀ ਦਾ ਵਰਨਣ ਸਾਂਝਾ ਉਪਰ ਗਿਆਨੀ ਗਿਆਨ ਸਿੰਘ ਦੀ ਰਚਨਾ ਵਿੱਚ ਹੈ) ਇੱਕ ਅਜਿਹਾ ਸਾਂਝਾ ਉਪਰਾਲਾ ਕੀਤਾ ਜਿਸ ਨਾਲ ਧਰਮ, ਸਮਾਜ ਤੇ ਦੇਸ ਦੀ ਰਖਿਆ ਹੋਵੇ। ਪਰਵਾਰ ਨੂੰ ਇੱਕ ਇਕਾਈ ਮੰਨ ਕੇ ਜਾਂ ਇਸ ਤੋਂ ਵੀ ਥਲੇ ਹਰ ਵਿਅਕਤੀ (ਔਰਤ ਭਾਵੇਂ ਮਰਦ) ਨੂੰ ਇੱਕ ਇਕਾਈ ਮੰਨਕੇ ਸਤਿਗੁਰੂ ਨਵੇਂ ਨਿਰਮਾਣ ਵਿੱਚ ਰੁਝੇ ਹਨ। ਨਿਘਾਰ ਦੀ ਸਥਿਤੀ ਹੀ ਅਜਿਹੀ ਹੈ ਕਿ ਨਿਜੀ ਸਰੀਰ ਦੀ ਸਾਫ ਸਫਾਈ ਤੋਂ ਗੱਲ ਸ਼ੁਰੂ ਕਰਕੇ ਪਰਵਾਰ ਦੇ ਚਰਿਤਰ ਦੀ ਸਫ਼ਾਈ ਸਮਾਜ ਦੇ ਅੰਗਾਂ ਉਪਅੰਗਾਂ ਦੀ ਸਫ਼ਾਈ ਤੇ ਸ਼ੁੱਧਤਾ ਦਾ ਬੀੜਾ ਚੁਕਣਾ ਪਿਆ। ਦ੍ਰਿਸ਼ ਅਜਿਹਾ ਹੈ ਕਿ ਨਰ-ਨਾਰੀ ਗ਼ਲਤ ਰਾਹ ਜਾ ਰਹੇ ਹਨ; ਧਰਮ ਗ਼ਲਤ ਰਾਹੇ ਪੈ ਗਿਆ ਹੈ, ਧਾਰਮਕ ਆਗੂ ਆਪਣੇ ਨਿਜੀ ਸਵਾਰਥਾਂ ਨੂੰ ਤਰਜ਼ੀਹ ਦੇ ਰਹੇ ਹਨ, ਰਾਜਨੀਤੀ ਨੂੰ ਇਸ ਗਿਰਾਵਟ ਨਾਲ ਕੋਈ ਸਰੋਕਾਰ ਨਹੀਂ, ਉਹ ਆਪਣੇ ਪਰਚਾਰ ਅਤੇ ਫ਼ਾਇਦੇ ਵਿੱਚ ਲਗੀ ਹੈ। ਅਜਿਹੀ ਸਥਿਤੀ ਵਿੱਚ, ਬਿਨਾ ਕਿਸੇ ਵਡੇ ਆਰਥਕ ਜਾਂ ਸਿਆਸੀ ਜਾਂ ਤਾਕਤ ਦੇ ਸਰੋਤਾਂ ਤੋਂ ਇੱਕ ਧਰਮ ਯੁੱਧ ਛੇੜ ਦੇਣਾ- ਇਹ ਕਿਸੇ ਰੂਹਾਨੀ ਰਹਿਬਰ ਦਾ ਹੀ ਕਮਾਲ ਹੋ ਸਕਦਾ ਹੈ। ਸਾਦਗੀ ਅਤੇ ਸਰਲਤਾ - ਭਾਸ਼ਾ ਦੀ ਵੀ, ਸੋਚ ਦੀ ਵੀ ਪਹਿਰਾਵੇ ਦੀ ਵੀ - ਇਸ ਧਰਮ ਯੁੱਧ ਦੇ ਹਥਿਆਰ ਬਣ ਇਤਿਹਾਸ ਵਿੱਚ ਪਿਛੇ ਜਾ ਕੇ ਜਦੋਂ ਅਸੀਂ ਸਤਿਗੁਰੂ ਰਾਮ ਸਿੰਘ ਦੇ ਇਸ ਸਬਰ ਸੰਤੋਖ ਤੇ ਸ਼ਾਂਤੀ ਵਾਲੇ ਜਜ਼ਬੇ ਨਾਲ ਅਗਵਾਈ ਕਰਦੇ ਵਿਅਕਤਿਵ ਨੂੰ ਮਹਿਸੂਸ ਕਰਦੇ ਹਾਂ ਤਾਂ ਉਹਨਾਂ ਦੇ ਚਰਨਾਂ ਤੇ ਨਿਮਰਤਾ ਸਹਿਤ ਆਪਣਾ ਸਿਰ ਰਖ ਦਿੰਦੇ ਹਾਂ। ਅਜਿਹੇ ਮਹਾਂ ਪੁਰਸ਼ ਦੀ ਦੋ ਸੌਵੀਂ ਵਰ੍ਹੇ ਗੰਢ ਤੇ ਲੱਖ-ਲੱਖ ਵਧਾਈ। ■

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਨਾਮਧਾਰੀ ਸੰਤ ਖਾਲਸੇ ਦੀ ਸਾਜਣਾ



✍ਸ. ਸੁਵਰਨ ਸਿੰਘ ਵਿਰਕ

ਪੰਜਾਬ ਛਟਪਟਾਹਟ ਵਿਚੋਂ ਲੰਘ ਰਿਹਾ ਸੀ, ਉਸ ਦੀ ਬਾਂਹ ਫੜਨ ਲਈ ਬਸਤੀਵਾਦ ਵਿਰੋਧੀ ਇਕ ਵਿਆਪਕ ਆਧਾਰ ਵਾਲੀ, ਕੂਕਾ ਲਹਿਰ ਹੋਂਦ ਵਿਚ ਆਉਂਦੀ ਹੈ, ਜਿਸ ਦੇ ਮਹਾਂ ਨਾਇਕ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿਚ ਜਾਣਿਆਂ ਜਾਂਦਾ ਹੈ। ਇਹ ਸ਼ਰਫ ਵੀ ਆਪ ਨੂੰ ਹੀ ਹਾਸਿਲ ਹੈ ਕਿ ਉਹ ਪੰਜਾਬ ਵਿਚ ਸਿਖ ਪੁਨਰ ਜਾਗਰਣ ਦੇ ਸਿਰਜਕ ਅਤੇ "ਨਾਮਧਾਰੀ ਸੰਤ ਖਾਲਸਾ" ਦੇ ਸੰਸਥਾਪਕ ਹਨ।

ਉਨੀਵੀਂ ਸਦੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਇਕ ਸਾਂਝੇ ਪੰਜਾਬੀ ਰਾਜ ਦੇ ਸੂਰਜ ਨੂੰ, ਉਸ ਦੇ ਤੇਜ ਪ੍ਰਤਾਪ ਸਦਕਾ ਸਿਖਰ ਤੇ ਚਮਕਾਂ ਮਾਰਦਾ ਵੀ ਵੇਖਿਆ ਅਤੇ ਫਿਰ ਇਸ ਦੇ ਅੱਧ ਦੇ ਲਾਗੇ ਚਾਗੇ, ਇਕ ਵਿਸ਼ਾਲ ਸਲਤਨਤ ਨੂੰ ਮਹਿਜ ਇਕ ਦਹਾਕੇ ਵਿਚ ਤਾਸ਼ ਦੇ ਪੱਤਿਆਂ ਜਿਉਂ ਬਿਖਰਦਾ ਵੀ ਵੇਖਿਆ। ਫਲਸਵਰੂਪ 1757 ਈ. ਵਿਚ ਪਲਾਸੀ ਦੀ ਲੜਾਈ ਜਿੱਤਣ ਬਾਅਦ ਬੰਗਾਲ, ਬਿਹਾਰ ਅਤੇ ਉੜੀਸਾ ਦੀ ਦੀਵਾਨੀ ਨੂੰ ਆਪਣੇ ਕਬਜ਼ੇ ਵਿਚ ਲੈਣ ਵਾਲੀ ਈਸਟ ਇੰਡੀਆ ਕੰਪਨੀ ਨੇ, ਜੋ ਤਜਾਰਤ ਕਰਨ ਲਈ ਹਿੰਦ ਵਿਚ ਆਈ ਸੀ, ਹਿੰਦ ਦੇ ਆਖਰੀ ਸੁਤੰਤਰ ਖਿੱਤੇ ਪੰਜਾਬ ਨੂੰ 1849 ਈ. ਦੇ ਮਾਰਚ ਮਹੀਨੇ ਦੇ ਕੁਲ ਦੋ ਦਿਨ ਰਹਿੰਦਿਆਂ ਆਪਣੇ ਕਬਜ਼ੇ ਵਿਚ ਲੈ ਲਿਆ।

ਪੰਜਾਬ ਛਟਪਟਾਹਟ ਵਿਚੋਂ ਲੰਘ ਰਿਹਾ ਸੀ, ਉਸ ਦੀ ਬਾਂਹ ਫੜਨ ਲਈ ਬਸਤੀਵਾਦ ਵਿਰੋਧੀ ਇਕ ਵਿਆਪਕ ਆਧਾਰ ਵਾਲੀ, ਕੂਕਾ ਲਹਿਰ ਹੋਂਦ ਵਿਚ ਆਉਂਦੀ ਹੈ, ਜਿਸ ਦੇ ਮਹਾਂਨਾਇਕ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿਚ ਜਾਣਿਆਂ ਜਾਂਦਾ ਹੈ। ਇਹ ਸ਼ਰਫ ਵੀ ਆਪ ਨੂੰ ਹੀ ਹਾਸਿਲ ਹੈ ਕਿ ਉਹ ਪੰਜਾਬ ਵਿਚ ਸਿਖ ਪੁਨਰ ਜਾਗਰਣ ਦੇ ਸਿਰਜਕ ਅਤੇ "ਨਾਮਧਾਰੀ ਸੰਤ ਖਾਲਸਾ" ਦੇ ਸੰਸਥਾਪਕ ਹਨ।

ਆਪ ਜੀ ਦਾ ਆਗਮਨ ਸੰਮਤ ਬਿਕਰਮੀ 1872 ਨੂੰ ਮਾਘ ਸੁਦੀ ਪੰਚਮੀ ਅਤੇ ਛਟੀ ਦੀ ਵਿਚਕਾਰਲੀ ਰਾਤ, ਅੱਧੀ ਰਾਤ ਤੋਂ ਬਾਅਦ ਰਾਈਆਂ ਪਿੰਡ ਵਿਚ, ਬਸੰਤ ਪੰਚਮੀ ਦੇ ਸ਼ੁਭ ਦਿਹਾੜੇ, ਪਿਤਾ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਮਾਤਾ ਜੀ ਨੇ ਪੁਰਾਤਨ ਸਤਿਗੁਰੂਆਂ ਸਿਖਾਂ ਸਾਧਾਂ ਦੀਆਂ ਸਾਖੀਆਂ ਸੁਣਾ ਸੁਣਾ ਕੇ ਆਪ ਦੇ ਬਚਪਨ ਵਿਚ ਇਲਾਹੀ ਰੰਗ ਭਰ ਦਿੱਤਾ। ਸੱਤਾਂ

ਸਾਲਾਂ ਦੀ ਉਮਰ ਵਿਚ ਧਰੋੜ ਪਿੰਡ ਵਿਚ ਵੇਦ ਰੀਤੀ ਨਾਲ ਆਪ ਦਾ ਵਿਆਹ ਹੋ ਗਿਆ। ਵਿਆਹ ਬਚਪਨ ਵਿਚ ਹੋ ਜਾਂਦਾ ਸੀ, ਮੁਕਲਾਵੇ ਦੀ ਰਸਮ 10-12 ਸਾਲਾਂ ਬਾਅਦ ਕੀਤੀ ਜਾਂਦੀ ਸੀ।

1837 ਈ. ਵਿਚ ਆਪ ਜੀ ਦਾ ਬਹਿਨੋਈ ਕਾਬਲ ਸਿੰਘ ਛੁਟੀ ਆਇਆ ਸੀ।ਆਪ ਦਾ ਉੱਚਾ ਲੰਮਾ ਕੱਦ, ਛੀਟਕਾ ਫੁਰਤੀਲਾ ਸਰੀਰ, ਸੁਹਣੀ ਫੱਬ ਅਤੇ ਮਨਮੋਹਣੀ ਨੁਹਾਰ ਵੇਖ ਕੇ ਆਪਣੇ ਨਾਲ ਲੈ ਲਿਆ ਅਤੇ ਕੰਵਰ ਨੌਨਿਹਾਲ ਸਿੰਘ ਵਾਲੀ ਰੈਜੀਮੈਂਟ, ਜਿਸ ਵਿਚ ਪੰਜਾਬ ਦੇ ਚੋਣਵੇਂ ਜੁਆਨ ਭਰਤੀ ਕੀਤੇ ਜਾਂਦੇ ਸਨ, ਆਪ ਜੀ ਨੂੰ ਭਰਤੀ ਕਰਵਾ ਦਿਤਾ ਗਿਆ। ਅਗਲੇ ਨੌ ਸਾਲ, ਸਿਖ ਸੈਨਾ ਵਿਚ ਰਹਿੰਦਿਆਂ ਆਪ ਨੇ ਪੰਜਾਬ ਦੀ ਉਸ ਸਮੇਂ ਦੀ ਕੌਮਾਂਤਰੀ ਪਰਸਿੱਧੀ ਪਰਾਪਤ, ਰਾਜਧਾਨੀ ਵਿਚ ਬਿਤਾਏ। ਆਪ ਜੀ ਦੇ ਭਜਨ ਬੰਦਗੀ ਦੇ ਪ੍ਰਭਾਵ ਕਰਕੇ ਸਤਿਗੁਰੂ ਜੀ ਵਾਲੀ ਸਾਰੀ ਪਲਟਨ ਦਾ ਨਾਮ ਹੀ ਭਗਤਾਂ ਦੀ ਪਲਟਨ ਪੈ ਗਿਆ ਸੀ। ਇਕ ਵੇਰ ਨੌਨਿਹਾਲ ਸਿੰਘ ਵਾਲੀ ਰੈਜੀਮੈਂਟ ਪਿਸ਼ਾਵਰ ਤੋਂ ਸਾਹੀ ਖਜ਼ਾਨਾ ਲੈਣ ਵਾਸਤੇ ਜਾਂਦੀ ਹੋਈ ਹਜ਼ਰੋਂ ਸਾਹਿਬ ਵਿਖੇ ਰੁਕੀ। ਉਥੇ ਕੋਈ 150 ਫੌਜੀ ਸਿੰਘਾਂ ਨੇ ਗੁਰੂ ਬਾਲਕ ਸਿੰਘ ਜੀ ਤੋਂ ਭਜਨ ਲੈ ਲਿਆ। ਓੜਕ ਅੱਸੂ ਦੀ ਸੰਗਰਾਂਦ 1898 ਬਿ. (ਮੁਤਾਬਿਕ 1841 ਈ.) ਨੂੰ ਜਦੋਂ ਸੈਨਿਕ ਗੁਰੂ ਰਾਮ ਸਿੰਘ ਜੀ ਗੁਰੂ ਬਾਲਕ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਉਹਨਾਂ ਨੇ ਗੁਰਗੱਦੀ ਦਿੱਤੀ। " ਸਾਰੀ ਸੰਗਤ ਹਜ਼ਰੋਂ ਦੀ ਕੋ ਬਚਨ ਕੀਤਾ ਸਾਡੇ ਕੋਲ ਜੋ ਗੱਫਾ ਸੀ ਸੋ ਅਸਾਂ ਏਨਾਂ ਨੂੰ ਦੇ ਦਿੱਤਾ ਹੈ। ਹੁਣ ਗੁਰੂ ਏਹੋ ਹੈ।ਉਦੇ ਅਸਤ ਲੈ ਨਾਮ ਜਪਾਵਣਗੇ। ਸਾਰੀ ਸੰਗਤ ਗੁਰੂ ਯਾਰ੍ਹਵੇਂ ਜੀ ਬਾਰ੍ਹਵੇਂ ਗੁਰੂ ਜੀ ਕੀ ਚਰਨੀਂ ਲਾਈ।"

1845 ਵਿਚ ਆਪ ਪੰਜਾਬ ਦੇ ਮੰਦੇ ਹਾਲਤਾਂ ਦੇ ਕਾਰਨ ਫੌਜੀ ਨੌਕਰੀ ਛੱਡੀ। ਸਤਿਗੁਰੂ ਜੀ ਨੇ ਕਿਸਾਨੀ, ਦਸਤਕਾਰੀ, ਦੁਕਾਨਦਾਰੀ ਅਤੇ ਸੈਨਿਕ ਸੇਵਾ ਕਰ ਲਈ ਸੀ। ਇਸ ਲਈ ਉਹ ਅੰਗਰੇਜ਼ ਸਰਕਾਰ ਦੀ ਇਹਨਾਂ ਕਿਤਿਆਂ ਤੇ ਪੈਣ ਵਾਲੀ ਮਾਰ ਨੂੰ ਹੋਰ ਕਿਸੇ ਵੀ ਵਿਅਕਤੀ ਨਾਲੋਂ ਵੱਧ ਮਹਿਸੂਸ ਕਰ ਰਹੇ ਸਨ। ਇਕ ਉਚ ਧਾਰਮਿਕ ਜੀਵਨ ਦੇ ਆਰੰਭ ਤੋਂ ਹੀ ਸੁਆਮੀ ਹੋਣ ਕਾਰਨ, ਉਹ ਆਪਣੇ ਧਰਮ ਅਤੇ ਕੌਮੀ ਸ੍ਵੈਮਾਨ ਲਈ ਵੀ ਬਸਤੀਵਾਦ ਸ਼ਾਸ਼ਨ ਨੂੰ ਅਨਿਸ਼ਟਕਾਰੀ ਸਮਝ ਰਹੇ ਸਨ। ਉਹਨਾਂ ਦੇ ਵਿਚਾਰਾਂ ਤੋਂ ਸੈਨਿਕ ਜੀਵਨ ਸਮੇਂ, ਫੀਰਜ਼ੋਪੁਰ ਨਿਵਾਸ ਸਮੇਂ ਅਤੇ ਸ੍ਰੀ ਭੈਣੀ ਸਾਹਿਬ ਵਿਚ ਆ ਰਹਿਣ ਤੋਂ ਬਾਅਦ ਲਾਭਵੰਤ ਹੋਣ ਵਾਲਿਆਂ ਦੀ ਸੰਖਿਆ ਦਿਨੋ ਦਿਨ ਵਧ ਰਹੀ ਸੀ।

ਸਿੱਖੀ ਨੂੰ ਉਸ ਦੇ ਸ਼ੁੱਧ ਸਰੂਪ ਵਿਚ ਕਾਇਮ ਕਰਕੇ ਫਰੰਗੀਆਂ ਵਿਰੁੱਧ ਲੜਾਈ ਦਾ ਬਿਗੁਲ ਵਜਾਉਣ ਲਈ ਉਪਯੁਕਤ ਸਮਾਂ ਫਿਰੋਜ਼ਪੁਰ ਵਾਪਸੀ ਤੋਂ ਦੋ ਸਾਲਾਂ ਦੇ ਵਿਚ ਹੀ ਆ ਗਿਆ ਸੀ। ਸੈਨਿਕ ਜੀਵਨ ਦੇ ਸਾਥੀ, ਪੰਜਾਬ ਦੀਆਂ ਪ੍ਰਮੁੱਖ ਸੰਸਥਾਵਾਂ - ਉਦਾਸੀ, ਨਿਰਮਲੇ, ਨਿਹੰਗ, ਬੈਰਾਗੀ ਅਤੇ ਇਥੋਂ ਤਕ ਦੀ ਗੁਲਾਬਦਾਸੀਏ ਸਾਧੂਆਂ ਨੇ ਵੀ ਚਾਰ ਚੁਫੇਰੇ ਪਸਰੀ ਘੋਰ ਨਿਰਾਸ਼ਾ ਦੀ ਕਾਲੀ ਬੋਲੀ ਰਾਤ ਵਿਚ, ਸ੍ਰੀ ਭੈਣੀ ਸਾਹਿਬ ਨੂੰ ਹੁਣ ਇਕੋ ਇਕ ਆਸ ਦੀ ਕਿਰਨ ਦੇ ਤੌਰ ਤੇ ਵੇਖਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਇਕ ਦਿਆਲ ਦਾਸ ਨਾਮੇ ਸਾਧੂ ਜੋ ਪਿੰਡ ਦੀ ਧਰਮਸ਼ਾਲਾ ਵਿਚ ਰਹਿ ਕੇ ਗੁਰਬਾਣੀ ਦਾ ਪਾਠ ਕਰਨ ਲੱਗਾ, ਉਸ ਦੇ ਲੰਗਰ ਦਾ ਪ੍ਰਬੰਧ ਗੁਰੂ ਜੀ ਵਲੋਂ ਹੋਇਆ। ਉਹ ਆਪ ਨੂੰ ਬੇਨਤੀਆਂ ਕਰਦਾ ਰਿਹਾ ਕਿ ਜਿਸ ਮਕਸਦ ਲਈ ਆਏ ਹੋ ਉਸ ਲਈ ਹੁਣ ਆਪ ਜੀ ਨੂੰ ਪ੍ਰਗਟ ਹੋਣਾ ਹੋਵੇਗਾ। ਇਕ ਮਸਤਾਨਾ ਸਿੰਘ ਅਤੇ ਫਿਰ ਵਰਿਆਮ ਸਿੰਘ ਪਿੰਡ ਸ਼ੇਰੜ ਆ ਕੇ ਖੇਤੀ ਦਾ ਕੰਮ ਕਰਨ ਲਗੇ। ਬਾਬਾ ਗੋਪਾਲ ਸਿੰਘ ਰੂਖੜ ਮਰੌੜ (ਰਿ. ਪਟਿਆਲਾ) ਜਦੋਂ ਆਏ, ਉਹਨਾਂ ਨੂੰ ਹੱਟੀ ਦੀ ਨਿਗਰਾਨੀ ਸੌਂਪ ਦਿੱਤੀ। ਲਾਭ ਸਿੰਘ ਸੂਰਮਾ ਅਤੇ ਸ਼ੁੱਧ ਸਿੰਘ ਰਾਗੀ ਦੋਵੇਂ ਦੁਰਗਾਪੁਰ (ਨਵਾਂ ਸ਼ਹਿਰ) ਵੀ ਇਸੇ ਸਮੇਂ ਆਏ। ਲਾਭ ਸਿੰਘ ਨੇ ਜਦੋਂ ਨਾਮ ਦੀ ਜਾਚਨਾ ਕੀਤੀ ਤਾਂ ਆਪ ਜੀ ਨੇ ਉਹਨਾਂ ਨੂੰ ਗੁਰੂ ਬਾਲਕ ਸਿੰਘ ਜੀ ਪਾਸ ਹਜ਼ਰੋਂ ਭੇਜਿਆ ਕਿ ਅਸਾਂ ਇਹ ਨਾਮ ਦੀ ਦਾਤ ਉਹਨਾਂ ਤੋਂ ਪਾਈ ਹੈ, ਤੁਸੀਂ ਵੀ ਉਥੇ ਜਾਉ। ਗੁਰੂ ਬਾਲਕ ਸਿੰਘ ਜੀ ਨੇ ਲਾਭ ਸਿੰਘ ਨੂੰ ਵਾਪਿਸ ਭੈਣੀ ਸਾਹਿਬ ਇਹ ਕਹਿ ਕੇ ਤੋਰ ਦਿਤਾ ਕਿ 'ਨਾਮ ਖਜ਼ਾਨੇ ਦੇ ਮਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭੈਣੀ ਨਾਮੀਂ ਪਿੰਡ ਵਿਚ ਪ੍ਰਗਟ ਹੋਏ ਹੈਂ।' ਸ਼ੁੱਧ ਸਿੰਘ ਸ੍ਰੀ ਭੈਣੀ ਸਾਹਿਬ ਆ ਕੇ ਰਾਗ ਕਰਨ ਲੱਗਾ। ਬਾਬਾ ਕਾਹਨ ਸਿੰਘ ਚੱਕ ਵੀ ਇਥੇ ਹੀ ਆ ਗਿਆ ਅਤੇ ਉਸ ਤੋਂ ਸੋਅ ਸੁਣਕੇ ਪੱਧਰੀ (ਅੰਮ੍ਰਿਤਸਰ) ਦੀ ਮਾਈ ਸਾਹਿਬ ਕੌਰ ਵੀ ਹਾਜ਼ਰ ਹੋ ਗਈ। ਉਹ ਰੀਗਾ ਦੇ ਸੰਗ ਨਾਲ, ਜਾਂਦੀ ਸਤਿਗੁਰੂ ਦੇ ਦਰਸ਼ਨ ਕਰਕੇ ਉਹਨਾਂ ਜੋਗੀ ਹੀ ਹੋ ਗਈ।

ਨਾਮਧਾਰੀ ਸੰਤ ਖਾਲਸੇ ਦੀ ਸਾਜਣਾ-

ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਸਤਿਗੁਰੂ ਜੀ ਦੁਆਰਾ, ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਸਤਿਗੁਰੂ ਜੀ ਦੁਆਰਾ, ਸੰਬਤ 1914 ਬਿਕਰਮੀ ਦੀ ਵਸਾਖੀ, ਮੁਤਾਬਿਕ 12 ਅਪਰੈਲ 1857 ਈ. ਦੇ ਮੁਬਾਰਕ ਦਿਨ ਪੰਜ ਸਿੰਘਾਂ ਨੂੰ ਸਣਕੇਸੀਂ ਇਸ਼ਨਾਨ ਕਰਵਾ ਕੇ ਪੰਜ ਕਕਾਰਾਂ ਦੀ ਰਹਿਤ ਮਰਯਾਦਾ ਰਖਵਾ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਕੰਨ ਵਿਚ ਚੋਅੱਖਰਾ ਭਜਨ ਦੇ ਕੇ ਕੀਤੀ ਗਈ। ਉਹ ਪੰਜ ਸੁਭਾਗੇ ਵਿਅਕਤੀ ਹੇਠ ਲਿਖੇ ਸਨ-

1. **ਭਾਈ ਕਾਹਨ ਸਿੰਘ ਨਿਹੰਗ** ਪਿੰਡ ਚੱਕ (ਰਿ. ਮਲੇਰਕੋਟਲਾ), ਇਹ ਸਤਿਗੁਰੂ ਜੀ ਵਾਲੀ

ਰੈਜੀਮੈਂਟ ਵਿਚ ਹਵਾਲਦਾਰ ਸਨ। ਇਹ 1856 ਈ. ਵਿਚ ਭੈਣੀ ਸਾਹਿਬ ਆ ਗਏ ਸਨ।

2. **ਲਾਭ ਸਿੰਘ ਰਾਗੀ** ਨੇਤਰਹੀਣ ਸਨ, ਕਾਫੀ ਸਮਾਂ ਜਲੰਧਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਕੂਕਾ ਪ੍ਰਚਾਰ ਕਰਦੇ ਰਹੇ। ਇਹ ਵੀ ਉਚ ਕੋਟੀ ਦੇ ਰਾਗੀ ਸਨ।

3. **ਨੈਣਾ ਸਿੰਘ, ਵਰਿਆਂਹ** ਦੇ ਸਮੁੰਦ ਸਿੰਘ ਦੇ ਸਪੁੱਤਰ ਸਨ। ਇਸ ਨੂੰ ਲਾਭ ਸਿੰਘ ਰਾਗੀ ਤੋਂ ਗੁਰੂ ਜੀ ਦੀ ਸੋਅ ਮਿਲੀ ਸੀ।

4. **ਸੁੱਧ ਸਿੰਘ ਦੁਰਗਾਪੁਰ** (ਨਵਾਂ ਸ਼ਹਿਰ - ਜਲੰਧਰ) ਦੇ ਸ. ਜਗਤ ਸਿੰਘ ਦੇ ਸਪੁੱਤਰ ਸਨ। ਪੂਰਵ ਸੈਨਿਕ ਸਨ। ਕੀਰਤਨ ਕਰਨ ਵਿਚ ਮਾਹਿਰ ਸਨ। ਇਹ ਚਾਰੇ ਜਿਮੀਂਦਾਰ ਘਰਾਂ ਵਿਚੋਂ ਸਨ।

5. **ਆਤਮਾ ਸਿੰਘ** ਇਹਨਾਂ ਦਾ ਪਿੰਡ ਆਲੋ ਮੁਹਾਰ ਜ਼ਿਲਾ ਸਿਆਲਕੋਟ (ਪੱਛਮੀ ਪੰਜਾਬ) ਹੁਣ ਪਾਕਿਸਤਾਨ ਸੀ। ਇਹ ਬਹੁਤ ਵਿਦਵਾਨ ਸੱਜਣ ਸਨ। ਅਰੋੜਾ ਖੱਤਰੀ ਪਰਿਵਾਰ ਵਿਚੋਂ ਸਨ।

ਇਸ ਸਮੇਂ ਸਤਿਗੁਰੂ ਜੀ ਨੇ ਜਿਥੇ ਸਿੱਖ ਪੁਨਰ ਸੁਰਜੀਤੀ ਦਾ ਕਾਰਜ ਆਰੰਭਿਆ, ਉਥੇ ਸ੍ਰੀ ਭੈਣੀ ਸਾਹਿਬ ਵਿਖੇ ਸਥਾਪਿਤ ਆਪਣੇ ਡੇਰੇ ਦੇ ਪ੍ਰਾਂਗਣ ਉਪਰ ਸਜਾਏ ਖੰਡੇ ਵਾਲਾ ਇਕ ਸਫੈਦ ਧਵਜ ਫਹਿਰਾਕੇ, ਬਰਤਾਨਵੀ ਪ੍ਰਭੂ ਸੱਤਾ ਲਈ ਨਵੀਂ ਵੰਗਾਰ ਵੀ ਪੈਦਾ ਕਰ ਦਿੱਤੀ। ਆਪ ਜੀ ਦੇ ਸੰਗਤ ਦੇ ਨਾਮ ਸਾਦਰ ਉਪਦੇਸ਼ਾਂ ਦੀ ਸਾਰ ਜਾਂ 'ਨਾਮਧਾਰੀ ਅਸੂਲ' ਇਸ ਪ੍ਰਕਾਰ ਸਨ-

1. "**ਸਦਾਚਾਰਕ-** ਮਾਸ ਸ਼ਰਾਬ, ਚੋਰੀ, ਯਾਰੀ ਅਤੇ ਝੂਠ ਦਾ ਤਿਆਗ, ਬਿਆਜ ਨਹੀਂ ਲੈਣਾ, ਜਿਨਸ ਦੇ ਕੇ ਸਵਾਈ ਡਿਉੜੀ ਨਹੀਂ ਲੈਣੀ।

2. **ਸਮਾਜਿਕ-** ਕੁੜੀਆ ਮਾਰਨ, ਵੇਚਣ, ਵੱਟੇ ਦੇ ਸਾਕ ਤੇ ਬਾਲ ਵਿਆਹ ਦੀ ਉਕੀ ਮਨਾਹੀ। ਭਾਰਤ ਸਰਕਾਰ ਨੇ ਆਪ ਤੋਂ ਡੇਢ ਸਦੀ ਬਾਅਦ ਵਿਆਹ ਲਈ ਮੁੰਡੇ ਕੁੜੀ ਵਾਸਤੇ ਘਟੋ ਘੱਟ ਉਮਰ 21 ਤੇ 18 ਸਾਲ ਮਿਥੀ ਸੀ। ਸ੍ਰੀ ਸਤਿਗੁਰੂ ਜੀ ਨੇ ਉਸ ਸਮੇਂ ਆਪਣੇ ਹੁਕਮਨਾਮਿਆਂ ਵਿਚ ਅਠਾਰਾਂ ਤੋਂ ਘੱਟ ਉਮਰ ਦੀ ਲੜਕੀ ਅਤੇ ਵੀਹ ਸਾਲ ਤੋਂ ਛੋਟਾ ਲੜਕਾ ਨਾਂ ਵਿਆਹੁਣ ਦਾ ਹੁਕਮ ਦਿੱਤਾ ਸੀ। ਦਾਜ ਦੇ ਰੂਪ ਵਿਚ ਚੀਜ਼ਾਂ ਦੇਣ ਦੀ ਨਿਖੇਧੀ ਤੇ ਵਿਧਵਾ ਵਿਆਹ ਦੀ ਖੁਲ੍ਹ, ਵਹਿੜਕਾ ਖੱਸੀ ਨਹੀਂ ਕਰਾਣਾ।

3. **ਧਾਰਮਿਕ-** ਅੰਮ੍ਰਿਤ ਵੇਲੇ ਸਨਕੇਸੀਂ ਇਸ਼ਨਾਨ ਕਰਕੇ ਨਾਮ ਜਪਣਾ ਤੇ ਬਾਣੀ ਦਾ ਪਾਠ ਕਰਨਾ, ਸਾਦੀ ਖੁਰਾਕ, ਸਾਦੀ ਪੁਸ਼ਾਕ, ਸਿੱਧੀ ਦਸਤਾਰ ਧਾਰਨ ਕਰਨੀ। ਉਨ ਦੀ ਮਾਲਾ, ਆਸਣ, ਪਊਏ ਤੇ ਗੜਵਾ ਰੱਖਣਾ, ਸੁੱਚ ਸੰਜਮ ਦੀ ਧਾਰਨ, ਅਤਿਥੀ ਸਤਿਕਾਰ, ਗਊ ਰੱਖਿਆ, ਯੱਗ ਹੋਮ ਤੇ ਪੰਜ ਕਕਾਰਾਂ ਦੀ ਮਰਿਯਾਦਾ ਦਾ ਵਿਧਾਨ। ਅਹਿੰਸਾ ਦੀ ਪਾਲਣਾ।

> ***ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਤੇ 53 ਸਾਲ ਪੁਲਿਸ ਚੌਕੀ ਪਾ ਦਿੱਤੀ ਜੋ ਇਤਨਾ ਲੰਮਾਂ ਸਮਾਂ ਕੂਕਿਆਂ ਦੀ ਛਾਤੀ ਤੇ ਮੂੰਗ ਦਲਦੀ ਰਹੀ। ਪਰਦੇਸ ਵਿਚ ਕੂਕੇ ਸਿੰਘ ਗੁਰੂ ਦਰਸ਼ਨਾਂ ਨੂੰ ਜਾਂਦੇ। ਹੁਕਮਨਾਮੇ ਲਿਆਉਂਦੇ ਅਤੇ ਗੋਰਾਸ਼ਾਹੀ ਨੂੰ ਦੇਸੋਂ ਬਾਹਰ ਕੱਢਣ ਲਈ, ਭਿੰਨ ਭਿੰਨ ਯੋਜਨਾਵਾਂ ਵਿਚ ਰੁੱਝੇ ਰਹਿੰਦੇ।***

4. **ਰਾਜਨੀਤਿਕ-** ਸਰਕਾਰੀ ਨੌਕਰੀ ਨਹੀਂ ਕਰਨੀ, ਸਰਕਾਰੀ ਸਕੂਲਾਂ ਵਿਚ ਬੱਚੇ ਨਹੀਂ ਪੜਾਉਣੇ, ਆਪਸ ਵਿਚ ਦੇ ਮੁਕਦਮੇ ਪੰਚਾਇਤਾਂ ਵਿਚ ਨਿਬੇੜਣੇ, ਸੁਦੇਸੀ ਚੀਜਾਂ ਵਰਤਣੀਆਂ, ਡਾਕ ਵਿਚ ਚਿਠੀ ਨਹੀਂ ਪਾਉਣੀ ਅਤੇ ਲਗਦੀ ਵਾਹੇ ਰੇਲ ਤੇ ਨਹੀਂ ਚੜ੍ਹਨਾ।

ਸੰਤ ਖਾਲਸਾ ਸਾਜਣ ਤੋਂ ਦੋ ਤਿੰਨ ਸਾਲਾਂ ਦੇ ਵਿਚਾਲੇ ਹੀ ਆਪਨੇ ਸ੍ਰੀ ਭੈਣੀ ਸਾਹਿਬ ਵਿਖੇ ਇਕ ਐਸਾ ਗੁਰੂ ਕਾ ਲੰਗਰ - ਸਦਾ ਵਰਤ ਚਾਲੂ ਕਰ ਦਿਤਾ ਜਿਥੋਂ ਕੋਈ ਵੀ ਲੋੜਵੰਦ ਬਿਨਾਂ ਕਿਸੇ ਵਿਤਕਰੇ ਤੋਂ ਅੱਠਾਂ ਪਹਿਰਾਂ ਵਿਚੋਂ ਜਦੋਂ ਚਾਹੇ ਆਪਣੀ ਖੁਧਿਆ ਸ਼ਾਂਤ ਕਰ ਸੱਕਦਾ ਸੀ। ਸ੍ਰੀ ਭੈਣੀ ਸਾਹਿਬ ਵਿਖੇ ਗੁਰਧਾਮ ਉਸਾਰਨਾ ਅਤੇ ਲੰਗਰ ਲਾਉਣਾ ਇਕ ਪੁਰਾਤਨ ਨਾਮਧਾਰੀ ਕਵੀ ਦੀ ਰਚਨਾ ਦਾ ਵਿਸ਼ਾ ਬਣ ਚੁੱਕਾ ਹੈ-

"ਕਰੀ ਯੋ ਤਿਆਰੀ ਗੁਰੂ ਮੋਹਨ ਮੁਰਾਰੀ,
ਰਚੇ ਧਾਮ ਹਿਤਕਾਰੀ ਕਰ ਸੁੰਦਰ ਬਿਓਤ ਹੈ।
ਕਰੀ ਦੇਗ ਜਾਰੀ ਪਾਸ ਰੂਪ ਸੀਤ ਬਾਰੀ,
ਛਕੇ ਅਚੇ ਨਰ ਨਾਰੀ ਭੂਖ ਪਿਆਸ ਸਾਰੀ ਖੋਤ ਹੈ।
ਸਬਦ ਆਧਾਰੀ ਪਰਲੋਕ ਭੀ ਸਵਾਰੀ,
ਛੁਟੇ ਕਾਨ ਜਮ ਜਾਰੀ ਨਾਮਧਾਰੀ ਪੰਥ ਪੋਤ ਹੈ।
ਬੰਦਨਾਂ ਹਮਾਰੀ ਕਟੀ ਨੈਨਨ ਬਿਮਾਰੀ
ਐਸੋ ਮਿਲਾ ਵੈਦ ਕਾਰੀ ਬਾਝ ਓਸ ਸਾਰੀ ਰੋਤ ਹੈ।

ਪੰਥ ਪ੍ਰਗਟ ਕਰਨ ਤੋਂ ਬਾਅਦ ਛੇਤੀਂ ਹੀ ਆਪ ਜੀ ਨੇ ਸੰਤ ਰਾਗੀ, ਰਬਾਬੀ ਅਤੇ ਢਾਡੀ ਜਥੇ ਤਿਆਰ ਕਰਵਾਕੇ ਇਹਨਾਂ ਨੂੰ ਸਾਰੇ ਪੰਜਾਬ ਵਿਚ ਗੁਰਮਤਿ ਪ੍ਰਚਾਰ ਕਰਨ ਲਈ ਗੁਰਬਾਣੀ ਗਾਇਨ, ਸ਼ਬਦ ਕੀਰਤਨ ਕਰਨ ਲਈ ਤਾਈਨਾਤ ਕਰ ਦਿਤਾ। ਕੁਝ ਰਾਗੀ ਸਿੰਘ ਆਪ ਜੀ ਦੀ ਹਜ਼ੂਰੀ ਵਿਚ ਰਹਿ ਕੇ ਸ੍ਰੀ ਭੈਣੀ ਸਾਹਿਬ ਸੁਬਹਾ ਸ਼ਾਮ ਕੀਰਤਨ ਦੀ ਸੇਵਾ ਨਿਭਾਉਂਦੇ। ਦੂਸਰਾ ਵੱਡਾ ਕਾਰਜ ਆਪ ਨੇ ਸ੍ਰੀ ਭੈਣੀ ਸਾਹਿਬ ਵਿਖੇ ਗਿਆਰਾਂ ਬੀੜਾਂ ਗੁਰੂ ਗਰੰਥ ਸਾਹਿਬ ਜੀ ਦੀਆ ਪ੍ਰਕਾਸ਼ ਕਰਕੇ ਲਗਾਤਾਰ ਪਾਠਾਂ ਦੇ ਪਰਵਾਹ ਤੋਰ ਦਿਤੇ। ਆਪ ਦੇ ਬਦੇਸ਼ ਗਮਨ ਸਮੇਂ ਤੱਕ ਇਹ ਗਿਣਤੀ ਪੰਝੀ ਬੀੜਾਂ ਦੀ ਹੋ ਗਈ ਸੀ। ਆਪਣੇ ਪ੍ਰਚਾਰ ਦੌਰਿਆਂ ਵਿਚ ਜਿਥੇ ਵੀ ਜਾਂਦੇ ਸਭ ਤੋਂ

ਪਹਿਲਾਂ ਨੇੜੇ ਦੀ ਧਰਮਸ਼ਾਲਾ ਦੀ ਸਾਫ਼ ਸਫਾਈ ਕਰਵਾਉਂਦੇ ਕਿਉਂਕਿ ਇਕ ਲੰਮੇ ਅਰਸੇ ਤੋਂ ਇਹ ਬੰਦ ਹੀ ਪਈਆਂ ਰਹਿੰਦੀਆਂ ਸਨ, ਆਲਿਆਂ ਅਲਮਾਰੀਆਂ ਵਿਚੋਂ ਗੁਰਬਾਣੀ ਦੀਆ ਬੀੜਾਂ ਬੜੇ ਅਦਬ ਸਤਿਕਾਰ ਨਾਲ ਸਵੱਛ ਪੀਹੜਿਆਂ ਅਤੇ ਰੁਮਾਲਿਆਂ ਵਿਚ ਸੁਭਾਇਮਾਨ ਕਰਕੇ ਉਹਨਾਂ ਦਾ ਪਰਕਾਸ਼ ਕਰਵਾਉਣਾ ਅਤੇ ਇਕ ਗਰੰਥੀ ਸਿੰਘ ਵੀ ਨਿਯੁਕਤ ਕਰਨਾ। ਆਪਣੀ ਸੰਗਤ ਲਈ ਦਿਨ ਵਿਚ ਦੋ ਵੇਰ, ਵੱਡੇ ਤੜਕੇ ਅਤੇ ਸ਼ਾਮ ਦੀ ਸੋਦਰ ਚੌਕੀ ਸਮੇਂ ਗੁਰਦੁਆਰੇ ਵਿਚ ਇਕਠੇ ਹੋਣਾ ਲਾਜ਼ਮੀ ਕਰਾਰ ਦਿੱਤਾ। ਪਿੰਡਾਂ ਦੇ ਗਰੰਥੀ, ਪ੍ਰਧਾਨ, ਫਿਰ ਤਪਿਆਂ ਦੇ ਜਥੇਦਾਰ, ਤਪਿਆਂ ਦੇ ਉਤੇ ਪਰ ਗਣਿਆ/ਜ਼ਿਲਿਆਂ ਵਿਚ ਸੂਬਾ ਸਾਹਿਬਾਨ ਦੀ ਨਿਯੁਕਤੀ।

ਪਹਿਲਾਂ ਪੰਜਾਬ ਵਿਚ ਬਾਈ ਸੂਬੇ ਥਾਪੇ ਇਹਨਾਂ ਵਿਚੋਂ ਪੰਜ ਪ੍ਰਮੁੱਖ ਸੂਬਿਆਂ ਦੀ ਕੇਂਦਰੀ ਪੰਚਾਇਤ ਅਤੇ ਸਭ ਤੋਂ ਉਪਰ ਸਤਿਗੁਰੂ ਜੀ ਦਾ ਸਥਾਨ ਸੀ। ਇਸ ਤਰ੍ਹਾਂ ਸਮੁੱਚੀ ਨਾਮਧਾਰੀ ਜਾਂ ਕੂਕਾ ਜਥੇਬੰਦੀ ਨੂੰ ਇਕ ਸੂਤਰ ਵਿਚ ਪਰੋਅ ਦਿੱਤਾ। ਬਰਤਾਨਵੀ ਮਿਲਾਂ ਦੇ ਬਣੇ ਮਾਲ ਅਤੇ ਪੰਜਾਬ ਵਿਚ ਉਹਨਾਂ ਦੀਆਂ ਸਥਾਪਤ ਭਿੰਨ ਭਿੰਨ ਸੰਸਥਾਵਾਂ ਨਾਲ, ਹਰ ਕਿਸਮ ਦਾ ਅਸਹਿਯੋਗ ਤੇ ਬਾਈਕਾਟ ਕਰ ਦਿੱਤਾ। ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ :

ਅਟਕ ਤੇ ਜਮਨਾਂ ਦਰਿਆਵਨ ਕੇ ਬੀਚ ਦੇਸ
ਦੇ ਕੇ ਉਪਦੇਸ ਨਾਮ ਰਾਮ ਸਿੰਘ ਤਾਰਿਓ।

ਆਪ ਜੀ ਦੇ ਪਰਿਵਰਤਨਕਾਰੀ ਮਿਸ਼ਨ ਦੀ ਸਫਲਤਾ ਕੁਝ ਸਾਲਾਂ ਵਿਚ ਹੀ ਇਉਂ ਬੁਲੰਦੀਆਂ ਨੂੰ ਛੋਹ ਰਹੀ ਸੀ। ਸੁੱਤੇ ਲੋਕ ਜਾਗ ਰਹੇ ਸਨ। ਡਿੱਗੇ ਢੱਠੇ ਉਠ ਕੇ ਖੜੇ ਹੋ ਰਹੇ ਸਨ। ਸਿਖੀ ਦੀ ਪੁਨਰ ਸੁਰਜੀਤੀ ਲੱਖਾਂ ਦੀ ਗਿਣਤੀ ਵਿਚ ਨਾਮਧਾਰੀ ਪੰਥ ਦੇ ਪੈਰੋਕਾਰ ਬਣਨੇ, ਇਉਂ ਮਾਲੂਮ ਹੋ ਰਿਹਾ ਸੀ ਕਿ ਸਤਿਗੁਰੂ ਜੀ ਨੇ ਜੁੱਗ ਹੀ ਬਦਲ ਦਿੱਤਾ ਹੈ-

ਪਾਇ ਏਹ ਹੁਕਮ ਪ੍ਰਮੇਸ ਕਾ ਬਿਸੇਸ ਫਿਰ
ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।
ਹੁਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ।
ਸੁਧਾ ਛਕਿ ਥਾਏ ਸਿਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸਰਾਬ ਮਾਸ ਚੋਰੀ ਯਾਰੀ
ਠੱਗੀ, ਤਜਿ ਥੀਏ ਸੰਤ ਸਤਿਜੁਗ ਆ ਗਿਓ।
(ਪੰਥ ਪ੍ਰਕਾਸ਼ ਵਿਚ ਕਥਾ ਕੂਕਿਆਂ ਦੀ 12ਵਾਂ ਕਬਿਤ)

ਬਰਤਾਨਵੀ ਸਰਕਾਰ ਨੂੰ ਮੁੱਢ ਤੋਂ ਹੀ ਆਪ ਦੇ ਸਿਖੀ ਪਰਚਾਰ ਵਿਚੋਂ ਬਗਾਵਤ ਦੀ ਬੂ ਆਉਣ ਲੱਗ ਪਈ। ਉਹਨਾਂ ਨੇ ਆਪਣੇ ਥਾਪੇ ਸਿੱਖ ਤਖਤਾਂ ਦੇ ਸਰਬਰਾਹਾਂ ਪੁਜਾਰੀਆਂ ਤੋਂ ਆਪ ਅਤੇ ਆਪਣੇ ਪੰਥ ਵਿਰੁੱਧ ਫਤਵੇ ਜਾਰੀ ਕਰਵਾ ਦਿੱਤੇ। ਫਿਰ ਵੀ ਆਪ ਆਪਣੀ ਚਾਲੇ ਚੱਲਦੇ ਰਹੇ। ਅਨੰਦ ਮਰਯਾਦਾ ਲਾਗੂ ਕਰਨ ਤੋਂ ਬਾਅਦ ਚਾਰ ਸਾਲ ਆਪ ਨੂੰ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਵਿਚਰਨ ਦੀ ਮਨਾਹੀ ਰਹੀ। ਪੰਜਾਬ ਵਿਖ ਖੁਲਮ੍ਹ ਖੁਲਾ ਪ੍ਰਚਾਰ ਕਰਨ ਲਈ ਤਾਂ ਆਪ ਨੂੰ ਇਕ ਦਹਾਕੇ ਦੇ ਲਗਭਗ ਵਰ੍ਹੇ ਹੀ ਮਿਲੇ। ਪਰ ਇਤਨੇ ਸਮੇਂ ਵਿਚ ਵੀ ਆਪ ਦੀ ਮਹਿਮਾ ਦੇਸ ਦੇਸਾਂਤਰਾਂ ਵਿਚ ਫੈਲ ਚੁੱਕੀ ਸੀ।

ਗੁਆਂਢੀ ਏਸ਼ੀਆਈ ਮੁਲਕ ਅਤੇ ਭਾਰਤ ਦੀਆਂ ਦੇਸੀ ਰਿਆਸਤਾਂ ਦੇ ਉਹ ਹੁਕਮਰਾਨ ਜੋ ਅੰਗਰੇਜ਼ੀ ਸਰਕਾਰ ਦੇ ਦਖਲ ਤੋਂ ਪ੍ਰੇਸ਼ਾਨ ਸਨ ਸਤਿਗੁਰੂ ਜੀ ਨੂੰ ਇਕ ਕੌਮੀ ਮੁਕਤੀ ਯੋਧੇ ਵਜੋਂ ਵੇਖ ਕੇ, ਉਹਨਾਂ ਨਾਲ ਸੰਪਰਕ ਸਾਧਨ ਨੂੰ ਆਪਣੇ ਧੰਨ ਭਾਗ ਸਮਝ ਰਹੇ ਸਨ।

ਸਿੱਖ ਧਾਰਮਿਕ ਅਸਥਾਨਾ ਤੇ ਬੁੱਚੜਖਾਨੇ ਖੁਲ੍ਹਣ ਸਦਕਾ ਗਊ ਗਰੀਬ ਦੇ ਰਾਖੇ ਨਾਮਧਾਰੀ ਸਿੰਘਾਂ ਦਾ ਖੂਨ ਖੋਲ੍ਹ ਉਠਿਆ, ਉਹਨਾਂ ਦੇ ਹੱਥ ਭਗੌਤੀਆਂ ਤੇ ਜਾ ਪਾਏ। ਕੁਝ ਗਊ ਘਾਤੀ ਕਤਲ ਕਰ ਦਿਤੇ ਗਏ। ਸਰਕਾਰ ਹਿੱਲ ਗਈ। ਕੂਕੇ ਸਿੰਘ ਫਾਸੀਆਂ ਤੇ ਲਟਕਾ ਦਿੱਤੇ ਅਤੇ ਫਿਰ ਮਲੇਰਕੋਟਲੇ ਦੇ ਰੱਕੜ ਵਿਚ ਥੋਕ ਵਿਚ ਕੂਕੇ ਸਿੰਘ ਤੋਪਾਂ ਨਾਲ ਉਡਾ ਦਿਤੇ। ਸਤਿਗੁਰੂ ਜੀ ਸਮੇਤ ਪ੍ਰਮੁੱਖ ਕੂਕਾ ਆਗੂ, ਦੇਸ ਬਦਰ ਕਰ ਦਿਤੇ। ਅਨੇਕ ਸਿੰਘ ਕਾਲੇ ਪਾਣੀ ਭੇਜ ਦਿਤੇ। ਜਾਇਦਾਦਾਂ ਜ਼ਬਤ ਕਰ ਦਿੱਤੀਆਂ। ਪੰਜ ਤੋਂ ਵੱਧ ਕੂਕੇ ਇਕਠੇ ਨਹੀਂ ਹੋ ਸਕਦੇ ਸਨ। ਭਜਨ ਬੰਦਗੀ, ਪੂਜਾ ਪਾਠ ਦੇ ਮਕਸਦ ਲਈ ਜੁੜਨਾ ਵੀ ਖਿਲਾਫ ਕਾਨੂੰਨ ਤੇ ਸਜਾ ਦਾ ਕਾਰਨ ਬਣਦਾ। ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਤੇ 53 ਸਾਲ ਪੁਲਿਸ ਚੌਕੀ ਪਾ ਦਿੱਤੀ ਜੋ ਇਤਨਾ ਲੰਮਾਂ ਸਮਾਂ ਕੂਕਿਆਂ ਦੀ ਛਾਤੀ ਤੇ ਮੂੰਗ ਦਲਦੀ ਰਹੀ। ਪਰਦੇਸ ਵਿਚ ਕੂਕੇ ਸਿੰਘ ਗੁਰੂ ਦਰਸ਼ਨਾਂ ਨੂੰ ਜਾਂਦੇ। ਹੁਕਮਨਾਮੇ ਲਿਆਉਂਦੇ ਅਤੇ ਗੋਰਾਸ਼ਾਹੀ ਨੂੰ ਦੇਸੋਂ ਬਾਹਰ ਕੱਢਣ ਲਈ, ਭਿੰਨ ਭਿੰਨ ਯੋਜਨਾਵਾਂ ਵਿਚ ਰੁੱਝੇ ਰਹਿੰਦੇ। ਆਜ਼ਾਦੀ ਸੰਗਰਾਮ ਦੀ ਇਸ ਲਾਟ ਨੂੰ, ਆਪ ਜੀ ਦੇ ਸੁਜੋਗ ਉਤਰਾਧਿਕਾਰੀ ਸ੍ਰੀ ਗੁਰੂ ਹਰੀ ਸਿੰਘ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਿੰਨ ਭਿੰਨ ਲੋਕ ਲਹਿਰਾਂ ਨੂੰ ਆਪਣੇ ਢੰਗ ਤਰੀਕਿਆਂ ਨਾਲ ਯੋਗਦਾਨ ਦੇ ਕੇ ਜਾਰੀ ਰੱਖਿਆ। ਦੇਸ ਦੇ ਪੁਨਰ ਨਿਰਮਾਣ ਅਤੇ ਆਪ ਦੇ ਚਿਤਵੇ ਮਿਸ਼ਨ, ਜਨ ਕਲਿਆਣ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ 1959 ਤੋਂ 2012 ਈ. (13 ਦਸੰਬਰ) ਤਕ ਕਾਰਜਸ਼ੀਲ ਰਹੇ। ਹੁਣ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਪਵਿੱਤਰ ਅਸਥਾਨ ਤੇ ਪਿਛਲੇ ਤਿੰਨ ਸਾਲਾਂ ਤੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਬਿਰਾਜਮਾਨ ਹਨ ਅਤੇ ਦੇਸ ਵਿਦੇਸ ਦੀਆਂ ਸੰਗਤਾਂ ਵਿਚ ਵਿਚਰਕੇ ਸਤਿਗੁਰੂ ਰਾਮ ਸਿੰਘ ਜੀ ਦੇ ਉੱਚੇ ਸੁੱਚੇ ਨਾਮ ਨਾਲ ਜੋੜਨ ਦਾ ਵੱਡਾ ਕਾਰਜ ਨਿਭਾਹ ਰਹੇ ਹਨ। ■

ਬਰਮਾ (ਮਯਾਂਮਾਰ) : ਰਾਜਨੀਤਕ ਬੰਦੀ ਪ੍ਰਦੇਸ



✍ਸ. ਜਸਵਿੰਦਰ ਸਿੰਘ ਹਿਸਟੋਰੀਅਨ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਛਾਵਨੀ ਦੇ ਜਿਸ ਬੰਗਲੇ ਵਿਚ ਰਖਿਆ ਗਿਆ ਸੀ ਉਸ ਵਿਚ ਪਹਿਲਾਂ ਦਿੱਲੀ ਦੇ ਆਖਰੀ ਬਾਦਸ਼ਾਹ - ਬਹਾਦੁਰ ਸ਼ਾਹ ਜਫ਼ਰ ਨੂੰ ਰੱਖਿਆ ਸੀ। ਇਹ ਬੰਗਲਾ ਉਸ ਦੇ ਰੰਗੂਨ ਪੁੱਜਣ ਤੋਂ ਬਾਅਦ ਬਣਾਇਆ ਗਿਆ ਸੀ। 1862 ਈ. ਵਿਚ ਬਾਦਸ਼ਾਹ 'ਜਫ਼ਰ' ਦੀ ਮੌਤ ਹੋ ਗਈ ਸੀ ਅਤੇ 1866 ਈ. ਤੱਕ ਉਸਦੀ ਬੇਗਮ ਜੀਨਤ ਮਹਿਲ ਉਸ ਵਿਚ ਰਹਿੰਦੀ ਰਹੀ।

ਦੱਖਣ ਪੁਰਬੀ ਏਸ਼ੀਆ ਦੇ ਦੇਸ਼ਾਂ ਵਿਚ ਇਕ ਦੇਸ਼ ਹੈ ਮਯਾਂਮਾਰ ਜਿਸਨੂੰ ਅੰਗਰੇਜ਼ਾਂ ਨੇ ਨਾਂ ਦਿੱਤਾ ਸੀ 'ਬਰਮਾ'। ਲੇਕਿਨ ਇਸ ਦਾ ਸਦੀਆਂ ਪੁਰਾਣਾ ਨਾਂ 'ਮਯਾਂਮਾਰ' ਹੀ ਸੀ ਅਤੇ 1989 ਵਿਚ ਇਕ ਵਾਰੀ ਫੇਰ ਤੋਂ 'ਬਰਮਾ' ਦੇਸ ਦਾ ਨਾਂ ਬਦਲ ਕੇ ਉਥੋਂ ਦੀ ਸਰਕਾਰ ਨੇ ਪੁਰਾਣਾਂ ਨਾਂ ਮਯਾਂਮਾਰ' ਹੀ ਰੱਖ ਦਿੱਤਾ ਅਤੇ ਹੁਣ ਇਹ ਦੇਸ਼ 'ਮਯਾਂਮਾਰ' ਦੇ ਨਾਂ ਤੇ ਦੁਨੀਆ ਦੇ ਨਕਸ਼ੇ ਤੇ ਮਸ਼ਹੂਰ ਹੈ। ਜਿਸ ਸਮੇਂ ਦੀ ਅਸੀਂ ਇਸ ਲੇਖ ਵਿਚ ਚਰਚਾ ਕਰਾਂਗੇ, ਉਹ ਉਸ ਸਮੇਂ ਦੀ ਹੈ ਜਦੋਂ ਇਸ ਦੇਸ਼ ਦਾ ਨਾਂ 'ਬਰਮਾ' ਸੀ, ਇਸ ਲਈ ਮੈਂ ਇਸ ਲੇਖ ਵਿਚ 'ਮਯਾਂਮਾਰ' ਨੂੰ 'ਬਰਮਾ' ਕਰਕੇ ਹੀ ਲਿਖ ਰਿਹਾ ਹਾਂ। ਇਸ ਦੇਸ਼ ਨੂੰ ਅੰਗਰੇਜ਼ਾਂ ਨੇ ਹਿੰਦੁਸਤਾਨ ਦੇ ਬਾਦਸ਼ਾਹ, ਉੱਘੇ ਸਰਦਾਰਾਂ ਅਤੇ ਸੁਤੰਤਰਤਾ ਸੈਲਾਨੀਆਂ ਨੂੰ ਨਜ਼ਰਬੰਦ ਕਰਕੇ ਰੱਖਣ ਲਈ ਹੀ ਵਰਤਿਆ ਸੀ।

ਭਾਰਤ ਦੇ ਪੂਰਬੀ ਪਾਸੇ ਵੱਲ ਹੈ ਬਰਮਾ ਦੇਸ਼। ਇਸ ਦੀਆਂ ਸਰਹੱਦਾਂ ਭਾਰਤ ਤੋਂ ਇਲਾਵਾ ਚੀਨ, ਲਾਓਸ, ਬੰਗਲਾਦੇਸ਼ ਅਤੇ ਥਾਈਲੈਂਡ ਨਾਲ ਲੱਗਦੀਆਂ ਹਨ ਅਤੇ ਬਰਮਾ ਦੱਖਣੀ ਪੂਰਬੀ ਦੇਸ਼ਾਂ ਵਿਚ ਸਭ ਤੋਂ ਵੱਡਾ ਹੈ, ਖ਼ੇਤਰਫਲ ਦੇ ਲਿਹਾਜ਼ ਨਾਲ। ਦੂਸਰੇ ਸ਼ਬਦਾਂ ਵਿਚ - ਇਹ ਮੁਲਕ ਇੰਗਲੈਂਡ ਅਤੇ ਫਰਾਂਸ ਦੇ ਬਰਾਬਰ ਹੈ। ਬਰਮਾ ਵਿਚ 135 ਗਰੁਪਾਂ ਦੇ ਲੋਕ ਇਕੱਠੇ ਮਿਲਜੁਲ ਕੇ ਰਹਿੰਦੇ ਹਨ ਅਤੇ 80% ਆਬਾਦੀ ਬੋਧ ਹੈ। ਹਰ ਸ਼ਹਿਰ ਵਿਚ ਪੈਗੋਡੇ (ਬੋਧ ਮੰਦਰ) ਬਣੇ ਹੋਏ ਹਨ ਅਤੇ ਬਹੁਤ ਸਾਰੇ ਕਾਫ਼ੀ ਵਿਸ਼ਾਲ ਵੀ ਹਨ। ਇਸ ਕਰਕੇ ਬਰਮਾ ਨੂੰ Land of Pagodas ਵੀ ਆਖਦੇ ਹਨ। ਸਭ ਤੋਂ ਮਸ਼ਹੂਰ ਬੋਧ ਮੰਦਰ ਮਿਵੈਡਗੋਨ, ਪੇਗੋਂਡਾ (ਰੰਗੂਨ) ਵਿਚ ਹੈ ਜੋ ਲਗਭਗ 2500 ਸਾਲ ਪਹਿਲਾਂ ਦਾ ਬਣਿਆ ਦੱਸਿਆ ਜਾਂਦਾ ਹੈ ਅਤੇ ਇਹ ਪਵਿਤ੍ਰਤਮ ਅਤੇ ਦਰਸ਼ਨੀ

ਅਸਥਾਨ ਹੈ ਜੋ ਬਹਾਦੁਰਸ਼ਾਹ 'ਜ਼ਫਰ' ਦੀ ਕਬਰ ਦੇ ਨੇੜੇ ਹੀ ਹੈ। ਅੰਗਰੇਜ਼ਾਂ ਨੇ 1824 ਈ. ਵਿਚ ਲੋਅਰ ਬਰਮਾ (ਮਰਗੋਈ/ਮੋਲਮੀਨ) ਇਲਾਕੇ ਉਤੇ ਕਬਜ਼ਾ ਕੀਤਾ ਸੀ, 1752 ਈ. ਦੇ ਸਥਾਪਤ ਤੀਸਰੇ ਮਯਮਾਰ ਸਾਮਰਾਜ ਨੂੰ ਜਿੱਤਕੇ ਅਤੇ 1852 ਈ. ਵਿਚ ਰੰਗੂਨ ਉੱਤੇ ਕਬਜ਼ਾ ਕੀਤਾ ਸੀ। ਮਯਮਾਰ ਬਾਦਸ਼ਾਹ ਨਾਲ ਤਿੰਨ ਲੜਾਈਆਂ ਮਗਰੋਂ 29 ਨਵੰਬਰ 1885 ਈ. ਨੂੰ ਸਾਰੇ ਬਰਮਾ ਉੱਤੇ ਅੰਗਰੇਜ਼ਾਂ ਦਾ ਰਾਜ ਅਧਿਕਾਰ ਹੋ ਗਿਆ ਸੀ ਅਤੇ ਰਾਜੇ ਥਿਬੂ ਨੂੰ ਕੈਦ ਕਰਕੇ ਦੱਖਣੀ ਭਾਰਤ ਵਿੱਚ ਰੱਖਿਆ ਗਿਆ।

ਬਰਮਾ ਦੀ ਭਗੌਲਿਕ ਸਥਿਤੀ ਲੰਬੂਤਰ ਜਿਹੀ ਹੈ। ਆਸਾਮ ਦੇ ਜੰਗਲਾਂ ਤੋਂ ਸ਼ੁਰੂ ਹੋ ਕੇ ਜ਼ਮੀਨ ਦੀ ਲੰਮੀ ਲਸਰ ਧੁਰ ਪੂਰਬ ਵੱਲ ਅੰਡੇਮਾਨ ਨਿਕੋਬਾਰ ਦੇ ਬਰਾਬਰ ਦੀ ਥੱਲੇ ਜਾਂਦੀ ਹੈ ਅਤੇ ਮਰਗੋਈ ਦਾ ਇਲਾਕਾ ਬੈਂਕੋਕ ਦੇ ਬਰਾਬਰ ਜਾ ਪੈਂਦਾ ਹੈ। ਪਰ ਆਉਣ ਜਾਣ ਦਾ ਕੋਈ ਸਿੱਧਾ ਰਸਤਾ ਨਹੀਂ ਹੈ। ਸ਼ਹਿਰ ਮੋਲਮੀਨ ਲੋਅਰ ਬਰਮਾ ਦੀ ਕਮਿਸ਼ਨਰੀ ਹੈ ਅਤੇ ਇਸ ਵਿਚਲੇ ਪ੍ਰਬੰਧ ਹੇਠ 'ਟਵਾਏ' ਅਤੇ 'ਮਰਗੋਈ' ਆਉਂਦੇ ਹਨ। ਲਗਪਗ 100 ਸਾਲ ਦੀ ਗੁਲਾਮੀ ਮਗਰੋਂ ਜਨਵਰੀ 1948 ਈ. ਵਿਚ ਬਰਮਾ ਸੁਤੰਤਰ ਹੋਇਆ। ਅੰਗਰੇਜ਼ਾਂ ਨੇ ਮਯਮਾਰ ਉੱਤੇ ਕਬਜ਼ਾ ਕਰਨ ਉਪਰੰਤ ਇਸ ਮੁਲਕ ਨੂੰ 'ਬਰਮਾ' ਦਾ ਜੋ ਨਾਂ ਦਿੱਤਾ ਸੀ, 1989 ਈ. ਵਿਚ ਮੁੜ ਤੋਂ ਇਸ ਦੇਸ਼ ਦਾ ਨਾਂ 'ਮਯਮਾਰ' ਕਰ ਦਿੱਤਾ ਗਿਆ। ਇਸ ਮੁਲਕ ਦੀ ਆਬਾਦੀ 5 ਕਰੋੜ ਤੋਂ ਉਪਰ ਦੱਸੀ ਜਾਂਦੀ ਹੈ।

ਜਿਸ ਤਰ੍ਹਾਂ ਅੰਗਰੇਜ਼ਾਂ ਨੇ ਹੌਲੀ-ਹੌਲੀ ਸਾਰੇ ਹਿੰਦੁਸਤਾਨ ਉੱਤੇ ਕਬਜ਼ਾ ਕਰ ਲਿਆ ਸੀ, ਉਸੇ ਤਰ੍ਹਾਂ ਸਾਰੇ ਧਰਮਾਂ ਤੇ ਵੀ ਅੰਗਰੇਜ਼ਾਂ ਨੇ ਅਧਿਕਾਰ ਕਰ ਲਿਆ ਸੀ। ਇਹ ਦੋਨੋਂ ਦੇਸ਼, ਹਿੰਦੁਸਤਾਨ ਅਤੇ ਬਰਮਾ ਅੰਗਰੇਜ਼ੀ ਬਸਤੀਵਾਦ ਸ਼ਾਸਨ ਦੇ ਤਹਿਤ ਸਨ, ਇਸ ਲਈ ਹਿੰਦੁਸਤਾਨ ਦਾ ਗਵਰਨਰ -ਜਨਰਲ ਹੀ ਬਰਮਾ ਦਾ ਪ੍ਰਸ਼ਾਸ਼ਕ ਹੁੰਦਾ ਸੀ ਅਤੇ ਉੱਥੋਂ ਦਾ ਕੰਮਕਾਜ 'ਚੀਫ ਕਮਿਸ਼ਨ' ਦੇ ਰਾਹੀਂ ਚਲਾਇਆ ਜਾਂਦਾ ਸੀ। ਦੋਨੋਂ ਮੁਲਕ ਇਕੋ ਸਰਕਾਰ ਦੇ ਅਧੀਨ ਹੋਣ ਕਰਕੇ ਹਿੰਦ ਤੇ ਬਰਮਾ ਆਉਣ ਜਾਣ ਲਈ ਪਾਸਪੋਰਟ ਦੀ ਲੋੜ ਨਹੀਂ ਸੀ ਹੁੰਦੀ। ਬਿਨਾਂ ਕਿਸੇ ਰੁਕਾਵਟ ਦੇ ਲੋਕ ਆ ਜਾ ਸਕਦੇ ਸਨ। ਲਾਹੌਰ ਦਰਬਾਰ ਦੇ ਪਤਨ ਤੋਂ ਬਾਅਦ ਸਿੱਖ ਫੌਜਾਂ ਨੇ 1852 ਈ. ਵਿਚ ਬੜੀ ਬਹਾਦੁਰੀ ਨਾਲ ਲੜਕੇ ਅੰਗਰੇਜ਼ਾਂ ਦੀ ਮਦਦ ਕਰਕੇ ਰੰਗੂਨ ਉੱਤੇ ਕਬਜ਼ਾ ਕੀਤਾ ਸੀ। ਉਸ ਸਮੇਂ ਇਰਾਵਤੀ ਨਦੀ ਦੇ ਆਸ-ਪਾਸ ਦਾ ਇਲਾਕਾ ਦਲਦਲੀ ਹੁੰਦਾ ਸੀ ਅਤੇ ਅੰਗਰੇਜ਼ਾਂ ਨੇ ਬੜੀ ਹੀ ਮਿਹਨਤ ਨਾਲ ਰੰਗੂਨ ਸ਼ਹਿਰ ਵਸਾਇਆ ਸੀ ਜੋ ਬਹੁਤ ਵਿਵਸਥਤ, ਖੁੱਲ੍ਹਾ ਅਤੇ ਖੂਬਸੂਰਤ ਸੀ। ਇਸ ਸ਼ਹਿਰ ਦੀ ਖੂਬਸੂਰਤੀ ਅਤੇ ਵੈਭਵ ਨੇ ਰੰਗੂਨ ਨੂੰ ਦੁਨੀਆ ਭਰ ਵਿਚ ਮਸ਼ਹੂਰ ਕਰ ਦਿੱਤਾ ਸੀ। 1858 ਈ. ਜਦੋਂ ਦਿੱਲੀ ਦੇ ਆਖਰੀ ਮੁਗਲ ਬਾਦਸ਼ਾਹ ਬਹਾਦਰਸ਼ਾਹ ਨੂੰ ਰੰਗੂਨ ਛਾਵਨੀ ਦੇ ਇਲਾਕੇ ਵਿਚ ਰੱਖਿਆ ਗਿਆ ਸੀ, ਉਸ ਸਮੇਂ ਵੀ ਰੰਗੂਨ ਸ਼ਹਿਰ ਦਾ ਵਿਕਾਸ ਚਲ ਰਿਹਾ ਸੀ। ਅੱਜ ਵੀ ਅੰਗਰੇਜ਼ਾਂ ਦੇ ਵਸਾਏ ਸ਼ਹਿਰ ਅਤੇ ਬਾਅਦ ਵਿਚ ਵਿਕਸਿਤ ਹੋਏ ਰੰਗੂਨ ਸ਼ਹਿਰ ਵਿਚ ਫ਼ਰਕ ਸਾਫ਼ ਪਤਾ ਲਗਦਾ ਹੈ ਵਿਵਸਥਾ ਦੇ ਪੱਖੋਂ।

ਲਾਹੌਰ ਦਰਬਾਰ ਦੇ ਪਤਨ ਤੋਂ ਮਗਰੋਂ ਸਿੱਖ ਫੌਜੀਆਂ ਨੇ ਰੰਗੂਨ ਅਤੇ ਚੀਨ ਵਿਚ ਲੜਾਈਆਂ ਲੜ ਕੇ ਅੰਗਰੇਜ਼ਾਂ ਦੇ ਬਸਤੀਵਾਦ ਨੂੰ ਪੁਖ਼ਤਾ ਕੀਤਾ ਸੀ। ਉਸ ਸਮੇਂ ਇਕ ਅੰਰਗੇਜ਼ ਜਰਨੈਲ ਜਾਨ ਗਾਰਡਨ ਨੇ 'ਦੀ ਸਿਖਜ' ਨਾਂ ਦੀ ਪੁਸਤਕ ਵਿਚ ਲਿਖਿਆ ਸੀ 'ਕੋਈ ਵੀ ਸਾਡੇ ਵਿਰੁੱਧ ਇੰਨੀ ਹਿੰਮਤ ਅਤੇ ਦ੍ਰਿੜਤਾ ਨਾਲ ਨਹੀਂ ਸੀ ਲੜਿਆ ਜਿਸ ਤਰ੍ਹਾਂ ਸਿਖ ਲੜੇ ਸਨ। ਇਹਨਾਂ ਨੇ ਸਾਡੇ ਨਾਲ ਕਈ ਗਹਿ-ਗੱਚ ਲੜਾਈਆਂ ਵਿਚ ਏਸ਼ੀਆ ਅਤੇ ਅਫਰੀਕਾ ਵਿਚ ਹਿੱਸਾ ਲਿਆ ਸੀ ਅਤੇ ਵਫਾਦਾਰੀ ਦੀ ਮਿਸਾਲ ਬਣੇ।' ਅਗੇ ਚਲਕੇ ਜਰਨੈਲ ਲਿਖਦਾ ਹੈ 'ਜਿਵੇਂ ਉਹ (ਸਿਖ) ਆਪਣੇ ਗੁਰੂ ਅਤੇ ਮਹਾਰਾਜੇ ਲਈ ਲੜੇ ਸਨ, ਹੁਣ ਉਹ ਇੰਗਲੈਂਡ ਲਈ ਲੜ ਰਹੇ ਹਨ। ਵਫਾਦਾਰੀ ਇਹਨਾਂ ਦੇ ਖੂਨ ਵਿਚ ਹੈ।' 1852 ਈ. ਤੋਂ ਬਾਅਦ ਜਦੋਂ ਅੰਗਰੇਜ਼ਾਂ ਨੇ ਰੰਗੂਨ ਉੱਤੇ ਕਬਜ਼ਾ ਕਰ ਲਿਆ ਸੀ, ਬਹੁਤ ਸਾਰੇ ਸਿੱਖ ਫੌਜੀ ਓਧਰ ਹੀ ਵੱਸ ਗਏ ਸਨ। ਮੁਸਲਮਾਨ, ਬੋਧ ਅਤੇ ਸਿੱਖਾਂ ਦੀ ਵਧੋ ਨੇ ਕਿਸੇ ਨੂੰ ਵੀ ਓਪਰਾਪਨ ਮਹਿਸੂਸ ਨਹੀਂ ਹੋਣ ਦਿੱਤਾ।

ਅੰਗਰੇਜ਼ਾਂ ਦਾ ਬਸਤੀਵਾਦ ਪ੍ਰਤੀ ਇਕੋ ਹੀ ਨਜ਼ਰੀਆ ਰਹਿੰਦਾ ਸੀ, ਨਵੇਂ-ਨਵੇਂ ਮੁਲਕਾਂ ਉੱਤੇ ਕਬਜ਼ਾ ਕਰਕੇ ਉਥੋਂ ਦੇ ਸੰਸਾਧਨਾਂ ਨੂੰ ਆਪਣੇ ਮੁਲਕ ਵਿਚ ਲੈ ਜਾਓ। ਬਰਮਾਂ ਵਿਚ ਲਕੜ ਬਹੁਤ ਹੁੰਦੀ ਜਿਸ ਨੂੰ 'ਬਰਮੀ ਟੀਕ' ਆਖਦੇ ਸਨ। ਇੰਗਲੈਂਡ ਵਿਚ ਇਸ ਲਕੜੀ ਦੀ ਬੜੀ ਮੰਗ ਸੀ। ਇਸ ਦੇ ਨਾਲ ਨਾਲ ਚੀਨ ਤੇ ਵੀ ਨਜ਼ਰ ਰੱਖੀ ਜਾ ਸਕਦੀ ਸੀ। ਅੰਗਰੇਜ਼ ਨਵੇਂ ਕਬਜ਼ਾਏ ਦੇਸ਼ਾਂ ਦੀ ਵਰਤੋਂ ਇਕ ਹੋਰ ਢੰਗ ਨਾਲ ਵੀ ਕਰਦੇ ਸਨ। ਉਹਨਾਂ ਦੀ ਸੋਚ ਸੀ ਕਿ ਆਗੂਆਂ ਤੋਂ ਬਿਨਾਂ ਜਨਤਾ ਕੁਝ ਵੀ ਨਹੀਂ ਹੁੰਦੀ। ਅਗਰ ਪ੍ਰਭਾਵਸ਼ਾਲੀ ਆਗੂਆਂ ਨੂੰ ਜਨਤਾ ਤੋਂ ਦੂਰ ਕਰ ਦਿੱਤਾ ਜਾਵੇ ਤਾ ਆਗੂਆਂ ਦਾ, ਉਹਨਾਂ ਦੇ ਚਲਾਏ ਅੰਦੋਲਨਾਂ ਦਾ ਕੋਈ ਪ੍ਰਭਾਵ ਨਹੀਂ ਸੀ ਰਹਿ ਜਾਂਦਾ, ਹੌਲੀ-ਹੌਲੀ ਖ਼ਤਮ ਹੋ ਜਾਂਦਾ ਸੀ। ਅੰਗਰੇਜ਼ਾਂ ਨੇ ਇਹ ਨੀਤੀ ਹਰ ਥਾਂ ਤੇ ਵਰਤੀ। ਨਿਪੋਲਿਅਨ ਨੂੰ ਗਿਰਫ਼ਤਾਰ ਕਰਕੇ ਸੈਂਟ ਹੇਈਨਾ ਦੀਪ ਵਿਚ ਨਜ਼ਰਬੰਦ ਕਰ ਦਿੱਤਾ ਸੀ। ਉਸ ਦੀ ਚਲਾਈ ਲਹਿਰ ਤੇ ਫੌਜ ਫਿਰ ਕਿਸੇ ਕੰਮ ਦੀ ਨਾ ਰਹੀ। ਪੰਜਾਬ ਵਿਚੋਂ ਲਾਹੌਰ ਦਰਬਾਰ ਦੇ ਪ੍ਰਭਾਵਸ਼ਾਲੀ ਸਰਦਾਰਾਂ ਨੂੰ ਪੰਜਾਬ ਤੋਂ ਬਾਹਰ ਦੂਰ-ਦੁਰਾਡੇ ਮੋਲਮੀਨ ਅਤੇ ਮਰਗੋਈ ਤੱਕ ਭੇਜ

ਕੇ ਨਜ਼ਰਬੰਦ ਕਰ ਦਿੱਤਾ। ਨੂਰਪੁਰ ਕੰਡੀ ਦੇ ਰਾਮ ਸਿੰਘ ਪਠਾਣੀਆ ਨੂੰ ਮੋਲਮੀਨ ਅਤੇ ਭਾਈ ਮਹਾਰਾਜ ਸਿੰਘ ਨੂੰ ਸਿੰਘਾਂਪੁਰ ਭੇਜ ਦਿੱਤਾ ਗਿਆ।

ਮਹਾਰਾਣੀ ਜਿੰਦਾ ਨੂੰ ਬਨਾਰਸ ਅਤੇ ਬਾਲਕ ਮਹਾਰਾਜਾ ਦਲੀਪ ਸਿੰਘ ਨੂੰ ਬਹਾਨੇ ਨਾਲ ਪਹਿਲਾਂ ਫਤਹਿਗੜ੍ਹ ਕੈਂਪ (ਯੂ. ਪੀ.) ਅਤੇ ਫੇਰ ਇੰਗਲੈਂਡ ਤੋਰ ਦਿੱਤਾ। ਲਾਹੌਰ ਦਰਬਾਰ ਅਤੇ ਦਿੱਲੀ ਦਰਬਾਰ ਦੇ ਬਹੁਤ ਸਾਰੇ ਰਸੂਖਦਾਰਾਂ ਨੂੰ ਬਰਮਾ ਵਿਚ ਅਲਗ-ਅਲਗ ਸ਼ਹਿਰਾਂ ਵਿਚ ਕੈਦ ਕਰੀ ਰੱਖਿਆ। ਬਹੁਤ ਸਾਰੇ ਸੁਤੰਤਰਤਾ ਪ੍ਰੇਮੀਆਂ ਨਾਲ ਵੀ ਐਸਾ ਹੀ ਸਲੂਕ ਕਰਕੇ ਉਹਨਾਂ ਦੀ ਕਰਮਭੂਮੀ ਤੋਂ ਦੂਰ ਬਰਮਾ ਅਤੇ ਹੋਰ ਮੁਲਕਾਂ ਵਿਚ ਭੇਜ ਦਿੱਤਾ ਗਿਆ। ਬਹਾਦੁਰਸ਼ਾਹ ਜ਼ਫਰ ਨੂੰ ਰੰਗੂਨ ਅਤੇ ਹੋਰ ਉਥੇ ਸਰਦਾਰਾਂ ਨੂੰ ਮੋਲਮੀਨ, ਮਰਗੋਈ, ਦਵਾਏ, ਅਕਯਾਬ ਅਤੇ ਹੋਰ ਕਈ ਸ਼ਹਿਰਾਂ ਵਿਚ ਨਿਰਵਾਸਤ ਕਰ ਦਿੱਤਾ ਗਿਆ। ਏਸੇ ਤਰ੍ਹਾਂ ਦਾ ਵਿਵਹਾਰ ਕੂਕਾ ਅੰਦੋਲਨ ਦੇ ਆਗੂ ਗੁਰੂ ਰਾਮ ਸਿੰਘ ਅਤੇ ਸੂਬਿਆਂ ਨਾਲ ਵੀ ਕੀਤਾ ਗਿਆ।

ਉਨ੍ਹੀਵੀਂ ਸਦੀ ਵਿਚ ਸਮੁੰਦਰੀ ਜਹਾਜ਼ ਭਾਫ਼ ਨਾਲ ਚਲਦੇ ਹੁੰਦੇ ਸਨ। ਇੰਗਲੈਂਡ ਤੋਂ ਵਪਾਰ ਅਤੇ ਰਾਜਨੀਤਕ ਮਨੋਰਥ ਨਾਲ ਆਉਂਦੇ ਸਮੁੰਦਰੀ ਜਹਾਜ਼ ਕੋਲਾ ਲੈਣ ਲਈ ਕੇਪ ਟਾਊਨ (ਦਖਣੀ ਅਫਰੀਕਾ), ਅਦਨ (ਯਮਨ), ਬੰਬਈ, ਕਲਕੱਤਾ, ਮਰਗੋਈ ਆਦਿ ਥਾਵਾਂ ਤੇ ਰੁਕਦੇ ਸਨ ਅਤੇ ਵਪਾਰਕ ਕੰਮਕਾਰ ਲਈ ਆਉਂਦੇ ਜਾਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੂੰ 1872 ਮਾਰਚ ਵਿਚ ਰੰਗੂਨ ਭੇਜ ਦਿੱਤਾ ਗਿਆ। ਬਰਮਾ ਦੇ ਦੂਸਰੇ ਵੱਡੇ ਸ਼ਹਿਰ ਮੋਲਮੀਨ ਵਿਚ ਸੂਬਾ ਲੱਖਾ ਸਿੰਘ, ਜਵਾਹਰ ਸਿੰਘ ਅਤੇ ਬ੍ਰਮਾ ਸਿੰਘ ਨੂੰ ਭੇਜਿਆ ਤੇ ਸੂਬਾ ਸਾਹਿਬ ਸਿੰਘ ਅਤੇ ਕਾਹਨ ਸਿੰਘ ਨੂੰ ਅਦਨ ਤੋਰ ਦਿੱਤਾ। ਗਲ ਕੀ ਪ੍ਰਭਾਵਸ਼ਾਲੀ ਲੀਡਰਾਂ ਨੂੰ ਦੇਸ਼ ਤੋਂ ਬਾਹਰ ਵਾਲੀ ਨੀਤੀ ਅੰਗਰੇਜ਼ਾਂ ਦੀ ਕਾਇਮ ਰਹੀ। ਵੀਹਵੀਂ ਸਦੀ ਵਿਚ ਲਾਲਾ ਲਾਜਪਤ ਰਾਏ ਨੂੰ ਮਾਂਡਲੇ ਭੇਜਿਆ ਗਿਆ। ਦੂਰ-ਦੁਰਾਡੇ ਲੀਡਰਾਂ ਨੂੰ ਨਿਰਵਾਸਤ ਕਰ ਦੇਣ ਨਾਲ ਉਨ੍ਹਾਂ ਦੇ ਚਲਾਏ ਹੋਏ ਅੰਦੋਲਨ ਨੂੰ ਧੱਕਾ ਜ਼ਰੂਰ ਲੱਗਦਾ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਛਾਵਨੀ ਦੇ ਜਿਸ ਬੰਗਲੇ ਵਿਚ ਰਖਿਆ ਗਿਆ ਸੀ ਉਸ ਵਿਚ ਪਹਿਲਾਂ ਦਿੱਲੀ ਦੇ ਆਖਰੀ ਬਾਦਸ਼ਾਹ - ਬਹਾਦੁਰ ਸ਼ਾਹ ਜ਼ਫਰ ਨੂੰ ਰੱਖਿਆ ਸੀ। ਇਹ ਬੰਗਲਾ ਉਸ ਦੇ ਰੰਗੂਨ ਪੁੱਜਣ ਤੋਂ ਬਾਅਦ ਬਣਾਇਆ ਗਿਆ ਸੀ। 1862 ਈ. ਵਿਚ ਬਾਦਸ਼ਾਹ 'ਜ਼ਫਰ' ਦੀ ਮੌਤ ਹੋ ਗਈ ਸੀ ਅਤੇ 1866 ਈ. ਤੱਕ ਉਸਦੀ ਬੇਗਮ ਜੀਨਤ ਮਹਿਲ ਉਸ ਵਿਚ ਰਹਿੰਦੀ ਰਹੀ। ਉਸ ਦੇ ਬੰਗਲਾ ਖਾਲੀ ਕੀਤੇ ਜਾਣ ਉਪਰੰਤ ਉਸਨੂੰ ਰੰਗੂਨ ਛਾਵਨੀ ਦੇ ਡਾਕ ਘਰ ਵਜੋਂ ਵਰਤਿਆ ਜਾਂਦਾ ਰਿਹਾ ਅਤੇ ਫਿਰ 1872 ਮਈ ਵਿਚ ਖਾਲੀ ਕਰਵਾ ਕੇ ਅਤੇ ਮੁਰੰਮਤ ਕਰਵਾ ਕੇ 16 ਸਤੰਬਰ 1872 ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਉਸ ਬੰਗਲੇ ਵਿਚ ਭੇਜਿਆ ਗਿਆ। ਜਿਥੇ ਸਤਿਗੁਰੂ ਜੀ ਸਤੰਬਰ 1880 ਤੱਕ ਰਹੇ। ਉਸ ਤੋਂ ਬਾਅਦ ਸਤਿਗੁਰੂ ਜੀ ਨੂੰ ਮਰਗੋਈ ਭੇਜ ਦਿੱਤਾ ਗਿਆ ਸੀ ਕਿਉਂਕਿ ਸਰਕਾਰ ਪੰਜਾਬ ਤੋਂ ਆਉਂਦੇ ਸਿੱਖਾਂ ਨੂੰ ਰੋਕ ਨਹੀਂ ਸੀ ਪਾ ਰਹੀ। ਉਸ ਸਮੇਂ ਪੰਜਾਬ ਤੋਂ ਰੰਗੂਨ ਦਰਸ਼ਨ ਲਈ ਜਾਣਾ ਬੜਾ ਹੀ ਔਖਾ ਹੁੰਦਾ ਸੀ। ਗਰਿਫਤਾਰੀ ਦਾ ਡਰ, ਦੂਰ ਦਾ ਅਨਜਾਣ ਸਫ਼ਰ, ਵੱਡਾ ਖਰਚਾ, ਪਰ ਫੇਰ ਵੀ ਗੁਰੂ ਦੇ ਲਾਲ ਰੁਕੇ ਨਹੀਂ, ਔਕੜਾਂ ਝੱਲਦੇ ਹੋਏ ਮਾਹੀ ਦੇ ਦਰਸ਼ਨਾਂ ਨੂੰ ਪੁੱਜਦੇ ਰਹੇ। ਕਿਸੇ ਨੇ ਜ਼ਮੀਨਾਂ ਵੇਚੀਆਂ, ਕਿਸੇ ਨੇ ਜਨਾਨੀਆਂ ਦੇ ਗਹਿਣੇ ਵੇਚੇ, ਮਕਾਨ ਵੇਚੇ, ਪੈਸੇ ਉਧਾਰ ਲਏ ਜਾਂ ਉਗਰਾਹੀ ਕੀਤੀ, ਔਗੜਾਂ ਝੱਲਦੇ ਗਏ ਜ਼ਰੂਰ। ਇਹ ਉਸ ਸਮੇਂ ਦੇ ਸਿੱਖਾਂ ਦਾ ਸਿਰੜ ਸੀ ਪਰ ਅੱਜ ਉਹ ਭਾਵਨਾ ਨਹੀਂ ਰਹਿ ਗਈ ਹੈ। ਸਫ਼ਰ ਔਖਾ ਨਹੀਂ ਹੈ, ਬੜੇ ਸਾਧਨ ਬਣ ਗਏ ਹਨ, ਪੈਸੇ - ਧੇਲੇ ਦੀ ਕੋਈ ਕਮੀ ਵੀ ਨਹੀਂ ਹੈ ਸਿੱਖਾਂ ਕੋਲ, ਪਰ ਗੁਰੂ ਕੇ ਲਾਲ ਰੰਗੂਨ ਜਾਣ ਦੀ ਬਜਾਇ ਬੈਂਕੋਕ, ਸਿੰਘਾਂਪੁਰ, ਹਾਂਗਕਾਂਗ, ਚੀਨ ਵੱਲ ਜਾਂਦੇ ਹਨ, ਪਰ ਗੁਰੂ ਦੇ ਰਾਹ ਵੱਲ ਮੂੰਹ ਨਹੀਂ ਕਰਦੇ। ਇਹ ਸਮੇਂ ਅਤੇ ਭਾਵਨਾ ਦਾ ਫਰਕ ਆ ਗਿਆ ਹੈ। ਅੱਜ ਅਸੀਂ ਸਿਰਫ ਅਰਦਾਸ ਵਿਚ 'ਦੇਹ ਕਰਕੇ ਦਿਓ ਦਿਦਾਰ' ਕਹਿ ਕੇ ਹੀ ਸ਼ਰਧਾ ਭਾਵਨਾ ਪੂਰੀ ਕਰ ਲੈਂਦੇ ਹਾਂ। ਰੰਗੂਨ ਅੱਜ ਉਹ 'ਥਾਨ ਸੁਹਾਵਾ' ਸੁਹਾਵਾ ਨਹੀਂ ਲੱਗਦਾ। 1885 ਈ. ਤੋਂ ਬਾਅਦ ਤਾਂ ਰੰਗੂਨ ਜਾਣਾ ਹੀ ਬੰਦ ਹੋ ਗਿਆ ਸੀ। ਹਾਂ ਜਦੋਂ ਦਸੰਬਰ 1933 ਈ. ਦੇ ਅਖੀਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿਆਮ (ਥਾਈਲੈਂਡ) ਜਾਣਾ ਸੀ, ਸਿਆਮ ਦਾ ਪਾਸਪੋਰਟ ਬਣਾਉਣ ਲਈ ਸਤਿਗੁਰੂ ਜੀ ਕਈ ਦਿਨ ਰੰਗੂਨ ਰੁਕੇ ਸਨ। ਉਸ ਸਮੇਂ ਸਤਿਗੁਰੂ ਜੀ ਨੇ ਬੰਗਲੇ ਦੀ ਭਾਲ ਕਰਵਾਈ ਸੀ ਅਤੇ ਸ਼ਹਿਰ ਦੇ ਬੰਦ ਪਏ ਗੁਰਦੁਆਰੇ ਨੂੰ ਖੁਲਵਾਇਆ ਸੀ। ਵਾਪਸੀ ਸਮੇਂ ਮਰਗੋਈ ਜਦੋਂ ਜਹਾਜ ਰੁਕਿਆ ਸੀ ਤਾਂ ਸਤਿਗੁਰੂ ਜੀ ਨੇ ਮਰਗੋਈ ਵਾਲੀ ਥਾਂ ਬਾਰੇ ਜਾਣਕਾਰੀ ਲੈਣ ਦਾ ਜਤਨ ਕੀਤਾ ਸੀ, ਪਰ ਸਮੇਂ ਦੀ ਘਾਟ ਕਰਕੇ ਕੰਮ ਪੂਰਾ ਨਾ ਹੋ ਸਕਿਆ।

ਰੰਗੂਨ ਨਾਲ ਕੂਕਿਆਂ ਦਾ ਭਾਵਨਾਤਮਕ ਮੋਹ ਬਣਿਆ ਰਿਹਾ ਪਰ ਰੰਗੂਨ ਜਾ ਕੇ ਥਾਵਾਂ ਦੀ ਭਾਲ ਵਾਲੀ ਗੱਲ ਅਗੇ ਨਾ ਤੁਰੀ। 1980 ਵਿਚ ਪਰਮਜੀਤ ਸਿੰਘ ਨਿਓਤੇ, ਜੋ ਕਿ ਇਹਨਾਂ ਦਿਨਾਂ ਵਿਚ ਮਲੇਸ਼ੀਆ -ਕੁਆਲਾ-ਲੰਪੂਰ ਵਿਚ ਰਹਿੰਦੇ ਸਨ, ਨੇ ਥੋੜ੍ਹਾ ਜਤਨ ਕੀਤਾ ਸੀ ਰੰਗੂਨ ਬਾਰੇ, ਪਰ ਗੱਲ ਲੰਮੀ ਨਾ ਚੱਲੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿੱਸੇ ਹੀ ਅਗਲਾ ਕੰਮ ਕਰਵਾਉਣਾ ਆਇਆ ਸੀ। ਸਤਿਗੁਰੂ ਬਿਲਾਸ ਨੂੰ ਛਾਪਣ ਯੋਗ ਕਰਨ ਅਤੇ ਰੰਗੂਨ/ਮਰਗੋਈ ਦੇ ਠੀਕ

ਹਾਲਤ ਜਾਣਨ ਲਈ ਸਤਿਗੁਰੂ ਜੀ ਨੇ ਵਿਸ਼ੇਸ਼ ਉਦਮ ਕਰਵਾਇਆ। ਰੰਗੂਨ ਅਤੇ ਮਰਗੋਈ ਵਿਖੇ ਠੀਕ ਥਾਵਾਂ ਦੀ ਖੋਜ ਲਈ ਸਾਲ 1994 ਵਿਚ ਹੀ ਤਿੰਨ ਵਾਰੀ ਬਰਮਾ ਭੇਜਿਆ ਅਤੇ ਕੰਮ ਕਰਾਇਆ। ਐਸਾ ਕੰਮ ਅਤੇ ਵੱਡਾ ਖਰਚ ਸਿਰਫ ਸਤਿਗੁਰੂ ਜਗਜੀਤ ਸਿੰਘ ਜੀ ਕਰਵਾ ਸਕਦੇ ਸਨ। ਉਹਨਾਂ ਦੇ ਉਦਮ ਅਤੇ ਕਿਰਪਾ ਨਾਲ ਰੰਗੂਨ, ਮੋਲਮੀਨ ਅਤੇ ਮਰਗੋਈ ਉਹਨਾਂ ਥਾਵਾਂ ਦੀ ਪ੍ਰਮਾਣਿਕ ਜਾਣਕਾਰੀ ਸਾਡੇ ਪਾਸ ਮੁਹੱਈਆ ਹੈ ਜਿਥੇ-ਜਿਥੇ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬੇ ਨਜ਼ਰਬੰਦ ਰਹੇ ਸਨ।

ਨਜ਼ਰਬੰਦੀ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਨੂੰ ਬਾਹਰੀ ਜਗਤ ਨਾਲ ਮੇਲਜੋਲ ਦੀ ਇਜ਼ਾਜਤ ਨਹੀਂ ਸੀ। ਬਾਣੀਆ ਸੁੱਕੀ ਰਸਦ ਦੇ ਜਾਇਆ ਕਰਦਾ ਸੀ। ਜਲ ਲਈ ਵੀ ਬਾਹਰ ਨਾ ਜਾਣਾ ਪਵੇ, ਇਸ ਲਈ ਬੰਗਲੇ ਵਿਚ ਖੂਹੀ ਸਰਕਾਰ ਨੇ ਲਗਵਾ ਦਿੱਤੀ ਸੀ ਅਤੇ ਦੁੱਧ ਲਈ ਇਕ ਗਾਂ ਵੀ ਲੈ ਦਿੱਤੀ ਸੀ। ਹਫ਼ਤੇ ਵਿਚ ਦੋ ਤਿੰਨ ਵਾਰੀ ਬੱਘੀ ਤੇ ਛਾਵਨੀ ਇਲਾਕੇ ਵਿਚ ਸੈਰ ਦੀ ਇਜ਼ਾਜ਼ਤ ਵੀ ਮਿਲੀ ਹੋਈ ਸੀ ਅਤੇ ਬਾਹਰ ਜਾਣ ਲੱਗਿਆਂ ਅੰਗਰੇਜ਼ ਸਾਰਜੈਂਟ ਜਾਂ ਉਸ ਦੇ ਕਿਸੇ ਆਦਮੀ ਦਾ ਨਾਲ ਹੋਣਾ ਜ਼ਰੂਰੀ ਹੁੰਦਾ ਸੀ। ਪੰਜਾਬ ਤੋਂ ਆਉਣ ਵਾਲੇ ਸਿੰਘ ਭੇਸ ਬਦਲ ਦੇ ਬੱਘੀ ਦੇ ਜਾਣ ਵਾਲੇ ਰਸਤੇ ਵਿਚ ਬੈਠ ਜਾਂਦੇ ਸਨ ਅਤੇ ਕੋਲ ਆਉਣ ਤੇ ਉਚੀ ਉਚੀ ਪੰਜਾਬੀ ਵਿਚ ਆਪਣੇ ਬਾਰੇ ਸਤਿਗੁਰੂ ਜੀ ਨੂੰ ਦੱਸ ਦਿੰਦੇ ਸਨ। ਇਹਨਾਂ ਸਿੱਖਾਂ ਅਤੇ ਹੋਰ ਵਸੀਲਿਆਂ ਨਾਲ ਸਤਿਗੁਰੂ ਰਾਮ ਸਿੰਘ ਜੀ ਦਾ ਮੋਲਮੀਨ ਸੂਬਿਆਂ ਨਾਲ ਸੰਪਰਕ ਬਣਿਆ ਰਹਿੰਦਾ ਸੀ। ਅੰਗਰੇਜ਼ਾਂ ਨੂੰ ਡਰ ਸੀ ਕਿ ਅਗਰ ਕੋਈ ਸੰਦੇਸ਼ ਸਤਿਗੁਰੂ ਜੀ ਦਾ ਪੰਜਾਬ ਪੁੱਜ ਗਿਆ ਤਾਂ ਉਹ ਉਹਨਾਂ ਦਾ 'ਸੂੜ' ਕਰਵਾ ਦੇਵੇਗਾ। ਇਹ ਭੈਅ ਅੰਗਰੇਜ਼ਾਂ ਨੂੰ ਸਦਾ ਹੀ ਪਿਆ ਰਹਿੰਦਾ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬੰਗਲੇ ਤੋਂ ਲਗਭਗ ਇਕ ਮੀਲ ਦੀ ਵਿਥ ਤੇ ਬਰਮਾ ਦਾ ਸਭ ਤੋਂ ਵਿਸ਼ਾਲ ਬੋਧ ਮੰਦਰ 'ਸ਼ਿਵੈਡਗੌਨ ਪੈਗੋਡਾ' ਸੀ ਜਿੱਥੇ ਵੱਡੀ ਤਾਦਾਦ ਵਿਚ ਲੋਗ ਜਾਂਦੇ ਸਨ। ਜਨਵਰੀ 1877 ਈ. ਵਿਚ ਸਤਿਗੁਰੂ ਜੀ ਨੇ ਇਹ ਪੈਗੋਡਾ ਦੇਖਣ ਦੀ ਇਛਾ ਪ੍ਰਗਟ ਕੀਤੀ ਅਤੇ ਇਜ਼ਾਜ਼ਤ ਮਿਲ ਗਈ ਸੀ। ਇਹ ਪੈਗੋਡਾ ਵੀ ਛਾਵਨੀ ਇਲਾਕੇ ਵਿਚ ਹੀ ਸੀ। ਸਪਸ਼ਟ ਜਾਣਕਾਰੀ ਅਨੁਸਾਰ ਇਕ ਛੋਟਾ ਪੈਗੋਡਾ 'ਸੂਲੇ ਪੈਗੋਡਾ' ਸ਼ਹਿਰ ਦੇ ਵਿਚ ਹੀ ਸੀ ਜੋ ਸਿਵਲ ਏਰੀਆ ਸੀ ਅਤੇ ਉਹ ਵੀ ਆਗਿਆ ਨਾਲ ਦੇਖਣ ਸਤਿਗੁਰੂ ਜੀ ਅੰਗਰੇਜ਼ ਸਾਰਜੈਂਟ ਦੇ ਸਹਿਯੋਗ ਨਾਲ ਗਏ ਸਨ। ਜਦੋਂ ਪੰਜਾਬ ਤੋਂ ਆਉਂਦੇ ਸਿੱਖਾਂ ਦਾ ਪ੍ਰਵਾਹ ਨਾ ਰੁੱਕਿਆ ਤਾਂ ਅੰਗਰੇਜ਼ਾਂ ਨੇ ਸਤਿਗੁਰੂ ਜੀ ਨੂੰ ਸਤੰਬਰ 1880 ਵਿਚ ਮਰਗੋਈ ਦੁਰੇਡੀ ਥਾਂ ਤੇ ਭੇਜ ਦਿੱਤਾ ਪਰ ਕੁਝ ਹੀ ਮਹੀਨਿਆਂ ਬਾਅਦ ਗੁਰੂ ਦਾ ਲਾਲ ਮੀਹਾਂ ਸਿੰਘ ਉਥੇ ਵੀ ਜਾ ਪੁੱਜਾ। ਇਹ ਜਾਣ ਕੇ ਸਰਕਾਰ ਨੇ ਇਕ ਵਾਰੀ ਤਾਂ ਸੋਚਿਆ ਕਿ ਸਤਿਗੁਰੂ ਜੀ ਨੂੰ 'ਟੇਬਲ ਆਈਲੈਂਡ' ਭੇਜ ਦਿੱਤਾ ਜਾਵੇ। ਉਸ ਸਮੇਂ ਟੇਬਲ ਆਈਲੈਂਡ ਲਾਈਟ ਹਾਊਸ ਵਿਖੇ ਮਹੀਨੇ ਵਿਚ ਸਿਰਫ਼ ਇਕ ਵਾਰ ਜਹਾਜ਼ ਜਾਇਆ ਕਰਦਾ ਸੀ ਉਥੇ ਰਹਿਣ ਵਾਲਿਆਂ ਨੂੰ ਰਸਦ ਪਾਣੀ ਦੇਣ ਲਈ। ਪਰ ਗੁਰੂ ਦੇ ਸਿੱਖਾਂ ਦੇ ਸਿਰੜ ਨੂੰ ਦੇਖਦਿਆਂ ਹੋਇਆਂ ਇਹ ਯੋਜਨਾ ਛੱਡ ਦਿੱਤੀ ਗਈ। 1881 ਵਿਚ ਸੇਵਕ ਨਾਨੂੰ ਸਿੰਘ ਦੇ ਪੰਜਾਬ ਵਾਪਸ ਆ ਜਾਣ ਤੋਂ ਬਾਅਦ ਨਵੰਬਰ 1885 ਤੱਕ ਸਤਿਗੁਰੂ ਜੀ ਇਕੱਲੇ ਹੀ ਰਹੇ ਸਨ। ਇਹਨਾਂ ਚਾਰ ਸਾਲਾਂ ਦਾ ਇਤਿਹਾਸ ਵੀ ਲੱਭੇ ਜਾਣ ਦੀ ਲੋੜ ਹੈ ਅਤੇ ਨਵੰਬਰ 1885 ਤੋਂ ਬਾਅਦ ਦੀ ਵੀ। ਇਹ ਕੰਮ ਸਿਰੜ, ਵੱਡੇ ਖਰਚ ਦਾ ਹੈ ਅਤੇ ਹੋਰ ਵੀ ਬਹੁਤ ਸਾਰਾ ਕੰਮ ਬਰਮਾ ਵਿਚ ਹੋਣ ਵਾਲਾ ਹੈ। ਸਮਾਂ ਕਿਸ ਕਰਵਟ ਬੈਠਦਾ ਹੈ, ਕੋਈ ਪਤਾ ਨਹੀਂ। ਹੁਣ ਤਾਂ ਇਤਿਹਾਸ ਖੋਜ ਪਾਸੇ ਤੱਵਜੋ ਵੀ ਘੱਟ ਗਈ ਹੈ।

ਦੇਸ਼ ਦੀ ਸੁਤੰਤਰਤਾ ਅਤੇ ਸਮਾਜ ਦੀ ਭਲਾਈ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਲਾਵਤਨ ਹੋ ਗਏ। ਫਰਵਰੀ 2016 ਨੂੰ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਦਿਵਸ ਹੈ। ਹੋਣਾ ਤਾਂ ਚਾਹੀਦਾ ਹੈ ਕਿ ਇਹ ਦਿਨ ਅਤੇ ਲਗਾਤਾਰ ਲੰਮਾ ਸਮਾਂ ਪ੍ਰਚਾਰ ਕੀਤਾ ਜਾਵੇ, ਸਤਿਗੁਰੂ ਜੀ ਦੀ ਸਖਸ਼ੀਅਤ ਅਤੇ ਉਦਮਾਂ ਬਾਰੇ ਦੱਸਿਆ ਜਾਵੇ, ਦੁਨੀਆਂ ਸਾਹਮਣੇ ਲਿਆਂਦਾ ਜਾਵੇ। ਪਰ ਜਾਪਦਾ ਹੈ ਅਸੀਂ ਹੌਲੀ-ਹੌਲੀ ਸਤਿਗੁਰੂ ਰਾਮ ਸਿੰਘ ਜੀ ਨੂੰ ਨਾ-ਮਾਤਰ ਲਈ ਅਤੇ ਅਰਦਾਸ ਵਿਚ ਯਾਦ ਕਰਕੇ ਸੰਤੁਸ਼ਟ ਹਾਂ। ਜਿਉਂ-ਜਿਉਂ ਅਸੀਂ ਮੁੱਢ ਨੂੰ ਵਿਸਾਰਦੇ ਜਾਵਾਂਗੇ, ਕਮਜੋਰ ਹੁੰਦੇ ਜਾਵਾਂਗੇ। ਗੁਰੂ ਰਾਮ ਸਿੰਘ ਜੀ ਤੋਂ ਬਿਨਾਂ ਨਾਮਧਾਰੀ ਪੰਥ ਦੇ ਵਜੂਦ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇਸ ਲਈ ਸਾਰੇ ਹਾਲਾਤ ਉੱਤੇ ਨਵੇਂ ਸਿਰੇ ਤੋਂ ਨਜ਼ਰਸਾਨੀ ਦੀ ਲੋੜ ਹੈ। ਲੋੜ ਹੈ 200 ਸਾਲਾ ਪ੍ਰਕਾਸ਼ ਦਿਵਸ ਦੇ ਮੌਕੇ ਤੇ ਜਗਤ ਨੂੰ ਦੱਸਣ ਦੀ ਕਿ ਸਤਿਗੁਰੂ ਰਾਮ ਸਿੰਘ ਜੀ ਕੀ ਹਸਤੀ ਸਨ ਅਤੇ ਉਹਨਾਂ ਨੇ ਉਸ ਸਮੇਂ ਸੁਤੰਤਰਤਾ ਦੀ ਮਸ਼ਾਲ ਜਗਾਈ ਜਦੋਂ ਅੰਗਰੇਜ਼ ਦੇ ਰਾਜ ਵਿੱਚ ਕੁਸਕਣਾ ਵੀ ਔਖਾ ਸੀ। ਇਕ ਸਧਾਰਨ ਪਿੰਡ ਤੋਂ ਉਠ ਕੇ ਇੰਗਲੈਂਡ ਨਾਲ ਟਾਕਰਾ ਲੈਣਾ ਕੋਈ ਮਾਮੂਲੀ ਗੱਲ ਨਹੀਂ ਸੀ। ਸਾਨੂੰ ਇਸ ਪੁਨੀਤ ਅਵਸਰ ਦੇ ਮੌਕੇ ਦਾ ਲਾਭ ਲੈਂਦਿਆਂ ਹੋਇਆਂ ਚੀਨੀ ਵਾਲੇ ਪਾਤਸ਼ਾਹ ਦੀਆਂ ਬਰਕਤਾਂ- ਕਾਰਜਾਂ ਨੂੰ ਸੁਚੱਜੇ ਢੰਗ ਨਾਲ ਪ੍ਰਕਾਸ਼ਮਾਨ ਕਰਨਾ ਚਾਹੀਦਾ ਹੈ। ਨਾਲ ਹੀ ਬਰਮਾਂ ਦੇ ਉਹਨਾਂ ਅਸਥਾਨਾਂ ਬਾਰੇ ਜਿਥੇ ਸਤਿਗੁਰੂ ਜੀ ਰਹੇ ਸਨ, ਤੀਰਥ ਯਾਤਰਾ ਕਰਨੀ ਚਾਹੀਦੀ ਹੈ, ਚਰਨ ਧੂੜ ਮੱਥੇ ਲਗਾਉਣੀ ਚਾਹੀਦੀ ਹੈ।

■

ਜਨਨੀ ਅਤੇ ਜਨਮ ਭੂਮੀ



✍ ਸੰਤ ਗੁਰਬਚਨ ਸਿੰਘ ਨਾਮਧਾਰੀ

ਗੁਰੂ ਰਾਮ ਸਿੰਘ ਜੀ ਦਾ ਜੀਵਨ ਦਰਸ਼ਨ, ਉਚੇ ਮੰਡਲਾਂ ਦੀ ਵਿਸਮਾਦੀ ਧੁਨੀ ਹੈ। ਗਗਨ ਦੀਆਂ ਪਰਤਾਂ ਤੋਂ ਪਰੇ, ਆਤਮਾ-ਮੰਡਲ ਦਾ ਜਗਮਗ, ਜੋਤੀ ਪ੍ਰਦੇਸ, ਜਿਥੇ ਕੋਈ ਵਹਿਮ ਨਹੀਂ, ਭਰਮ ਨਹੀਂ। ਮਨੁੱਖ ਮਾਤਰ ਨੂੰ ਸੁਖੀ ਵੇਖਣ ਦਾ ਸੁਪਨਾ ਹੈ....ਸੰਪੂਰਨ ਆਜ਼ਾਦੀ ਦੀ ਪ੍ਰਤੀਗਿਆ ਹੈ।

ਮਨੁੱਖਤਾ ਨੂੰ ਸੁਖੀ ਕਰਨ ਲਈ, ਸਰਬੰਸ ਵਾਰਨ ਦਾ ਸੰਕਲਪ, ਇਹ ਇਸ਼ਕ ਦੀ ਦੀਵਾਨਗੀ ਔਰ ਰੱਬ ਦੀ ਇਬਾਦਤ, ਇਹ ਇਕੋ ਅਰਥ ਵਿਚ ਹਨ। ਜਦੋਂ ਮਨੁੱਖੀ - ਦਰਦ ਨੂੰ ਅੰਤਸ਼ ਵਿਚ ਅਨੁਭਵ ਕਰਦਾ ਕੋਈ ਦਰਦੀ, ਮਨ, ਪ੍ਰਾਣ ਅਤੇ ਬਿਬੇਕ ਤੋਂ, ਵਿਅਕਤੀ ਦੀ ਪੂਰਨ ਸਵਤੰਤਰਤਾ ਦਾ ਜੈ ਘੋਸ਼ ਕਰਦੈ, ਤਾਂ ਕਾਇਨਾਤ ਥੰਮ ਜਾਂਦੀ ਹੈ....ਸੂਰਜ, ਚੰਦ ਸਿਤਾਰੇ ਖਲੋ ਜਾਂਦੇ ਹਨ .....ਵਗਦੀ ਹੋਈ ਪਉਣ, ਦਰਿਆਵਾਂ ਦਾ ਪ੍ਰਵਾਹ ਰੁਕ ਜਾਂਦੈ...। ਇਹ ਸਾਰੇ, ਉਸ ਉਦਘੋਸ਼ ਦੇ ਗਵਾਹ ਹੁੰਦੇ ਹਨ।

ਐਸੀ ਹੀ, ਵਿਸਮਾਦੀ ਸਖ਼ਸ਼ੀਅਤ ਦੇ ਸਵਾਮੀ ਸਨ ਸਤਿਗੁਰੂ ਰਾਮ ਸਿੰਘ ਜੀ। ਇੰਜ ਦੀਆਂ ਪਵਿੱਤਰ, ਰਹੱਸਮਈ, ਉਚੀਆਂ ਆਤਮਾਵਾਂ ਦੀ ਜੀਵਨ-ਗਾਥਾ, ਕਿਸੇ ਲੇਖ ਜਾਂ ਗ੍ਰੰਥ ਵਿਚ ਨਹੀਂ ਸਮਾ ਸਕਦੀ..... ਇਹ ਤਾਂ ਦੋ ਵਰਕੇ ਹਨ - ਹਾਂਡੀ ਦਾ ਲੂਣ ਚੱਖਣ ਵਾਂਗ।

ਗੁਰੂ ਰਾਮ ਸਿੰਘ ਜੀ ਦਾ ਜੀਵਨ ਦਰਸ਼ਨ, ਉਚੇ ਮੰਡਲਾਂ ਦੀ ਵਿਸਮਾਦੀ ਧੁਨੀ ਹੈ। ਗਗਨ ਦੀਆਂ ਪਰਤਾਂ ਤੋਂ ਪਰੇ, ਆਤਮਾ-ਮੰਡਲ ਦਾ ਜਗਮਗ, ਜੋਤੀ ਪ੍ਰਦੇਸ, ਜਿਥੇ ਕੋਈ ਵਹਿਮ ਨਹੀਂ, ਭਰਮ ਨਹੀਂ। ਮਨੁੱਖ ਮਾਤਰ ਨੂੰ ਸੁਖੀ ਵੇਖਣ ਦਾ ਸੁਪਨਾ ਹੈ....ਸੰਪੂਰਨ ਆਜ਼ਾਦੀ ਦੀ ਪ੍ਰਤੀਗਿਆ ਹੈ। ਉਸ ਉਚੇ ਮੰਡਲ ਵਿਚ, ਸਦਾ ਸਵਰਦਾ, ਸੱਚ ਸੁਚ ਦਾ ਦਮਾਮਾ ਵੱਜ ਰਿਹੈ। ਉਹ ਸੱਚਿਆਂ ਦਾ ਖਿਤਾ ਹੈ...ਮਸਤਾਨਿਆਂ ਦਾ ਦੇਸ਼। ਜਿਹੜਾ ਵੀ ਉਸ ਪ੍ਰਦੇਸ ਵਿਚ, ਭਾਵੇਂ ਸੂਹ ਲੈਣ ਗਿਆ, ਮਸਤਾਨਾ ਹੋਇ ਗਿਆ। ਤਾਂ ਕੂਕੇ ਹੋਕਾ ਦੇਂਦੇ ਸਨ - "ਮਸਤਾਨਿਆਂ ਦੇ ਦੇਸ ਨਾ ਜਾਈ ਵੇ, ਮਸਤਾਨਾ ਹੋ ਜਾਇੰਗਾ।

ਆਪਣੇ ਗੁਰੂ ਦੇ ਹੁਕਮ ਤੇ, ਫਾਂਸੀਆਂ ਦੇ ਰੱਸੇ ਗੱਲ ਪਾ ਕੇ ਛਲਾਂਗ ਮਾਰਨ ਵਾਲੇ, ਤੋਪਾਂ ਨੂੰ

ਵੰਗਾਰਨ ਵਾਲੇ, ਮੌਤ ਨਾਲ ਮਖੌਲ ਕਰਨ ਵਾਲੇ ਮਰਜੀਉੜਿਆਂ ਦਾ ਪ੍ਰਦੇਸ਼।

ਮਈ 1875 ਨੂੰ ਅਦਨ ਤੋਂ ਤਬਾਦਲਾ ਕਰਕੇ ਬਿਹਾਰ (ਹੁਣ ਝਾਰਖੰਡ) ਦੇ ਹਜਾਰੀ ਬਾਗ ਜੇਲ ਵਿਚ ਲਿਆਇ ਗਏ, ਸੂਬਾ ਸਾਹਿਬ ਸਿੰਘ ਤੋਂ ਜੇਲ੍ਹ ਸੁਪਰਡੈਂਟ ਨੇ ਪੁਛਿਆ -

"ਨਾਮ ?

ਸਾਹਿਬ ਸਿੰਘ - ਉਤਰ ਮਿਲਿਆ।

ਪਿਤਾ ਦਾ ਨਾਂ ?

ਪ੍ਰਸ਼ਨ ਸੁਪਰਡੈਂਟ ਨੇ ਕੀਤਾ।

ਸਤਿਗੁਰੂ ਰਾਮ ਸਿੰਘ - ਜਵਾਬ ਮਿਲਿਆ।

ਪਿੰਡ ਦਾ ਨਾਂ - ਪ੍ਰਸ਼ਨ ਹੋਇਆ

ਸ੍ਰੀ ਭੈਣੀ ਸਾਹਿਬ - ਸੂਬਾ ਸਾਹਿਬ ਸਿੰਘ ਉੱਤਰ ਦਿੱਤਾ।

ਕਈ ਵਾਰ ਇਹੋ ਸੁਆਲ ਦੁਹਰਾਇਆ ਗਿਆ... ਹਰ ਵਾਰ ਉਹੀ ਜਵਾਬ। "ਕੂਕੇ ਅਤੇ ਉਹਨਾਂ ਦਾ ਗੁਰੂ", ਹਰ ਜੁਬਾਂ ਤੇ ਇਕੋ ਕਹਾਣੀ ਸੀ। ਇਹ ਕਹਾਣੀ, ਇਤਿਹਾਸ ਦੇ ਪੰਨਿਆਂ ਵਿਚ ਬਹੁਤ ਛੋਟੀ ਹੈ....1857 ਤੋਂ ਆਰੰਭ ਜਨਵਰੀ 1872 ਤਕ। ਪਰ ਇਹ ਕਹਾਣੀ ਹੈ, ਦੀਪਕ ਵੱਲ ਮਰਨ ਲਈ ਭੱਜਦੇ ਪਰਵਾਨਿਆਂ ਦੀ। ਇਹ ਕਹਾਣੀ ਹੈ ਆਰਥਕ ਪੱਖੋਂ ਕਮਜੋਰ ਸਮਝੇ ਜਾਣ ਵਾਲੇ ਵਰਗ ਦੇ ਕਿਸਾਨਾਂ, ਕਾਮਗਾਰਾਂ ਅਤੇ ਮੇਹਨਤਕਸਾਂ ਦੀ, ਜਿਨਾਂ ਜਿਨਾਂ ਕੁਰਬਾਨੀਆਂ ਨੇ ਲਾਹੌਰ ਦਿੱਲੀ ਤੋਂ ਲੈ ਕੇ ਲੰਡਨ ਤੱਕ ਹਿਲਾ ਦਿੱਤਾ। ਇਸ ਕਹਾਣੀ ਨੂੰ ਕਈਆਂ ਲਿਖਿਆ.....ਕਈ ਵਾਰ ਪੜ੍ਹਿਆ, ਪਰ ਹਿਰਦੇ ਨੂੰ ਵਿੰਨਣ ਵਾਲੀ ਇਸ ਦਾਸਤਾਂ ਨੂੰ ਬਾਰ ਬਾਰ ਪੜ੍ਹਨ ਸੁਣਨ ਦੀ ਲਾਲਸਾ ਨਹੀਂ ਗਈ।

ਸੰਨ 1871, ਆਨੰਦਪੁਰ ਦਾ ਹੋਲਾ ਮਹੱਲਾ !

ਕਹਿੰਦੇ ਹਨ। ਲੱਖਾਂ ਕੂਕਿਆਂ ਦਾ ਇਕੱਠ। ਆਪਣੇ ਸਤਿਗੁਰੂ ਦੇ ਸਾਥ ਦਾ ਸੁਖ ਮਾਣਦੇ, ਆਜਾਦੀ ਲਈ ਕੁਝ ਵੀ ਕਰ ਗੁਜਰਨ ਲਈ ਤਤਪਰ ਮਰਜੀਉੜਿਆਂ ਦੀ ਫੌਜ...ਉਛਲਦੇ, ਪੱਬਾਂ ਭਾਰ ਟੱਪਦੇ ਕੂਕੇ....। ਕਹਿੰਦੇ ਹਨ, ਸਤਿਗੁਰੂ ਦਾ ਇਕ ਹੱਥ ਉਪਰ ਉਠਿਆ... ਸ਼ਾਂਤ ਹੋਣ ਦਾ ਇਸ਼ਾਰਾ ਹੋਇਆ... ਉਸ ਵੇਲੇ ਸਾਗਰ ਵਾਂਗ ਉਮੜਦੇ-ਘੁਮੜਦੇ ਜਨ ਸੈਲਾਬ ਵਿਚ ਸਨਾਟਾ ਪਸਰ ਗਿਆ। ਇਸ ਸਨਾਟੇ ਵਿਚ ਵੀ....ਪੂਰਨ ਚੇਤਨਾ ਸੀ.... ਸੈਨਿਕ ਵਾਂਗ ਸਾਵਧਾਨੀ ਸੀ। ਹਕੂਮਤ ਦੇ ਗੁਪਤਚਰਾਂ ਨੇ ਰਿਪੋਰਟ ਕੀਤੀ, "ਸਾਂਭਿਆਂ ਨਾ ਜਾ ਸਕਣ ਵਾਲਾ ਇਕੱਠ ਇਤਨਾ ਸਖਤ ਅਨੁਸ਼ਾਸਨ....ਹੈਰਤ ਅੰਗਰੇਜ ਵਿਵਸਥਾ !

ਦੋ ਸੋ ਸਾਲ ਪਹਿਲਾਂ ਪ੍ਰਮੇਸ਼ਰੀ ਵਰਦਾਨ ਨਾਲ ਭਰਪੂਰ, ਗੁਰੂ ਰਾਮ ਸਿੰਘ ਨੇ ਮਨੁੱਖੀ ਵਜੂਦ ਦੇ ਹਰ ਅੰਗ ਨੂੰ ਸਜਾਇਆ, ਸਵਾਰਿਆ ਅਤੇ ਸਸ਼ਕਤ ਕੀਤਾ। ਸਮਾਜ ਦਾ ਸਿਆਸੀ, ਸਮਾਜਕ, ਧਾਰਮਕ ਜਾਂ ਆਰਥਕ ਕੋਈ ਪੱਖ ਐਸਾ ਨਹੀਂ, ਜਿਥੇ ਕੋਈ ਕਮੀ ਹੋਵੇ ਔਰ ਸਤਿਗੁਰੂ ਜੀ ਆਪਣੀ ਰੂਹਾਨੀ ਛੋਹ ਨਾਲ ਉਸਨੂੰ ਸਮ੍ਰਿਧ ਨਾ ਕੀਤਾ ਹੋਵੇ।

ਕੁਝ ਪ੍ਰਸੰਗਿਕ ਘਟਨਾਵਾਂ ਤੇ ਝਾਤ ਮਾਰਦੇ ਹਾਂ :

ਸੰਨ 1870, ਡਲਹੌਜੀ ਜਾਂਦਿਆਂ, ਦੇਵੇਂਦਰ ਨਾਥ ਠਾਕੁਰ ਅੰਮ੍ਰਿਤਸਰ ਆਏ। ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ। ਹਜ਼ੂਰੀ ਰਾਗੀ, ਤੀਜੇ ਪਾਤਸ਼ਾਹ ਦਾ ਸ਼ਬਦ ਗਾਇਨ ਕਰ ਰਹੇ ਸਨ-

ਸਤੀਆ ਏਹ ਨ ਆਖੀਅਨ
ਜੋ ਮੜੀਆਂ ਲਗ ਜਲੰਨਿ।।
ਨਾਨਕ ਸਤੀਆਂ ਜਾਣੀਅਨ
ਜਿ ਬ੍ਰਿਹੋਂ ਚੋਟ ਮਰੰਨਿ।।

ਬ੍ਰਹਿਮ ਸਮਾਜ ਦੇ ਨਾਲ 1814 ਤੋਂ ਸਤੀ ਪ੍ਰਥਾ ਤੇ ਰੋਕ ਲਈ ਯਤਨਸ਼ੀਲ ਰਹੇ। ਰਾਜਾ ਰਾਮ ਮੋਹਨ ਰਾਇ, ਇੰਗਲੈਂਡ ਜਾ ਕੇ ਕਾਨੂੰਨ ਵੀ ਪਾਸ ਕਰਵਾ ਲਿਆ ਪਰ ਪਿੰਡਾਂ ਪਿੰਡਾਂ ਵਿਚ ਫੈਲੇ ਹੋਏ ਵਹਿਮਾਂ ਭਰਮਾਂ ਅਤੇ ਅੰਧਵਿਸ਼ਵਾਸ਼ੀ ਕਿਬੰਦਤੀਆਂ ਦੇ ਜਾਲ ਤੋਂ ਲੋਕਾਂ ਨੂੰ ਮੁਕਤ ਕਰਾਉਣਾ ਅਸੰਭਵ ਜਿਹਾ ਲਗ ਰਿਹਾ ਸੀ....ਅਜੇ ਵੀ ਨਾਰੀ ਪਤੀ ਦੀ ਚਿਤਾ ਤੇ ਸੜ ਰਹੀ ਸੀ.....ਸਤੀ ਪ੍ਰਥਾ ਬਾਦਸਤੂਰ ਜਾਰੀ ਸੀ। ਤੀਜੇ ਪਾਤਸ਼ਾਹ ਦੇ ਸ਼ਬਦ ਨੇ, ਜਿਵੇਂ ਭਾਦੋਂ ਦੀ ਹਨੇਰੀ ਰਾਤ ਵਿਚ ਅਸਮਾਨ ਬਿਜਲੀ ਦੀ ਤੜਕਦੀ ਲਕੀਰ ਖਿੱਚ ਦਿੱਤੀ। ਸ੍ਰੀ ਦਰਬਾਰ ਸਾਹਿਬ ਤੋਂ ਬਾਹਰ, ਕੁਝ ਸੂਝਵਾਨਾਂ ਨਾਲ ਇਸ ਵਿਸ਼ੇ ਤੇ ਵਾਰਤਾ ਹੋਣ ਲਗੀ। ਦੇਵੇਂਦਰ ਨਾਥ ਠਾਕੁਰ ਨੇ ਸਤੀ ਪ੍ਰਥਾ ਦੇ ਸੰਬੰਧ ਵਿਚ ਆਪਣੀ ਚਿੰਤਾ ਪ੍ਰਗਟ ਕੀਤੀ। ਕਿਸੇ ਸੱਜਣ ਸਲਾਹ ਦਿੱਤੀ, ਸਾਰੀ ਜ਼ਿੰਦਗੀ ਵਿਧਵਾ ਜੀਵਨ ਦਾ ਕਲੰਕ, ਸਮਾਜ ਵਿਚ ਅਛੂਤ ਦੀ ਥਾਂ, ਅਨੇਕਾਂ ਕਠਿਨਾਈਆਂ ਜੋ ਵਿਧਵਾ ਨੂੰ ਸਾਰੀ ਜ਼ਿੰਦਗੀ ਸਾੜਦੀ ਰਹਿੰਦੀ ਹੈ। ਵਿਧਵਾਪੁਨੇ ਦੇ ਅਭਿਸ਼ਪਤ ਅੱਗ ਵਿਚ ਸਾਰੀ ਜ਼ਿੰਦਗੀ ਸੜਨ ਨਾਲੋਂ ਇਕ ਵਾਰ ਸੜ ਮਰਨਾ ਚੰਗਾ। ਤਾਂ ਇਕ ਬਜ਼ੁਰਗ ਸਿੱਖ ਨੇ ਕਿਹਾ, ਭੈਣੀ ਸਾਹਿਬ ਦੇ ਗੁਰੂ ਰਾਮ ਸਿੰਘ ਵਾਂਗ ਵਿਧਵਾ ਨੂੰ ਪੁਨਰ ਵਿਵਾਹ ਕਰਵਾਕੇ ਸੁਖੀ ਅਤੇ ਸਵੈਮਾਨ ਜੀਵਨ ਜਿਉਣ ਦਾ ਅਵਸਰ ਦਿਉ। ਸੰਨ 1863 ਤੋਂ ਗੁਰੂ ਰਾਮ ਸਿੰਘ ਨੇ ਵਿਧਵਾ ਵਿਆਹ ਦਾ ਆਰੰਭ ਕਰਕੇ, ਆਪਣੀ ਇਛਾ ਅਨੁਸਾਰ ਔਰਤ ਨੂੰ ਵੀ ਆਨੰਦ ਪੁਨਰ ਜੀਵਨ ਦਾ ਅਵਸਰ ਦਿਤਾ ਹੈ ਔਰ ਹੁਣ ਪੰਜਾਬ ਵਿਚ ਸਤੀ ਪ੍ਰਥਾ ਲਗਭਗ ਮੁਕ ਗਈ ਹੈ। ਰਵਿੰਦਰਨਾਥ ਟੈਗੋਰ ਉਦੋਂ 11 ਸਾਲ ਦੀ ਉਮਰ ਵਿਚ, ਪਿਤਾ ਦੇਵੇਂਦਰ ਠਾਕੁਰ ਦੇ ਨਾਲ ਸਨ। ਵੱਡਿਆਂ ਹੋ ਕੇ ਸ਼ਾਂਤੀ ਨਿਕੇਤਨ ਦੇ ਇਕ ਸੈਮੀਨਾਰ ਵਿਚ ਬੋਲੇ, "ਗੁਰੂ ਰਾਮ ਸਿੰਘ ਦੁਆਰਾ ਆਰੰਭੇ, ਸਮਾਜ ਸੁਧਾਰ ਪ੍ਰਯੋਗ ਨੂੰ ਸੁਣਕੇ ਮੇਰੇ ਪਿਤਾ ਦੀਆਂ ਅੱਖਾਂ ਵਿਚ ਫਿਰ ਨਵੀਨ ਆਸਾ

ਦੀ ਝਲਕ ਪੈ ਗਈ। ਕਾਰਜ ਰੂਪ ਵਿਚ ਵਿਧਵਾ ਵਿਆਹ ਦਾ ਪ੍ਰਯੋਗ ਕਰਕੇ ਉਹ ਬੰਗਾਲ ਨੂੰ ਵੀ ਸਤੀ ਪ੍ਰਥਾ ਜਿਹੀ ਕੁਰੀਤੀ ਤੋਂ ਮੁਕਤ ਕਰਵਾ ਸਕੇ।

ਔਰਤ ਨੂੰ ਜਨਨੀ ਕਿਹਾ ਗਿਐ... ਜਨਮ ਦੇਣ ਵਾਲੀ। ਜਨਮ ਦਾ ਹੱਕ, ਪ੍ਰਮਾਤਮਾ ਨੇ ਜਾਂ ਆਪਣੇ ਕੋਲ ਰਖਿਐ ਜਾਂ ਫਿਰ ਔਰਤ ਨੂੰ ਦਿਤੈ। ਸਿਰਜਨ ਦੀ ਅਧਿਕਾਰੀ ਔਰਤ ਨੇ, ਪੁਰਸ਼ ਬਿੰਦੂ ਨੂੰ, ਆਪਣੇ ਹੱਡ ਮਾਸ, ਰਕਤਾ ਔਰ ਮੱਜਾਂ ਨਾਲ ਸਿੰਚ ਕੇ ਵਿਕਸਿਤ ਕੀਤਾ.... ਸ੍ਰਿਸਟੀ ਦਾ ਸਿਰਜਨ ਕੀਤਾ। ਤਾਂ ਉਪਨਿਸ਼ਦਾਂ ਕਿਹਾ-

“ਯਤ੍ਰ ਨਾਰਿਅਸਤੂ ਪੂਜਯੰਤੇ, ਰਮੰਤੇ ਤ੍ਰਤ ਦੇਵਤਾ।

ਜਿਥੇ ਨਾਰੀ ਦੀ ਪੂਜਾ ਹੁੰਦੀ ਏ, ਉਥੇ ਦੇਵਤਿਆਂ ਦਾ ਵਾਸ ਹੁੰਦੈ। ਪਰ ਕਾਰਜ ਰੂਪ ਵਿਚ, ਵਿਵਹਾਰਕ ਰੂਪ ਵਿਚ ਇਹ ਮਾਨਤਾ, ਭਾਰਤੀ ਸਮਾਜ ਵਿਚ ਸਥਾਪਤ ਨਾ ਹੋ ਸਕੀ। ਪੰਜ ਹਜਾਰ ਸਾਲ ਪਹਿਲਾਂ ਹਸਤਿਨਾਪੁਰ ਦੀ ਰਾਜ ਸਭਾ ਵਿਚ, ਆਚਾਰਿਆ ਦ੍ਰੋਣ, ਕ੍ਰਿਪਾ ਚਾਰਿਆ, ਭੀਸ਼ਮ ਪਿਤਾਮਹ, ਧ੍ਰਿਤਰਾਸ਼ਟਰ, ਕਰਣ, ਪੰਜੇ ਪਾਂਡਵ ਸਭ ਦੀ ਮੌਜੂਦਗੀ ਵਿਚ ਦ੍ਰੋਪਦੀ ਨੂੰ ਨੰਗਿਆਂ ਕਰਨ ਦਾ ਕੁਕ੍ਰਿਤ ! ਅੱਜ ਵੀ ਭਾਰਤੀ ਸਭਿਅਤਾ ਔਰ ਸਭਿਆਚਾਰ ਦਾ ਡੰਕਾਂ ਵਜੌਣ ਵਾਲਿਆਂ ਤੋਂ ਦ੍ਰੋਪਦੀ ਸਵਾਲ ਕਰ ਰਹੀ ਹੈ -

“ਕੀ ਔਰਤ ਵਿਕਾਊ ਹੈ ?

ਕੀ ਨਾਰੀ ਕੋਈ ਸ਼ੈਅ ਹੈ, ਜਿਸਨੂੰ ਉਸਦਾ ਮਰਦ ਪਤੀ ਜਦੋਂ ਚਾਹੇ ਜੂਏ ਵਿਚ ਦਾਅ ਤੇ ਲਾ ਦਵੇ ?

ਅਜ ਵੀ ਰਬੀ ਅਵਤਾਰ ਦਾ ਪ੍ਰਮਾਣ ਦੇਣਾ ਹੋਵੇ ਤਾਂ ਪੰਚਾਲੀ ਦੀ ਲਾਜ ਰੱਖਣ ਵਾਲੇ ਸ਼ਿਆਮ ਨੂੰ, “ਕ੍ਰਿਸ਼ਨਸਤੂ ਭਗਵਾਨ ਸਵਯਮ” ਕਹਿਕੇ ਨਤਮਸਤਕ ਹੁੰਦੇ ਹਾਂ। ਪਰ ਗੁਰੂ ਰਾਮ ਸਿੰਘ ਜੀ ਨੇ ਤਾਂ ਘਰਿ ਘਰਿ ਜਾ ਕੇ ਦੁਖੀਆਰੀ ਔਰਤ ਤੇ ਹੰਝੂ ਪੂੰਝੇ। ਪਿੰਡ ਪਿੰਡ ਵਿਚ ਨਾਰੀ ਅਧਿਕਾਰਾਂ ਅਤੇ ਸਮਾਨਤਾ ਦੀ ਸਥਾਪਨਾ ਕੀਤੀ ਅਤੇ ਸ੍ਰੀ ਗੁਰੂ ਨਾਨਕ ਦੇ ਮਹਾਂਵਾਕ ***“ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ”*** ਦੀ ਪੂਰਤਾ ਕੀਤੀ।

ਸਤਿਗੁਰੂ ਪਾਤਸ਼ਾਹ, ਮੁਦਕੀ ਕੀ ਜੰਗ ਦੇ ਹਾਲਾਤਾਂ ਵਿਚ, ਸਿੱਖ ਵਜ਼ੀਰਾਂ ਦੇ ਨੈਤਿਕ ਪਤਨ ਦੇ ਪ੍ਰਿਪੇਖ ਵਿਚ, ਸਤਿਲੁਜ ਦੇ ਪਾਣੀਆਂ ਵਿਚ ਰਫਲ ਸੁਟਣ ਤੋਂ ਲੈ ਕੇ ਵਸਾਖੀ 1857, ਅੰਮ੍ਰਿਤ ਛਕਾ ਕੇ ਸਿਖੀ ਸੁਰਜੀਤ ਕਰਨ ਤਕ 16 ਸਾਲ, ਗਹਿਰਾ ਚਿੰਤਨ ਮਨਨ ਕਰਦੇ ਰਹੇ......ਦੇਸ ਦੀ ਆਰਥਕ, ਸਮਾਜਕ ਅਤੇ ਰਾਜਨੀਤਕ ਮੰਦਹਾਲੀ ਦਾ ਕਾਰਣ ਢੂੰਢਦੇ ਰਹੇ ਔਰ ਅੰਤਰਆਤਮਾ ਤੋਂ ਜੋ ਸਿੱਟਾ, ਸਮਾਧਾਨ ਰੂਪ ਵਿਚ ਨਿਕਲਿਆ ਉਹ ਨਾਰੀ ਸਨਮਾਨ ਦੀ ਪੁਨਰ ਸਥਾਪਨਾ ਸੀ। ਸਤਿਗੁਰਾਂ ਹੁਕਮ ਕੀਤਾ, ਔਰਤ ਦਾ ਸਨਮਾਨ ਔਰ ਸਮਾਨਤਾ ਉਹ ਸੰਜੀਵਨੀ ਹੈ, ਜਿਸ ਨਾਲ ਮੁਰਛਿਤ, ਮ੍ਰਿਤਕ ਜਿਹੇ ਸਮਾਜ ਵਿਚ ਵੀ ਜਨ ਜੀਵਨ ਦਾ ਸੰਚਾਰ ਹੋ ਸਕਦੈ। ਸੰਨ 1863, ਲੁਧਿਆਣੇ ਜ਼ਿਲੇ ਦੇ ਸਿਆਹੜ ਪਿੰਡ ਵਿਚ 25 ਔਰਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਨਾਰੀ ਨੂੰ ਸਮਾਜ ਵਿਚ ਪੁਰਸ਼ਾਂ ਦੀ ਬਰਾਬਰੀ ਦਾ ਦਰਜਾ ਦਿਤਾ। ਇਥੇ ਅੰਮ੍ਰਿਤ ਤਕ ਕੇ ਇਸਤਰੀ ਜਾਤੀ ਵਿਚ ਉਤਸ਼ਾਹ ਦਾ ਪ੍ਰਮਾਣ ਹੈ ਕਿ ਜਨਵਰੀ 1872 ਵਿਚ ਮਲੇਰਕੋਟਲਾ ਕੂਚ ਕਰਦਿਆਂ ਮਾਈ ਇੰਦ ਕੌਰ ਤੇ ਮਾਈ ਖੇਮ ਕੌਰ ਸਫੈਦ ਝੰਡਾ ਚੁੱਕ ਕੇ ਸਭ ਤੋਂ ਅਗਲੀ ਪੰਕਤੀ ਵਿਚ ਟੁਰੀਆਂ।

ਪ੍ਰੰਪਰਾਵਾਂ ਹਾਲਾਤ ਤੋਂ ਪੈਦਾ ਹੁੰਦੀਆਂ ਹਨ। ਸੰਨ 712 ਵਿਚ ਹਿੰਦੁਸਤਾਨ ਤੇ ਪਹਿਲਾ ਵਿਦੇਸੀ ਹਮਲਾ ਸਿੰਧ ਤੇ ਮੁਹੰਮਦ ਬਿਨ ਕਾਸੀਮ ਨੇ ਕੀਤਾ। ਉਹ ਜਾਂਦਿਆਂ ਲੁਟ ਖਸੁਟ ਦੇ ਮਾਲ ਦੇ ਨਾਲ ਰਾਜਾ ਧੀਰ ਦੀਆਂ ਦੋ ਕੁਆਰੀਆਂ ਲੜਕੀਆਂ ਜਿੰਨਾਂ ਦੀ ਸੁੰਦਰਤਾ ਤੇ ਕਮਸੀਨੀ ਦੀ ਧੁੰਮ ਮਚੀ ਹੋਈ ਸੀ, ਨੂੰ ਵੀ ਹੋਰ ਕਈ ਖੂਬਸੂਰਤ ਲੜਕੀਆਂ ਦੇ ਨਾਲ ਬਸਰਾ ਲੈ ਗਏ। ਉਸ ਤੋਂ ਬਾਅਦ ਤਾਂ ਇਰਾਨ, ਇਰਾਕ, ਕਾਬੁਲ ਕੰਧਾਰ ਔਰ ਸਮੁਚੇ ਅਰਬ ਮੁਲਕ ਵਿਚ ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਹਿੰਦੁਸਤਾਨ ਧਨ ਪੱਖੋਂ ਸੋਨੇ ਦੀ ਚਿੜੀ ਹੀ ਨਹੀਂ ਹੈ ਇਹ ਸੁੰਦਰ ਪਰੀਆਂ ਦਾ ਦੇਸ ਵੀ ਹੈ। ਲਿਹਾਜਾ ਜਿਹੜਾ ਹਿੰਦੁਸਤਾਨ ਦੇ ਹਮਲੇ ਵਿਚ ਸ਼ਰੀਕ ਹੋਏਗਾ ਝੋਲੀਆਂ ਭਰ ਭਰ ਸੋਨੇ ਜਵਾਹਰਾਤਾਂ ਦੇ ਨਾਲ ਸੋਹਣੀਆਂ ਲੜਕੀਆਂ ਵੀ ਨਾਲ ਲੈ ਕੇ ਆਵੇ। ਇਸ ਦਾ ਨਤੀਜਾ ਇਹ ਹੋਇਆ ਕਿ - ਤੈ

ਅਜ ਵੀ ਰਬੀ ਅਵਤਾਰ ਦਾ ਪ੍ਰਮਾਣ ਦੇਣਾ ਹੋਵੇ ਤਾਂ ਪੰਚਾਲੀ ਦੀ ਲਾਜ ਰੱਖਣ ਵਾਲੇ ਸ਼ਿਆਮ ਨੂੰ, “ਕ੍ਰਿਸ਼ਨਸਤੂ ਭਗਵਾਨ ਸਵਯਮ” ਕਹਿਕੇ ਨਤਮਸਤਕ ਹੁੰਦੇ ਹਾਂ। ਪਰ ਗੁਰੂ ਰਾਮ ਸਿੰਘ ਜੀ ਨੇ ਤਾਂ ਘਰਿ ਘਰਿ ਜਾ ਕੇ ਦੁਖੀਆਰੀ ਔਰਤ ਤੇ ਹੰਝੂ ਪੂੰਝੇ। ਪਿੰਡ ਪਿੰਡ ਵਿਚ ਨਾਰੀ ਅਧਿਕਾਰਾਂ ਅਤੇ ਸਮਾਨਤਾ ਦੀ ਸਥਾਪਨਾ ਕੀਤੀ ਅਤੇ ਸ੍ਰੀ ਗੁਰੂ ਨਾਨਕ ਦੇ ਮਹਾਂਵਾਕ “ਸੋ ਕਿਉ ਮੰਦਾ ਾਖੀਐ ਜਿਤੁ ਜੰਮੈ ਰਾਜਾਨ” ਦ. ਪੂੜਤਾ ਕੀਤੀ।

ਗ੍ਰਸਤ ਹਿੰਦੁਸਤਾਨੀ ਲੜਕੀਆਂ ਨੂੰ ਜਾਂ ਤਾਂ ਜੰਮਦਿਆਂ ਮਾਰਨ ਲਗੇ ਜਾਂ ਛੋਟੀ ਉਮਰੇ ਬਾਲ ਵਿਆਹ ਕਰਨ ਲੱਗੇ। ਸਵਾਰਥ ਦੇ ਨਜਰੀਏ ਨਾਲ ਇਹ ਬਹੁਤ ਖਤਰਨਾਕ ਸੀ। ਬਾਲ ਉਮਰ ਲੜਕੀਆਂ ਦਾ ਸਰੀਰ, ਮਨ, ਭੋਗ ਅੰਗ ਜਾਂ ਗਰਭ ਧਾਰਨ ਯੋਗ ਜਨਨ ਅੰਗ ਅਤੇ ਪ੍ਰਸਵ ਯੋਗ ਛਮਤਾ ਅਜੇ ਬਿਲਕੁਲ ਨਾ ਦੇ ਬਰਾਬਰ ਹੁੰਦੀ ਏ। ਸਤਿਗੁਰਾਂ ਨੇ ਇਸ ਬਾਲ ਵਿਆਹ ਜਾਂ ਲੜਕੀਆਂ ਮਾਰਨਾ ਮਸਾਜ ਵਿਰੋਧੀ, ਧਰਮ ਵਿਰੋਧੀ ਘੋਸ਼ਿਤ ਕੀਤੀ। ਇਸ ਤੋਂ ਵੀ ਅੱਗੇ ਲੜਕੀਆਂ ਵੇਚਣ, ਬੱਟਾ ਕਰਨ ਕਰਨਾ ਵੀ ਅਨੈਤਿਕ ਅਤੇ ਨਖਿੱਧ ਘੋਸ਼ਿਤ ਕੀਤੀ। ਪਿੰਡ ਪਿੰਡ ਜਾਂ ਪੁਰਾਣੀ ਬਿਮਾਰ ਵਿਚਾਰਧਾਰਾ ਤੋਂ ਬਾਹਰ ਉਚੀ ਤੇ ਸਮਾਜ ਨੂੰ ਸਮ੍ਰਿਧ ਕਰਨ ਯੋਗ ਸੋਚ ਨੂੰ ਉਤਸਾਹਿਤ ਕੀਤਾ। ਲੜਕੀਆਂ ਨੂੰ ਅੱਖਰ ਪੜਾਓ, ਸਿਖਿਆਤ ਅਤੇ ਆਤਮ ਨਿਰਭਰ ਬਣਾਓ, ਬਰਾਬਰੀ ਦਾ ਹੱਕ ਦਿਉ। ਜਦੋਂ 1872 ਵਿਚ ਸਤਿਗੁਰੂ ਸੱਚੇ ਪਾਤਸ਼ਾਹ ਜਲਾਵਤਨ ਹੋ ਗਏ ਤਾਂ ਰੰਗੂਨ, ਮਰਗੋਈ ਤੋਂ ਵੀ ਹੁਕਮਨਾਮੇ ਭੇਜ ਕੇ ਸਮਾਜਕ ਜਾਗ੍ਰਿਤੀ, ਨਾਰੀ ਚੇਤਨਾ ਅਤੇ ਨਾਰੀ ਸਨਮਾਨ ਲਈ ਪ੍ਰੇਰਤ ਕਰਦੇ ਰਹੇ :-

- ਹੋਰ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਨੇ ਦਾ ਬਡਾ ਪਾਪ ਹੈ....
- ਕੁੜੀ ਮਾਰਨਾ ਗਊ ਤੇ ਬੀ ਬਡਾ ਪਾਪ ਹੈ। ਮਾਪਿਆਂ ਦੀ ਬੀ ਬੁਰੇ ਹਾਲ ਹੋਇ ਜਾਂਦੇ ਹੈ। ਮੈਂ ਆਪਣੀ ਅਖੀਂ ਦੇਖੀ ਹੈ ਇਹ ਬਾਤ, ਸਤਿ ਪ੍ਰਤੀਤ ਜਾਨਣੀ ਖਾਲਸਾ ਜੀ ਜੋ ਲਿਖੀ ਹੈ.....
- ਲੜਕੀ ਮਾਰੇ ਯਾ ਬੇਚੇ, ਬਟਾ ਕਰੇ, ਨਾਲ ਨਹੀਂ ਸੰਗਤ ਨੇ ਬਰਤਨਾ, ਨਾ ਉਸਦੇ ਘਰ ਜਾਣਾ, ਨਾ ਉਸ ਕੋ ਸੰਗਤ ਮੈ ਬੜਨ ਦੇਣਾ, ਨਾ ਉਸਦੇ ਹੱਥ ਦਾ ਜਲਪਾਨ ਕਰਨਾ। ਏਦੂ ਪਿਛੇ ਜੋ ਹੋਈ ਸੋ ਹੋਈ, ਹੁਣ ਅਗੇ ਸਮਝ ਕੇ ਬਰਤਨਾ.... (ਹੁਕਮਨਾਮੇ)

ਐਸੇ ਕਈ ਹੁਕਮਨਾਮੇ, ਲਿਖਤੀ ਰੂਪ ਵਿਚ ਗਵਾਹੀ ਦੇਂਦੇ ਹਨ, "ਸਤਿਗੁਰੂ ਰਾਮ ਸਿੰਘ ਜਨਨੀ ਅਤੇ ਜਨਮ ਭੂਮੀ ਦੀ ਸੰਪੂਰਨ ਸਵੈਤੰਤਰਤਾ ਲਈ ਪ੍ਰਤੀਬੱਧ ਸਨ।

ਕਿਸੇ ਕਵੀ ਨੇ, ਸਾਇਦ ਮੈਥਲੀਸ਼ਰਨ ਗੁਪਤ ਨੇ, ਔਰਤ ਪ੍ਰਤੀ ਸੰਵੇਦਨਾ ਸਜੀਵ ਕੀਤੀ ਹੈ-

ਅਬਲਾ ਜੀਵਨ ਹਾਇ ਤੁਮ੍ਹਾਰੀ ਯਹੀ ਕਹਾਣੀ
ਆਂਚਲ ਮੇ ਹੈ ਦੁਧ ਘੋਰ ਆਂਖੋ ਮੇ ਪਾਣੀ।

ਛਾਤੀ ਵਿਚ ਦੁੱਧ ਹੈ, ਮਨੁੱਖੀ ਸਮਾਜ ਦੇ ਪੋਸ਼ਣ ਲਈ। ਬਾਲਕ ਨੂੰ, ਇਕ ਮਾਂ ਦੁੱਧ ਪਿਆ ਕੇ ਮਰਦ ਬਣਾਂਦੀ ਹੈ ਔਰ ਉਹੀ ਮਰਦ, ਮਾਂ ਵਰਗੀ ਔਰਤ ਨੂੰ ਸਰੇ ਬਾਜ਼ਾਰ ਅਪਮਾਣਿਤ ਕਰਦੈ। ਕੈਸੀ ਵਿਡੰਬਨਾ ਹੈ, ਨਾਰੀ ਦੀ ! ਗੁਰੂ ਰਾਮ ਸਿੰਘ ਨੇ ਮਨੁੱਖ ਜਨਮਦਾਤੀ ਇਸਤਰੀ ਦੀ ਪੁਨਰ ਪ੍ਰਾਣ ਪ੍ਰਤਿਸ਼ਠਤਾ ਕਰਨ ਦਾ ਸੰਕਲਪ ਲਿਆ ਔਰ ਇਸ ਸੰਕਲਪ ਨੂੰ ਸਾਕਾਰ ਕਰਨ ਲਈ ਜ਼ਰੂਰਤ ਪਏ ਤਾਂ ਪ੍ਰੰਪਰਾਵਾਂ ਦੇ ਪਹਾੜ ਤੋੜ ਦਿਤੇ.... ਸਮੁੰਦਰਾਂ ਦਾ ਪਾਣੀ ਸੁਕਾ ਦਿੱਤਾ। ਕੋਈ

ਇਹ ਬਸੰਤ ਨਾ ਭਾਵੇ



ਸੂਬਾ ਨਿਰੰਜਨ ਸਿੰਘ ਟਮਕੌਦੀ

ਆਈ ਰੁੱਤ ਬਸੰਤ ਪਿਆਰੇ, ਖੁਸ਼ੀਆਂ ਹਨ ਟਹਿਕਾਈਆਂ।
ਸਹਜ ਸੁਭਾਈ ਕਣੀਆਂ ਡਿੱਗਣ ਸਾਨੂੰ ਦੇਣ ਵਧਾਈਆਂ।
ਏਸ ਸ਼ੁਭ ਦਿਹਾੜੇ ਉੱਤੇ, ਆਗਮਨ ਤੇਰਾ ਹੋਇਆ।
ਵਰਖਾ ਪੁਸ਼ਪਾ ਦੀ ਦੇਵਤਿਆਂ ਕੀਤੀ, ਧਰਤੀ ਧੀਰ ਧਰੋਇਆ।
ਤੱਕ ਤੱਕ ਕ੍ਰਿਪਾ ਇੰਦਰਵਾਲੀ ਕੋਇਲਾਂ ਰਾਗ ਅਲਾਇਆ।
ਮੋਰਾਂ ਵਾਲੀ ਚਾਲ ਤੋਂ ਸੁਝੇ, ਸਿਰਮੌਰ ਸਭਨਾ ਦਾ ਆਇਆ।
ਹੱਥੀਂ ਪਾਲੇ ਬੂਟੇ ਸੋਹਣੇ, ਬਾਗ ਤੂੰ ਅਜਬ ਲਗਾਇਆ।
ਅਜ਼ਬ ਬਾਗ ਦੇ ਅਜ਼ਬ ਨੇ ਬੂਟੇ ਕੇਹਾ ਖੇਲ ਰਚਾਇਆ।
ਵੇਖ ਏਸ ਫੁਲਵਾੜੀ ਵੱਲੇ ਮਨ ਖੁਸ਼ੀਆਂ ਨਾਲ ਭਰਦਾ।
ਨਜ਼ਰ ਮਿਹਰ ਦੀ ਪਾਵਣ ਦੇ ਲਈ ਤੇਰਾ ਦਿਲ ਨਹੀਂ ਕਰਦਾ।
ਅਜ਼ 'ਕੰਗ' ਮੰਨਦਾ ਕਿਉਂ ਨਹੀਂ ਤਰਲੇ ਮਿਨੰਤਾ ਪਾਵੇ।
ਪ੍ਰੀਤਮ ਜੀ ਸਾਨੂੰ ਤੇਰੇ ਬਾਝੋਂ ਇਹ ਬਸੰਤ ਨਾ ਭਾਵੇਂ।

ਮੂਰਤੀਕਾਰ, ਛੈਣੀ ਹਥੌੜੇ ਹੱਥ ਵਿਚ ਲੈ ਕੇ, ਵੱਡੀਆਂ ਵੱਡੀਆਂ ਚਟਾਨਾਂ ਵਿਚ ਛਿਪੀਆਂ ਮੂਰਤਾਂ ਨੂੰ ਪ੍ਰਗਟ ਕਰ ਦਿੰਦੈ.... ਕੋਈ ਚਿੱਤਰਕਾਰ ਕੂਚੀ ਔਰ ਰੰਗਾਂ ਨਾਲ ਕੈਨਵਸ ਤੇ ਆਪਣੀ ਕਲਪਨਾਂ ਚੋਂ ਕੱਢ ਕੇ, ਗੁਰੂ ਰਾਮ ਸਿੰਘ ਜਿਹੀ ਮਹਾਨ ਵਿਭੂਤੀ ਦਾ ਅਕਸ ਪ੍ਰਤਿਸਠਾਪਤ ਕਰ ਦੇਂਦੈ.... ਚਾਂ ਕਿਸੇ ਸਾਹਿਤਕਾਰ ਦੀ ਕਲਮ ਚੋਂ ਝੜਦੇ ਅੱਖਰ, ਕਿਸੇ ਉਚੀ ਆਤਮਾ ਦਾ ਅਭਿਵਾਦਨ ਕਰਦੇ ਹਨ ਤਾਂ ਇਹ ਕਿਸੇ ਰਹੱਸਮਈ ਨਾਦ ਵਾਂਗ ਗੂੰਜਦੈ.... ਅਨਵਰਤ... ਅਨੰਤ ਕਾਲ ਤਕ ! ਐਸੀ ਉਚੀ ਆਤਮਾਵਾਂ ਦੀ ਉਸਤਤ ਤਾਂ ਰੱਬ ਦੀ ਇਬਾਦਤ ਹੈ.... ਪ੍ਰਮੇਸਰ ਦੀ ਸੱਚੀ ਪੂਜਾ ਹੈ। ਚੰਦ ਹਰਫ ਇਹ ਵੀ....ਬਾਰਵੇਂ ਦਰਵੇਸ ਸਤਿਗੁਰ ਦੀ ਦਰਗਾਹ ਤੇ....ਸਮਰਪਿਤ। ■

ਬਾਰ੍ਹਵੇਂ ਪਾਤਸ਼ਾਹ ਦਾ ਹੁਕਮਨਾਮਾ
ਬੇਟੀ ਬਚਾਓ, ਬੇਟੀ ਪੜ੍ਹਾਓ



✍ਸ. ਸਾਧੂ ਸਿੰਘ ਕਿਸਾਨ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1863 ਦੇ ਰਹਿਤਨਾਮੇ ਵਿਚ ਵੀ ਲਿਖ ਦਿਤਾ ਸੀ 'ਪੰਦਰਾਂ ਸੋਲਾਂ ਬਰਸ ਤੋਂ ਘੱਟ ਕੋਈ ਨਾ ਕੁੜੀ ਬਿਆਹੇ, ਫਿਰ ਰੰਗੂਨ ਤੋਂ ਭੇਜੇ ਹੁਕਮਨਾਮੇ ਵਿਚ ਲੜਕੀਆਂ ਦੀ ਉਮਰ 18 ਸਾਲ ਕਰ ਦਿੱਤੀ। ਜੋ ਕੰਮ ਭਾਰਤ ਸਰਕਾਰ ਨੇ 1978 ਨੂੰ ਮਸੋਂ ਕੀਤਾ, ਉਹ ਕੰਮ ਸਤਿਗੁਰੂ ਜੀ ਨੇ ਡੇਢ ਸਦੀ ਪਹਿਲਾਂ ਹੀ ਪੱਕਾ ਕਰ ਦਿੱਤਾ ਸੀ।

ਮੇਰੀ ਜਾਣਕਾਰੀ 'ਚ ਆਏ ਦੁਨੀਆਂ ਦੇ ਬੁਲਾਰੇ ਵਕਤਿਆਂ ਵਿਚੋਂ ਸ੍ਰੀ ਕ੍ਰਿਸ਼ਨ ਜੀ ਦਾ ਨੰਬਰ ਸਭ ਤੋਂ ਪਹਿਲਾਂ ਹੈ, ਕਿਓਂ-ਜੋ ਉਹਨਾਂ ਜੰਗਿ ਮੈਦਾਨ ਵਿਚ ਜਾ ਕੇ ਅਸਲੋਂ ਅੜ ਖਲੋਤੇ ਅਰਜਨ ਦੀ ਦੁਬਿਧਾ ਦੂਰ ਕਰਕੇ ਉਹਨੂੰ ਲੜਨ ਵਾਸਤੇ ਤਿਆਰ ਕਰ ਲਿਆ, ਕਾਸ਼, ਉਸ ਵਕਤ ਕਿਤੇ ਰਿਕਾਰਡ ਕਰਨ ਵਾਲੀ ਕੋਈ ਮਸ਼ੀਨ ਵਗੈਰਾ ਹੋਂਦ ਵਿਚ ਆਈ ਹੁੰਦੀ। ਅਸੀਂ ਅੱਜ ਵੀ ਉਸ ਓਜ ਨੂੰ ਜਿਓ ਕਾ ਤਿਉਂ ਗ੍ਰਹਿਣ ਕਰ ਸਕਦੇ। ਬਾਦ ਵਿਦਵਾਨਾਂ ਨੇ ਆਪੋ ਆਪਣੀ ਬੁਧੀ ਤੇ ਵਿਚਾਰਾਂ ਅਨੁਸਾਰ ਉਹਨੂੰ ਕਦੋਂ ਤੇ ਕਿਵੇਂ ਗੀਤਾ ਦੇ ਰੂਪ ਵਿਚ ਦੁਨੀਆਂ ਸਾਹਵੇਂ ਲਿਆਂਦਾ ਇਹਦੇ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ। ਕਈ ਸਦੀਆਂ ਬਾਅਦ ਭਾਰਤ ਵਿਚ ਇਸੇ ਖਿਤੇ ਵਿਚ ਇਕ ਹੋਰ ਵਕਤਾ ਨਮੂੰਦਾਰ ਹੋਇਆ ਜਿਸ ਦੀ ਸ਼ਬਦ ਸਿਧੀ, ਲਿਖਤ ਵਿਚ ਆ ਜਾਣ ਕਰਕੇ ਸਦੀ ਬਾਅਦ ਵੀ ਸਾਨੂੰ ਉਸੇ ਤਰ੍ਹਾਂ ਝੰਜੋੜ ਦਿੰਦੀ ਹੈ। ਇਸ ਵਕਤੇ ਨੇ ਹਰ ਸਾਹਮਣੇ ਆਏ ਨੂੰ ਆਪਣੀ ਬੋਲ ਬਾਣੀ ਨਾਲ ਕੀਲ ਕੇ ਕਾਇਲ ਕਰ ਲਿਆ, ਪਰ ਇਸ ਵੇਲੇ ਤਕ ਅੱਖਰਾਂ ਦੀ ਹੋਂਦ ਹੋ ਜਾਣ ਕਰਕੇ ਉਹ ਸਾਰਾ ਕੁਝ ਜਿਓਂ ਤਾ ਤਿਓਂ ਸੰਭਾਲਿਆ ਜਾ ਸਕਿਆ। ਮਹਾਂ ਮਾਨਵ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੇਜੋੜ ਦੂਰ ਦ੍ਰਿਸ਼ਟਾ ਸਨ ਜਿਨਾਂ ਹਰ ਅਰਸ਼ੋ ਉਤਰੀ ਕਵਿਤਾ ਨੂੰ ਨਾਲੋ ਨਾਲ ਲਿਖ ਕੇ ਚਿਰ ਜੀਵੀ ਕਰ ਲਿਆ ਅਤੇ ਸਿਰਫ ਆਪਣੀ ਕਵਿਤਾ ਈ ਨਹੀਂ ਸਗੋਂ ਸੰਪਰਕ ਵਿਚ ਆਏ ਹਰ ਸਿਆਣੇ ਦੀ ਪਸੰਦੀਦਾ ਕਵਿਤਾ ਆਪ ਲਿਖ ਕੇ ਉਸ ਨੂੰ ਵੀ ਅਮਰਤਾ ਦੇ ਜ਼ੁਮਰੇ ਵਿਚ ਸ਼ਾਮਿਲ ਕਰ ਲਿਆ। ਜਦੋਂ ਲਹਿਣੇ ਨੂੰ ਅੰਗਦ ਬਣਾ ਕੇ ਜਗਤ ਜੋਤ ਦਾ ਸਿਲਸਿਲਾ ਜਾਰੀ ਕੀਤਾ ਤਦੋਂ ਨਾਲ ਹੀ ਆਪਣੀ ਤੇ ਹੋਰ ਮਿੱਤਰਾਂ ਦੀ ਲਿਖਤ ਦੀਆਂ ਕਾਪੀਆਂ ਵੀ ਨਾਲ ਹੀ ਭੇਟ ਕਰ ਦਿੱਤੀਆਂ।

ਅਗੋਂ ਅੰਗਦ ਵੀ 'ਪੂਰੇ ਕਾ ਕੀਆ' ਸੀ ਜਿਸਨੇ ਆਪਣੀ ਰਚਨਾ ਰਲਾ ਕੇ ਸਭ ਕੁਝ ਤੀਸਰੇ ਨਾਨਕ ਨੂੰ ਅਰਪਣ ਕਰ ਦਿਤਾ। ਇੰਜ ਇਹ ਅਨਮੋਲ ਖਜ਼ਾਨਾ ਜਦੋਂ ਪੰਜਵੇਂ ਪਾਤਸ਼ਾਹ ਕੋਲ ਪੁਜਾ ਤਾਂ ਜਿਵੇਂ ਅਰਜਨ ਪਾਂਡਵ ਨੇ ਗੀਤਾ ਗਿਆਨ ਆਤਮ ਸਾਤ ਕਰਕੇ ਮਹਾਂਭਾਰਤ ਯੁੱਧ ਜਿੱਤ ਲਿਆ ਸੀ ਤਿਵੇਂ ਪੰਜਵੇਂ ਨਾਨਕ ਅਰਜਨ ਦੇਵ ਨੇ - ਦਲ ਜਿਤਉ ਇਵ ਯੁਧ ਕਰ - ਅਨੁਸਾਰ : ਸਾਰਾ ਸੰਗ੍ਰਹਿ ਸੰਪਾਦਨ ਕਰਕੇ ਇਕ ਬੇਜੋੜ ਕਾਰਨਾਮਾ ਜ਼ਰੂਰ ਵਿਚ ਲੈ ਆਂਦਾ। ਪੰਚਮ ਪਾਤਸ਼ਾਹ ਦੀ ਇਸ ਅਨੋਖੀ ਸੂਝ ਤੇ ਮੇਹਨਤ ਨੇ ਪਹਿਲੇ ਗੁਰੂਆਂ ਨਾਲ ਹੋਰ ਵੀ ਅਨੇਕ ਸਿਆਣੀਆਂ ਨੂੰ ਅਦਬੀ ਜ਼ਿੰਦਗੀ ਅਤਾ ਕੀਤੀ, ਸਗੋਂ ਆਉਣ ਵਾਲੇ ਗੁਰੂਆਂ ਅਤੇ ਸਮਸਤ ਲੋਕਾਈ ਵਾਸਤੇ ਰੋਸ਼ਨ ਮਿਨਾਰ ਸਥਾਪਤ ਕਰ ਦਿੱਤਾ।

ਥੋੜੇ ਬਹੁਤੇ ਵਾਧੇ ਘਾਟੇ ਨਾਲ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਸੀਤਾ ਦੇ ਜੋੜੇ ਬਾਲਕਾਂ ਆਪਣੀ ਹਿੰਮਤ ਨਾਲ ਮਾਤਾ ਨੂੰ ਫਿਰ ਘਰ ਦੀ ਮਾਲਕ ਬਣਾ ਲਿਆ। ਇਕ ਦਿਨ ਦੇਵਰਾਨੀ ਦੇ ਆਖੇ ਲਗ ਕੇ ਰਾਵਣ ਦਾ ਚਿੱਤਰ ਬਣਾਂਦੀ ਸੀਤਾ ਨੂੰ ਰਾਮ ਜੀ ਨੇ ਵੇਖ ਲਿਆ, ਸੀਤਾ ਪਤੀ ਦੇਵ ਦੇ ਸ਼ਕੀ ਸੁਭਾ ਨੂੰ ਜਾਣ ਚੁੱਕੀ ਸੀ, ਰਾਜ ਸਭਾ ਚੋਂ ਆਏ ਬੁਲਾਵੇ ਕਾਰਨ ਆਪਣੇ ਜੋਧੇ ਬੱਚਿਆਂ ਸਣੇ ਹਾਜ਼ਰ ਹੋ ਗਈ। ਪ੍ਰੀਖਿਆਵਾਂ ਤੋਂ ਅਕੀ ਹੋਈ ਜਨਕ ਨੰਦਨੀ ਨੇ ਵਸ਼ਿਸਟ ਵਿਸ਼ਵਾ ਮਿੱਤਰ ਸਮੇਤ ਭਾਰੀ ਸਭਾ ਵਿਚ ਐਲਾਨ ਕਰ ਦਿੱਤਾ ਜੇ ਮੈਂ ਸੁਪਨੇ ਵਿਚ ਵੀ ਸ੍ਰੀ ਰਾਮ ਬਿਨਾਂ ਕਿਸੇ ਨੂੰ ਨਹੀਂ ਚਿਤਵਿਆ ਤਾਂ ਧਰਤੀ ਮਾਤਾ ਮੈਨੂੰ ਆਪਣੀ ਗੋਦ ਵਿਚ ਬਿਠਾ ਲਵੇ ਅਤੇ ਉਸ ਵੇਲੇ ਇੰਜ ਹੀ ਹੋ ਗਿਆ। ਬਾਦ ਜਲਦੀ ਹੀ ਰਾਮ ਜੀ ਵੀ ਤਨ ਤਿਆਗ ਦਿੱਤਾ। ਤੁਲਸੀ ਦਾਸ ਜੀ ਕਿਹਾ 'ਰਘੁਬਰ ਬਿਨ ਸੀਅ ਨਾ ਜੀਐ, ਸੀਅ ਬਿਨ ਜੀਐ ਨ ਰਾਮ" ਏਨਾਂ ਕੁਝ ਹੋਣ ਦੇ ਬਾਵਜੂਦ ਤੁਲਸੀ ਜੀ ਕਹਿੰਦੇ ਹਨ- 'ਢੋਰ ਗਵਾਰ ਸੂਦਰ ਅਰੁ ਨਾਰੀ। ਚਾਰੋਂ ਤਾੜਨ ਕੇ ਅਧਿਕਾਰੀ'। ਅਤੇ ਸਦੀਆਂ ਤੋਂ ਨਾਰੀ ਨਿੰਦਾ ਦਾ ਵਰਤਾਰਾ ਵਰਤਦਾ ਰਿਹਾ। ਏਸੇ ਦੇ ਰੂਬਰੂ ਪੰਡਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਸੌਹੇਂ ਇਸਤਰੀ ਦੀ ਘੋਰ ਨਿੰਦਾ ਆਰੰਭ ਕੀਤੀ, ਬਹੁਤ ਕੁਝ ਸੁਣਨ ਬਾਅਦ ਥੋੜੇ ਚਿਰ ਪਿਛੋਂ ਗੁਰੂ ਜੀ ਸਹਿਜ ਸੁਭਾਇ ਪੁਛ ਲਿਆ - ਪੰਡਤ ਜੀ ! ਆਪ ਜੀ ਦੀ ਜਨਮ ਦਾਤੀ ਜੀਵਤ ਹਨ ? ਹਾਂ ਕਹਿਣ ਤੇ ਫਿਰ ਪੁਛਿਆ ਉਹਨਾਂ ਦਾ ਸੁਭ ਨਾਮ ਦੱਸਣ ਦੀ ਕਿਰਪਾ ਕਰੋਗੇ ? ਪੰਡਿਤ ਜੀ ਭਾਵੇਂ ਬੜੇ ਵਿਦਵਾਨ ਸਨ ਪਰ ਗੁਰੂ ਜੀ ਦਾ ਪੁਛਣ ਦਾ ਢੰਗ ਇਹੋ ਜਿਹਾ ਸੀ ਪੰਡਿਤ ਜੀ ਸੁਣ ਕੇ ਕੁੱਪਾ ਹੋ ਗਏ ਅਤੇ ਕਈ ਵਿਸ਼ੇਸ਼ਣ ਲਾ ਕੇ ਮਾਤਾ ਜੀ ਦਾ ਨਾਮ ਵਰਨਣ ਕੀਤਾ। ਗੁਰੂ ਜੀ ਬਾਹਰੋਂ ਬੜੇ ਖੁਸ਼ ਅੰਦਰੋਂ ਤਾੜਨਾ ਕਰਦਿਆਂ ਫੁਰਮਾਇਆ ਇਨੇ ਚੰਗੇ ਤੁਹਾਡੇ ਮਾਤਾ ਜੀ ਜਿੰਨਾ ਤੁਹਾਨੂੰ ਇਤਨੀ ਵਿਦਿਆ ਦੁਆ ਕੇ ਮਹਾਂ ਪੰਡਤ ਦੇ ਰੁਤਬੇ ਤੱਕ ਪਹੁੰਚਾਇਆ ਅਜ ਤੁਸੀਂ ਉਸੇ ਮਾਤਾ ਜੀ ਨੂੰ ਨਾਰੀ ਨਰਕ ਸਮਾਨ ਕਹਿੰਦਿਆਂ ਸੰਗ ਸ਼ਰਮ ਨੂੰ ਤਿਲਾਂਜਲੀ ਦੇਈ ਜਾਂਦੇ ਓ। ਭੰਡ ਜੰਮੀਐ.. ਵਾਲਾ ਸਲੋਕ ਸੁਣ ਕੇ ਪੰਡਤ ਜੀ ਦੀਆਂ ਅੱਖਾਂ ਉਘੜੀਆਂ ਤੇ ਹੱਥ ਬੰਨ ਕੇ ਖਿਮਾ ਯਾਚਨਾ ਕੀਤੀ।

ਸਭ ਤੋਂ ਵਡ ਉਮਰੇ ਸਤਿਗੁਰੂ ਜਿਨਾਂ ਆਪਣੀ ਉਮਰ ਦਾ ਬਹੁਤਾ ਹਿੱਸਾ ਪੰਡਤਾਂ ਦੀ ਸੰਗਤ ਵਿਚ ਹੀ ਬਿਤਾਇਆ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਗੁਰਤਾ ਦਾ ਸਭ ਤੋਂ ਜ਼ਰੂਰੀ ਫੁਰਮਾਣ ਏਹੋ ਜਾਰੀ ਕੀਤਾ ਕੋਈ ਇਸਤਰੀ ਸਤੀ ਨਾ ਹੋਵੇ, ਨਾ ਕੋਈ ਚਿਖਾ ਤੇ ਚੜ੍ਹਨ ਵਾਸਤੇ ਮਜ਼ਬੂਰ ਕਰੇ, ਦਸਵੇਂ ਪਾਤਸ਼ਾਹ ਵੇਲ ਜੰਗ ਜੂ ਜਵਾਨਾਂ ਦੀ ਲੋੜ ਸੀ ਅਤੇ ਸ਼ਾਇਦ ਨਾਰੀ ਸਮਾਨਤਾ ਦਾ ਮਾਮਲਾ ਬਾਰ੍ਹਵੇਂ ਪਾਤਸ਼ਾਹ ਵਾਸਤੇ ਰਿਜ਼ਰਵ ਰਹਿਣ ਦਿੱਤਾ।

ਆਓ ! ਹੁਣ ਦੁਆਦਸ ਦੇ ਸਮੇਂ ਦੀ ਨਾਰੀ ਸਮਾਨਤਾ ਨੂੰ ਜ਼ਰਾ ਗਹੁ ਨਾਲ ਵੇਖੀਏ। ਬਾਰ੍ਹਵੇਂ ਗੁਰਾਂ ਨੇ ਦਸਮੇਸ ਜੀ ਵਲੋਂ ਜ਼ਿੰਮੇ ਲਗੇ ਕੰਮ ਨੂੰ ਬੜੀ ਮੁਸਤੈਦੀ ਨਾਲ ਸਰੰਜਾਮ ਦੇਣਾ ਜਾਰੀ ਕੀਤਾ। ਸਭ ਤੋਂ ਪਹਿਲਾਂ ਬੀਬੀਆਂ ਨੂੰ ਕਛੈਹਰੇ ਧਾਰਨ ਕਰਾ ਕੇ ਅੰਮ੍ਰਿਤ ਛਕਾ ਕੇ ਸੁਚ ਸੋਧ ਵਲੋਂ ਮਰਦਾਂ ਨਾਲ ਸਮਾਨਤਾ ਬਖਸ਼ੀ। ਫਿਰ ਲੱਗਦੇ ਹੱਥ ਚੌਥੇ ਗੁਰਾਂ ਦੀਆਂ ਉਚਾਰੀਆਂ ਲਾਵਾਂ ਨਾਲ ਅਨੰਦ ਮਰਿਯਾਦਾ ਸ਼ੁਰੂ ਕਰ ਦਿੱਤੀ ਜਿਦ੍ਹੇ ਕਾਰਨ ਪੰਡਤਾਂ ਅਤੇ ਵਿਦੇਸ਼ੀਆਂ ਦੇ ਮਿਲਵੇਂ ਵਿਰੋਧ ਤੋਂ ਚਾਰ ਸਾਲ ਦੀ ਹਦੂਦਬੰਦੀ ਝੇਲਣੀ ਪਈ। ਸ੍ਰੀ ਸਤਿਗੁਰੂ ਜੀ ਵਲੋਂ ਇਸਤਰੀ ਸਮਾਨਤਾ ਅਤੇ ਪ੍ਰਬਲ ਵਿਦੇਸ਼ੀ ਵਿਰੋਧ ਤੋਂ ਪੰਡਤਾਂ ਅਤੇ ਵਿਦੇਸ਼ੀਆਂ ਦੇ ਕੰਨ ਖੜੇ ਹੋ ਗਏ। ਉਹਨਾਂ ਜਾਚਿਆ - ਏਹ ਗੁਰੂ ਨਾਨਕ ਦੇ ਨਿੰਮ੍ਹੇ ਸਮਾਜ ਸੁਧਾਰ ਦੇ ਤਰੀਕੇ ਬਦਲ ਕੇ ਗੁਰੂ ਗੋਬਿੰਦ ਸਿੰਘ ਜੀ ਦੇ

ਆਓ ! ਹੁਣ ਦੁਆਦਸ ਦੇ ਸਮੇਂ ਦੀ ਨਾਰੀ ਸਮਾਨਤਾ ਨੂੰ ਜ਼ਰਾ ਗਹੁ ਨਾਲ ਵੇਖੀਏ। ਬਾਰ੍ਹਵੇਂ ਗੁਰਾਂ ਨੇ ਦਸਮੇਸ ਜੀ ਵਲੋਂ ਜ਼ਿੰਮੇ ਲਗੇ ਕੰਮ ਨੂੰ ਬੜੀ ਮੁਸਤੈਦੀ ਨਾਲ ਸਰੰਜਾਮ ਦੇਣਾ ਜਾਰੀ ਕੀਤਾ। ਸਭ ਤੋਂ ਪਹਿਲਾਂ ਬੀਬੀਆਂ ਨੂੰ ਕਛੈਹਰੇ ਧਾਰਨ ਕਰਾ ਕੇ ਅੰਮ੍ਰਿਤ ਛਕਾ ਕੇ ਸੁਚ ਸੋਧ ਵਲੋਂ ਮਰਦਾਂ ਨਾਲ ਸਮਾਨਤਾ ਬਖਸ਼ੀ।

ਗਰਜਵੇਂ ਕਾਰਨਾਮਿਆਂ ਵੱਲ ਵੱਧਣ ਲਗ ਪਿਆ ਹੈ। ਜੇ ਜਲਦੀ ਕੋਈ ਡੱਕਾ ਨਾ ਲੱਗਾ ਤਾਂ ਦੋਹਾਂ ਲਈ ਅੱਤਰ ਖਤਰਨਾਕ ਹੋ ਸਕਦਾ ਹੈ। ਭਾਰਤ ਦੀ ਰੋਜ਼ੀ ਰੋਟੀ ਦੇ ਸਹਾਰੇ, ਗਊ ਬੈਲ ਦੇ ਕਤਲਾਂ ਤੋਂ ਖਿਝ ਕੇ - ਕੁਝ ਸਿੰਘਾਂ ਦੀ ਕਾਹਲ ਤੋਂ - ਗੋਰਿਆਂ ਨੂੰ ਪੱਜ ਮਿਲ ਗਿਆ। ਸਤਿਗੁਰੂ ਜੀ ਨੂੰ ਵਿਦੇਸ਼ ਵਾਸ ਕਰਨਾ ਪੈ ਗਿਆ। ਉਥੇ ਜਾ ਕੇ ਵੀ ਨਾਰੀ ਸਮਾਨਤਾ, ਸਤਿਗੁਰੂ ਜੀ ਦਾ ਪ੍ਰਮੁਖ ਫਿਕਰ ਸਾਬਤ ਹੋਂਦਾ ਹੈ। ਇਹ ਫਿਕਰ ਸਤਿਗੁਰਾਂ ਕਰੀਬ ਹਰ ਹੁਕਮਨਾਮੇ ਵਿਚ ਵੱਖੋ ਵੱਖਰੇ ਅੰਦਾਜ਼ ਨਾਲ ਜਾਹਰ ਕੀਤਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1863 ਦੇ ਰਹਿਤਨਾਮੇ ਵਿਚ ਵੀ ਲਿਖ ਦਿਤਾ ਸੀ 'ਪੰਦਰਾਂ ਸੋਲਾਂ ਬਰਸ ਤੋਂ ਘੱਟ ਕੋਈ ਨਾ ਕੁੜੀ ਬਿਆਹੇ, ਫਿਰ ਰੰਗੂਨ ਤੋਂ ਭੇਜੇ ਹੁਕਮਨਾਮੇ ਵਿਚ ਲੜਕੀਆਂ ਦੀ ਉਮਰ 18 ਸਾਲ ਕਰ ਦਿੱਤੀ। ਜੋ ਕੰਮ ਭਾਰਤ ਸਰਕਾਰ ਨੇ 1978 ਨੂੰ ਮਸਾਂ ਕੀਤਾ, ਉਹ ਕੰਮ ਸਤਿਗੁਰੂ ਜੀ ਨੇ ਡੇਢ ਸਦੀ ਪਹਿਲਾਂ ਹੀ ਪੱਕਾ ਕਰ ਦਿੱਤਾ ਸੀ।

ਡੇਢ ਸੌਦੀ ਪਹਿਲਾਂ 'ਬੇਟੀ ਬਚਾਓ, ਬੇਟੀ ਪੜਾਓ-

ਇਹ ਗੱਲ ਤਾਂ ਹੋ ਗਈ ਬੀਬੀਆਂ ਦੇ ਵਿਆਹ ਦੇ ਉਮਰ ਬਾਰੇ, ਹੁਣ ਹਰ ਹੁਕਮਨਾਮੇ 'ਚ ਮਨੁੱਖਤਾ ਦੇ ਅੱਧ-ਭਾਵ ਇਸਤਰੀਆਂ ਬਾਰੇ ਸਤਿਗੁਰੂ ਜੀ ਵਲੋਂ ਦਿੱਤਾ ਗਿਆਨ ਧਿਆਨ ਹਜ਼ੂਰ ਦੇ ਸ਼ਬਦਾਂ ਵਿਚ ਹੀ ਪੜ੍ਹ ਕੇ ਅਨੰਦ ਮਾਣੋ -

ਹੁਕਮਨਾਮਾ ਨੰ 3 : ਸੰਬੂਹਿ ਸੰਗਤ ਖਾਲਸੇ ਜੀ, ਨੂੰ ਫਤੇ ਬੁਲਾਣ ਤੋਂ ਬਾਦ ਸੰਬੂਹ ਮਾਈ ਬੀਬੀ ਕੋ ਰਾਮ ਸਤ ਬੁਲਾਈ ਬਾਚਨੀ,। ਅਗੇ ਬਾਣੀ ਕੰਠ ਕਰਨ ਬਾਰੇ 'ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ।

ਨੰਬਰ 4 : ਨੈਣਾ ਸਿੰਘ ਦੀ ਚਿੱਠੀ ਦਾ ਉੱਤਰ ਲਿਖਦਿਆਂ

'ਹੁਕਮ ਕੌਰ ਨੂੰ ਮੇਰੀ ਰਾਮ ਸਤਿ ਵਾਚਣੀ ਬਹੁਤ ਕਰਕੇ ਬੜਾ ਗਜਬ ਹੋਇਆ - ਮੁਟਿਆਰ ਕੁੜੀ ਦਾ ਰੰਡੀ ਹੋਇ ਜਾਣਾ...ਕੁੜੀਏ ਭਜਨ ਬਾਣੀ ਕਰ ਤਕੜੀ ਹੋ ਕੇ। ਹੁਣ ਗੋਬਿੰਦ ਦਾ ਭਾਣਾ ਮੰਨੋ।

ਏਸੇ ਹੁਕਮਨਾਮੇ ਵਚ ਅਗੇ ਜਾ ਕੇ ਲਿਖਦੇ ਹਨ :

'ਜੋ ਕੁੜੀ ਮਾਰੇ ਕੇ ਤਾ ਬੇਚੇ ਬਟਾ ਕਰੇ ਅਰ ਜੇ ਕਰ ਅਛੀ ਤਰਾਂ ਮਲੂਮੀ ਹੋਇ ਜਾਵੇ ਤਾ ਓਸ ਦੇ ਨਾਲ ਨਹੀ ਬਰਤਣਾ। ਨਾ ਓਸ ਨੂੰ ਸੰਗਤ ਮੈ ਬੜਨ ਦੇਣਾ।'

ਇਕ ਮਾਈ ਨੂੰ ਕਿਵੇਂ ਚੇਤੇ ਕਰਦੇ ਹਨ :

'ਹੋਰ ਮਾਈ ਦਾਖਾਂ ਨੂੰ ਮੇਰਾ ਮਥਾ ਟੇਕਣਾ ਬਹੁਤ ਕਰਕੇ।

ਨੰਬਰ 6 : ਸੰਗਤ ਨੂੰ ਫਤੇ ਬੁਲਾਕੇ ਮਾਈਆਂ ਬੀਬੀਆਂ ਕੋ ਰਾਮ ਸਤਿ ਬਾਚਣੀ।

ਨੰਬਰ 10 ਵਿਚ : ਪਿਛਲੀ ਰਾਤ ਉਠ ਕੇ ਜ਼ਰੂਰ ਇਸ਼ਨਾਨ ਕਰਨਾ ਜਨਾਨੇ ਮਰਦਾਨੇ। ਜ਼ਰੂਰ ਬਾਣੀ ਕੰਠ ਕਰਨੀ। ਅਰ ਲੜਕੀ ਲੜਕੇ ਨੂੰ ਅਖਰ ਪੜਾਉਣੇ।

ਨੰਬਰ 12 ਵਿਚ : ਸਭ ਨੂੰ ਕੁੜੀ ਮੁੰਡੇ ਨੂੰ ਅਖਰ ਪੜਾਇ ਦੇਣੇ ਗੁਰਮੁਖੀ।

ਨੰਬਰ 13 ਵਿਚ : ਜਪ, ਜਾਪ, ਰਹਿਰਾਸ, ਆਰਤੀ, ਸੋਹਿਲਾ, ਸੁਖਮਨੀ, ਆਸਾ ਦੀ ਵਾਰ ਸਭ ਕੰਠ ਕਰਨੇ ਜਨਾਨੇ ਮਰਦਾਨੇ।

ਨੰਬਰ 14 ਵਿਚ : ਲੜਕਿਆਂ ਤੇ ਬੀਬੀਆਂ ਨੂੰ ਅਖਰ ਪੜਾਇ ਦੇਣੇ ਸਭਨਾਂ ਨੂੰ। ਬਾਣੀ ਜ਼ਰੂਰ ਕੰਠ ਕਰਨੀ ਜਨਾਨੇ ਮਰਦਾਨੇ ਨੇ ਨਾਲੇ ਭਜਨ ਭੀ ਕਰਨਾ ਜਿਤਨਾ ਹੋਵੇ।

ਨੰਬਰ 16 ਵਿਚ : ਹੋਰ ਬੀਬੀ ਦਇਆ ਕੌਰ, ਬੀਬੀ ਸੁਖਾਂ ਹੋਰ ਸ੍ਰਬਤ ਮਾਈ ਬੀਬੀ ਕੋ ਰਾਮ ਸਤਿ ਬਾਚਣੀ, ਫਿਰ ਅਗੇ ਜਾ ਕੇ 'ਬਾਣੀ ਕੰਠ ਕਰਨੀ'.... ਸਰਬ ਬੁਢੇ ਬਾਲੇ ਮਾਈ ਬੀਬੀ ਤੇ ਲਟਕੇ ਲਟਕੀ ਨੂੰ ਅੱਖਰ ਪੜਾ ਦੇਣੇ।

ਨੰਬਰ 17 ਵਿਚ : ਬੀਬੀ ਨੰਦਾ ਲਟਕੀਆਂ ਨੂੰ ਬਹੂਆਂ ਨੂੰ ਬੀ ਅਖਰ ਪੜਾ ਦੇਣੇ - ਬਾਣੀ ਕੰਠ ਕਰਾ ਦੇਣੀ।

ਨੰਬਰ 18 ਵਿਚ : ਬਾਣੀ ਕੰਠ ਕਰਨੀ ਕੁੜੀ ਮੁੰਡੇ ਨੇ।

ਨੰਬਰ 20 ਵਿਚ : ਹੋਰ ਲਟਕੀਆਂ ਮਾਰਨੀ, ਕਿਸੇ ਨਾ ਵਟਾ ਕਰਨਾ, ਨਾ ਲਟਕੀ ਦੇ ਦਮ ਲੈਣੇ। ਜੇਹੜਾ ਲਟਕੀ ਮਾਰੇ ਬੇਚੇ, ਬਟਾ ਕਰੇ ਉਸ ਦੇ ਹਥ ਦਾ, ਘਰ ਦਾ ਅੰਨ ਪਾਣੀ ਨਹੀਂ ਵਰਤਣਾ। ਉਸਨੂੰ ਸੰਗਤ ਵਿਚ ਨਹੀਂ ਬੜਨ ਦੇਣਾ।

ਨੰਬਰ 21 : ਲੜਕੇ ਲੜਕੀਆਂ ਨੂੰ ਅਖਰ ਪੜਾਵਣੇ ਪਹਿਲਾਂ ਹੋਛ ਔਦੀ ਦੇ ਨਾਲ।

ਨੰਬਰ 23 : ਸਤਿਗੁਰੂ ਜੀ ਆਪਣੀ ਪੁਤਰੀ ਬੀਬੀ ਨੰਦਾ ਨੂੰ ਸਿਖਿਆ ਫੁਰਮਾ ਰਹੇ ਹਨ - ਗੁਰੂ ਜੀ ਦਾ ਬੀ ਇਹੋ ਹੁਕਮ ਹੈ ਜੋ ਅਠਾਰਾਂ ਬਰਸ ਦੀ ਲੜਕੀ ਬੀਸ ਬਰਸ ਦਾ ਲੜਕਾ ਹੋਵੇ ਤਾਂ ਬਿਆਹੁ ਕਰਨਾ ਉਰੇ ਨਹੀ ਕਰਨਾ। ਅਗੇ ਸਾਨੂੰ ਖਵਰ ਨਹੀਂ ਏਸ ਹੁਕਮ ਦੀ। ਗੁਰੂ ਜੀ ਦਸਮੇਸ ਜੀ ਵੱਲ ਸੇਧਤ ਹੈ।

ਨੰਬਰ 25 : ਸਾਰੇ ਈ ਬਾਣੀ ਕੰਠ ਕਰਨ ਜਨਾਨੇ ਮਰਦਾਨੇ। ਕੁੜੀ ਮੁੰਡੇ ਤੇ ਲਾਕੇ, ਕੁੜੀਆਂ ਮੁੰਡੀਆਂ ਨੂੰ ਅਖਰੁ ਪੜਾਇ ਦੇਣੇ।

ਨੰਬਰ 28 : ਅਰੁ ਲੜਕੀ ਲੜਕੇ ਕੋ ਸਭ ਕੋ ਅਖਰ ਪੜਾ ਦੇਣੇ ਨਾਲੇ ਬਾਣੀ ਕੰਠ ਕਰਾਉਣੀ। ਆਪ ਦੇ ਬਾਲਿਆਂ ਤੇ ਬਾਣੀ ਕੰਠ ਕਰਿ ਲੈਣੀ ਪਟੀ ਉਤੇ ਲਿਖ ਕੇ ਬੀਬੀ ਮਾਈ ਨੇ....ਹੋਰ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ ਬਟਾ ਕਰਨੇ ਦਾ ਬੜਾ ਪਾਪ ਹੈ...ਜੋ ਲੜਕੀਆ ਮੈ ਬਹੁਤ ਹੀ ਗੁਣ ਹੈਨ, ਅਨੇਕ

ਤਰਾਂ ਦੇ ਸੁਖ ਦਿੰਦੀਆਂ ਹੈਨ। ਇਸਤਰੀਆਂ ਗਿਣੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਬੀ ਬਡਾ ਪਾਪੁ ਹੈ। ਅਰੁ ਬਟਾ ਕਰਨੇ ਤੇ ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀਂ ਮਿਲਦਾ, ਕੇ ਬੁਢਾ ਕਿ ਸੋਹਣਾ, ਲਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਰ ਰਿਜ਼ਕ ਨਹੀਂ ਰਹਿੰਦਾ। ਕੁੜੀ ਬਹੁਤ ਦੁਖੀ ਹੁੰਦੀ ਹੈ ਨਾਲੇ ਕੁੜੀ ਬਿਭਿਚਾਰਨੀ ਹੋਇ ਜਾਂਦੀ ਹੈ। ਬਹੁਤ ਥਾਈ ਖਰਾਬ ਹੁੰਦੀ ਰਹਿੰਦੀ ਹੈ। ਏਹੁ ਸਾਰੇ ਪਾਪੁ ਮਾਪਿਆਂ ਕੋ ਲਗਦੇ ਹੈ। ਮਾਪਿਆਂ ਦੇ ਬੀ ਬੁਰੇ ਹਾਲ ਹੋਇ ਜਾਂਦੇ ਹੈਂ। ਮੈਂ ਆਪਨੀ ਅਖੀਂ ਦੇਖੀ ਹੈ ਇਹੁ ਬਾਤਿ...... ਖਾਲਸਾ ਜੀ ਲੜਕੀ ਮਾਰੇ ਯਾ ਬੇਚੇ ਬਟਾ ਕਰੇ ਉਸਦੇ ਨਾਲ ਨਹੀਂ ਸੰਗਤ ਨੇ ਬਰਤਣਾ। ਨਾ ਉਸ ਦੇ ਘਰ ਜਾਣਾ। ਨਾ ਉਸ ਕੋ ਸੰਗਤ ਮੇਂ ਬੜਨ ਦੇਣਾ। ਨਾ ਉਸ ਦੇ ਹਥ ਦਾ ਜਲ ਪਾਨ ਕਰਨਾ।

ਨੰਬਰ 34 : ਅਰ ਲੜਕੇ ਲੜਕੀ ਨੂੰ ਜੋ ਅੱਖਰ ਪੜਾ ਦਿਓ, ਸਭੇ ਸਿੰਘ ਰਾਤ ਨੂੰ ਇਕਠੇ ਹੋ ਕੇ ਬਾਣੀ ਕੰਠ ਕੀਤਾ ਕਰੋ। ਹਮੇਸ਼ਾਂ ਮਾਈ ਬੀਬੀਆਂ ਸਭ ਨੇ ਬਾਣੀ ਕੰਠ ਜ਼ਰੂਰ ਕਰਨੀ।

ਨੰਬਰ 44 : ਹੋਰ ਹੁਣ ਇਓਂ ਕਰੋ ਅਠਾਰਾਂ ਬਰਸ ਦੀ ਲੜਕੀ ਦਾ ਅਨੰਦ ਪੜ੍ਹਣਾ - ਘਟ ਨ ਹੀ ਪੜ੍ਹਣਾ ਛੋਟੀ ਹੈ, ਜੇ ਕੋਈ ਬਟਾ ਕਰੇਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ ਉਸਦੇ ਨਾਲ ਨਹੀਂ ਵਰਤਣਾ।

ਨੰਬਰ 47 : ਮਾਈਆਂ ਬੀਬੀਆਂ ਕੋ ਰਾਮ ਸਤਿ ਬਾਚਣੀ, ਹੋਰ ਜੀ ਏਹੁ ਬਚਨ ਮੇਰਾ ਮੰਨਣਾ ਜੋ ਸਭ ਨੇ ਬਾਣੀ ਕੰਠ ਕਰਨੀ। ਮਾਈਆਂ ਬੀਬੀਆਂ ਨੇ ਅੱਖਰ ਬੀ ਲਟਕੇ ਬੀਬੀਆਂ ਨੂੰ ਜ਼ਰੂਰ ਪੜ੍ਹਾਉਣੇ।

ਨੰਬਰ 52 : ਹੋਰ ਮਾਈਆਂ ਬੀਬੀਆਂ ਸਰਬਤ ਕੋ ਰਾਮ ਸਤਿ ਕਰ ਬਾਚਨੀ ਜੀ, ਹੋਰ ਬੀ ਬਾਤ ਸਭਨਾ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ, ਨਾ ਬੇਚੇ ਨਾ ਬਟਾ ਕਰੇ ਜੋ ਏਹੁ ਬਾਤ ਨਾ ਮੰਨੇ ਤਾ ਉਸ ਨੂੰ ਸੰਗਤ ਮੈ ਨ ਬੜਨ ਦੇਣਾ। ਜੇ ਨਾ ਮੰਨੇ ਤਾ ਆਖਣਾ ਫੇਰ ਨਾ ਆਵੀਂ, ਜੇ ਨਾ ਹਟੇ ਤਾਂ ਜੁਤੀਆਂ ਮਾਰ ਕੇ ਕਢ ਦੇਣਾ, ਕੁਛ ਕਰਦਾ ਫਿਰੇ। ਸਿਖ ਤਾਂ ਪਟੇ ਗਏ ਕੜੀਆਂ ਦੇ ਮਾਰਨੇ ਤੇ।

ਨੰਬਰ 56 :ਹੋਰ ਭਾਈ ਹਰੀ ਸਿੰਘ ਜੀ ਹੁਣ ਸਾਰੇ ਬਹੀਰ ਨੂੰ ਏਹੁ ਹੁਕਮ ਸੁਣਾ ਦੇਣਾ ਜੋ ਪੰਦਰਾਂ ਸੋਲਾ ਬਰਸ ਤੇ ਘੋਟਿ ਕੋਈ ਨਾ ਕੁੜੀ ਬਿਆਹੇ।

ਨੰਬਰ 59 : ਅਰ ਤੂੰ ਫੂਲਾ ਸਿੰਘ ਦੀ ਧੀ ਨੂੰ ਅਛੀ ਤਰਾਂ ਅਖਰ ਭੜਾਇ ਦੇਈਂ।

ਨੰਬਰ 63 : ਜੋ ਡੇਰੇ ਰਹਿ ਕੇ ਚੋਰੀ ਜਾਰੀ ਕਰੇ ਸਭ ਕੋ ਡੇਰੇ ਤੇ ਕਢਿ ਦੇਣਾ ਜਨਾਨਾ ਹੋਵੇ ਭਾਵੇ ਮਰਦਾਨਾ।

ਏਥੋਂ ਚੰਗੀ ਤਰ੍ਹਾਂ ਸਪਸ਼ਟ ਹੋ ਗਿਆ ਕਿ ਸਤਿਗੁਰੂ ਜੀ ਇਸਤਰੀ ਪੁਰਖਾਂ ਨੂੰ ਇਕੋ ਜਿਹਾ ਦਰਜਾ ਪ੍ਰਦਾਨ ਕਰਦੇ ਹਨ। ■

ਗੁਰੂ ਰਾਮ ਸਿੰਘ ਆਏ ਧੁਰੋਂ ਅਵਤਾਰ ਜੀ



✍ ਪੂਰਨ ਸਿੰਘ ਨਿਰਾਲਾ

ਹੁੰਦਾ ਸੀ ਜ਼ੁਲਮ ਬੜਾ ਗਊਆਂ ਤੇ ਗਰੀਬਾਂ ਉਤੇ,
ਗੁਰੂ ਰਾਮ ਸਿੰਘ ਉਦੋਂ ਆਏ ਸੰਸਾਰ ਜੀ।
ਆਪ ਉਦੋਂ ਭੇਜਦਾ ਹੈ ਗੁਰੂ ਪੀਰ ਜਗ ਉਤੇ,
ਆਜ ਗਰੀਬ ਜਦੋਂ ਹੋਣ ਦੁਖਿਆਰ ਜੀ।
ਘਲਦਾ ਜਹਾਨ ਵਿਚ ਆਪ ਇਨਸਾਨ ਤਾਈਂ,
ਮੇਹਰਾਂ ਭਗਵਾਨ ਕਰੇ ਬਖਸ਼ਦੇ ਦੀਦਾਰ ਜੀ।
ਜਨਤਾ ਦੇ ਭਾਗ ਉਦੋਂ ਜਾਗ ਜਾਂਦੇ ਜ ਜਾਣੇ,
ਰੀਤ ਜੋ ਪ੍ਰੀਤ ਵਾਲੀ ਦੇ ਨਿਖਾਰ ਜੀ।
ਦੂਜੀ ਵੇਰ ਕਰ ਦਿਤੀ ਸੁਰੂ ਮਰਯਾਦਾ ਫੇਰ,
ਨਾਮ ਦਾਨ ਦੇਕੇ ਉਚਾ ਕਰਤਾ ਮਿਆਰ ਜੀ।
ਜਗ ਪਲਟਾ ਦਿਤਾ ਆਨ ਕੇ ਜਹਾਨ ਵਿਚ,
ਗੁਰੂ ਰਾਮ ਸਿੰਘ ਆਏ ਧੁਰੋਂ ਅਵਤਾਰ ਜੀ।

ਸਿਖ ਰਾਜ ਵਾਲਾ ਰੰਗ ਹੋਇਆ ਬਦ ਰੰਗ ਜਦੋਂ,
ਸ੍ਰੀ ਦਸਮੇਸ ਜੀ ਦੀ ਸਿਖਿਆ ਭਲਾਈ ਸੀ।
ਨਸ਼ਿਆਂ ਦੇ ਵਿਚ ਡਾਹਡੇ ਹੋਏ ਗਲਤਾਨ ਵੀਰੋ,
ਆਨ ਬਾਨ ਸਾਰੀ ਸ਼ਾਨ ਸ਼ੌਕਤ ਗਵਾਈ ਸੀ।
ਸਿਖੀ ਸੁਰਜੀਤ ਕੀਤੀ, ਫੇਰ ਗੁਰੂ ਰਾਮ ਸਿੰਘ,
ਪੰਜ ਹੀ ਪਿਆਰੇ ਪਹੁਲ ਖੰਡੇ ਦੀ ਪਿਲਾਈ ਸੀ।
ਛਾ ਗਿਆ ਸੀ ਗੋਰਾ ਹਿੰਦ ਤੰਗ ਕੀਤੀ ਹਰ ਜਿੰਦ,
ਚੜ੍ਹਦੇ ਤੇ ਲਹਦੇ ਸੂਰ ਜਿਸ ਦਾ ਖਲਾਰ ਸੀ।
ਗੋਰੇ ਨੂੰ ਹਿਲਾਨ ਵਾਲਾ ਲੰਡਨ ਭਜਾਨ ਵਾਲਾ,
ਗੁਰੂ ਰਾਮ ਸਿੰਘ ਧੁਰੋਂ ਆਏ ਅਵਤਾਰ ਜੀ,।

ਨਾਮਧਾਰੀ ਪੰਥ ਸਾਜ, ਗੋਰੇ ਨਾਲ ਬਾਈਕਾਟ,
ਨਾ ਮਿਲਵਰਤਨ ਅੰਦੋਲਨ ਚਲਾਇਆ ਸੀ।
ਆਖਦਾ ਸੀ ਆਪ ਗੋਰਾ ਰਾਜਨ ਕਰਨ ਦੇਵੇ ਲਖਾਂ
ਇਸ ਕੂਕਿਆਂ ਦਾ ਪੰਥ ਸਜਾਇਆ ਸੀ।
ਝੂਠੇ ਹੀ ਆਰੋਪ ਲਾ ਕੇ ਕੂਕੇ ਨਾਮਧਾਰੀਆਂ ਤੇ,
ਤੋਪਾਂ ਅਗੇ ਫਾਂਸੀਆਂ ਦੇ ਉਤੇ ਲਟਕਾਇਆ ਸੀ।
ਇਹ ਸਿੰਘ ਸੂਰਿਆਂ ਨੇ ਉਡ ਕੇ ਤੋਪਾਂ ਅਗੇ,
ਬਿਗਲ ਆਜ਼ਾਦੀ ਦਾ ਵਜਾਇਆ ਇਕ ਸਾਰ ਸੀ।

ਦੋ ਸੌ ਸਾਲਾ ਜਨਮ ਦਿਨ ਪੂਰਨ ਮਨੌਂਦੇ ਅਜ,
ਗੁਰੂ ਰਾਮ ਸਿੰਘ ਆਏ ਧੁਰੋਂ ਅਵਤਾਰ ਜੀ।

ਗੁਰਮਤਿ ਅਨੰਦ ਵਿਆਹ ਦੀ ਆਰੰਭਤਾ



✍ ਦੇਵਿੰਦਰ ਸਿੰਘ ਗਿਲ ਜੀਆ ਨੱਥਾ

ਸਤਿਗੁਰੂ ਜੀ ਤੋਂ ਬਿਨਾਂ ਦੇਸ਼ ਵਾਸੀਆਂ ਦਾ ਦਰਦ ਵੰਡਾਉਣ ਵਾਲਾ ਹੋਰ ਕੋਈ ਨਹੀਂ ਸੀ। ਉਹਨਾਂ ਨੇ ਦੇਸ ਵਾਸੀਆਂ ਨੂੰ ਜਗਾਉਣ ਲਈ ਇਕ ਹੰਭਲਾ ਮਾਰਿਆ ਅਤੇ 1857 ਈਸਵੀ ਦੀ ਵਿਸਾਖੀ ਨੂੰ ਸੰਤ ਖਾਲਸਾ ਪ੍ਰਗਟ ਕਰਕੇ ਪੰਜਾਬੀਆਂ ਦੀ ਕਾਇਆ ਕਲਪ ਕਰ ਦਿੱਤੀ।

ਗੁਰਮਤਿ ਅਨੰਦ ਵਿਆਹ ਭਾਵ ਅਨੰਦ ਕਾਰਜ, ਸਿਖ ਜਗਤ ਵਿਚ ਪੂਰਨ ਮਰਯਾਦਾ ਨਾਲ ਕਦੋਂ ਆਰੰਭ ਹੋਏ ? ਇਸ ਬਾਰੇ ਅਸੀਂ ਇਤਿਹਾਸਕ ਪ੍ਰਮਾਣਾਂ ਅਤੇ ਵੇਰਵਿਆਂ ਨਾਲ ਇਸ ਲੇਖ ਵਿਚ ਵਿਚਾਰ ਕਰਾਂਗੇ ? ਦੋ ਰੂਹਾਂ ਦੇ ਮਿਲਣ ਅਰਥਾਤ ਪੁਰਸ਼ ਅਤੇ ਇਸਤਰੀ ਨੂੰ ਸਾਕ ਸੰਬੰਧੀਆਂ ਦੇ ਇਕੱਠ ਸਾਹਮਣੇ ਇਕ ਮਰਯਾਦਾ ਅਨੁਸਾਰ ਪਤੀ ਪਤਨੀ ਸਮਝ ਲੈਣ ਨੂੰ ਸੰਜੋਗ ਆਨੰਦ ਅਥਵਾ ਵਿਆਹ ਆਖਿਆ ਜਾਂਦਾ ਹੈ।

ਸਿੱਖ ਇਤਿਹਾਸ ਤੇ ਗੁਰਮਤਿ ਇਤਿਹਾਸ ਵਿਚ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਰਾਗ ਸੂਹੀ ਵਿਚ ਲਾਵਾਂ ਦਾ ਪਾਠ ਅਵਸ਼ ਰਚਿਆ ਪ੍ਰੰਤੂ ਉਸਨੂੰ ਵਿਆਹ ਦੀ ਰਸਮ ਵਜੋਂ ਸਮਾਜਿਕ ਤੌਰ ਤੇ ਪ੍ਰਚਲਤ ਨਹੀਂ ਕੀਤਾ। ਦਸ ਗੁਰੂ ਸਾਹਿਬਾਨ ਦੇ ਸਮੇਂ ਨਾਂ ਤਾਂ ਗੁਰਮਤਿ ਅਨੁਸਾਰ ਕਿਸੇ ਗੁਰੂ ਜੀ ਜਾਂ ਕਿਸੇ ਸਿਖ ਦੇ ਅਨੰਦ ਕਾਰਜ ਹੋਏ ਅਤੇ ਨਾਂ ਹੀ ਇਸ ਦੀ ਕਿਸੇ ਨੂੰ ਲੋੜ ਮਹਿਸੂਸ ਹੋਈ। ਸਿਖ ਸਮਾਜ ਵਿਚ ਬ੍ਰਾਹਮਣਾਂ ਪਰੋਹਿਤਾਂ ਦਾ ਬੋਲ ਬਾਲਾ ਰਿਹਾ। ਸਿਖ ਦੇ ਹਰ ਖੁਸ਼ੀ ਗਮੀ ਦੇ ਮੌਕੇ ਤੇ ਸਾਰੀਆਂ ਰਸਮਾਂ ਬ੍ਰਾਹਮਣ ਹੀ ਨਿਭਾਉਂਦੇ ਸਨ। ਉਦਾਹਰਨ ਵਜੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਦੂਜੀ ਸ਼ਾਦੀ ਸਮੇਂ ਬ੍ਰਾਹਮਣਾ ਨੇ ਪੂਰਾ ਰੋਲ ਨਿਭਾਇਆ ਸੀ ਅਤੇ ਜੋ ਜੋ ਰਸਮਾਂ ਪਰੋਹਿਤਾ ਨੇ ਦਸੀਆਂ ਸਨ, ਉਹਨਾਂ ਦਾ ਨਿਭਾਅ ਗੁਰੂ ਘਰ ਵਲੋਂ ਕੀਤਾ ਗਿਆ। ਭਾਈ ਸੰਤੋਖ ਸਿੰਘ ਗਰੰਥ 'ਸ੍ਰੀ ਗੁਰੂ ਪ੍ਰਤਾਪ ਸੂਰਜ' ਦੀ ਰਾਸ 5 ਅੰਸੂ 53 ਪੰਨਾ 2720 ਤੇ ਇਸ ਪ੍ਰਕਾਰ ਲਿਖਦੇ ਹਨ :

ਦੋਹਰਾ।।

ਕਰੇ ਸਗੁਨ ਸਭਿ ਬਯਾਹ ਕੇ ਜੋਤ੍ਰਿਕ ਬਿੱਪ੍ਰ ਬਤਾਇ।।
ਸ੍ਰੀ ਗੁਰੂ ਹਰਗੋਬਿੰਦ ਜੀ ਦੂਲਹੁ ਰਹੇ ਸੁਹਾਇ।।।।
ਚੌਪਈ।। ਸਜੀ ਬਰਾਤਿ ਜਿਤਿਕ ਸਿਖ ਸੰਗ।।
ਚਲੇ ਕੁਦਾਵਤਿ ਚਪਲ ਤੁਰੰਗ।।

ਪਹੁੰਚੇ ਤਬਹਿ ਜਾਇ ਮੰਡਯਾਲੀ।।
ਦੇਖਿ ਖੁਸ਼ੀ ਤਿਨ ਕੀਨਿ ਬਿਯਾਲੀ।।2।।

ਇਹੋ ਕੁਝ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਹੁੰਦਾ ਰਿਹਾ। ਖਾਲਸਾ ਪੰਥ ਦੀ ਸਾਜਨਾ ਕਰਨ ਵਾਲੇ ਦਸਮ ਪਾਤਸ਼ਾਹ ਜੀ ਦਾ ਵਿਆਹ ਵੀ ਸਨਾਤਨ ਵਿਆਹ ਪੱਧਤੀ ਅਨੁਸਾਰ ਹੋਇਆ ਸੀ। ਸ੍ਰੀ ਗੁਰੂ ਪ੍ਰਤਾਪ ਸੂਰਜ ਗਰੰਥ ਵਿਚ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ :

ਜਹਿ ਸੁੰਦਰ ਬੇਦੀ ਰਚ ਰਾਖੀ।
ਮਨ ਨਰ ਨਾਰ ਬਿਲੋਕਨ ਕਾਖੀ।
ਸਾਦਰ ਸਗਰੇ ਕੀਨ ਬਿਰਾਵਣ।
ਬਿਪ੍ਰ ਉਚਾਰਤ ਮੰਤ੍ਰਨ ਪਾਵਨ।
ਪੂਜਤ ਨਵ ਗ੍ਰਿਹਿ ਗਣਪਤਿ ਪਾਸ।
ਕਹਹਿ ਕਿਰਤ ਠਾਨਹਿ ਗੁਰ ਨਾਥ।
ਪੁਨ ਬੇਦੀ ਮਹਿ ਰਾਖ ਹੁਤਾਸਨ।
ਡਾਰਤ ਸਰਪੀ ਕੀਨ ਪ੍ਰਕਾਸ਼ਨ।
ਤਬ ਦੁਲਹਨਿ ਲੇ ਨਿਕਟ ਬਿਠਾਈ।
ਜਥਾ ਜੋਗ ਸਭ ਬਿਧਿ ਕਰਵਾਈ।
ਬਾਰ ਬਾਰ ਫੇਰਨ ਸੰਗ ਫੇਰੇ।
ਪਾਨ ਗ੍ਰਹਿਨ ਕੀਨੋ ਤਿਸ ਬੇਰੇ।

ਪਰ ਸਤਿਗੁਰੁ ਸਾਹਿਬਾਨ ਨੇ ਬਹੁਤ ਸਾਰੀਆਂ ਰੂੜੀਵਾਦੀ ਰੀਤਾਂ ਦਾ ਜਿਵੇਂ ਜਨੇਊ ਪਾਉਣਾ, ਭਦੱਣ ਕਰਨਾ, ਸਤੀ ਪ੍ਰਥਾ ਨੂੰ ਮੰਨਣਾ ਤੇ ਮਾਸ਼ ਸ਼ਰਾਬ ਦਾ ਖੰਡਨ ਕੀਤਾ ਸੀ। ਦਸਮ ਪਾਤਸ਼ਾਹ ਪਿਛੋਂ ਸਿੱਖ ਆਪਣਾ ਇਤਿਹਾਸ ਵੀ ਭੁੱਲ ਗਏ ਸਨ। ਹਿੰਦੂਆਂ ਅਤੇ ਸਨਾਤਮ ਧਰਮੀਆਂ ਅਗੇ ਗੋਡੇ ਟੇਕ ਚੁਕੇ ਸਨ। ਗੁਰੂ ਸਾਹਿਬਾਨ ਨੇ ਜਿਹੜੀਆਂ ਸਮਾਜਿਕ ਤੇ ਧਾਰਮਿਕ ਕੁਰੀਤੀਆਂ ਅਤੇ ਰਸਮਾਂ ਦਾ ਖੰਡਨ ਕੀਤਾ ਸੀ ਉਹਨਾਂ ਨੂੰ ਸਿੱਖ ਭੁਲ ਗਏ ਸਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅਤੇ ਪੰਜਾਬ ਦਾ ਅੰਗਰੇਜ਼ ਦੀ ਬੁਕਲ ਵਿਚ ਜਾਣ ਤਕ ਸਿੱਖਾਂ ਵਿਚ ਬਹੁਤ ਅਧੋਗਤੀ ਆ ਚੁਕੀ ਸੀ ਅਤੇ ਸਿਖਾਂ ਦੀ ਜਨਗਣਨਾ ਵਿਚ ਘਾਟ ਆ ਗਈ। ਇਕ ਅਨੁਮਾਨ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿਖਾਂ ਦੀ ਗਿਣਤੀ ਇਕ ਕਰੋੜ ਦੇ ਲਗਭਗ ਸੀ ਜੋ ਘਟ ਕੇ 1881 ਈ. ਵਿਚ 18,53,429 ਰਹਿ ਗਈ ਸੀ।1

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਤੋਂ ਹੀ ਰਾਜ ਦਰਬਾਰ ਤੋਂ ਲੈਕੇ ਆਮ ਜਨਤਾ ਤਕ ਹਰ ਖੁਸ਼ੀ ਗਮੀ ਦੇ ਮੌਕੇ ਬ੍ਰਾਹਮਣਾਂ ਦੀ ਪ੍ਰਧਾਨਤਾ ਹੀ ਸੀ ਅਤੇ ਉਹ ਅਨਪੜ ਲੋਕਾਈ ਨੂੰ ਦਿਨ ਦਿਹਾੜੇ ਲੁਟ ਰਹੇ ਸਨ। ਗਿਆਨੀ ਗਿਆਨ ਸਿੰਘ ਜੀ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਨਿਰਮਲੇ ਵਿਦਵਾਨ, ਇਤਿਹਾਸਕਾਰ ਤੇ ਕਵੀ ਸਨ ਉਹ ਆਪਣੇ ਗਰੰਥ 'ਸ੍ਰੀ ਭੂਪੇਂਦ੍ਰਾ ਨੰਦ' ਵਿਚ ਉਸ ਸਮੇਂ ਦੇ ਸਿਖਾਂ ਦੀ ਗਿਰਾਵਟ ਅਤੇ ਬ੍ਰਾਹਮਣਾਂ ਦੀ ਪ੍ਰਧਾਨਤਾ ਬਾਰੇ ਇਸ ਪ੍ਰਕਾਰ ਲਿਖਦੇ ਹਨ :2

ਪਾਨ ਹਕੂਮਤ
ਮਦਿਰਾ ਕਰਕੈ।।
ਇੰਦ੍ਰੀ ਰਸਮੈ
ਅਧਿਕੈ ਗਰਕੈ।।
ਪਾਇ ਦਾਇ ਨਿਜ ਸਮਾਂ ਨਿਹਾਰ।।
ਚਲਨ ਸਿੰਘਨ ਦਾ ਦੇਖ ਖੁਆਰ।।
ਸੇਵਕ ਹੋਏ ਓਹੋ ਹਿੰਦੂ।।
ਲੈਂਨ ਚਹਿਤ ਜੋ ਸਿਖਨ ਜਿੰਦੂ।।
ਸਿੱਖ ਸ੍ਰਦਾਰਨ ਰਾਜਨ ਕੇਰੇ।।
ਭਏ ਮੁਸਾਹਿਬ ਲੈ ਕਾਮ ਕਾਜ ਮੈਂ।।
ਦਖਲ ਸਿੰਘਨ ਕੇ ਪਾ ਮਿਜਾਜ਼ ਮੈਂ।।
ਮੁਖਤਾਰੀ ਲੈ ਕਾਮ ਕਾਜ ਮੈਂ।।
ਮਹਿਮਾਂ ਹਿੰਦੂ ਸ਼ਰਾ ਕੀ ਗਾਕੈ।।
ਭਰਮਾਏ ਸਿਖ ਬਾਤਾਂ ਲਾ ਕੈ।।
ਸਿੱਖਨੀਆਂ ਕੋ ਬਿੱਪ੍ਰਨੀਆਂ ਨੈ।
ਭਰਮਾ ਲੀਨੋਂ ਛਿਪ੍ਰਨੀਆਂ ਨੈ।।
ਜਮਣੇਂ ਪਰਨੇਂ ਮਰਨੇਂ ਕੇਰੇ।।
ਭਾਵਤ ਕਾਜ ਕਰਾਇ ਬਧੇਰੇ।।
ਹਿੰਦੂ ਸ਼ਰਾ ਕੇ ਪਾਕੇ ਰੱਸੇ।।
ਨਿਜ ਬਸਿ ਕਰੇ ਸਿੱਖ ਅਸ ਕੱਸੇ।।
ਜਿੱਧਰ ਲਾਏ ਓਧਰ ਲੱਗੇ।।
ਬਨਿਸੇ ਐਨ ਬਿੱਪ੍ਰੀ ਢੱਗੇ।।
ਨਿਯਮ ਠੀਕ ਏਹੀ ਜਗ ਮੈਂ ਹੈ।।
ਸੰਗਤ ਕਾ ਫਲ ਬਲ ਕਰਜੈ ਹੈ।।
ਬਿੱਪ੍ਰ ਜਾਤਿ ਜਮਾਨੇ ਸਾਜ।।
ਲੀਨੋਂ ਸਿੰਘ ਪਰੇਰ ਦਰਾਜ।।
ਬੇਟੀ ਬੇਟੀ ਕੇ ਤਬ ਫੇਰੇ।।
ਲਗੇ ਦਿਵਾਵਨ ਚਾਵਨ ਝੇਰੇ।।
ਗੁਰ ਰੀਤੀ ਬਿਪ੍ਰੈ ਭਜਵਾਈ।।
ਫੇਰੇ ਦੇਵਨ ਲਗੇ ਸੁਦਾਈ।।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖਾਲਸਾ ਰਾਜ ਕਿਹਾ ਜਾਂਦਾ ਹੈ ਪ੍ਰੰਤੂ ਉਸ ਰਾਜ ਵਿਚ ਖਾਲਸਿਆਂ ਵਾਲਾ ਕੋਈ ਕਾਰਜ ਨਾ ਹੋਇਆ, ਸਗੋਂ ਸਦੀਆਂ ਤੋਂ ਚਲੀ ਆ ਰਹੀ ਬ੍ਰਾਹਮਣਾਂ ਦੀ ਪ੍ਰਭੂਸਤਾ ਹੋਰ ਜ਼ਿਆਦਾ ਸਿੱਖਾਂ ਵਿਚ ਘਰ ਕਰ ਗਈ। ਸਤਿਗੁਰੂ ਰਾਮ ਸਿੰਘ ਜੀ ਨੇ ਸਿਖਾਂ ਦੀ ਉਸ ਦਰਦਨਾਕ ਹਾਲਤ ਨੂੰ ਦੇਖਿਆ ਤੇ ਮਹਿਸੂਸ ਕੀਤਾ। ਉਸ ਸਮੇਂ ਸਤਿਗੁਰੂ ਜੀ ਤੋਂ ਬਿਨਾਂ ਦੇਸ਼ ਵਾਸੀਆਂ ਦਾ ਦਰਦ ਵੰਡਾਉਣ ਵਾਲਾ ਹੋਰ ਕੋਈ ਨਹੀਂ ਸੀ। ਉਹਨਾਂ ਨੇ ਦੇਸ ਵਾਸੀਆਂ ਨੂੰ ਜਗਾਉਣ ਲਈ ਇਕ ਹੰਭਲਾ ਮਾਰਿਆ ਅਤੇ 1857 ਈਸਵੀ ਦੀ ਵਿਸਾਖੀ ਨੂੰ ਸੰਤ ਖਾਲਸਾ ਨੂੰ ਪ੍ਰਗਟ ਕਰਕੇ ਪੰਜਾਬੀਆਂ ਦੀ ਕਾਇਆ ਕਲਪ ਕਰ ਦਿੱਤੀ। ਸਿੱਖਾਂ ਨੂੰ ਜਿਉਣ ਦੀ ਜੁਗਤ ਦੱਸੀ ਅਤੇ ਉਹਨਾਂ ਨੂੰ ਗੁਰਬਾਣੀ ਅਤੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਤੇ ਚਲਣ ਅਤੇ ਉਹਨਾਂ ਨੂੰ ਅਮਲੀ ਜਾਮਾ ਪਹਿਨਾਉਣ ਦਾ ਸੰਦੇਸ਼ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿਖਿਆਵਾਂ ਨੇ ਲੋਕਾਈ ਤੇ ਜਾਦੂਮਈ ਅਸਰ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆ ਬੀੜਾਂ ਜੋ ਆਲਿਆਂ ਵਿਚ ਚੂਹਿਆਂ ਅਤੇ ਸਿਊਂਕ ਦਾ ਖਾਣਾ ਬਣ ਰਹੀਆਂ ਸਨ ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਬੀੜਾਂ ਨੂੰ ਬਾਹਰ ਕਢ ਕੇ ਉਹਨਾਂ ਦਾ ਪ੍ਰਕਾਸ਼ ਕਰਵਾਉਣਾ ਸ਼ੁਰੂ ਕੀਤਾ ਅਤੇ ਉਹਨਾਂ ਦੇ ਅਦਰ ਸਤਿਕਾਰ ਦੀ ਮਰਯਾਦਾ ਲੋਕਾਈ ਵਿਚ ਬਹਾਲ ਕੀਤੀ। ਇਸ ਪ੍ਰਕਾਰ ਕੁਝ ਸਮੇਂ ਵਿਚ ਹੀ ਸਤਿਗੁਰਾਂ ਦੇ ਜਤਨਾਂ ਸਦਕਾ ਦੇਸ਼ ਵਿਚ ਸਤਿਜੁਗ ਦਾ ਪਹਿਰਾ ਹੋ ਗਿਆ ਅਤੇ ਲੋਕਾਈ ਵਿਚ ਮਨਮੱਤ ਦੂਰ ਹੋਣ ਲੱਗੀ।

ਅਨੰਦ ਮਰਯਾਦਾ ਦੀ ਪ੍ਰਾਰੰਭਤਾ 3 ਜੂਨ 1863 ਈਸਵੀ :

ਸਦੀਆਂ ਤੋਂ ਲਤਾੜੀ ਹੋਈ ਇਸਤਰੀ ਵਰਗ ਨੂੰ ਸਤਿਗੁਰੂ ਜੀ ਸਮਾਜ ਵਿਚ ਆਦਰਯੋਗ ਸਥਾਨ ਬਖਸ਼ਣਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਬੀਬੀਆਂ ਨੂੰ ਖੰਡੇ ਬਾਟੇ ਦੀ ਦਾਤ ਬਖਸ਼ੀ ਅਤੇ ਫਿਰ ਅਨੰਦ ਦੀ ਰੀਤੀ ਜਿਸਨੂੰ ਬ੍ਰਾਹਮਣ ਪੰਡਤ ਲੋਕ ਵੇਦ ਰੀਤੀ ਨਾਲ ਨਿਭਾਉਂਦੇ ਸਨ, ਨੂੰ ਬੰਦ ਕਰਕੇ ਸਤਿਗੁਰੂ ਜੀ ਨੇ ਗੁਰਮਤਿ ਅਨੁਸਾਰ ਸਿੱਖ ਸਮਾਜ ਵਿਚ ਪ੍ਰਚਲਤ ਕੀਤੀ। ਜੋ ਅਨੰਦ ਮਰਯਾਦਾ ਦੀ ਰੀਤ ਕਹਿਲਾਈ।

ਸਤਿਗੁਰੂ ਜੀ ਨੇ 1863 ਈਸਵੀ ਦਾ ਵਿਸਾਖੀ ਦਾ ਪੁਰਬ ਅੰਮ੍ਰਿਤਸਰ ਮਨਾਇਆ, ਉਥੇ ਹੀ ਉਹਨਾਂ ਨੇ ਮੁਖੀ ਸਿੰਘਾਂ ਨਾਲ ਅਨੰਦ ਮਰਯਾਦਾ ਨੂੰ ਸਿੱਖ ਸਮਾਜ ਵਿਚ ਆਰੰਭ ਕਰਨ ਲਈ ਵਿਚਾਰ ਕੀਤੀ। ਉਸ ਪੁਰਬ ਦੇ ਬਾਬਾ ਜਵਾਹਰ ਸਿੰਘ, ਪੰਡਿਤ ਨਰੈਣ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਕਾਨ੍ਹ ਸਿੰਘ ਅਤੇ ਬਾਬਾ ਸੁਧ ਸਿੰਘ ਆਦਿ ਵੀ ਅੰਮ੍ਰਿਤਸਰ ਪਹੁੰਚੇ ਹੋਏ ਸਨ। 3 ਉਥੋਂ ਵਾਪਿਸ ਆਉਂਦੇ ਸਮੇਂ ਸੰਗਤ ਸਮੇਤ ਜਦੋਂ ਸਤਿਗੁਰੂ ਜੀ ਕਰਤਾਰਪੁਰ ਪਹੁੰਚੇ ਤਾਂ ਜੋਗਾ ਸਿੰਘ ਧੂੜਕੋਟ ਵਾਲੇ ਨੇ ਸਤਿਗੁਰੂ ਜੀ ਅਗੇ ਅਰਜ਼ਾ ਕੀਤੀਆਂ ਕਿ ਮੇਰੀ ਲੜਕੀ ਦਾ ਅਨੰਦ ਪੜਾਇ ਦਿਓ ਆਪ ਕੀ ਰੀਤੀ ਅਨੁਸਾਰ। ਸਤਿਗੁਰੂ ਜੀ ਨੇ ਅਰਦਾਸ ਕਰ ਦਿੱਤਾ ਅਤੇ ਅਨੰਦ ਪੜੌਣ ਦਾ ਦਿਨ ਪੱਕਾ ਕਰ ਦਿੱਤਾ।4

ਅਨੰਦ ਵਿਵਾਹ ਦੀ ਮਰਯਾਦਾ ਸ਼ੁਰੂ ਕਰਨ ਲਈ ਸਤਿਗੁਰੂ ਜੀ ਨੇ ਸੰਗਤ ਸਮੇਤ ਜੋਗਾ ਸਿੰਘ ਦੇ ਘਰ ਧੂੜਕੋਟ 2 ਜੂਨ 1863 ਈ. ਨੂੰ ਪਹੁੰਚੇ ਅਤੇ ਇਕ ਅਖੰਡ ਪਾਠ ਦਾ ਭੋਗ ਪਾਇਆ ਗਿਆ। ਪਿੰਡ ਵਿਚ ਇਕੋ ਇਕ ਜੋਗਾ ਸਿੰਘ ਦਾ ਘਰ ਹੀ ਨਾਮਧਾਰੀਆਂ ਦਾ ਸੀ, ਜਿਥੇ ਪੰਡਤਾਂ ਜਾਂ ਹੋਰ ਸਨਾਤਨ ਮਰਿਯਾਦਾ ਦੇ ਧਾਰਨੀਆਂ ਵਲੋਂ ਨਵੀਂ ਸ਼ੁਰੂ ਕੀਤੀ ਮਰਯਾਦਾ ਦਾ ਵਿਰੋਧ ਹੋ ਸਕਦਾ ਸੀ। ਸੋ ਕਾਫੀ ਸੋਚ ਵਿਚਾਰ ਕਰਕੇ ਸਤਿਗੁਰਾਂ ਨੇ ਅਗਲਾ ਦਿਨ 3 ਜੂਨ ਉਸ ਮਰਯਾਦਾ ਨੂੰ ਸ਼ੁਰੂ ਕਰਨ ਲਈ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ (ਹੁਣ ਮੋਗਾ) ਨੂੰ ਚੁਣਿਆ ਗਿਆ। ਕਿਉਂਕਿ ਉਥੇ ਨਾਮਧਾਰੀਆਂ ਦੇ ਕਾਫੀ ਘਰ ਸਨ ਜੋ ਹਰ ਤਰ੍ਹਾਂ ਦੀ ਬਿਪਤਾ ਨੂੰ ਆਪਣੇ ਅਸਰ ਰਸੂਖ ਨਾਲ ਟਾਲ ਸਕਦੇ ਸਨ।

2 ਜੂਨ ਨੂੰ ਹੀ ਦੂਰ ਦੁਰਾਡੇ ਤੋਂ ਸੰਗਤਾਂ ਪਿੰਡ ਖੋਟੇ ਆਉਣੀਆਂ ਸ਼ੁਰੂ ਹੋ ਗਈਆਂ ਸਨ। ਗੁਰੂ ਕਾ ਲੰਗਰ ਅਤੁਟ ਵਰਤ ਰਿਹਾ ਸੀ। ਬਾਬਾ ਸਮੁੰਦਰ ਸਿੰਘ ਖੋਟੇ ਪਿੰਡ ਵਾਲਿਆਂ ਦੀ ਪੁੱਤਰੀ ਅਤੇ ਪੋਤਰੀ ਦਾ ਨਵੀਂ ਰੀਤ ਅਨੁਸਾਰ ਅਨੰਦ ਹੋਣਾ ਸੀ ਅਤੇ ਇਸਦੇ ਨਾਲ ਚਾਰ ਹੋਰ ਸੁਭਾਗੇ ਜੋੜਿਆਂ ਦੇ ਅਨੰਦ ਕਾਰਜ ਵਿਆਹ ਹੋਏ ਸਨ। 3 ਜੂਨ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸਤਿਗੁਰਾਂ ਦੀ ਹਜ਼ੂਰੀ ਵਿਚ ਹੋਇਆ ਫਿਰ ਅੰਮ੍ਰਿਤ ਤਿਆਰ ਕਰਕੇ ਛੇ ਜੋੜਿਆਂ ਨੂੰ ਛਕਾਇਆ ਗਿਆ ਅਤੇ ਬਿਨਾਂ ਕਿਸੇ ਦਾਜ ਦਹੇਜ ਦੇ, ਬਿਨਾਂ ਕਿਸੇ ਪੰਡਤ ਪਰੋਹਤ ਦੇ ਸੰਗਤ ਦੀ ਹਾਜ਼ਰੀ ਵਿਚ ਪਹਿਲੀ ਵਾਰ ਹਵਨ ਕਰਕੇ ਗੁਰਮਤਿ ਅਨੁਸਾਰ ਦੇਵੀ ਗੱਡ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਤੋਂ ਰਾਗ ਸੂਹੀ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਰਚਿਤ ਲਾਵਾਂ ਦਾ ਪਾਠ ਕਰਕੇ ਫਿਰ ਅਨੰਦ ਸਾਹਿਬ ਬਾਣੀ ਦਾ ਪਾਠ ਕਰਕੇ ਅਰਦਾਸ ਕੀਤੀ ਗਈ।

ਸੰਤ ਸੰਤੋਖ ਸਿੰਘ ਰਚਿਤ ਸਤਿਗੁਰੂ ਬਿਲਾਸ ਦੀ ਗਵਾਹੀ :

"ਧੂੜਕੋਟ ਸੇ ਸੰਮਤ 1920 ਬਿਕਰਮੀ ਮਹੀਨਾ ਜੇਠ ਸ਼ਬਦ ਪੜਦੇ ਖੋਟੀ ਆਇ ਪਹੁੰਚੇ ਸ੍ਰੀ ਸਤਿਗੁਰੂ ਜੀ। ਦੁਨੀਆਂ ਦਰਸ਼ਨਾਂ ਕੋ ਆਉਂਦੀ ਹੈ। ਕੈਂਹਦੇ ਹੈ ਇਹ ਕੂਕਿਆਂ ਦਾ ਗੁਰੂ ਹੈ। ਅੰਤਰਯਾਮੀ ਅਕਾਲ ਪੁਰਖ ਜੀ ਆਪ ਮਨੁਖਾ ਸਰੀਰ ਧਾਰਿਆ ਹੈ ਇਸ ਸੰਸਾਰ ਕਾ ਉਧਾਰ ਕਰਨ ਕੇ ਵਾਸਤੇ।

ਛੇ ਅਨੰਦ ਪੜਾਏ। ਏਕ ਅਨੰਦ ਪੜਾਇਆ ਤਰਖਾਨ ਸਿੰਘ ਕੀ ਲੜਕੀ, ਅਰੋੜਿਆਂ ਸਿੰਘਾਂ ਕਾ ਲੜਕਾ। ਦੀਨ ਦਿਆਲ ਜੀ ਬਚਨ ਕੀਤਾ ਪਹਿਲੇ ਮੈਂ ਆਪਣੇ ਘਰ ਸੇ ਰੀਤ ਤੋਰੀ ਹੈ, ਸਰਬ

ਨਾਮਧਾਰੀ ਅਨੰਦ ਮਰਯਾਦਾ ਦਾ ਮੁਢ ਬਾਬਾ ਰਾਮ ਸਿੰਘ ਜੀ ਨੇ 4 ਜੂਨ 1863 ਵਿਚ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ ਵਿੱਚ ਬੱਧਾ। ਵਿਸਾਖੀ ਦੇ ਮੌਕੇ ਤੇ ਸ੍ਰੀ ਅੰਮ੍ਰਿਤਸਰ, ਦੂਰ ਨੇੜੇ ਤੋਂ ਬਹੁਤ ਸਾਰੀ ਨਾਮਧਾਰੀ ਸੰਗਤ ਇਕਠੀ ਹੋਈ ਸੀ। ਬਾਬਾ ਜੀ ਨੇ ਪ੍ਰੇਰਨਾ ਕੀਤੀ ਕਿ ਉਹ ਆਪਣੇ ਬੱਚੇ ਬੱਚੀਆਂ ਦੇ ਅਨੰਦ ਕਾਰਜ ਪੂਰਨ ਮਰਯਾਦਾ ਅਨੁਸਾਰ ਕਰਿਆ ਕਰਨ।

ਖਾਲਸੇ ਨੂੰ ਕਰਨੀ ਬਣੇਗੀ। ਕਈਆਂ ਸਿੰਘਾਂ ਨੇ ਅਰਜ਼ਾਂ ਕੀਤੀਆਂ ਜੀ ਸਾਡੀਆਂ ਲੜਕੀਆਂ ਕੇ ਅਨੰਦ ਆਪ ਕੇ ਹਜ਼ੂਰ ਪੜੇ ਜਾਵਣ ਤਾਂ ਅਸੀਂ ਪ੍ਰਸੰਨ ਹੈਂ।

ਖੋਟੀਂ ਸਾਰੇ ਪਿੰਡ ਮੇਂ ਏਹੀ ਬਾਤਾਂ ਹੋਵਨ ਅਨੰਦ ਕੀਆ ਕਿ ਨਵੀ ਰੀਤੀ ਤੋਰੀ ਹੈ ਅਤੇ ਬ੍ਰਾਹਮਣਾ ਕੋ ਮੰਨਣਾ ਭੀ ਛੋਡ ਦੀਆ ਹੈ। ਦੇਖੋ ਕੈਸਾ ਅਚਰਜ ਪੰਥ ਪੈਦਾ ਹੋਇਆ ਹੈ। ਅਗੇ ਚਾਰ ਜੁਗਾਂ ਮੈਂ ਬੇਦਾਂ ਕੋ ਮੰਨਦੇ ਆਏ ਹੈਂ, ਏਸ ਗੁਰੂ ਨੇ ਨਿਆਰਾ ਹੀ ਪੰਥ ਤੋਰਿਆ ਹੈ।"

ਇਹ ਨਵੀਂ ਮਰਯਾਦਾ ਦੀ ਆਰੰਭਤਾ ਹਾੜ ਵਦੀ ਦੂਜ ਸੰਮਤ 1920 ਬਿ. 3 ਜੂਨ 1863 ਈ. ਨੂੰ ਹੋਈ ਸੀ।

ਹੁਣ ਪਿੰਡ ਖੋਟੇ ਦੇ ਬ੍ਰਾਹਮਣਾਂ ਨੇ ਜਦੋਂ ਕੋਈ ਚਾਰਾ ਚਲਦਾ ਨਾ ਦੇਖਿਆ ਤਾਂ ਉਹਨਾਂ ਨੇ ਇਕਠੇ ਹੋ ਕੇ ਸਤਿਗੁਰਾਂ ਅਤੇ ਨਾਮਧਾਰੀਆਂ ਦੇ ਖਿਲਾਫ਼ ਸਰਕਾਰ ਕੋਲ ਅਰਜ਼ ਪਾਈ ਕਿ ਨਾਮਧਾਰੀਆਂ ਨੇ ਸਾਡੀ ਰੋਟੀ ਰੋਜ਼ੀ ਖੋਹ ਲਈ ਹੈ। ਫਰੰਗੀ ਸਰਕਾਰ ਨੇ ਸਤਿਗੁਰੂ ਜੀ ਨੂੰ ਬਾਘੇ ਪੁਰਾਣੇ ਦੇ ਥਾਣੇ ਬੁਲਾਇਆ ਤਾਂ ਸਤਿਗੁਰੂ ਜੀ ਥਾਣੇ ਵਿਚ ਗਏ। ਸਤਿਗੁਰੂ ਬਿਲਾਸ (ਪਹਿਲਾ ਹਿੱਸਾ) ਵਿਚ ਸੰਤ ਸੰਤੋਖ ਸਿੰਘ ਜੀ ਲਿਖਦੇ ਹਨ :

ਸ੍ਰੀ ਸਤਿਗੁਰੂ ਜੀ ਤੁਰ ਪਏ। ਅਤੇ ਮੈਂ ਜੋਗਾ ਸਿੰਘ ਨੂੰ ਕਹਾ ਕਿ ਤੂੰ ਕਹਿਣਾ ਕਿ ਮੈਂ ਸੱਦੇ ਹੈਂ। ਖੋਟਿਆਂ ਵਾਲੇ ਕੋ ਕਹਾ ਕਿ ਤੂੰ ਕਹਿ ਦੇਵੀ ਕਿ ਜੋਗਾ ਸਿੰਘ ਕੋ ਦੇਖ ਕੇ ਮੈਂ ਬੀ ਅਨੰਦ ਪੜ੍ਹਾਇਆ ਹੈ। ਬਾਘੇ ਪੁਰਾਣੇ ਵਾਲੇ ਫਰੰਗੀ ਨੇ ਜੋਗਾ ਸਿੰਘ ਕੋ ਕਹਾ ਕਿ ਤੁਸੀਂ ਏਨ੍ਹਾਂ (ਸਤਿਗੁਰਾਂ) ਨੂੰ ਮੰਨੋ ਅਤੇ ਬ੍ਰਾਹਮਣਾ ਨੂੰ ਵੀ ਕੁਝ ਦੇਵੋ। ਜੋਗਾ ਸਿੰਘ ਨੇ ਕਹਾ ਕਿ ਪਾਂਚ ਘੁਮਾਂ ਮੇਰੀ ਜ਼ਮੀਨ ਹੈ ਉਸਕਾ ਤੁਸੀਂ ਮਾਮਲਾ ਛੱਡ ਦਿਓ ਤਾਂ ਮੈਂ ਬ੍ਰਾਹਮਣਾ ਨੂੰ ਦੇ ਦੇਂਦਾ ਹਾਂ। ਫਰੰਗੀ ਨੇ ਕਹਾ ਅਛਾ ਮੈਂ ਖਾਣਾ ਖਾ ਆਵਾਂ। ਵਾਪਿਸ ਆਇਕੇ ਫਰੰਗੀ ਨੇ ਬ੍ਰਾਹਮਣਾ ਕੋ ਕਹਾ ਕਿ ਲਿਆਓ ਵਹੀ ਜੇਹੜੀ ਪਰ ਤੁਮਾਰ੍ਹਾ ਲੈਣਾ ਲਿਖਾ ਹੈ। ਬ੍ਰਾਹਮਣ ਬੋਲੇ ਵਹੀ ਤਾ ਨਹੀਂ ਹੈ, ਸਾਡਾ ਤਾਂ ਪੁੰਨ ਹੀ ਹੈ। ਉਸੀ ਵਕਤ ਫਰੰਗੀ ਨੇ ਕਹਾ ਪੁੰਨ ਅਦਾਲਤ ਮੇਂ ਨਹੀਂ ਲਿਖਾ ਹੈ। ਕੋਈ ਪਾਂਚ ਸੌ ਲਵੇ ਕੋਈ ਨਾ ਲਵੇ। ਕੋਈ ਅਨੰਦ ਪੜ੍ਹਾਏ, ਕੋਈ ਵਿਆਹ ਕਰੇ, ਚਾਹੇ ਆਪਣੀ ਮਰਜੀ ਸੇ ਕੁਛ ਕਰੇ। ਉਸੀ ਵਕਤ ਬ੍ਰਾਹਮਣਾ ਕੋ ਕਹਾ ਕਿ ਜਾਓ ਅਰਜੀ ਖਾਰਜ। ਜੋਗਾ ਸਿੰਘ ਨੇ ਕਹਾ ਕਿ ਸਾਡੀ ਅਦਾਲਤ ਨਹੀ ਹੋਈ ਹੈ। ਅਜ ਤਾਂ ਏਨ੍ਹਾਂ ਅਰਜੀ ਪਾਈ ਹੈ। ਖਾਲਸੇ ਕੀ ਰੀਤੀ ਅਨੰਦ ਕੀ ਹੈ ਕਿਉਂਕਿ ਖਾਲਸਾ ਜੋ ਤੀਸਰਾ ਪੰਥ ਹੈ ਸੋ ਨਿਆਰਾ ਹੀ ਹੈ। ਕਲ ਕੋ ਸਾਡੇ ਗਲੇ ਕੋਈ ਬ੍ਰਾਹਮਣ ਪੈ ਕੇ ਮਰ ਜਾਵੇਗਾ ਫੇਰ ਸਰਕਾਰ ਸਾਡੇ ਨਾਓ ਲਾਵੇਗੀ। ਫੇਰ ਸਾਨੂੰ ਨਾ ਕਹੇ ਸਰਕਾਰ। ਉਸੀ ਵਕਤ ਫਰੰਗੀ ਨੇ ਲਿਖ ਲੀਆ ਜੋ ਕੁਝ ਜੋਗਾ ਸਿੰਘ ਨੇ ਕਹਾ ਸੀ। ਕੰਮ ਫਤੇ ਹੋ ਗਿਆ। ਫਰੰਗੀ ਨੇ ਹੱਥ ਜੋੜ ਕੇ ਕਹਾ ਬਾਬਾ ਸਾਹਿਬ ਜੀ ਆਪ ਘਰ ਕੋ ਚਲੇ ਜਾਓ, ਰੌਲਾ ਬਹੁਤ ਪੈ ਗਿਆ ਹੈ। ਮੈਨੂੰ ਨਮੋਸ਼ੀ ਆਉਂਦੀ ਹੈ। ਫਰੰਗੀ ਨੇ ਥਾਣੇਦਾਰ ਕੋ ਕਹਾ ਕਿ ਬਾਬਾ ਜੀ ਕੋ ਭੈਣੀ ਸਾਹਿਬ ਛੋਡ ਆਓ। ਸਤਿਗੁਰਾਂ ਨੂੰ ਥਾਣੇ ਥਾਣੀ ਭੈਣੀ ਸਾਹਿਬ ਪਹੁੰਚਾਇ ਦੀਆ।"

ਗਿਆਨੀ ਗਿਆਨ ਸਿੰਘ ਦੀ ਗਵਾਹੀ-

ਸ਼੍ਰੋਮਣੀ ਸੰਤ ਗਿਆਨੀ ਗਿਆਨ ਸਿੰਘ ਜੀ ਪ੍ਰਸਿੱਧ ਨਿਰਮਲੇ ਵਿਦਵਾਨ ਸੰਤ ਸਨ। ਜੋ ਆਪਣੇ ਸਮੇਂ ਦੇ ਸੁਘੜ ਕਵੀ ਅਤੇ ਵਿਦਵਾਨ ਇਤਿਹਾਸਕਾਰ ਸਨ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ ਅਤੇ ਸਤਿਗੁਰਾਂ ਦੀ ਹਜ਼ੂਰੀ ਵਿਚ ਉਹ ਸ੍ਰੀ ਭੈਣੀ ਸਾਹਿਬ ਵਿਖੇ ਨਾਨਕ ਪ੍ਰਕਾਸ਼ ਗਰੰਥ ਦੀ ਕਥਾ ਕੁਝ ਸਮਾਂ ਕਰਦੇ ਰਹੇ ਸਨ। ਉਹਨਾਂ ਨੇ ਨਾਮਧਾਰੀ ਇਤਿਹਾਸ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਸੀ। ਉਹ 'ਭੁਪਿੰਦਰਾ ਨੰਦ' ਗਰੰਥ ਵਿਚ ਅਨੰਦ ਮਰਯਾਦਾ ਬਾਰੇ ਲਿਖਦੇ ਹਨ ਕਿ ਸਿੱਖ ਪੰਥ ਵਿਚ ਸਭ ਤੋਂ ਪਹਿਲਾਂ ਨਾਮਧਾਰੀਆਂ ਨੇ ਅਨੰਦ ਵਿਆਹ ਮਰਯਾਦਾ ਨੂੰ ਸ਼ੁਰੂ ਕੀਤਾ ਫਿਰ ਜਿਸਨੂੰ ਦੇਖ ਕੇ ਹੋਰ ਸਿੱਖ ਵੀ ਐਸਾ ਕਰਨ ਲਗੇ। ਪ੍ਰੰਤੂ ਬ੍ਰਾਹਮਣ ਲੋਕ ਆਪਣੀ ਰੋਟੀ ਰੋਜ਼ੀ ਖੁਸਦੀ ਦੇਖ ਕੇ ਤਿਲਮਿਲਾ ਉਠੇ। ਉਹਨਾਂ ਨੇ ਸਰਕਾਰੇ ਦਰਬਾਰੇ ਨਾਮਧਾਰੀਆਂ ਖਿਲਾਫ਼ ਅਰਜੀਆਂ ਪਾ ਕੇ ਡਿਗਰੀਆਂ ਹਾਸਿਲ ਕਰਕੇ ਸਿਖਾਂ ਤੋਂ ਬ੍ਰਾਹਮਣਾਂ ਨੇ ਮਾਇਆ ਪ੍ਰਾਪਤ ਕੀਤੀ ਸੀ। 'ਸ੍ਰੀ ਭੁਪਿੰਦਰਾ ਨੰਦ' ਗਰੰਥ ਦੀ ਲਿਖਤ ਦੇ ਦਰਸ਼ਨ ਕਰੋ :

ਚੌਪਈ

ਸ੍ਰੀ ਰਾਮ ਸਿੰਘ ਕੂਕੇ ਪਹਿਲੇ।।
ਅਨੰਦ ਸੁਛੰਦ ਪੜਾਏ ਸਹਿਲੇ।।
ਉਨਕੋ ਦੇਖ ਔਰ ਸਿਖ ਘਨੇਂ।।
ਲਗੇ ਅਨੰਦ ਪਢਾਵਨ ਤਨੇਂ।।
ਹਾਸਿਦ ਜਿੰਦੀ ਲੋਗਨ ਤਬੈ।।
ਚਰਚਾ ਦਈ ਚਲਾਇ ਕੁਢਬੈ।।
ਪੰਮਯੋ ਨਕੰਮਯੋਂ ਆਨ ਅਨੇਕੈ।।
ਮੁਢਪਨਾਂ ਕੀਨੋਂ ਅਬਿਬੇਕੈ।।
ਜਿਨ ਜਿਨ ਸਿੱਖਨ ਅਨੰਦ ਪੜਾਏ।।
ਦਾਵੇ ਉਨ ਪਰ ਕਰਬਹੁ ਭਾਏ।।
ਹੱਕ ਪ੍ਰੋਹਿਤੀ ਕਰਕੈ ਸਾਬਤ।।
ਲਈ ਡਿਗ੍ਰਿਆ ਕਰਵਾ ਭਾਵਤ।।
ਜਜਮਾਨੋਂ ਕੀ ਕੁਰਕੀ ਕਰਾਹੈ।।
ਲਯੋ ਸਿਖਨ ਤੇ ਧਨ ਉਗਰਾਹੈ।।
ਦੇਖਹੁ ਸਬ ਜਨ ਮਨ ਬੀਚਾਰੀ।।
ਹੈ ਅਨੀਤਿ ਯਹਿ ਕੈਸੀ ਭਾਰੀ।।
ਨੀਤਿ ਅਨੀਤਿ ਨ ਹਾਕਮ ਧਾਰੀ।।
ਵਿਪ੍ਰਨ ਤੇ ਲੈ ਰਿਸ਼ਵਤ ਭਾਰੀ।।

ਦਏ ਰੁਪਏ ਦਿਵਾ
ਬਿਪ੍ਰਨ ਕੋ।।
ਸ਼ਰਮ ਨ ਆਈ
ਲੇਤ ਛਿਪ੍ਰਨ ਕੋ।।
ਪੂਤ ਕਿਸੀ ਕਾ ਬੇਟੀ ਕਾਹੂੰ।।
ਪਾਲਯੋਸ ਬਡ ਕੀਨੇ ਵਾਹੂੰ।।
ਬਯਾਹਿ ਦਏ ਨਿਜਮਤ ਅਨੁਸਾਰੇ।।
ਨਿਜਘਰ ਤੈਂ ਧਨ ਖਰਚ ਅਪਾਰੇ
ਬ੍ਰਿਪੋਂ ਕੇ ਪਲਯੋ ਕਯਾ ਗਯੋ।।
ਨਾਨਕ ਜਿਨ ਦਾਵਾ ਕਰ ਦਯੋ।।
ਇਹ ਅਨੀਤਿ ਪਿਖ ਖੋਟੀ ਭਾਰੀ।।
ਸੋ ਪ੍ਰਮੇਸ੍ਰ ਯਾ ਬਿਧਿਟਾਰੀ।।

ਐਮ. ਐਮ. ਆਹਲੂਵਾਲੀਆ ਦੀ ਗਵਾਹੀ-

ਪ੍ਰਸਿੱਧ ਇਤਿਹਾਸਕਾਰ ਐਮ. ਐਮ. ਆਹਲੂਵਾਲੀਆ 1965 ਈ. ਵਿਚ ਪ੍ਰਕਾਸ਼ਤ ਪੁਸਤਕ- Kukas the freedom fighters of the Punjab ਵਿਚ "ਸਤਿਗੁਰੂ ਬਿਲਾਸ" ਗਰੰਥ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਲਿਖਦੇ ਹਨ :

Guru Ram Singh launched his programme of Annad Marriages in the first week of June 1863 in the village of Khote where a large number of Namdhari disciples collected under the inspiration of the Guru. the daughter and the grand daughter of Summund Singh was married in the simple form. the daughter of a carpenter was married in the simple form. The daughter of a carpenter was married in the family of the Arora caste so that the caste feeling may be eschewed. People felt greatly interested to see the performance of such marriages by the guru. But the Brahmanas who had been acting as the priests of village families for a long time raised a powerful cry of protest.....

ਡਾਕਟਰ ਫੌਜਾ ਸਿੰਘ ਬਾਜਵਾ ਦੀ ਗਵਾਹੀ :

ਡਾਟਕਰ ਫੌਜਾ ਸਿੰਘ ਆਪਣੀ ਪੁਸਤਕ Kuka Movement ਦੇ ਸਫਾ 30 ਤੇ ਜੋ 1965 ਈਸਵੀ ਵਿਚ ਪ੍ਰਕਾਸ਼ਿਤ ਹੋਈ ਸੀ, ਬਹੁਤ ਵਿਦਵਤਾ ਪੂਰਵਕ ਇਸ ਪ੍ਰਕਾਰ ਲਿਖਦੇ ਹਨ : 9

"An Anand marriage was performed at the nominal cost of a few rupees. It was readily acceptable to the poor villagers who constituted the bulk of his followers. This was new practice was first introduced at the village Khote in the first week of Khote of June 1863....

ਭਾਈ ਨਾਹਰ ਸਿੰਘ ਐਮ. ਏ. ਨੇ 1957 ਈ. ਵਿਚ ਨਾਮਧਾਰੀ ਇਤਿਹਾਸ (ਪਹਿਲਾ ਹਿਸਾ) ਪ੍ਰਕਾਸ਼ਤ ਕਰਵਾਇਆ ਸੀ ਜਿਸ ਵਿਚ ਉਹ ਅਨੰਦ ਮਰਯਾਦਾ ਬਾਰੇ ਇਸ ਪ੍ਰਕਾਰ ਲਿਖਦੇ ਹਨ : 10

"...ਕੋਈ ਇਕ ਮਹੀਨੇ ਪਿਛੋਂ ਆਪ ਹਰੀ ਕੇ ਪੱਤਣ ਤੋਂ ਲੰਘ ਕੇ ਫੀਰੋਜ਼ਪੁਰ ਦੇ ਜ਼ਿਲੇ ਵਿਚ ਪਹੁੰਚ ਗਏ। ਇਲਾਕੇ ਵਿਚ ਪੰਦਰਾਂ ਸੋਲਾਂ ਦਿਨ ਪ੍ਰਚਾਰ ਕਰਕੇ ਆਪ ਜੇਠ ਸੁਦੀ 10 ਸੰਮਤ 1920 ਬਿਕਰਮੀ ਮੁਤਾਬਕ 2 ਜੂਨ 1863 ਖੋਟੇ ਪਿੰਡ ਪਹੁੰਚੇ। ਏਥੋਂ ਪਹਿਲਾਂ ਤੋਂ ਹੀ ਦਿਵਾਨ ਮਿਥਿਆ ਹੋਵਣ ਦੇ ਕਾਰਨ ਅਤੇ ਵਿਆਹ ਲਈ ਅਨੰਦ ਕਾਰਜ ਦੀ ਰਸਮ ਨੂੰ ਸ਼ੁਰੂ ਹੁੰਦੀ ਵੇਖਣ ਲਈ ਨਾਮਧਾਰੀ ਸਿੰਘ ਅਤੇ ਇਰਦ ਗਿਰਦ ਦੇ ਲੋਕੀ ਚੰਗੀ ਗਿਣਤੀ ਵਿਚ ਪਹੁੰਚੇ ਹੋਏ ਸਨ।

ਬਾਬੇ ਸਮੁੰਦ ਸਿੰਘ ਦੀ ਲੜਕੀ ਤੇ ਪੋਤਰੀ ਦੇ ਅਨੰਦ ਕਾਰਜਾਂ ਤੋਂ ਬਗੈਰ 4 ਹੋਰ ਅਨੰਦ ਕਾਰਜ ਜਾਤ ਪਾਤ ਬੰਧਨ ਤੋੜ ਕੇ ਹੋਏ। ਇਕ ਤਰਖਾਣ ਦੀ ਲੜਕੀ ਦਾ ਅਨੰਦ ਰੋੜਿਆਂ ਦੇ ਲੜਕੇ ਨਾਲ ਹੋਇਆ। ਇਸ ਨਵੀਂ ਮਰਯਾਦਾ ਨੂੰ ਦੇਖਕੇ ਲੋਕੀਂ ਹੈਰਾਨ ਹੋ ਗਏ।"

ਪ੍ਰੋਫੈਸਰ ਜਸਵੰਤ ਸਿੰਘ ਜੱਸ ਦੀ ਗਵਾਹੀ :11

ਪ੍ਰੋਫੈਸਰ ਜਸਵੰਤ ਸਿੰਘ ਜੱਸ ਨੇ 1959 ਈਸਵੀ ਵਿਚ ਸਤਿਗੁਰੂ ਰਾਮ ਸਿੰਘ ਜੀ ਬਾਰੇ ਵਿਸਥਾਰ ਪੂਰਵਕ ਪੁਸਤਕ ਦੀ ਰਚਨਾ ਕੀਤੀ ਸੀ ਜਿਸ ਵਿਚ ਉਹ 1863 ਈਸਵੀ ਵਿਚ ਨਵੀਂ ਸ਼ੁਰੂ ਕੀਤੀ ਗਈ ਸਿਖ ਪੰਥ ਵਿਚ ਅਨੰਦ ਵਿਆਹ ਦੀ ਮਰਯਾਦਾ ਬਾਰੇ ਇਸ ਪ੍ਰਕਾਰ ਲਿਖਦੇ ਹਨ :

"....ਉਪਰੋਕਤ ਦਸੀ ਗਈ ਨਾਮਧਾਰੀ ਅਨੰਦ ਮਰਯਾਦਾ ਦਾ ਮੁਢ ਗੁਰੂ ਰਾਮ ਸਿੰਘ ਜੀ ਨੇ 4 ਜੂਨ 1863 ਵਿਚ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ ਵਿੱਚ ਬੱਧਾ। ਵਿਸਾਖੀ ਦੇ ਮੌਕੇ ਤੇ ਸ੍ਰੀ ਅੰਮ੍ਰਿਤਸਰ, ਦੂਰ ਨੇੜੇ ਤੋਂ ਬਹੁਤ ਸਾਰੀ ਨਾਮਧਾਰੀ ਸੰਗਤ ਇਕਠੀ ਹੋਈ ਸੀ। ਬਾਬਾ ਜੀ ਨੇ ਪ੍ਰੇਰਨਾ ਕੀਤੀ ਕਿ ਉਹ ਆਪਣੇ ਬੱਚੇ ਬੱਚੀਆਂ ਦੇ ਅਨੰਦ ਕਾਰਜ ਪੂਰਨ ਮਰਯਾਦਾ ਅਨੁਸਾਰ ਕਰਿਆ ਕਰਨ। ਇਸ ਕੰਮ ਨੂੰ ਸ਼ੁਰੂ ਕਰਨ ਲਈ ਬਾਬਾ ਜੀ ਨੇ ਸਰਬਤ ਸੰਗਤ ਦੀ ਸਲਾਹ ਨਾਲ ਪਿੰਡ ਖੋਟੇ ਵਿਚ ਭਾਰੀ ਇਕਠ ਕੀਤਾ। ਆਪ ਆਪਣੇ ਜਥੇ ਸਮੇਤ 2 ਜੂਨ 1863 ਨੂੰ ਖੋਟੇ ਪਿੰਡ ਪਹੁੰਚ ਗਏ। ਬਾਬਾ ਸਮੁੰਦ ਸਿੰਘ ਦੀ ਲੜਕੀ ਤੇ ਪੋਤਰੀ ਦੇ ਅਨੰਦ ਕਾਰਜ ਤੋਂ ਬਿਨਾਂ, ਚਾਰ ਹੋਰ ਬੀਬੀਆਂ ਦੇ ਅਨੰਦ ਕਾਰਜ ਜਾਤ ਪਾਤ ਦੇ ਬੰਧਨ ਤੋੜ ਕੇ ਨਵੀਨ ਮਰਯਾਦਾ ਅਨੁਸਾਰ ਕਰਵਾਏ।"

ਪਿੰਡ ਖੋਟੇ ਵਿਚ ਛੇ ਵਿਵਾਹਤ ਜੋੜਿਆਂ ਦਾ ਵੇਰਵਾ :

ਪਿੰਡ ਖੋਟੇ ਜੋ ਛੇ ਬੀਬੀਆਂ ਦਾ ਅਨੰਦ ਮਰਯਾਦਾ ਅਨੁਸਾਰ ਵਿਆਹ ਹੋਏ ਉਹਨਾਂ ਦਾ ਵੇਰਵਾ ਪ੍ਰੀਤਮ ਸਿੰਘ ਕਵੀ ਜੀ ਇਸ ਪ੍ਰਕਾਰ ਲਿਖਦੇ ਹਨ :12

1. ਭਾਈ ਜੋਗਾ ਸਿੰਘ ਧੂੜਕੋਟ (ਜ਼ਿਲਾ ਫਿਰੋਜਪੁਰ) ਦੀ ਪੁਤਰੀ ਬੀਬੀ ਬਿਸ਼ਨ ਕੌਰ ਦਾ। ਮੁਠਡਿਆਂ (ਜ਼ਿਲਾ ਜਲੰਧਰ) ਦੇ ਭਾਈ ਫਤਹਿ ਦੇ ਸਪੁਤਰ ਸ੍ਰੀ ਬੀਰ ਸਿੰਘ ਨਾਲ ਵਿਆਹੀ।
2. ਸੂਬਾ, ਬਾਬਾ ਸਮੁੰਦ ਸਿੰਘ ਪਿੰਡ ਖੋਟੇ (ਜ਼ਿਲਾ ਫਿਰੋਜਪੁਰ) ਦੀ ਪੁਤਰੀ ਪਿੰਡ ਠਰੀ ਵਿਖੇ ਵਿਆਹੀ।
3. ਭਾਈ ਬੁੱਧ ਸਿੰਘ ਦੀ ਪੁਤਰੀ ਪ੍ਰੇਮ ਕੌਰ ਧੁਲੇਤੇ ਪਿੰਡ (ਜ਼ਿਲਾ ਜਲੰਧਰ) ਵਿਚ ਵਿਆਹੀ।
4. ਸੰਤ ਫਤਹ ਸਿੰਘ ਦੀ ਪੁਤਰੀ ਦੇਸ ਕੌਰ ਨਿਹਾਲੇ ਵਾਲਾ (ਜ਼ਿਲਾ ਫਿਰੋਜਪੁਰ) ਵਿਆਹੀ।
5. ਸੰਤ ਕਾਲਾ ਸਿੰਘ ਦੀ ਪੁਤਰੀ ਪਿੰਡ ਦੌਧਰ (ਜ਼ਿਲਾ ਫੀਰੋਜਪੁਰ) ਵਿਆਹੀ।
6. ਭਾਈ ਸੁੰਦਰ ਸਿੰਘ ਦੀ ਪੁਤਰੀ ਪਿੰਡ ਉਬੋਕੇ (ਜ਼ਿਲਾ ਅੰਮ੍ਰਿਤਸਰ) ਵਿਚ ਵਿਆਹੀ ਗਈ।

ਅਨੰਦ ਵਿਆਹ ਐਕਟ ਬਣਾਉਣ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਯੋਗਦਾਨ:

1908 ਈ. ਵਿਚ ਕਿਸੇ ਹਿੰਦੂ ਵਕੀਲ ਨੇ ਮਹਾਰਾਜਾ ਪਟਿਆਲਾ ਅਤੇ ਮਹਾਰਾਜਾ ਨਾਭਾ ਨੂੰ ਵੰਗਾਰ ਪਾਈ ਕਿ ਤੁਹਾਡਾ ਤਾਂ ਸਿਖੀ ਵਾਲਾ ਵਜੂਦ ਹੀ ਨਹੀਂ ਹੈ ਕਿਉਂਕਿ ਤੁਹਾਡੇ ਹਿੰਦੂ ਮੈਰਿਜ ਐਕਟ ਅਨੁਸਾਰ ਹੀ ਪ੍ਰਵਾਨ ਹੁੰਦੇ ਹਨ। ਤੁਹਾਡਾ ਕੋਈ ਸਿਖਾਂ ਦਾ ਮੈਰਿਜ ਐਕਟ ਹੀ ਨਹੀਂ ਹੈ। ਵਕੀਲ ਦੀ ਉਸ ਵੰਗਾਰ ਤੇ ਦੋਵੇਂ ਰਿਆਸਤੀ ਮਹਾਰਾਜੇ ਸੋਚਣ ਲਈ ਮਜਬੂਰ ਹੋ ਗਏ। 13 ਮਹਾਰਾਜਾ ਨਾਭਾ ਨੇ ਅੰਗਰੇਜ਼ੀ ਸਰਕਾਰ ਨੂੰ ਅਨੰਦ ਵਿਆਹ ਬਿਲ ਬਣਾਉਣ ਲਈ ਪ੍ਰੇਰਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

ਚੌਪਈ

ਜਬ ਸਿੰਘਨ ਪਰ ਉਕਤ ਅਨੀਤੀ।।
ਲਗੀ ਵਰਤਨੇਂ ਦਾਯਕ ਭੀਤੀ।।
ਗਵਰਮਿੰਟ ਅੰਗ੍ਰੇਜ਼ੀ ਤਾਂਈ।।
ਦਯੋ ਪ੍ਰੇਰ ਨ ਦੇਰ ਲਗਾਈ।।
ਉਸ ਹੀ ਸਮੇਂ ਸ੍ਰੀ ਨਾਭੇਸ੍ਰਰ।।
ਮਹਾਰਾਜ ਰਿਪੁਦਮਨ ਮ੍ਰਿਗੇਸ਼੍ਰਰ।।
ਪ੍ਰੇਰ ਕਰਯੋਂ ਅਰਕੌਂਸਲ ਮੇ ਹੈ।
ਕਾਨੂੰਨੀ ਕਲਕਤੇ ਜੋ ਹੈ।।
ਮੈਂਬਰ ਹੋਇ ਤਾਂਹਿ ਮੈ ਆਲੇ।
ਪਬਲਿਕ ਹੇ ਹਕ ਮਾਂਹਿ ਬਿਸਾਲੇ।
ਰੈਜ਼ੂਲੇਸ਼ਨ ਪਾਸ ਕਰਾਏ।।
ਜਾਂਤੇ ਪਰਜਾ ਅਤਿ ਸੁਖ ਪਾਏ।।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਜਦੋਂ ਪਟਿਆਲਾ ਅਤੇ ਨਾਭਾ ਰਿਆਸਤਾਂ ਦੇ ਮਹਾਰਾਜਿਆਂ ਨੇ ਅਨੰਦ ਵਿਆਹ ਬਿਲ ਦੀ ਗਲ ਚਲਾਈ ਤਾਂ ਸਰਕਾਰ ਨੇ ਇਤਿਹਾਸ ਵਿਚੋਂ ਇਸ ਬਾਰੇ ਇਤਿਹਾਸਕ ਸਬੂਤ ਮੰਗੇ। ਪ੍ਰੰਤੂ ਨਾਮਧਾਰੀਆਂ ਤੋਂ ਬਿਨਾਂ ਕਿਸੇ ਕੋਲ ਵੀ ਇਸ ਦੇ ਇਤਿਹਾਸਕ ਸਬੂਤ ਨਹੀਂ ਸਨ। ਇਸ ਗਲ ਨੂੰ ਨਾਭੇ ਦਾ ਮਹਾਰਾਜਾ ਜਾਣਦਾ ਸੀ, ਇਸ ਲਈ ਉਸਨੇ ਚੀਫ ਜਸਟਿਸ ਸਰਦਾਰ ਬਚਨ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਭੇਜਿਆ। ਉਧਰ ਮਹਾਰਾਜਾ ਪਟਿਆਲਾ ਨੇ ਵੀ ਆਪਣੇ ਵਿਦਿਆ ਗੁਰੂ ਸੰਤ ਜਵਾਲਾ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਦੀ ਬੇਨਤੀ ਤੇ ਆਪਣੇ ਦਸਖਤਾਂ ਨਾਲ ਆਪਣੀ ਹੇਠ ਲਿਖੀ ਲਿਖਤ ਲਿਖਕੇ ਉਹਨਾਂ ਨੂੰ ਦਿੱਤੀ ਅਤੇ ਵਾਇਸਰਾਇ ਹਿੰਦ ਨੂੰ ਤਾਰ ਰਾਹੀਂ ਨਾਮਧਾਰੀ ਪੰਥ ਦੀ ਇਸ ਪੱਖ ਵਾਲੀ ਇਤਿਹਾਸਕਤਾ ਬਾਰੇ ਜਾਣੂ ਕਰਵਾਇਆ ਗਿਆ :14

"ਸਾਡੇ ਕੁਲ ਪੰਥ ਵਿਚ ਪ੍ਰਾਚੀਨ ਸਮਿਆਂ ਤੋਂ ਨਿਰੋਲ ਅਨੰਦ ਦੀ ਮਰਯਾਦਾ ਚਲੀ ਔਂਦੀ ਹੈ। ਕੋਈ ਨਾਮਧਾਰੀ ਸਿੰਘ ਅਨੰਦ ਦੀ ਮਰਯਾਦਾ ਤੋਂ ਛੁਟ ਹੋਰ ਕੋਈ ਮਰਯਾਦਾ ਨਹੀਂ ਕਰ ਸਕਦਾ। ਜੇ ਕਰ ਉਹ ਨਾਮਧਾਰੀ ਸਿੰਘ ਨਹੀਂ ਰਹਿ ਸਕਦਾ ਇਸ ਵਾਸਤੇ ਸਰਕਾਰ ਹਿੰਦ ਪਾਸ ਅਸੀਂ ਆਪਣੀ ਅਤੇ ਸਾਰੇ ਨਾਮਧਾਰੀ ਪੰਥ ਵਲੋਂ ਪ੍ਰਾਰਥਨਾ ਕਰਦੇ ਹਾਂ ਕਿ ਸ੍ਰੀ ਹਜ਼ੂਰ ਟਿਕਾ ਸਾਹਿਬ ਨਾਭਾ ਦੀ ਪੇਸ਼ ਕੀਤੀ ਹੋਈ ਅਨੰਦ ਦੀ ਮਰਯਾਦਾ ਨੂੰ ਸ੍ਰਕਾਰ ਕਾਨੂੰਨੀ ਤੌਰ ਤੇ ਪਾਸ ਕਰਕੇ ਸਾਡੇ ਪੰਥ ਨੂੰ ਧੰਨਵਾਦੀ ਕਰੇ। ਅਸੀਂ ਇਹ ਤਜ਼ਵੀਜ ਵੀ ਪੇਸ਼ ਕਰਦੇ ਹਾਂ ਕਿ ਇਸ ਕਾਨੂੰਨ ਦਾ ਨਾਓਂ ਸਿਖ ਮੈਰਿਜ ਐਕਟ ਰਖਿਆ ਜਾਵੇ।

ਭੈਣੀ ਸਾਹਿਬ, ਜ਼ਿਲਾ ਲੁਧਿਆਣਾ ਸਹੀ/-
ਤਰੀਕ 13-12-1908 (ਸਤਿਗੁਰੂ) ਪ੍ਰਤਾਪ ਸਿੰਘ

ਅਨੰਦ ਵਿਸਤਾਰ :

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਗਈ ਗੁਰਮਤਿ ਅਨੰਦ ਵਿਆਹ ਦੀ ਮਰਯਾਦਾ ਨੂੰ ਸੁਮਚੀ ਲੋਕਾਈ ਨੇ ਪ੍ਰਵਾਨ ਕੀਤਾ। ਪ੍ਰਵਾਨ ਹੀ ਨਹੀਂ ਕੀਤਾ ਸਮੂਹਿਕ, ਬਿਨਾਂ ਦਾਜ ਦਹੇਜ ਤੋਂ ਵਿਆਹ, ਬਿਨਾਂ ਕਿਸੇ ਪੰਡਤਾਂ ਦੇ ਅਡੰਬਰਾਂ ਤੋਂ ਰਹਿਤ ਵਿਆਹਾਂ ਨੂੰ ਸਮੁਚੇ ਸਿੱਖ ਜਗਤ ਨੇ ਅਮਲੀ ਜਾਮਾ ਪਹਿਨਾਇਆ। ਕਈ ਨਾਮਧਾਰੀ ਬਜ਼ੁਰਗਾਂ ਨੇ ਉਸ ਮਰਯਾਦਾ ਨੂੰ ਅਪਨਾਇਆ ਅਤੇ ਆਪਣੇ ਅਨੰਦ ਇਹੋ ਮਰਯਾਦਾ ਅਨੁਸਾਰ ਮੁੜ ਪੜ੍ਹਾਏ। ਸੰਤ ਲਾਲ ਸਿੰਘ ਪਿੰਡ ਗੁਮਟੀ (ਰਿਆਸਤ ਸੰਗਰੂਰ) ਅਤੇ ਉਹਨਾਂ ਦੀ ਸੁਪਤਨੀ ਮਾਈ ਪ੍ਰਤਾਪ ਕੌਰ ਜੋ ਉਸ ਸਮੇਂ 60 ਸਾਲ

ਦੀ ਉਮਰ ਦੇ ਸਨ। ਉਹਨਾਂ ਨੇ ਅਨੰਦ ਕਾਰਜਾਂ ਦੀ ਮਰਯਾਦਾ ਤੋਂ ਪ੍ਰਭਾਵਤ ਹੋ ਕੇ ਆਪਣਾ ਅਨੰਦ ਕਾਰਜ ਵੀ ਨਵੀਂ ਮਰਯਾਦਾ ਅਨੁਸਾਰ ਪੜਵਾਇਆ। ਦੋਵੇਂ ਬਜ਼ੁਰਗਾਂ ਹਵਨ ਆਦਿ ਕਰਵਾ ਕੇ ਵੇਦੀ ਗੱਡ ਕੇ ਲਾਵਾਂ ਲੈਣ ਲਈ ਬੈਠ ਗਏ। ਉਹਨਾਂ ਦੇ ਵਡੇ ਸਪੁਤਰ ਹਰੀ ਸਿੰਘ ਨੇ ਮਾਤਾ ਪਿਤਾ ਦੇ ਅਨੰਦ ਦੀਆਂ ਲਾਵਾਂ ਪੜ੍ਹੀਆਂ ਸਨ। ਦੂਰ ਨੇੜੇ ਦੀ ਸੰਗਤ ਇਹੋ ਅਨੋਖਾ ਅਨੰਦ ਕਾਰਜ ਦੇਖਣ ਆਈ ਅਤੇ ਤਗੜਾ ਮੇਲਾ ਹੋਇਆ ਸੀ। 15

ਭਾਈ ਵਜ਼ੀਰ ਸਿੰਘ ਪਿੰਡ ਰੁਪਾਣਾ (ਜ਼ਿਲਾ ਮੁਕਤਸਰ) ਨੇ ਵੀ ਵੇਦ ਰੀਤੀ ਨਾਲ ਕਰਵਾਏ ਵਿਆਹ ਨੂੰ ਉਧੇੜ ਕੇ ਦੁਬਾਰਾ ਗੁਰਮਤਿ ਅਨੁਸਾਰ ਵੇਦੀ ਗੱਡ ਕੇ ਹਵਨ ਕਰਵਾ ਕੇ ਆਪਣਾ ਅਨੰਦ ਪੜਾਇਆ ਸੀ। ਏਸੇ ਤਰ੍ਹਾਂ ਉਪਰੋਕਤ ਜ਼ਿਲੇ ਦੇ ਨਗਰ ਅਬਲ ਖੁਰਾਣਾ ਦੀ ਵਿਧਵਾ ਬੀਬੀ ਬੁਧਾਂ ਸੀ ਜਿਸਦਾ ਪਤੀ ਸੁਜਾਨਾ ਰਾਮ ਕੁਝ ਸਾਲ ਪਹਿਲਾਂ ਸਵਰਗ ਸਿਧਾਰ ਚੁਕਾ ਸੀ। ਉਹ ਨਾਮਧਾਰੀ ਪ੍ਰਵਾਰ ਸੀ, ਜਿਸਦੇ ਤਿੰਨ ਪੁਤਰ ਮੋਨੇ ਅਤੇ ਚੋਥਾ ਕੇਸਾਧਾਰੀ ਨਾਮਧਾਰੀ ਸੀ। ਉਸਦਾ ਪੁਤਰ ਗੁਰਮੁਖ ਸਿੰਘ ਆਪਣੀ ਮਾਤਾ ਬੁਧਾਂ ਜੀ ਨੂੰ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਲੈ ਗਿਆ। ਪੁਤਰ ਨੇ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਉਸਦੇ ਪਿਤਾ ਜੀ ਨੂੰ ਪੂਰੇ ਹੋਏ 10 ਸਾਲ ਹੋ ਗਏ ਹਨ। ਸੋ ਉਸਦੀ ਮਾਤਾ ਜੀ ਦਾ ਮੁੜ ਗੁਰਮਤਿ ਅਨੁਸਾਰ ਕਿਸੇ ਸਿੰਘ ਨਾਲ ਅਨੰਦ ਪੜ੍ਹਾ ਦੇਵੋ। ਉਸਦੀ ਅਰਜ਼ ਸੁਣ ਕੇ ਸਤਿਗੁਰੂ ਹਰੀ ਸਿੰਘ ਜੀ ਬਹੁਤ ਪ੍ਰਸੰਨ ਹੋਏ ਅਤੇ ਬੀਬੀ ਬੁਧਾਂ ਦਾ ਅਨੰਦ ਬਾਬਾ ਨਰਾਇਣ ਸਿੰਘ ਰੋੜਿਆਂ ਵਾਲਿਆਂ ਦੁਆਰਾ ਭਾਈ ਝੰਬਾ ਸਿੰਘ (ਪਿੰਡ ਮਹਿਲਾ ਜ਼ਿਲਾ ਸੰਗਰੂਰ) ਨੂੰ ਬੁਲਾਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਕਰਕੇ ਦੁਹਾਂ ਦਾ ਸਾਥ ਬਣਾ ਦਿਤਾ, ਇਸ ਤਰ੍ਹਾਂ ਹੋਰ ਵੀ ਕਈ ਥਾਵਾਂ ਤੇ ਐਸੇ ਅਨੰਦ ਕਾਰਜ ਹੋਏ ਜਿਹਨਾਂ ਨਾਲ ਸਿਖ ਸਮਾਜ ਦੀ ਕਾਇਆ ਕਲਪ ਹੋਈ।

ਅਨੰਦ ਕਾਰਜ ਦੀ ਇਤਿਹਾਸਕ ਸ਼ਤਾਬਦੀ ਪੁਰਬ :

ਉਸ ਅਨੰਦ ਵਿਆਹ ਮਰਯਾਦਾ ਜੋ 1863 ਈ. ਤੋਂ ਸ਼ੁਰੂ ਹੋਈ ਸੀ, ਉਸਨੂੰ 1963 ਈ. ਵਿਚ ਸੌ ਸਾਲ ਸੰਪੂਰਨ ਹੋਏ ਸਨ। ਉਸ ਅਨੰਦ ਸ਼ਤਾਬਦੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨਮਾਈ ਹੇਠ ਮਨਾਉਣ ਦਾ ਐਲਾਨ ਹੋਇਆ ਸੀ ਸਤਿਗੁਰੂ ਜੀ ਨੇ ਐਲਾਨ ਕੀਤਾ ਸੀ ਕਿ ਅਸੀਂ ਉਸੇ ਨਗਰ ਵਿਚ 101 ਅਨੰਦ ਕਾਰਜ ਕਰਕੇ ਉਹ ਸ਼ਤਾਬਦੀ ਮਨਾਉਣੀ ਹੈ। ਸਤਿਗੁਰਾਂ ਦਾ ਐਲਾਨ ਸੁਣਕੇ ਸੰਗਤ ਵਲੋਂ ਅਨੰਦ ਕਰਵਾਉਣ ਦੀਆਂ 151 ਦਰਖਾਸਤਾਂ ਆਈਆਂ, ਸਿਖ ਜਗਤ ਵਿਚ ਉਸ ਸ਼ਤਾਬਦੀ ਨੂੰ ਮਨਾਉਣ ਲਈ ਬਹੁਤ ਉਤਸ਼ਾਹ ਸੀ। ਉਸ ਮੌਕੇ ਦੋ ਜੋੜੇ ਗੈਰ ਹਾਜਰ ਰਹੇ ਤਾਂ 149 ਜੋੜਿਆਂ ਦੇ ਅਨੰਦ ਕਾਰਜ ਦੋ ਵਾਰੀਆਂ ਵਿਚ ਚਾਰ ਲਾਵਾਂ ਦਾ ਪਾਠ ਲੱਖਾਂ ਦੀ ਗਿਣਤੀ ਵਿਚ ਹਾਜ਼ਰ ਸੰਗਤ ਦੀ ਹਾਜ਼ਰੀ ਵਿਚ ਕੀਤੇ ਗਏ। ਪਹਿਲੀ ਵਾਰ 101 ਜੋੜਿਆਂ ਦੇ ਫੇਰੇ ਕੀਤੇ ਗਏ, ਫਿਰ 48 ਜੋੜਿਆਂ ਦੇ ਫੇਰੇ ਦੂਜੀ ਵਾਰ ਕੀਤੇ ਗਏ। ਜਿਹਨਾਂ ਦਾ ਕੁਝ ਵੇਰਵਾ ਇਸ ਪ੍ਰਕਾਰ ਸੀ। 16- 119 ਪੰਜਾਬ ਵਿਚੋਂ, 15 ਹਿਮਾਚਲ ਪ੍ਰਦੇਸ ਵਿਚੋਂ, 10 ਰਾਜਸਥਾਨ ਜੀਵਨ ਨਗਰ ਤੋਂ, 3 ਥਾਈਲੈਂਡ ਅਤੇ 2 ਅਫਰੀਕਾ ਵਿਚੋਂ ਸਨ। ਇਸ ਪ੍ਰਕਾਰ ਸਤਿਗੁਰੂ ਜੀ ਨੇ ਉਹ ਸਤਾਬਦੀ ਮਨਾਕੇ ਇਤਿਹਾਸ ਨੂੰ ਮੁੜ ਦੁਹਰਾ ਕੇ ਉਸ ਇਤਿਹਾਸਕ ਘਟਨਾ ਨੂੰ ਅਮਰ ਕਰ ਦਿੱਤਾ।

ਫੁੱਟ ਨੋਟ ਤੇ ਟਿਪਣੀਆਂ

1. ਮੁਨਸ਼ਾ ਸਿੰਘ ਦੁਖੀ : ਜੀਵਨ ਭਾਈ ਮੋਹਨ ਸਿੰਘ ਵੈਦ, ਪੰਨਾ 15
2. ਗਿਆਨੀ ਗਿਆਨ ਸਿੰਘ : ਸ੍ਰੀ ਭੁਪੇਂਦ੍ਰਾ ਨੰਦ, ਸਫਾ 29, ਪ੍ਰਕਾਸ਼ਨ ਸਾਲ 1917 .ਈ.
   ਪ੍ਰਕਾਸ਼ਕ - ਹਮੀਰ ਸਿੰਘ ਸੈਕ੍ਰੇਟੀ ਸਿਖ ਇਤਿਹਾਸ ਕਮੇਟੀ, ਪਟਿਆਲਾ
3. ਪ੍ਰੀਤਮ ਸਿੰਘ ਕਵੀ : ਇਸਤਰੀਆਂ ਦਾ ਪਹਿਲਾ ਮੁਕਤੀਦਾਤਾ, ਪੰਨਾ 52
4. ਸੰਤ ਸੰਤੋਖ ਸਿੰਘ ਬਾਹੋਵਾਲ : ਸਤਿਗੁਰੂ ਬਿਲਾਸ (ਪਹਿਲਾ ਹਿੱਸਾ), ਪੰਨਾ 232
5. ਸੰਤ ਸੰਤੋਖ ਸਿੰਘ ਬਾਹੋਵਾਲ : ਓਹੀ, ਪੰਨਾ 236
6. ਸੰਤ ਸੰਤੋਖ ਸਿੰਘ ਬਾਹੋਵਾਲ : ਓਹੀ, ਪੰਨਾ 237
7. ਗਿਆਨੀ ਗਿਆਨ ਸਿੰਘ : ਭੁਪੇਂਦ੍ਰਾ ਨੰਦ, ਪੰਨਾ 31
8. ਐਮ. ਐਮ. ਆਹਲੂਵਾਲੀਆ : ਕੂਕਾਜ ਦੀ ਫਰੀਡਮ ਫਾਈਟਰ ਆਫ ਦੀ ਪੰਜਾਬ, ਪੰਨਾ 50
9. ਡਾ. ਫੌਜਾ ਸਿੰਘ ਬਾਜਵਾ : ਕੂਕਾ ਮੂਵਮੈਂਟ, ਪੰਨਾ 30
10. ਨਾਹਰ ਸਿੰਘ : ਨਾਮਧਾਰੀ ਇਤਿਹਾਸ (ਪਹਿਲਾ ਹਿੱਸਾ), ਪੰਨਾ 164
11. ਪ੍ਰੋ. ਜਸਵੰਤ ਸਿੰਘ ਜੱਸ : ਬਾਬਾ ਰਾਮ ਸਿੰਘ ਨਾਮਧਾਰੀ, ਪੰਨਾ 26-27
12. ਪ੍ਰੀਤਮ ਸਿੰਘ ਕਵੀ : ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ, ਪੰਨਾ 67
13. ਤੇਜਾ ਸਿੰਘ : ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀਆਂ ਤੇ ਪਰਉਪਕਾਰ, ਪੰਨਾ 19
14. ਸਤਿਜੁਗ ਸਪਤਾਹਿਕ ਦਾ "ਇਤਿਹਾਸਕ ਸਮਗਰੀ ਅੰਕ" 2002 ਈ., ਪੰਨਾ 88
15. ਪ੍ਰੀਤਮ ਸਿੰਘ ਕਵੀ : ਓਹੀ, ਪੰਨਾ 70
16. ਤੇਜਾ ਸਿੰਘ : ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀ ਪਰ ਉਪਕਾਰ, ਪੰਨਾ 19

■




ਸੁਤੰਤਰਤਾ ਸੰਗਰਾਮ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ




ਸਭਹਨ ਕੇ ਸਿਰਮੌਰ ਸਤਿਗੁਰੂ ਰਾਮ ਸਿੰਘ ਜੀ




ਅਕਾਲ ਪੁਰਖ ਸਤਿਗੁਰੂ ਰਾਮ ਸਿੰਘ ਜੀ ਸਿਮਰੀਐ ਜਿਨ ਜਮ ਤੇ ਲੀਆ ਛਡਾਇ ॥




(ਜਗਤ ਦੇ ਤਾਰਣਹਾਰ - ਸਤਿਗੁਰੂ ਰਾਮ ਸਿੰਘ ਜੀ)
ਸਤਿਗੁਰੂ ਰਾਮ ਸਿੰਘ ਜੀ, ਸੂਬਾ ਲਖਾ ਸਿੰਘ ਅਤੇ ਸੂਬਾ ਸਾਹਿਬ ਸਿੰਘ ਸਹਿਤ।
ਪੈਦਲ : ਸ੍ਰ. ਹੀਰਾ ਸਿੰਘ, ਸ੍ਰ. ਲਹਿਣਾ ਸਿੰਘ ਆਦਿ......ਸ਼ਹੀਦਾਂ ਦਾ ਜੱਥਾ।




1857 ਈਸਵੀ ਦੀ ਵਿਸਾਖੀ ਤੇ "ਸੰਤ ਖਾਲਸਾ" ਦੀ ਸਾਜਨਾ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਈ ਵਿੱਚ ਜਾਗ੍ਰਤੀ ਲਿਆਉਣ ਲਈ ਥਾਂ ਥਾਂ ਵਖ ਵਖ ਇਲਾਕਿਆਂ ਦੇ ਧਰਮ ਪ੍ਰਚਾਰ ਕਰਨ ਲਈ ਦੌਰੇ ਕਰਨੇ ਸ਼ੁਰੂ ਕੀਤੇ। ਉਹਨਾਂ ਦੇ ਦਰਸ਼ਨ ਕਰਨ ਨਿਹੰਗ ਸਿੰਘ, ਉਦਾਸੀ ਸੰਤਾਂ ਤੋਂ ਬਿਨਾਂ ਹੋਰ ਵੀ ਅਨੇਕਾ ਮਤਾਂ ਦੇ ਪ੍ਰਾਣੀ ਆਉਂਦੇ। ਸੱਚੇ ਪਾਤਸ਼ਾਹ ਜੀ ਜਿਸਦੇ ਵੀ ਕੰਨ ਵਿੱਚ ਫੂਕ ਮਾਰ ਦੇਂਦੇ ਭਾਵ ਨਾਮ ਦੀ ਦਾਤ ਬਖ਼ਸ਼ ਦੇਂਦੇ, ਉਹ ਦੀਵਾਨ ਵਿੱਚ ਸੁਧ ਬੁਧ ਗਵਾ ਕੇ ਲੋਟ ਪੋਟ ਹੋ ਜਾਂਦਾ।




ਸਤਿਗੁਰੂ ਰਾਮ ਸਿੰਘ ਜੀ 12 ਅਪਰੈਲ 1857 ਨੂੰ ਅਮਨ, ਸ਼ਾਤੀ, ਆਜ਼ਾਦੀ ਦੇ ਪ੍ਰਤੀਕ ਝੰਡੇ ਨਾਲ।



ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਪਿੰਡ ਸਿਆਹੜ ਜ਼ਿਲਾ ਲੁਧਿਆਣਾ ਸੰਨ 1863 ਈਸਵੀ ਵਿੱਚ (ਸੰਮਤ 1920 ਬਿ: ਜੇਠ ਦੀ ਪੂਰਨਮਾਸ਼ੀ ਵਾਲੇ ਦਿਨ) ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਸੀ।



ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਫੋਕੇ ਵਹਿਮਾਂ ਭਰਮਾਂ ਤੇ ਬ੍ਰਾਹਮਣਾਂ ਦੇ ਕਰਮ ਕਾਂਡ ਤੋਂ ਬਚਾਉਣ ਲਈ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਸਮੂਹਿਕ ਅੰਤਰਜਾਤੀ ਅਨੰਦ ਕਾਰਜਾਂ ਦੀ ਰਸਮ ਪਿੰਡ ਖੋਟੇ ਜ਼ਿਲਾ ਫਿਰੋਜਪੁਰ ਵਿਖੇ 3 ਜੂਨ 1863 ਈਸਵੀ (ਜੇਠ ਸੁਦੀ 10 ਸੰਮਤ 1920 ਬਿਕਰਮੀ) ਨੂੰ ਸ਼ੁਰੂ ਕੀਤੀ।



ਅੰਗ੍ਰੇਜ਼ ਨੇ ਕਿਹਾ, ਬਾਬਾ ਸਾਹਿਬ ਅਬ ਆਪ ਕਿਆ ਕਰੋਗੇ? ਬਿਲਿਆ ਮੈਂ ਘਰ ਘਰ ਰਾਮ ਸਿੰਘ ਪੈਦਾ ਕਰ ਦਿਆਂ ਗਾ।



ਸ੍ਰੀ ਸਤਿਗੁਰੂ ਜੀ ਪੈਦਲ ਝਨਾਂ ਦਰਿਆ ਪਾਰ ਕਰ ਰਹੇ ਹਨ। ਸਤਿਗੁਰਾਂ ਦੀ ਜ਼ਾਹਰਾ ਕਰਾਮਾਤ
ਦੇਖ ਕੇ ਬੇੜੀ ਵਿੱਚ ਸਵਾਰ ਲੋਕ ਤੇ ਮਲਾਹ ਹੈਰਾਨ ਹੋ ਰਹੇ ਹਨ।



ਸ੍ਰੀ ਸਤਿਗੁਰੂ ਜੀ ਨਾਲ ਸਾਧ-ਸੰਗਤ ਦਾ ਠਾਠਾ ਮਾਰਦਾ ਸਮੁੰਦਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ।



ਇੱਕ ਪਾਸੇ ਸਤਿਗੁਰੂ ਰਾਮ ਸਿੰਘ ਜੀ ਤੇ ਦੂਜੇ ਬੰਨੇ ਸਾਰੀ ਸੰਗਤ ਦਾ ਅਗ ਲਗੀ
ਗੇਲੀ ਨੂੰ ਚੁਕਣਾਂ, ਤੇ ਉਸਦੇ ਚੁਕਿਆ ਨਾ ਜਾਣ ਦਾ ਦ੍ਰਿਸ਼।



'ਆ ਭਾਈ ਏਹ ਤੇਰਾ ਮੇਰਾ ਹੀ ਕੰਮ ਹੈ' ਸਤਿਗੁਰੂ ਰਾਮ ਸਿੰਘ ਜੀ ਨਾਲ
(ਸਤਿਗੁਰੂ) ਹਰੀ ਸਿੰਘ ਜੀ ਹਰਿਦੁਆਰ ਵਿਖੇ।



ਸਤਿਗੁਰੂ ਰਾਮ ਸਿੰਘ ਜੀ ਦਾ ਬੀਬੀ ਸਾਹਿਬ ਕੌਰ ਅਤੇ ਉਸਦੇ ਪੁੱਤਰ ਲਾਲ ਸਿੰਘ ਨੂੰ ਬੈਸੰਤ੍ਰ ਭੇਟ ਕਰਕੇ ਕੁੰਦਨ ਕਰਨਾ।



ਸਤਿਗੁਰੂ ਰਾਮ ਸਿੰਘ ਜੀ ਨੇ ਧਰਮ ਪ੍ਰਚਾਰ ਦੌਰਿਆਂ ਦੇ ਸਮੇਂ ਉਹਨਾਂ ਅਨੇਕ ਮਨਮੁਖਾਂ ਨੂੰ ਗੁਰਮੁਖ ਬਣਾਇਆ ਜਿਹਨਾਂ ਦਾ ਆਹਾਰ ਮਾਸ ਤੇ ਸ਼ਰਾਬ ਸੀ।
ਜੀਵਾਂ ਦੇ ਭਲੇ ਦੀ ਸਿਖਿਆ ਦੇ ਕੇ ਉਹਨਾਂ ਦੇ ਪਿੰਜਰਿਆਂ 'ਚੋਂ ਪੰਛੀਆਂ ਅਤੇ ਹੋਰ ਜੀਵਾਂ ਨੂੰ ਅਜ਼ਾਦ ਕਰਵਾਇਆ।




ਭਾਈ ਰਾਇ ਸਿੰਘ ਨੂੰ, ਸਤਿਗੁਰੂ ਰਾਮ ਸਿੰਘ ਜੀ ਨੇ ਸ਼ੇਰ ਤੋਂ ਬਚਾਇਆ। 1858 ਈ: ਵਿੱਚ ਭਾਈ ਰਾਇ ਸਿੰਘ ਸਿੱਖੀ ਦੀ ਰਹਿਤ ਮਰਿਆਦਾ ਦੀ ਰੀਤ, ਸਤਿਗੁਰਾਂ ਦੇ ਹੁਕਮ ਨਾਲ, ਲੈਣ ਸ੍ਰੀ ਹਜ਼ੂਰ ਸਾਹਿਬ ਗਏ। ਰਸਤੇ ਵਿੱਚ ਮਧ-ਪ੍ਰਦੇਸ਼ ਦੇ ਭਿਆਨਕ ਜੰਗਲ ਲੰਘਣ ਸਮੇਂ ਇੱਕ ਸਾਥੀ ਨਾਲ ਰੁਕੇ। ਰਾਤ ਸ਼ੇਰ ਆ ਪਿਆ ਅਤੇ ਉਹਨਾਂ ਦੇ ਸਾਥੀ ਨੂੰ ਸ਼ੇਰ ਨੇ ਮਾਰ ਦਿਤਾ, ਭਾਈ ਜੀ ਨੇ ਇੱਕ ਮਨ ਇੱਕ ਚਿਤ ਹੋ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਰੱਖਿਆ ਹੋਵੇ। ਸਤਿਗੁਰੂ ਰਾਮ ਸਿੰਘ ਜੀ ਘੋੜੀ ਤੇ ਸਵਾਰ ਪਵਨ ਰੂਪ ਹੋ ਅਖ ਫਰਕਣ ਵਿੱਚ ਉਸ ਥਾਂ ਪਹੁੰਚੇ ਅਤੇ ਆਪਣੇ ਸਿੱਖ ਦੀ ਰਖਿਆ ਕੀਤੀ।



ਸਤਿਗੁਰੂ ਰਾਮ ਸਿੰਘ ਜੀ ਨੇ ਹੋਲਾ ਮਹਲਾ ਮਾਨਾਂ ਵਾਲੇ ਸੰਮਤ 1925 ਬਿਕਰਮੀ (1869 ਈਸਵੀ) ਨੂੰ ਮਨਾਇਆ। ਆਪ ਜੀ ਹਾਥੀ ਤੇ ਸਵਾਰ ਸਨ ਅਤੇ ਸੂਬੇ ਘੋੜਿਆਂ ਤੇ ਸਵਾਰ ਹੋ ਕੇ ਸੰਗਤ ਸਮੇਤ ਹੋਲੇ ਮਹਲੇ ਦੀ ਸ਼ਾਨ ਵਧਾ ਰਹੇ ਸਨ। ਅਚਾਨਕ ਬਾਬਾ ਗਿਆਨੀ ਸਿੰਘ ਜੀ ਦੇ ਘੋੜੇ ਦੀ ਫੇਟ ਨਾਲ ਇੱਕ ਬੀਬੀ ਦਾ ਬੱਚਾ ਬੇਹੋਸ਼ ਹੋ ਗਿਆ। ਖ਼ਬਰ ਸਤਿਗੁਰਾਂ ਤਕ ਪਹੁੰਚੀ। ਘਟ ਘਟ ਦੀ ਜਾਨਣਹਾਰ ਸ੍ਰੀ ਸਤਿਗੁਰੂ ਜੀ ਆਪ ਉਸ ਜਗ੍ਹਾ ਆਏ ਜਿਥੇ ਉਹ ਬੱਚਾ ਬੇਸੁਰਤ ਹੋਇਆ ਪਿਆ ਸੀ, ਸਤਿਗੁਰਾਂ ਨੇ ਆਪਣਾ ਚਰਨ ਬੱਚੇ ਦੀ ਛਾਤੀ ਨਾਲ ਲਗਾਇਆ ਤਾਂ ਬੱਚਾ ਇੱਕ ਦਮ ਅੱਖਾਂ ਖੋਲ੍ਹ ਕੇ ਬੈਠ ਗਿਆ, ਸਭ ਪਾਸੇ ਖੁਸ਼ੀਆਂ ਹੋਣ ਲਗੀਆਂ, ਸਤਿਗੁਰਾਂ ਦੀ ਮਹਿਮਾ ਸੰਗਤ ਗਾਉਣ ਲਗੀ।



ਰਾਏਕੋਟ ਬੱਸੀਆਂ ਦੇ ਨਾਮਧਾਰੀ ਸਿੰਘ ਸ਼ਹੀਦੀ ਪ੍ਰਾਪਤ ਕਰਦੇ ਹੋਏ - 5 ਅਗਸਤ 1871



ਪੁਰਾਣੀ ਜੇਲ ਲੁਧਿਆਣਾ ਵਿਖੇ ਬੋਹੜ ਦੇ ਨਾਲ ਬੱਝੇ ਰੱਸਿਆਂ ਨੂੰ ਗਲਾਂ ਵਿੱਚ ਪਾ ਕੇ ਸ਼ਹੀਦੀ ਬਾਟਾ ਪੀਂਦੇ ਹੋਏ ਦੋ ਰਤਨ - 26 ਨਵੰਬਰ 1871



ਅੰਗਰੇਜ਼ ਹਕੂਮਤ ਨੇ ਸਿੱਖਾਂ ਨੂੰ ਤੰਗ ਕਰਨ ਲਈ ਇਤਿਹਾਸਕ ਗੁਰਦੁਆਰਿਆਂ ਦੇ ਨੇੜੇ ਬੁਚੜਖਾਨੇ ਖੋਲ੍ਹੇ। ਐਸਾ ਕੁਕਰਮ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੇ ਨੇੜੇ ਵੀ ਕੀਤਾ। ਜਿਥੋਂ ਕਾਂ, ਇੱਲਾਂ ਮਾਸ ਦੀਆਂ ਬੋਟੀਆਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਵਲ ਚਲੇ ਜਾਂਦੇ ਅਤੇ ਇਸ ਪ੍ਰਕਾਰ ਧਰਮ ਅਸਥਾਨ ਦੀ ਬੇਅਦਬੀ ਹੁੰਦੀ। ਨਾਮਧਾਰੀ ਸਿੰਘ ਇਹ ਬੇਅਦਬੀ ਸਹਾਰ ਨਾ ਸਕੇ ਅਤੇ 14-15 ਜੂਨ 1871 ਈਸਵੀ ਨੂੰ ਨਾਮਧਾਰੀ ਸਿੰਘਾਂ ਨੇ ਬੁਚੜ ਖਾਨੇ ਤੇ ਹਮਲਾ ਕਰਕੇ ਗਊਆਂ ਆਜ਼ਾਦ ਕੀਤੀਆਂ। ਬੁਚੜਬੱਧ ਦੇ ਦੋਸ਼ੀਆਂ ਬਾਰੇ ਸੂਹ ਨਾ ਮਿਲੀ। ਅਖੀਰ ਨਾਮਧਾਰੀ ਸਿੰਘ ਹੁਕਮ ਨਾਲ ਅਦਾਲਤ ਵਿੱਚ ਪੇਸ਼ ਹੋਏ ਅਤੇ ਦੋਸ਼ ਕਬੂਲ ਕਰ ਲਿਆ, ਸਿੱਟੇ ਵਜੋਂ ਅੰਮ੍ਰਿਤਸਰ ਰਾਮ ਬਾਗ ਦੇ ਬੋਹੜ ਨਾਲ ਚਾਰ ਸਿੰਘਾਂ ਨੂੰ ਫ਼ਾਂਸੀ ਦੇਣ ਦੀ ਸਜ਼ਾ ਸੁਣਾਈ ਗਈ। 15 ਸਤੰਬਰ 1871 ਈਸਵੀ ਨੂੰ ਖੁਸ਼ੀ ਖੁਸ਼ੀ ਫ਼ਾਂਸੀ ਦੇ ਰੱਸੇ ਗਲਾਂ ਵਿੱਚ ਪਾ ਰਾਮ ਬਾਗ਼ ਅੰਮ੍ਰਿਤਸਰ ਗਊ ਗ਼ਰੀਬ ਤੇ ਧਰਮ ਦੀ ਰਾਖੀ ਲਈ ਸਿੰਘ ਸ਼ਹੀਦ ਹੋਏ।




17 ਅਤੇ 18 ਜਨਵਰੀ 1872 ਈਸਵੀ ਨੂੰ ਬਿਨਾਂ ਮੁਕਦਮਾ ਅੰਗਰੇਜ਼ ਹਕੂਮਤ ਨੇ 66 ਸਿੰਘਾਂ ਨੂੰ ਤੋਪਾਂ ਸਾਮ੍ਹਣੇ ਖਿਲ੍ਹਾਰ ਕੇ ਉਡਾ ਦਿੱਤਾ। ਉਹਨਾਂ ਸ਼ਹੀਦਾਂ ਸਿੰਘਾਂ ਵਿੱਚੋਂ ਮਧਰੇ ਕੱਦ ਦੇ ਇੱਕ ਸਿੰਘ, ਵਰਿਆਮ ਸਿੰਘ ਨੂੰ ਉਹ ਬਚਾਉਣਾ ਚਾਹੁੰਦੇ ਸੀ। ਵਰਿਆਮ ਸਿੰਘ ਦੇ ਢੀਮਾਂ ਰਖ ਕੱਦ ਉੱਚਾ ਕਰ, ਸ਼ਹੀਦ ਹੋਣ ਦਾ ਦ੍ਰਿਸ਼।



ਮਲੇਰਕੋਟਲੇ ਸ਼ਹੀਦਾਂ ਦੀ ਯਾਦ ਵਿੱਚ ਉਸਾਰੇ ਗਏ 66 ਫੁਟ ਉੱਚੇ ਸ਼ਹੀਦੀ ਖੰਡੇ ਅਤੇ ਤੋਪਾਂ ਦਾ ਦ੍ਰਿਸ਼।



ਜਿਉਂ ਹੀ 17 ਜਨਵਰੀ 1872 ਈਸਵੀ ਨੂੰ ਲੁਧਿਆਣੇ ਲਈ ਗਾਡੀਵਾਨ ਗੁਰਦਿਤ ਸਿੰਘ ਨੇ ਗੱਡ ਤੋਰੀ ਅਤੇ ਕਾਲੀ ਕੰਬਲੀ ਵਾਲੇ ਸਤਿਗੁਰੂ ਰਾਮ ਸਿੰਘ ਜੀ ਨੇ ਜਿਉਂ ਹੀ ਉਚੀ ਬਾਂਹ ਕਰਕੇ ਸੰਗਤ ਨੂੰ ਧੀਰਜ ਦੇਣਾ ਚਾਹਿਆ ਤਾਂ ਸੰਗਤਾਂ ਭੁਬਾਂ ਮਾਰ ਮਾਰ ਰੋਣ ਲਗੀਆਂ ਮਸਤਾਨੀਆਂ ਹੋ ਗਈਆਂ।



18 ਜਨਵਰੀ 1872 ਈਸਵੀ ਨੂੰ ਲੁਧਿਆਣਾ ਸਟੇਸ਼ਨ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ
ਰੇਲ ਗਡੀ ਰਾਹੀਂ ਪ੍ਰਯਾਗਰਾਜ (ਇਲਾਹਾਬਾਦ) ਨੂੰ ਰਵਾਨਗੀ ਦਾ ਦ੍ਰਿਸ਼।



ਸਤਿਗੁਰੂ ਰਾਮ ਸਿੰਘ ਜੀ ਕਲਕਤੇ ਦੀ ਬੰਦਰਗਾਹ ਤੋਂ ਪੁਲਸ ਗਾਰਦ ਦੇ ਪਹਿਰੇ ਹੇਠ ਸੇਵਕ ਨਾਨੂ ਸਿੰਘ ਜੀ ਨਾਲ
ਸਮੁੰਦਰੀ ਜਹਾਜ਼ ਵਿੱਚ 11 ਮਾਰਚ 1872 ਈਸਵੀ ਨੂੰ ਸ਼ਾਮ ਦੇ ਸਤ ਵਜੇ ਰੰਗੁਨ ਲਈ ਰਵਾਨਗੀ ਦਾ ਦ੍ਰਿਸ਼।



ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੇ ਪਿਆਸੇ, ਪਹਿਰੇਦਾਰਾਂ ਦੀਆਂ ਸਖਤੀਆਂ ਤੋਂ ਬੇਪ੍ਰਵਾਹ ਸੰਤ ਮੀਹਾਂ ਸਿੰਘ ਜੀ ਰੰਗੂਨ (ਬਰ੍ਹਮਾ) ਵਿਖੇ ਜੰਗਲਾ ਟੱਪ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਂਦੇ ਹੋਏ।



ਸ੍ਰੀ ਭੈਣੀ ਸਾਹਿਬ ਵਿਖੇ ਪੁਲਸ ਚੌਕੀ ਦੀ ਹਾਜ਼ਰੀ ਦਾ ਦ੍ਰਿਸ਼।

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਤੋਂ ਬਾਅਦ ਅਤਿ ਦੀਆਂ ਸਖ਼ਤੀਆਂ ਕਰਨ ਲਈ ਸ੍ਰੀ ਭੈਣੀ ਸਾਹਿਬ ਵਿਖੇ ਅੰਗ੍ਰੇਜ਼ ਹਕੂਮਤ ਨੇ ਪੁਲਸ ਚੌਕੀ ਤਾਇਨਾਤ ਕਰ ਦਿਤੀ। ਜੋ ਲਗਭਗ ਪੰਜਾਹ ਸਾਲ ਉਥੇ ਰਹੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ - ਕੌਮਾਂਤਰੀ ਸੰਪਰਕਾਂ ਦੀ ਦਾਸਤਾਨ



✍ ਸੂਬਾ ਸੁਰਿੰਦਰ ਕੌਰ ਖਰਲ

ਸ੍ਰੀ ਸਤਿਗੁਰੂ ਜੀ ਦੇਸ਼ ਨੂੰ ਅਜ਼ਾਦ ਕਰਾਉਣ ਲਈ ਹਰ ਹੀਲਾ ਵਰਤ ਰਹੇ ਸਨ। ਇਸ ਦੇ ਨਾਲ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੰਘਾਂ ਨੂੰ, ਗੁਆਂਢੀ ਦੇਸ਼ੀ ਵਿਦੇਸ਼ੀ ਰਿਆਸਤਾਂ ਵਿਚ ਸੈਨਿਕ ਸਿਖਲਾਈ ਦੁਆ ਕੇ, ਉਚਿਤ ਸਮਾਂ ਆਉਣ 'ਤੇ ਅੰਗ੍ਰੇਜ ਸਰਕਾਰ ਨਾਲ ਹਰ ਤਰ੍ਹਾਂ ਨਾਲ ਸਿੱਝਣ ਦੀ ਯੋਜਨਾ ਬਣਾ ਰਹੇ ਸਨ। ਇਸੇ ਮਕਸਦ ਦੀ ਪੂਰਤੀ ਲਈ ਸ੍ਰੀ ਸਤਿਗੁਰੂ ਜੀ ਨੇ ਜੰਮੂ ਕਸ਼ਮੀਰ ਵਿਚ 'ਕੂਕਾ ਰੈਜੀਮੈਂਟ' ਵੀ ਤਿਆਰ ਕੀਤੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਨਿਸ਼ਾਨਾ ਜਿੱਥੇ ਅੰਗ੍ਰੇਜ਼ ਹਕੂਮਤ ਦੀ ਗੁਲਾਮੀ ਵਿਚੋਂ ਆਪਣੇ ਦੇਸ਼ ਭਾਰਤ ਨੂੰ ਸੁਤੰਤਰ ਕਰਵਾਉਣ ਲਈ ਜਨਤਾ ਨੂੰ ਜਾਗ੍ਰਤ ਕਰ ਲਾਮ ਬੰਦ ਕਰਨਾ ਸੀ, ਉਥੇ ਹੀ ਅਫਗਾਨਿਸਤਾਨ, ਰੂਸ ਅਤੇ ਨੇਪਾਲ ਆਦੀ ਗੁਆਂਢੀ ਦੇਸ਼ਾਂ ਨਾਲ ਆਪਣੇ ਕੂਟਨੀਤਿਕ ਸੰਬੰਧਾਂ ਨੂੰ ਵਿਕਸਿਤ ਕਰਨਾ ਵੀ ਸੀ ਤਾਂ ਜੋ ਬਸਤੀਵਾਦੀ ਅੰਗ੍ਰੇਜੀ ਸਰਕਾਰ ਦੇ ਵਿਰੁੱਧ ਗੁਆਂਢੀ ਏਸ਼ੀਅਨ ਤਾਕਤਾਂ ਦਾ ਇੱਕ ਮੋਰਚਾ ਬਣਾਇਆ ਜਾ ਸਕੇ। ਦੂਜੇ ਦੇਸ਼ਾਂ ਨਾਲ ਸੰਬੰਧ ਜੋੜਨ ਲਈ ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਦੇਸ਼ਾਂ ਵਿਚ ਆਪਣੇ ਸੂਬੇ ਅਤੇ ਹੋਰ ਪ੍ਰਭਾਵਸ਼ਾਲੀ ਤੇ ਭਰੋਸੇਯੋਗ ਵਿਅਕਤੀਆਂ ਨੂੰ ਭੇਜਿਆ। ਸ੍ਰੀ ਸਤਿਗੁਰੂ ਜੀ ਦੇਸ਼ ਨੂੰ ਅਜ਼ਾਦ ਕਰਾਉਣ ਲਈ ਹਰ ਹੀਲਾ ਵਰਤ ਰਹੇ ਸਨ।

ਇਸ ਦੇ ਨਾਲ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੰਘਾਂ ਨੂੰ, ਗੁਆਂਢੀ ਦੇਸ਼ੀ ਵਿਦੇਸ਼ੀ ਰਿਆਸਤਾਂ ਵਿਚ ਸੈਨਿਕ ਸਿਖਲਾਈ ਦੁਆ ਕੇ, ਉਚਿਤ ਸਮਾਂ ਆਉਣ 'ਤੇ ਅੰਗ੍ਰੇਜ ਸਰਕਾਰ ਨਾਲ ਹਰ ਤਰ੍ਹਾਂ ਨਾਲ ਸਿੱਝਣ ਦੀ ਯੋਜਨਾ ਬਣਾ ਰਹੇ ਸਨ। ਇਸੇ ਮਕਸਦ ਦੀ ਪੂਰਤੀ ਲਈ ਸ੍ਰੀ ਸਤਿਗੁਰੂ ਜੀ ਨੇ ਜੰਮੂ ਕਸ਼ਮੀਰ ਵਿਚ 'ਕੂਕਾ ਰੈਜੀਮੈਂਟ' ਵੀ ਤਿਆਰ ਕੀਤੀ।

ਸ੍ਰੀ ਸਤਿਗੁਰੂ ਜੀ ਚਾਹੁੰਦੇ ਸਨ ਕਿ ਉਹ ਕਿਸੇ ਤਰ੍ਹਾਂ ਆਪਣੇ ਸਿੰਘਾਂ ਅਤੇ ਗੁਆਂਢੀ ਏਸ਼ੀਅਨ ਤਾਕਤਾਂ ਦੇ ਸਹਿਯੋਗ ਨਾਲ ਆਪਣੇ ਮੁਕਤੀ ਸੰਗਰਾਮ ਨੂੰ ਅੰਤਮ ਟੀਚੇ ਤੀਕ ਪਹੁੰਚਾ ਸਕਣ। ਆਪ ਜੀ ਨੇ ਭਾਰਤ ਤੋਂ ਬਾਹਰ ਆਜ਼ਾਦ ਰਿਆਸਤਾਂ ਨਾਲ ਆਪਣੇ

ਰਾਜਨੀਤਿਕ ਸੰਬੰਧ ਬਣਾਉਣੇ ਸੁਰੂ ਕੀਤੇ।

ਕਸ਼ਮੀਰ ਨਾਲ ਸੰਬੰਧ

ਸ. ਕਿਸ਼ਨ ਸਿੰਘ ਪਿੰਡ ਗੁੰਥਗੜ, (ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ) ਜਿਸ ਦਾ ਪਹਿਲਾਂ ਨਾਂ ਹਰੀ ਸਿੰਘ ਸੀ, ਨੇ ਕਸ਼ਮੀਰ ਵਿਚ ਕੂਕਾ ਪਲਟਨ ਖੜੀ ਕਰਨ ਵਿਚ ਅਹਿਮ ਰੋਲ ਅਦਾ ਕੀਤਾ।

ਸ. ਕਿਸ਼ਨ ਸਿੰਘ ਉਸ ਵੇਲੇ ਦੇ ਪੰਜਾਬ ਵਿਚ ,ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਭਾਵ ਵਿਚ ਆ ਕੇ, ਦਿਨ ਰਾਤ ਕੌਮੀ ਮੁਕਤੀ ਦੀਆਂ ਸੋਚਣ ਵਾਲਾ ਰੌਸ਼ਨ ਦਿਮਾਗ ਗੱਭਰੂ ਸੀ,ਜਿਸ ਦੇ ਹਿਰਦੇ ਵਿਚ ਵਿਦੇਸ਼ੀ ਹਕੂਮਤ ਵਿਰੁੱਧ ਨਫਰਤ ਸੀ।ਉਹ ਦਿਨ ਰਾਤ ਆਪਣੇ ਮਿਸ਼ਨ ਦੀ ਪ੍ਰਾਪਤੀ ਲਈ ਲੰਮੇ ਸਫਰਾਂ ਦਾ ਪਾਂਧੀ ਬਣਿਆ ਰਹਿੰਦਾ।

"ਕਸ਼ਮੀਰ ਦਾ ਮਹਾਰਾਜਾ ਰਣਬੀਰ ਸਿੰਘ ਅੰਗਰੇਜ਼ਾਂ ਦੇ ਪੁਰਾਣੇ ਅਹਿਦਮਾਨੇ ਵਿਚ ਆਈਆਂ ਸ਼ਰਤਾਂ ਤੋਂ ਵਧੇਰੇ ਦਖਲ ਦੇਣ ਨੂੰ ਬਹੁਤ ਬੁਰਾ ਮਨਾਉਂਦਾ ਸੀ । ਕਸ਼ਮੀਰ ਦਰਬਾਰ ਵਿਚ ਉਸ ਸਮੇਂ ਅਹਿਲਕਾਰਾਂ ਦੀਆਂ ਦੋ ਪਾਰਟੀਆਂ ਸਨ।ਇੱਕ ਵੱਡੇ ਵਜ਼ੀਰ ਦੀਵਾਨ ਕ੍ਰਿਪਾ ਰਾਮ ਐਮਨਾਬਾਦੀਏ ਦੀ,ਜੋ ਅੰਗਰੇਜ਼ਾਂ ਨਾਲ ਪੱਕੀ ਦੋਸਤੀ ਰੱਖਣ ਦੇ ਹੱਕ ਵਿਚ ਸੀ।ਦੂਸਰੀ ਮਹਾਰਾਜਾ ਗੁਲਾਬ ਸਿੰਘ ਦੇ ਗੁਰੂ ਵੇਦਾਂਤੀ ਜੀ ਦੀ ਜੋ ਕਸ਼ਮੀਰ ਨੂੰ ਅੰਗਰੇਜ਼ਾਂ ਦੇ ਅਸਰ ਰਸੂਖ ਤੋਂ ਬਚਾਅ ਕੇ ਇੱਕ ਨੀਮ ਸੁਤੰਤਰ ਹਿੰਦੂ ਰਾਜ ਦੀ ਸ਼ਕਲ ਵਿਚ ਰਖਣਾ ਚਾਹੁੰਦਾ ਸੀ।ਵੇਦਾਂਤੀ ਜੀ, ਮਹਾਰਾਜਾ ਗੁਲਾਬ ਸਿੰਘ ਜੀ ਦੇ ਸਮੇਂ ਤੋਂ ਇੱਕ ਵਿਦਿਆਲੇ ਚਲਾ ਰਹੇ ਸਨ ਅਤੇ ਉਸ ਵਿਚ ਆਪ ਵੀ ਸਿਖਿਆ ਦਿਆ ਕਰਦੇ ਸਨ।ਗੁਜਰਾਂਵਾਲਾ ਅਤੇ ਸਿਆਲਕੋਟ ਦੇ ਜ਼ਿਲ੍ਹਿਆਂ ਦੇ ਬਹੁਤ ਸਾਰੇ ਨਾਮਧਾਰੀ ਵੇਦਾਂਤੀ ਜੀ ਦੇ ਮਿੱਤਰ ਸਨ।"[1]

ਸ. ਕਿਸ਼ਨ ਸਿੰਘ ਤੇ ਉਨ੍ਹਾਂ ਦਾ ਦੋਸਤ ਰਾਜਾ ਸਿੰਘ ਤਰਾਂਡੀ ਵਾਲਾ, ਵੇਦਾਂਤੀ ਜੀ ਨੂੰ ਅਕਸਰ ਮਿਲਦੇ ਰਹਿੰਦੇ ਸਨ, ਸੰਨ 1868 ਵਿਚ ਚੰਦੋ ਕਤਲ ਕੇਸ ਵਿਚ ਵਾਰੰਟ ਨਿਕਲਣ ਵਾਲੀ ਘਟਨਾ ਕਾਰਨ, ਅੰਗਰੇਜ਼ ਅਧਿਕਾਰੀ ਸ. ਕਿਸ਼ਨ ਸਿੰਘ ਵਿਰੁੱਧ ਕਾਰਵਾਈ ਕਰਨ ਲਈ ਉਸ ਨੂੰ ਭਾਲ ਰਹੇ ਸਨ।ਸਰਕਾਰ ਵਿਰੁੱਧ ਪ੍ਰਚਾਰ ਕਰਨ ਕਰਕੇ ਸ਼ ਕਿਸ਼ਨ ਸਿੰਘ ਅੰਗਰੇਜ਼ ਅਧਿਕਾਰੀਆਂ ਨੂੰ ਪਹਿਲਾਂ ਹੀ ਰੜਕਦਾ ਸੀ।

"ਆਪਣੀ ਭਾਲ ਹੁੰਦੀ ਜਾਣ ਕੇ ਕਿਸ਼ਨ ਸਿੰਘ ਭੱਜ ਕੇ ਕਸ਼ਮੀਰ ਚਲਾ ਗਿਆ ਅਤੇ ਭਗਵੇ ਕੱਪੜੇ ਪਾ ਕੇ ਸਾਧੂ ਬਣਕੇ ਰਹਿਣ ਲੱਗ ਪਿਆ ਅਤੇ ਆਪਣਾ ਨਾਮ ਉਸ ਨੇ ਜਵਾਲਾਗੀਰ ਰੱਖ ਲਿਆ।.. . . ..1868 ਈ: ਵਿਚ ਕਿਸ਼ਨ ਸਿੰਘ ਗੁੰਥਗੜ੍ਹ ਕਸ਼ਮੀਰ ਆ ਗਿਆ ਸੀ।ਕਸ਼ਮੀਰ ਰਿਆਸਤ ਦਾ ਬਹੁਤ ਹੀ ਪ੍ਰਸਿੱਧ ਅਤੇ ਪ੍ਰਭਾਵਸ਼ਾਲੀ ਸਾਧੂ ਸੀ ਮੋਤੀਗੀਰ। ਮਹਾਰਾਜਾ ਕਸ਼ਮੀਰ ਰਣਬੀਰ ਸਿੰਘ ਅਤੇ ਉਸਦਾ ਸਲਾਹਕਾਰ ਵੇਦਾਂਤੀ ਇਸ ਸਾਧੂ ਤੋਂ ਬਹੁਤ ਹੀ ਪ੍ਰਭਾਵਿਤ ਸਨ ਅਤੇ ਵੇਦਾਂਤੀ ਅਕਸਰ ਉਸ ਪਾਸ ਆਇਆ ਜਾਇਆ ਕਰਦਾ ਸੀ। ਮਹਾਰਾਜਾ ਕਸ਼ਮੀਰ ਅਤੇ ਵੇਦਾਂਤੀ ਅੰਗਰੇਜ਼ਾਂ ਨੂੰ ਅੰਦਰ ਖਾਤੇ ਚੰਗਾ ਨਹੀਂ ਸਨ ਜਾਣਦੇ।ਵੇਦਾਂਤੀ ਪਾਸ ਪਹਿਲਾਂ ਵੀ ਕਈ ਨਾਮਧਾਰੀ ਸਿੱਖਾਂ ਦਾ ਆਉਣਾ ਜਾਣਾ ਬਣਿਆ ਹੋਇਆ ਸੀ...... ਕਿਸ਼ਨ ਸਿੰਘ ਜਵਾਲਾਗੀਰ ਨਾਮ ਰੱਖ ਕੇ ਸਾਧੂ ਭੇਸ ਵਿਚ ਮੋਤੀਗੀਰ ਦਾ ਚੇਲਾ ਬਣ ਗਿਆ।ਚੰਦੋ ਕਤਲ ਕੇਸ ਵਿਚ ਉਸ ਦੇ ਵਾਰੰਟ ਨਿਕਲੇ ਹੋਏ ਸਨ,ਇਸ ਕਰਕੇ ਉਸ ਕਈ ਛੱਦਮ ਨਾਂਵਾਂ ਨਾਲ ਕਸ਼ਮੀਰ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ।ਉਹ ਕਦੇ ਕਾਹਨ ਸਿੰਘ ਅਤੇ ਕਦੇ ਗੁਲਾਬ ਸਿੰਘ ਦੇ ਨਾਵਾਂ ਨਾਲ ਵਿਚਰਦਾ। ਵੇਦਾਂਤੀ ਨਾਲ ਉਸ ਦੀ ਪੁਰਾਣੀ ਜਾਣ ਪਹਿਚਾਨ ਹੈ ਸੀ, ਹੁਣ ਉਹ ਦੋਵੇਂ ਅਕਸਰ ਮਿਲਦੇ।ਕਿਸ਼ਨ ਸਿੰਘ ਉਰਫ ਜਵਾਲਾਗੀਰ ਉਰਫ਼ ਕਾਹਨ ਸਿੰਘ ਉਰਫ਼ ਗੁਲਾਬ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਅੰਗਰੇਜ਼ੀ ਸਾਮਰਾਜ ਵਿਰੁੱਧ ਚਲਾਏ ਜਾ ਰਹੇ ਅੰਦੋਲਨ ਦੇ ਪ੍ਰਭਾਵ ਅਤੇ ਪ੍ਰਚਾਰ ਬਾਰੇ ਵੇਦਾਂਤੀ ਨੂੰ ਜਾਣਕਾਰੀ ਦਿੱਤੀ।"[2]

ਕਿਸ਼ਨ ਸਿੰਘ ਨੇ ਹੀ ਆਪਣੇ ਸਤਿਗੁਰੂ ਦੀ ਇੱਛਾ ਨੂੰ ਪੂਰਤ ਰੂਪ ਦੇਣ ਲਈ ਕਸ਼ਮੀਰ ਵਿਚ "ਕੂਕਾ ਰਜਮੈਂਟ" ਖੜੀ ਕਰਨ ਲਈ ਵੇਦਾਂਤੀ ਨੂੰ ਮਨਾ ਲਿਆ।ਵੇਦਾਂਤੀ ਦਾ ਮਹਾਰਾਜਾ ਕਸ਼ਮੀਰ ਤੇ ਗਹਿਰਾ ਪ੍ਰਭਾਵ ਸੀ।ਭਾਵੇਂ ਪਹਿਲਾਂ ਮਹਾਰਾਜਾ ਕਸ਼ਮੀਰ ਖੁਲ੍ਹੇ ਤੌਰ 'ਤੇ ਅੰਗਰੇਜ਼ਾਂ ਨੂੰ ਨਰਾਜ਼ ਨਹੀਂ ਸੀ ਕਰਨਾ ਚਾਹੁੰਦਾ,ਪਰ ਵੇਦਾਂਤੀ ਦੇ ਜ਼ੋਰ ਦੇਣ ਤੇ ਉਹ ਮੰਨ ਗਿਆ ਇੱਕ 'ਕੂਕਾ ਪਲਟਨ' ਕਸ਼ਮੀਰ ਵਿਚ ਖੜੀ ਕਰਨ ਬਾਰੇ।[3]

"ਗੁਰੂ ਰਾਮ ਸਿੰਘ ਜੀ ਦੇ ਦੜਪ, ਗੁਜਰਾਂਵਾਲਾ, ਸਿਆਲਕੋਟ ਦੇ ਦੌਰੇ ਸਮੇਂ 1869 ਦੀਆਂ ਗਰਮੀਆਂ ਵਿਚ ਆਪ ਜੀ ਦੇ ਹੁਕਮ ਨਾਲ ਅਤੇ ਵੇਦਾਂਤੀ ਜੀ ਦੇ ਵਸੀਲੇ ਦੁਆਰਾ ਹੀਰਾ ਸਿੰਘ ਲੰਬੂ ਸਢੌਰੇ ਵਾਲਾ,ਤਾਰਾ ਸਿੰਘ ਕਿਲ੍ਹਾ ਦੇਸਾਂ ਸਿੰਘ ਵਾਲੇ ਨਾਲ 30 ਕੁ ਕੂਕਿਆਂ ਸਮੇਤ ਮਹਾਰਾਜਾ ਕਸ਼ਮੀਰ ਪਾਸ ਜੰਮੂ ਪਹੁੰਚੇ।ਵੇਦਾਂਤੀ ਜੀ ਦੀ ਸਿਫਾਰਸ਼ ਤੇ ਮਹਾਰਾਜਾ ਰਣਬੀਰ ਸਿੰਘ ਨੇ

ਇਨ੍ਹਾਂ ਨੂੰ ਜੰਮੂ ਸ਼ਹਿਰ ਤੋਂ ਬਾਹਰ ਥਾਂ ਦੇ ਦਿੱਤੀ।ਮਹਾਰਾਜਾ ਸਾਹਿਬ ਨੇ ਇਨ੍ਹਾਂ ਨੂੰ ਇਹ ਯਕੀਨ ਦਵਾਇਆ ਕਿ ਜੇ ਉਹ ਇੱਕ ਪਲਟਣ ਦੀ ਪੂਰੀ ਨਫਰੀ ਜਿਤਨੇ ਕੂਕੇ ਲੈ ਆਵਣ ਤੱਦ ਉਨ੍ਹਾਂ ਦੀ ਵੱਖਰੀ ਪਲਟਣ ਖੜ੍ਹੀ ਕਰ ਦਿੱਤੀ ਜਾਵੇਗੀ।ਕੂਕਿਆਂ ਦੀ ਕੰਪਨੀ ਕੁਮੇਦਾਨ ਹੁਕਮਾਂ ਸਿੰਘ ਦੀ ਰੈਜਮੈਂਟ ਨਾਲ ਸ਼ਾਮਿਲ ਕਰਕੇ ਸ੍ਰੀ ਨਗਰ ਭੇਜ਼ ਦਿੱਤੀ ਗਈ।ਇਸ ਰੈਜਮੈਂਟ ਦਾ ਅਜੀਟਨ ਗਵਰਨਰ ਮੀਹਾਂ ਸਿੰਘ ਦਾ ਭਤੀਜਾ ਮਿਸਰੀਮੀਨੇ ਵਾਲਾ ਤਾਰਾ ਸਿੰਘ ਸੀ।ਨਾਮਧਾਰੀਆਂ ਨੂੰ ਪੂਰੀ ਤਰ੍ਹਾ ਕਵਾਇਦ ਪਰੇਡ ਸਿਖਾ ਕੇ ਅਤੇ ਵਰਦੀਆਂ ਦੇ ਕੇ ਬਕਾਇਆ ਸਰਕਾਰੀ ਨੌਕਰ ਰੱਖ ਲੀਤਾ ਗਿਆ।"[4]

"ਨਵੰਬਰ 1869 ਵਿਚ ਗਵਰਮੈਂਟ ਨੂੰ ਆਪਣੇ ਅਫਸਰਾਂ ਦੀਆਂ ਰਪੋਟਾਂ ਤੋਂ ਪਤਾ ਲੱਗਾ ਕਿ ਕਸ਼ਮੀਰ ਦਾ ਮਹਾਰਾਜਾ ਇੱਕ ਕੂਕਾ ਪਲਟਣ ਖੜ੍ਹੀ ਕਰ ਰਿਹਾ ਹੈ ਅਤੇ ਕਸ਼ਮੀਰ ਜਾਣ ਵਾਲਾ ਹਰ ਇੱਕ ਰੰਗਰੂਟ ਸਤਿਗੁਰੂ ਰਾਮ ਸਿੰਘ ਜੀ ਤੋਂ ਸਰਟੀਫਿਕੇਟ ਲੈ ਕੇ ਜਾਂਦਾ ਹੈ।(ਕੂਕਾ ਰਿਕਾਰਡ ਪੰਨਾ 97) 1869 ਦੇ ਆਖੀਰ ਵਿਚ ਇਸ ਮੰਤਵ ਲਈ ਇੱਕ ਥਾਣੇਦਾਰ ਨੂੰ ਜੰਮੂ ਭੇਜਿਆ ਗਿਆ ਕਿ ਕੂਕਾ ਪਲਟਨ ਦੀ ਬਨਾਵਟ ਤੇ ਉਸਦੇ ਅੰਦਰੂਨੀ ਹਾਲਾਤ ਦਾ ਪਤਾ ਕਰੇ।ਉਸ ਨੇ ਫਰਵਰੀ 1870 ਨੂੰ ਵਾਪਿਸ ਆ ਕੇ ਇਹ ਰਿਪੋਟ ਪੇਸ਼ ਕੀਤੀ -

"ਕੋਈ 6 7 ਮਹੀਨੇ ਹੋਏ ,ਜਦੋਂ ਹੀਰਾ ਸਿੰਘ ਅੰਬਾਲਾ, ਤਾਰਾ ਸਿੰਘ ਕਿਲ੍ਹਾ ਦੇਸ ਰਾਜ ਜ਼ਿਲ੍ਹਾ ਅੰਮ੍ਰਿਤਸਰ, ਲਾਲ ਸਿੰਘ ਪਟਿਆਲਾ, ਚੰਦਾ ਸਿੰਘ ਅੰਮ੍ਰਿਤਸਰ ਅਤੇ ਲਗਭਗ 30 ਕੂਕੇ ਹੋਰ, ਮਹਾਰਾਜਾ ਕਸ਼ਮੀਰ ਪਾਸ ਗਏ ਅਤੇ ਨੌਕਰੀ ਲਈ ਦਰਖਾਸਤ ਕੀਤੀ।ਮਹਾਰਾਜਾ ਨੇ ਉਨ੍ਹਾਂ ਨਾਲ ਇਕਰਾਰ ਕੀਤਾ ਕਿ ਉਹ ਇੱਕ ਕੂਕਾ ਪਲਟਣ ਬੰਨਣ ਵਾਸਤੇ ਤਿਆਰ ਹਨ। ਏਸ ਲਈ ਜੰਮੂ ਸ਼ਹਿਰ ਦੇ ਬਾਹਰਵਾਰ ਉਨ੍ਹਾਂ ਲਈ ਇੱਕ ਛਾਉਣੀ ਤਿਆਰ ਕੀਤੀ ਗਈ ਤੇ ਓਧਰ ਭਰਤੀ ਸੁਰੂ ਹੋ ਗਈ। ਮੈਂ ਜਦੋਂ ਉਥੇ ਗਿਆ ਸਾਂ 150 ਕੂਕਿਆਂ ਦੀ ਨਫਰੀ ਸੀ, ਜਿਨ੍ਹਾਂ ਵਿਚੋਂ 71 ਉਸ ਸਮੇਂ ਹਾਜ਼ਰ ਸਨ। ਹੀਰਾ ਸਿੰਘ ਨੂੰ ਕੂਕਾ ਪਲਟਣ ਦਾ ਕਮਾਂਡਰ ਨਿਯੁਕਤ ਕੀਤਾ ਗਿਆ ਸੀ। ਪਰ ਉਸ ਵੇਲੇ ਉਹ ਵੀ ਹਾਜ਼ਰ ਨਹੀ ਸੀ।(ਕੂਕਾ ਰਿਕਾਰਡ ਪੰਨਾ 92-93)"[5]

"ਨਵੰਬਰ 1870 ਵਿਚ ਨਾਮਧਾਰੀ ਸ਼ਿਪਾਹੀਆਂ ਦੀ ਗਿਣਤੀ 250 ਦੇ ਕਰੀਬ ਹੋ ਗਈ ਅਤੇ ਇਨ੍ਹਾਂ ਦੀਆਂ ਡਿਊਟੀਆਂ ਕਸ਼ਮੀਰ ਦੀਆਂ ਸਰਹੱਦੀ ਚੌਕੀਆਂ ਤੇ ਲਗਾਈਆਂ ਜਾਂਦੀਆਂ ਸਨ। ਨਾਮਧਾਰੀ ਸਿਪਾਹੀਆਂ ਦੀ ਤਨਖ਼ਾਹ 10 ਰੁਪਏ (ਚਿਲਕੀ) ਸੀ। ਜੰਮੂ ਦੀ ਫੌਜ਼ ਦੇ ਦੂਸਰੇ ਸਿਪਾਹੀਆਂ ਨਾਲੋਂ ਇਨ੍ਹਾਂ ਨੂੰ ਇੱਕ ਰੁਪਇਆ ਜ਼ਿਆਦਾ ਮਿਲਦਾ ਸੀ।

ਭਰਤੀ ਹੋ ਕੇ ਨਾਮਧਾਰੀ ਪੁਲਿਸ ਦੀ ਨਿਗਰਾਨੀ ਤੋਂ ਅਤੇ ਅਫਸਰਾਂ ਦੀਆਂ ਅੱਖਾਂ ਤੋਂ ਓਹਲੇ ਹੋ ਜਾਂਦੇ ਸਨ।ਇਸ ਲਈ ਉਨ੍ਹਾਂ ਦੇ ਮਨਸੂਬਿਆਂ ਦਾ ਕੁੱਝ ਪਤਾ ਨਹੀਂ ਲੱਗਦਾ ਸੀ।

ਦੀਵਾਨ ਕ੍ਰਿਪਾ ਰਾਮ ਵੇਦਾਂਤੀ ਜੀ ਨਾਲ ਪਰਸਪਰ ਦੁਸ਼ਮਣੀ ਹੋਣ ਕਾਰਨ ਅਤੇ ਅੰਗਰੇਜ਼ਾਂ ਦਾ ਆਪਣਾ ਆਦਮੀ ਹੋਣ ਕਰਕੇ ਕਸ਼ਮੀਰ ਦੀ ਸਰਹੱਦੀ ਰਿਆਸਤ ਵਿਚ ਨਾਮਧਾਰੀਆਂ ਦੀ ਪਲਟਣ ਖੜ੍ਹੀ ਕਰਨ ਦਾ ਸਖਤ ਵਿਰੋਧੀ ਸੀ। ਉਹ ਕਿਸੇ ਐਸੇ ਮੌਕੇ ਦੀ ਤਾੜ ਵਿਚ ਸੀ ਜਦੋਂ ਉਹ ਮਹਾਰਾਜ ਪਾਸੋਂ ਇਸ ਪਲਟਣ ਦੇ ਤੋੜਨ ਦੇ ਹੁਕਮ ਹਾਸਿਲ ਕਰ ਸਕੇ। ... ... ਅੰਮ੍ਰਿਤਸਰ ਅਤੇ ਰਾਏਕੋਟ ਦੇ ਬੁੱਚੜਾਂ ਦੇ ਕਤਲ ਕਰਨ ਵਾਲਿਆਂ ਨੂੰ ਫਾਂਸੀਆਂ ਹੋਣ ਸਮੇਂ ਅੰਗਰੇਜਾਂ ਨੂੰ ਨਾਮਧਾਰੀਆਂ ਦੀ ਜੱਥੇਬੰਦੀ ਸਬੰਧੀ ਬੇਹੱਦ ਸ਼ੱਕ ਪੈ ਗਏ ਸਨ।ਸੋ ਇਸ ਮੌਕੇ ਤੇ ਦੀਵਾਨ ਸਾਹਿਬ ਨੇ ਮਹਾਰਾਜਾ ਪਾਸ ਜਾ ਕੇ ਦੱਸਿਆ ਕਿ ਉਸ ਨੇ ਰੈਜੀਡੈਂਟ ਸਾਹਿਬ ਨੂੰ ਗੱਲਾਂ ਬਾਤਾਂ ਕਰਦੇ ਹੋਏ ਖੁਦ ਸੁਣਿਆ ਹੈ ਕਿ ਅੰਗਰੇਜ਼ ਸਰਕਾਰ ਕੂਕਿਆਂ ਦੇ ਸਖਤ ਵਿਰੁੱਧ ਹੈ, ਕਿਉਂਕਿ ਕੂਕੇ ਅੰਗਰੇਜ਼ਾਂ ਦੇ ਕੱਟੜ ਵੈਰੀ ਹਨ।

ਮਹਾਰਾਜਾ ਨੇ ਦੀਵਾਨ ਸਾਹਿਬ ਦੇ ਕਹਿਣ ਤੇ ਆਪਣੀ ਜਾਤੀ ਬਿਹਤਰੀ

"ਨਵੰਬਰ 1869 ਵਿਚ ਰਮੈਂਟ ਨੂੰ ਆਪਣੇ ਅਫਸਰਾਂ ਦੀਆਂ ਰਿਪੋਟਾਂ ਤੋਂ ਪਤਾ ਲੱਗਾ ਕਿ ਕਸ਼ਮੀਰ ਦਾ ਮਹਾਰਾਜਾ ਇੱਕ ਕੂਕਾ ਪਲਟਣ ਖੜ੍ਹੀ ਕਰ ਰਿਹਾ ਹੈ ਅਤੇ ਕਸ਼ਮੀਰ ਜਾਣ ਵਾਲਾ ਹਰ ਇੱਕ ਰੰਗਰੂਟ ਸਤਿਗੁਰੂ ਰਾਮ ਸਿੰਘ ਜੀ ਤੋਂ ਸਰਟੀਫਿਕੇਟ ਲੈ ਕੇ ਜਾਂਦਾ ਹੈ।

ਇਸ ਵਿਚ ਹੀ ਸਮਝੀ ਕਿ ਕੂਕਿਆਂ ਦੀ ਪਲਟਣ ਤੋੜ ਦਿੱਤੀ ਜਾਵੇ।ਖੜ੍ਹੀ ਕਰਨ ਤੋਂ 3 ਕੁ ਸਾਲ ਪਿਛੋਂ ਸੰਨ 1871 ਦੇ ਆਖੀਰ ਵਿਚ ਉਹ ਤੋੜ ਦਿੱਤੀ ਗਈ ਅਤੇ ਨਾਮਧਾਰੀ ਸਿਪਾਹੀ ਘਰੋਂ ਘਰੀਂ ਵਾਪਿਸ ਆ ਗਏ ।ਸਾਢੌਰੇਵਾਲਾ ਹੀਰਾ ਸਿੰਘ ਇਨ੍ਹਾਂ ਨਾਮਧਾਰੀਆਂ ਦਾ ਆਗੂ ਸੀ ਜੋ 1881 ਤੋਂ ਵੀ ਪਿਛੋਂ ਆਪਣੇ ਪਿੰਡ ਸਾਢੌਰੇ ਵਿਖੇ ਹੀ ਰਹਿੰਦਾ ਸੀ।"[6]

ਪੰਜਾਬ ਸਰਕਾਰ 8 ਦਸੰਬਰ 1871 ਦੀ ਲਿਖੀ ਚਿੱਠੀ ਨੰਬਰ 474 -1359 ਵਿਚ ਲਿਖਿਆ ਹੋਇਆ ਹੈ "The enlistment of 200 Kukas in the Kashmir forces and there subsequent dismissal, were reported confidentllly through the home department" [7]

ਨੇਪਾਲ ਨਾਲ ਸੰਬੰਧ

ਨੇਪਾਲ ਭਾਰਤ ਦਾ ਉੱਤਰੀ ਗਵਾਂਢੀ ਇੱਕ ਸਵਤੰਤਰ ਪਹਾੜੀ ਰਾਜ ਹੈ,ਲਾਹੌਰ ਦੇ ਸਿੱਖ ਦਰਬਾਰ ਨਾਲ ਨੇਪਾਲ ਦੇ ਗੋਰਖਾ ਦਰਬਾਰ ਦੇ ਦੋਸਤਾਨਾ ਸੰਬੰਧ ਰਹੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਿਸਚੇ ਅਨੁਸਾਰ ਭਾਰਤ ਨੂੰ ਆਜ਼ਾਦ ਕਰਵਾਉਣ ਦੀ ਵਿਉਂਤ ਵਿਚ ਨੇਪਾਲ ਦੀ ਸਹਾਇਤਾ ਅਤੇ ਮਿੱਤਰਤਾ ਬਹੁਤ ਜ਼ਰੂਰੀ ਸੀ। ਨੇਪਾਲ ਸਰਕਾਰ ਦੀਆਂ ਫੌਜ਼ਾਂ ਵਿਚ ਬਹੁਤ ਸਾਰੇ ਸਿੱਖ ਚੰਗੀਆਂ ਨੌਕਰੀਆਂ 'ਤੇ ਸਨ।

ਨੇਪਾਲ ਦਾ ਰਾਣਾ ਜੰਗ ਬਹਾਦਰ ਬਹੁਤ ਦੂਰ ਅੰਦੇਸ਼ ,ਤੇਜ਼ ਅਤੇ ਅੰਗਰੇਜ਼ ਹਾਕਮਾਂ ਦੀਆਂ ਕੁਟਲ ਚਾਲਾਂ ਨੂੰ ਅਗਾਊਂ ਸਮਝਣ ਵਾਲਾ ਸੀ।ਉਹ ਜਾਣਦਾ ਸੀ ਕਿ ਅੰਗਰੇਜ਼ ਹਾਕਮ ਕਿਸੇ ਦੇ ਮਿੱਤਰ ਨਹੀਂ, ਜਦੋਂ ਵੀ ਦਾਓ ਲੱਗਾ ਇਹ ਨੇਪਾਲ ਨੂੰ ਵੀ ਪੰਜਾਬ ਵਾਂਗ ਹੀ ਝਫ ਲੈਣਗੇ।ਏਸ ਗੱਲੋਂ ਉਹ ਅੰਦਰੋਂ ਬਹੁਤ ਚੌਕੰਨਾ ਸੀ।ਉਹ ਸੰਨ 1847 ਵਿਚ ਵੱਡੇ ਵਜ਼ੀਰ ਦੀ ਗੱਦੀ ਦਾ ਮਾਲਕ ਬਣਿਆ ਸੀ।

"ਛੋਟੀ ਉਮਰ ਵਿਚ ਜੰਗ ਬਹਾਦੁਰ ਆਪਣੇ ਮਾਮੇ ਜਨਰਲ ਮਾਤਾਬਾਰ ਸਿੰਘ ਥਾਪਾ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਲਾਹੌਰ ਵੀ ਰਹਿੰਦਾ ਰਿਹਾ ਸੀ।ਜਦੋਂ ਸੰਨ 1843 ਵਿਚ ਜਨਰਲ ਮਾਤਾਵਰ ਸਿੰਘ ਥਾਪਾ ਇਥੋਂ ਜਾ ਕੇ ਨੇਪਾਲ ਦਾ ਵੱਡਾ ਵਜ਼ੀਰ ਬਣਿਆ ਤਾਂ ਜੰਗ ਬਹਾਦੁਰ ਵੀ ਇੱਕ ਵੱਡਾ ਅਹੁਦੇ ਦਾਰ ਬਣ ਗਿਆ।ਇਹੋ ਕਾਰਨ ਸੀ ਕਿ ਜਦੋਂ ਮਹਾਰਾਣੀ ਜਿੰਦਾ ਚੁਨਾਰ ਦੇ ਕਿਲ੍ਹੇ ਵਿਚੋਂ ਭੇਸ ਬਦਲਾ ਕੇ ਨਿਕਲੀ ਤਦ ਉਹ ਸਿੱਧੀ ਨੇਪਾਲ ,ਜੰਗ ਬਹਾਦੁਰ ਪਾਸ ਜਾ ਪਹੁੰਚੀ।ਉਸ ਨੇ ਉਸ ਨੂੰ ਦਰਿਆ ਬਾਘਮਤੀ ਦੇ ਕਿਨਾਰੇ ਥਾਪਾਬਲੀ ਵਿਚ ਰਹਿਣ ਲਈ ਇੱਕ ਮਹਿਲ ਦੇ ਕੇ ਉਸ ਲਈ ਰਿਆਸਤ ਵੱਲੋਂ ਖਰਚ ਲਈ ਚੰਗੀ ਰਕਮ ਗੁਜਾਰੇ ਵਜੋਂ ਮੁੱਕਰਰ ਕਰ ਦਿੱਤੀ।

ਗੱਦੀ ਸੰਭਾਲਣ ਪਿਛੋਂ ਇੱਕ ਦੋ ਸਾਲ ਮਹਾਰਾਜਾ ਜੰਗ ਬਹਾਦੁਰ ਨੇ ਆਪਣੀ ਤਾਕਤ ਪੱਕੀ ਕਰਨ ਵਿਚ ਲਾਏ।1850 ਵਿਚ ਉਸ ਨੇ ਤਿੱਬਤ ਤੇ ਚੜ੍ਹਾਈ ਕਰ ਦਿੱਤੀ।ਲੜਾਈ ਵਿਚ ਤਿਬੱਤੀਆਂ ਨੂੰ ਹਾਰ ਹੋਈ।ਜੰਗ ਬਹਾਦੁਰ ਵੱਲੋਂ ਸੰਧੀ ਨਾਮੇ ਦੀ ਦੂਜੀ ਸ਼ਰਤ ਇਹ ਰੱਖੀ ਗਈ ਕਿ ਲਾਹੌਰ ਦਰਬਾਰ ਦੇ ਕੇਸਾਂ ਵਾਲੇ ਜਿਹੜੇ ਸਿੱਖ ਸਿਪਾਹੀ ਤਿੱਬਤ ਵਾਲਿਆਂ ਦੀ ਕੈਦ ਵਿਚ ਸਨ,ਉਨ੍ਹਾਂ ਸਭਨਾਂ ਨੂੰ ਛੱਡ ਕੇ ਨੇਪਾਲ ਰਾਜ ਦੇ ਹਵਾਲੇ ਕਰ ਦਿੱਤਾ ਜਾਏ।ਇਹ ਸਿੱਖ ਸਿਪਾਹੀ ਅਤੇ ਉਨ੍ਹਾਂ ਦਾ ਅਫਸਰ ਖਟਮੰਡੂ ਪਹੁੰਚ ਗਏ। ....

ਮਹਾਰਾਜਾ ਜੰਗ ਬਹਾਦੁਰ ਨੇ ਇਨ੍ਹਾਂ ਸਿੱਖਾਂ ਨੂੰ ਆਪਣੀਆਂ ਫੌਜਾਂ ਨੂੰ ਕਵਾਇਦ ਪਰੇਡਾਂ ਕਰੌਣ ਅਤੇ ਨਵੇਂ ਢੰਗ ਦੀ ਪਹਾੜੀ, ਮੈਦਾਨੀ ਲੜਾਈਆਂ ਲੜਨ ਦੇ ਕੰਮ ਸਿਖਾਉਣ ਤੇ ਨੌਕਰ ਰੱਖ ਲਿਆ।ਖਟਮੰਡੂ ਵਿਚ ਉਦਾਸੀਆਂ ਤੇ ਨਿਰਮਲੇ ਸਾਧੂਆਂ ਦੇ ਡੇਰੇ ਵੀ ਹਨ, ਜਿਨ੍ਹਾਂ ਨੂੰ ਰਿਆਸਤ ਵੱਲੋਂ ਚੰਗੀਆਂ ਜਗੀਰਾਂ ਲੱਗੀਆਂ ਹੋਈਆਂ ਹਨ।ਸੋ ਮਹਾਰਾਣੀ ਜਿੰਦਾ ਦੇ ਉੱਥੇ ਹੋਣ ਕਰਕੇ ਅਤੇ ਸਿੱਖਾਂ ਦੇ ਨੇਪਾਲ ਦੀਆਂ ਪਲਟਨਾਂ ਨੌਕਰੀ ਕਾਰਨ ਨੇਪਾਲ ਵਿਚ ਸਿੱਖਾਂ ਦੀ ਆਵਾਜਾਈ ਹੋ ਗਈ।

1857 ਦੀ ਅੰਗਰੇਜ਼ਾਂ ਦੇ ਖਿਲਾਫ ਆਜ਼ਾਦੀ ਲਈ ਲੜੀ ਗਈ ਲੜਾਈ ਪਿਛੋਂ ਨਾਨਾ ਸਾਹਿਬ, ਤਾਂਤੀਆ ਟੋਪੇ, ਨਵਾਬ ਅਬਦੁਲ ਮਜੀਦ ਖਾਨ ਲਖਨਊ ਵਾਲਾ, ਬਾਬੂ ਕੋਇਰ ਸਿੰਘ, ਬਾਬੂ ਬੰਧੂ ਸਿੰਘ ਅਤੇ ਹੋਰ ਬਹੁਤ ਸਾਰੇ ਹਿੰਦੁਸਤਾਨੀ ਭੱਜ ਕੇ ਨੇਪਾਲ ਦੀ ਹੱਦ ਵਿਚ ਚਲੇ ਗਏ।ਮਹਾਰਾਣਾ ਜੰਗ ਬਹਾਦੁਰ ਨੇ ਸਭ ਨੂੰ ਜੀਓ ਆਇਆਂ ਕਿਹਾ ਅਤੇ ਰਸਤਾਂ ਲਾ ਦਿੱਤੀਆਂ। ਅੰਗਰੇਜਾਂ ਨੇ ਮਹਾਰਾਣਾ ਜੰਗ ਬਹਾਦਰ ਨੂੰ ਇਨ੍ਹਾਂ ਬਾਗੀਆਂ ਨੂੰ ਫੜ੍ਹ ਕੇ ਉਨ੍ਹਾਂ ਦੇ ਹਵਾਲੇ ਕਰਨ ਲਈ ਬੇ ਹੱਦ ਜ਼ੋਰ ਲਗਾਏ ਪਰ ਜੰਗ ਬਹਾਦੁਰ ਨੇ ਅਜਿਹਾ ਕਰਨ ਤੋਂ ਹਮੇਸ਼ਾ ਹੀ ਨਾ ਕੀਤੀ।1857 ਦੇ ਗੱਦਰ ਸਮੇਂ ਲਖਨਊ ਵਿਖੇ ਬੰਗਾਲ ਦੇ ਪੰਜਾਬੀ ਹਵਾਲਦਾਰ ਨੰਦ ਰਾਮ ਰਾਜਪੂਤ ਨੇ ਆਪਣੀ ਪਲਟਨ ਨੂੰ ਅੰਗਰੇਜ਼ਾਂ ਦੇ ਵਿਰੁੱਧ ਖੜ੍ਹੇ ਕਰਨ ਅਤੇ ਅੰਗਰੇਜ਼ ਅਫਸਰਾਂ ਨੂੰ

ਮਾਰਨ ਦਾ ਸ਼ਲਾਘਾਯੋਗ ਕੰਮ ਕੀਤਾ ਸੀ। ਇਸ ਲਈ ਨੰਦ ਰਾਮ ਨੂੰ ਅੰਗਰੇਜ਼ਾਂ ਦੇ ਖਿਲਾਫ ਲੜਨ ਵਾਲੀਆਂ ਫੌਜ਼ਾਂ ਵਾਲੇ ਸਿਪਾਹੀ ਜਰਨੈਲ ਦੇ ਨਾਮ ਨਾਲ ਬੁਲਾਉਣ ਲੱਗ ਪਏ ਸਨ। ਇਹ ਵੀ ਭਜ ਕੇ ਨੇਪਾਲ ਚਲਿਆ ਗਿਆ ਸੀ। ਇਹ ਬੜਾ ਹੀ ਬਹਾਦੁਰ,ਜੋੜਾ ਤੋੜਾਂ ਨੂੰ ਸਮਝਣਵਾਲਾ ਬੰਦਾ ਸੀ।"[8]

1868 ਵਿਚ ਕਿਸ਼ਨ ਸਿੰਘ ਗੁੰਥਗੜ੍ਹ, ਜਰਨੈਲ ਨੰਦ ਲਾਲ ਨਾਲ ਜਾ ਮਿਲਿਆ।

"ਕੂਕਿਆਂ ਦੇ ਫੌਜੀ ਉਤਸ਼ਾਹ ਸੰਬੰਧੀ ਕਰਨਲ ਹਟਚਿਨਸ਼ਨ ਸੀ.ਐਸ.ਆਈ.ਇੰਸਪੈਕਟਰ ਜਨਰਲ ਪੁਲਿਸ ਪੰਜਾਬ ਆਪਣੀ 30 ਜਨਵਰੀ 1871 ਦੀ ਇੱਕ ਰਿਪੋਰਟ ਵਿਚ ਲਿਖਦਾ ਹੈ ਕਿ ਪਿਛਲੇ ਸਾਲ ਵਿਚ ਕੂਕਿਆਂ ਦਾ ਨਵਾਂ ਉਤਸ਼ਾਹ ਆਪਣੇ ਸਿੱਖਾਂ ਨੂੰ ਹਿੰਦੁਸਤਾਨੀ ਰਾਜਿਆਂ ਦੀਆਂ ਫੌਜਾਂ ਵਿਚ ਭਰਤੀ ਕਰਵਾਉਣ ਦਾ ਪ੍ਰਤੀਤ ਹੁੰਦਾ ਹੈ।(ਕੂਕਾ ਪੇਪਰਜ਼ ਪੰਨਾ 95)...... ਇਨ੍ਹਾਂ ਭਰਤੀਆਂ ਬਾਬਤ ਕਾਫੀ ਧਿਆਨ ਨਾਲ ਪ੍ਰਬੰਧ ਕਰਨ ਦੀ ਲੋੜ ਹੈ।...... ਅਮਨ ਯਾ ਲੜਾਈ ,ਕਿਸੇ ਵੀ ਵੇਲੇ ਇਹ ਕਾਰਵਾਈ ਕਿਸੇ ਵੀ ਗਵਰਮੈਂਟ ਲਈ ਲਾਭਕਾਰੀ ਨਹੀਂ ਹੈ ਕਿ ਇੱਕ ਧਾਰਮਿਕ ਨੇਤਾ ਨੂੰ ਇਸ ਗੱਲ ਦਾ ਮੌਕਾ ਦਿੱਤਾ ਜਾਵੇ ਕਿ ਉਸ ਦੇ ਚੇਲੇ ਫੌਜਾਂ ਵਿਚ ਭਰਤੀ ਹੋ ਸਕਣ, ਜਿੱਥੋਂ ਉਨ੍ਹਾਂ ਦਾ ਰੂਹਾਨੀ ਆਗੂ ਉਨ੍ਹਾਂ ਨੂੰ ਆਪਣੇ ਰਾਜਨੀਤਕ ਨਿਸ਼ਾਨੇ ਵਾਸਤੇ ਜਿੱਧਰ ਚਾਹੇ ਧਕੇਲ ਸਕੇ।(ਕੂਕਾ ਪੇਪਰਜ਼ ਪੰਨਾ 96)"[9] ਦੇਸੀ ਰਿਆਸਤਾਂ ਅਤੇ ਗਵਾਂਢੀ ਮੁਲਕਾਂ ਵਿਚ ਕੂਕਿਆਂ ਦਾ ਕਵਾਇਦ ਕਰਨਾ,ਅਨੁਸ਼ਾਸਿਤ ਹੋਣਾ,ਅਜਿਹਾ ਹੈ,ਜਿਸ ਦੀ ਅੰਗਰੇਜ਼ ਸਰਕਾਰ ਸੂਹ ਵੀ ਨਹੀਂ ਰੱਖ ਸਕੇਗੀ।[9]

ਕਿਸ਼ਨ ਸਿੰਘ ਗੁੰਥਗੜ੍ਹ ਨੇ ਭੂਟਾਨ ਨਰੇਸ਼ ਅਤੇ ਕਾਂਸ਼ੀਪੁਰ ਨਰੇਸ਼ ਨਾਲ ਵੀ ਸੰਪਰਕ ਕਾਇਮ ਕਰ ਲਏ ਸਨ। ਕਾਸ਼ੀਪੁਰ ਦਾ ਰਾਜਾ ,ਰਾਣਾ ਜੰਗ ਬਹਾਦੁਰ ਦਾ ਰਿਸ਼ਤੇਦਾਰ ਸੀ।

ਮਹਾਰਾਜਾ ਜੰਗ ਬਹਾਦੁਰ ਹਰ ਉਸ ਹਿੰਦੁਸਤਾਨੀ ਨਾਲ ਜੋ ਅੰਗਰੇਜ਼ਾਂ ਦੇ ਵਿਰੁੱਧ ਹੋਵੇ ਆਪਣੇ ਜਾਤੀ ਤੁਅਲਕਾਤ ਪੈਦਾ ਕਰਨੇ ਚਾਹੁੰਦਾ ਸੀ। ਸਰਕਾਰ ਪੰਜਾਬ ਨੇ ਕਿਸ਼ਨ ਸਿੰਘ ਨਾਮਧਾਰੀ ਦੇ ਇੱਕ ਕਤਲ ਦੇ ਮੁਕੱਦਮੇ ਵਿਚ ਵਾਰੰਟ ਕੱਢ ਦਿੱਤੇ। ਇਹ ਵਾਰੰਟ ਨੇਪਾਲ ਦੇ ਰੈਜੀਡੈਂਟ ਪਾਸ ਪਹੁੰਚਾਏ ਗਏ। ਪਰ ਜੰਗ ਬਹਾਦਰ ਐਸੇ ਬੰਦਿਆਂ ਨੂੰ ਲੈਣ ਦੇਣ ਦੀ ਗੱਲ ਅੰਗਰੇਜ਼ ਰੈਜੀਡੈਂਟ ਨਾਲ ਉਕਾ ਹੀ ਨਹੀਂ ਕੀਤਾ ਕਰਦਾ ਸੀ। ਗੁਰੂ ਰਾਮ ਸਿੰਘ ਦਾ ਨਾਮ ਸੁਣ ਕੇ ਜੰਗ ਬਹਾਦੁਰ ਜੀ ਨੇ ਆਪ ਜੀ ਨਾਲ ਸੰਬੰਧ ਪੈਦਾ ਕਰਨ ਦੀ ਇੱਛਾ ਜ਼ਾਹਿਰ ਕੀਤੀ।[10]

"ਸ.ਕੂਕਾ ਸਿੱਖ ਕਿਸ਼ਨ ਸਿੰਘ ਮਹਾਰਾਣਾ ਨੇਪਾਲ ਪਾਸ ਨੌਕਰ ਸੀ। ਰਾਣਾ ਸਾਹਿਬ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਸ਼ੋਭਾ ਸੁਣ ਕੇ ਕਿਸ਼ਨ ਸਿੰਘ ਰਾਹੀਂ ਭੈਣੀ ਸਾਹਿਬ ਵਿਖੇ ਇੱਕ ਚਿੱਠੀ ਭੇਜੀ। ਜਿਸ ਵਿਚ ਲਿਖਿਆ ਸੀ ਕਿ ਰਾਣਾ ਸਾਹਿਬ ਦਾ ਦਿਲ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਤੜਫ ਰਿਹਾ ਹੈ। ਪਰ ਕਈ ਰਾਜਨੀਤਕ ਵਜੂਹਾਂ ਦੇ ਕਾਰਨ ਉਹ ਭੈਣੀ ਸਾਹਿਬ ਨਹੀਂ ਪੁੱਜ ਸਕਦਾ ਜਿਸ ਲਈ ਉਹ ਖਿਮਾਂ ਦੀ ਯਾਚਨਾ ਕਰਦੇ ਹਨ। ਇਸ ਤੋਂ ਬਿਨ੍ਹਾਂ ਰਾਣਾ ਸਾਹਿਬ ਨੇ ਇਹ ਬੇਨਤੀ ਵੀ ਕੀਤੀ ਕਿ ਉਸ ਨੂੰ ਬਹੁਤ ਦੁੱਧ ਦੇਣ ਵਾਲੀਆਂ ਮੱਝਾਂ ਦਾ ਇੱਕ ਜੋੜਾ ਤੇ ਇੱਕ ਜੋੜਾ ਚੰਗੀਆਂ ਖੱਚਰਾਂ ਦਾ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ। ਸਤਿਗੁਰੂ ਜੀ ਨੇ ਆਪਣੇ ਸੇਵਕਾਂ ਬਾਬਾ (ਸੂਬਾ) ਕਾਹਨ ਸਿੰਘ ਤੇ ਬਾਬਾ (ਸੂਬਾ) ਸਾਹਿਬ ਸਿੰਘ ਜੀ ਦੇ ਰਾਹੀਂ ਰਾਣਾ ਜੀ ਨੂੰ ਦੋ ਮੱਝਾਂ ਤੇ ਦੋ ਖੱਚਰਾਂ ਭੇਜ ਦਿੱਤੀਆਂ। ਜਿਨ੍ਹਾਂ ਨੂੰ ਦੇਖ ਕੇ ਉਹ ਬਹੁਤ ਪ੍ਰਸੰਨ ਹੋਏ। ਬਾਬਾ ਕਾਹਨ ਸਿੰਘ ਜੀ ਤੇ ਬਾਬਾ ਸਾਹਿਬ ਸਿੰਘ ਜੀ ਜਦ ਨੇਪਾਲ ਤੋਂ ਬਾਹਰ ਜਾਣ ਲੱਗੇ ਤਾਂ ਉਨ੍ਹਾਂ ਦੇ ਬਾਰ ਬਾਰ ਨਾਂਹ ਕਰਨ ਤੇ ਵੀ ਰਾਣਾ ਸਾਹਿਬ ਨੇ ਹੇਠ ਲਿਖੀਆਂ ਚੀਜ਼ਾਂ ਤੋਹਫਿਆਂ ਦੇ ਰੂਪ ਵਿਚ ਭੈਣੀ ਸਾਹਿਬ ਲੈ ਜਾਣ ਲਈ ਦੇ ਦਿੱਤੀਆਂ-

ਇੱਕ ਰਾਸ ਗੂਟ ਘੋੜਾ ਜਿਸ ਦੀ ਕੀਮਤ ਨੇਪਾਲ ਵਿਚ 1400 ਰੁਪਏ ਸੀ। ਸੁਨਹਿਰੀ ਮੁੱਠ ਵਾਲੀਆਂ ਦੋ ਖੋਖਰੀਆਂ,ਬਨਾਤ ਦਾ ਇੱਕ ਥਾਨ 50 ਗਜ,ਕਸਤੂਰੀ ਨਾਪਿਆਂ ਦੀ ਇੱਕ ਅਠੋਤਰੀ ਮਾਲਾ ਅਤੇ ਇੱਕ ਖਿਲਤਾ, ਜਿਸ ਦੇ ਬੋਝੇ ਵਿਚ ਇੱਕ ਚਿੱਠੀ ਸੀ,ਜਿਸ ਬਾਬਤ ਰਾਣਾ ਸਾਹਿਬ ਅਤੇ ਸਤਿਗੁਰੂ ਜੀ ਤੋਂ ਬਿਨ੍ਹਾਂ ਕਿਸੇ ਨੂੰ ਪਤਾ ਨਹੀਂ ਲੱਗ ਸਕਿਆ,ਕਿ ਕੀ ਲਿਖਿਆ ਸੀ ।"[11]

"ਜੰਗ ਬਹਾਦੁਰ ਇਸ ਸਮੇਂ ਕੂਕਿਆਂ ਦੀ ਆਪਣੀ ਸੈਨਾ ਵਿਚ ਭਰਤੀ ਖੋਲ੍ਹਣ ਲਈ ਅਤੇ ਨਾਮਧਾਰੀ ਗੁਰਦਵਾਰਾ ਬਣਵਾਉਣ ਲਈ ਵੀ ਰਜ਼ਮੰਦੀ ਪ੍ਰਗਟ ਕਰ ਚੁੱਕਾ ਸੀ। ਪਰ ਕੁੱਝ ਤਾਂ ਅੰਗਰੇਜ਼ ਸਰਕਾਰ ਦੇ ਕੰਨ ਖੜ੍ਹੇ ਹੋ ਗਏ ਸਨ। ਇੰਡੀਆ ਆਫਿਸ ਲੰਡਨ ਤੱਕ ਕੂਕਾ ਨੇਪਾਲ, ਕੂਕਾ ਕਸ਼ਮੀਰ ਸੰਬੰਧਾਂ ਦੀਆਂ ਤਾਰਾਂ ਖੜ੍ਹਕ ਰਹੀਆਂ ਸਨ। ਸੰਨ 1871 ਵਿਚ ਬੁੱਚੜ ਬੱਧ ਘਟਨਾਵਾਂ ਤੋਂ ਬਾਅਦ ਕਸ਼ਮੀਰ ਵਿਚ ਕੂਕਾ ਰੈਜੀਮੈਂਟ ਤੋੜ ਦਿੱਤੀ ਗਈ

ਸੀ। ਇਥੇ ਨੇਪਾਲ ਵਿਚ ਵੀ ਅੰਗਰੇਜ਼ ਸਰਕਾਰ ਦਾ ਰੈਜੀਡੈਂਟ ਇਨ੍ਹਾਂ ਸਬੰਧਾਂ ਦਾ ਬਾਰੀਕੀ ਨਾਲ ਅਧਿਐਨ ਕਰ ਰਿਹਾ ਸੀ। ਇਸ ਰੈਜੀਡੈਂਟ ਨੇ ਆਪਣੇ ਇੱਕ ਪੱਤਰ ਵਿਚ ਲਿਖਿਆ ਸੀ ਕਿ ਕੂਕੇ ਕਿਸੇ ਵੀ ਸਮੇਂ ਮਹਾਰਾਣਾ ਜੰਗ ਬਹਾਦਰ ਸਮਝਦਾ ਹੈ ,ਅੰਗਰੇਜ਼ ਸਰਕਾਰ ਲਈ ਸਿਰ ਦਰਦੀ ਪੈਦਾ ਕਰ ਸਕਦੇ ਹਨ। ”[12]

“ਜਦੋਂ ਅੰਗਰੇਜ਼ਾਂ ਵਿਰੁੱਧ ਕਸ਼ਮੀਰ, ਨੇਪਾਲ, ਭੂਟਾਨ ਅਤੇ ਕਾਸ਼ੀਪੁਰ ਨਾਲ ਤਾਲਮੇਲ ਬਣ ਹੀ ਰਹੇ ਸਨ,ਉਨ੍ਹਾਂ ਦਿਨਾਂ ਵਿਚ ਕੁੱਝ ਜ਼ੋਸ ਵਿਚ ਉਤਾਵਾਲੇ ਹੋਏ ਕੂਕੇ ਸਿੰਘਾਂ ਵੱਲੋਂ ਪੰਜਾਬ ਵਿਚ ਅੰਮ੍ਰਿਤਸਰ ,ਬਾਗਾਂਵਾਲੀ ਅਤੇ ਰਾਏਕੋਟ ਤੇ ਬੁੱਚੜਾਂ ਵਿਰੁੱਧ ਘਟਨਾਵਾਂ ਵਾਪਰ ਗਈਆਂ,ਜਿਸ ਕਰਕੇ ਸਰਕਾਰ ਨੂੰ ਕੂਕਿਆਂ ਅਤੇ ਸਤਿਗੁਰੂ ਰਾਮ ਸਿੰਘ ਜੀ ਵਿਰੁੱਧ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ।

ਅੰਗਰੇਜ਼ੀ ਸਰਕਾਰ ਵਿਰੁੱਧ ਬਣਿਆ ਸਾਰਾ ਤਾਲਮੇਲ ਖੇਰੂੰ -ਖੇਰੂੰ ਹੋ ਗਿਆ। .. ... ਦਬਾਅ ਪਾ ਕੇ ਕਸ਼ਮੀਰ ਵਿਚਲੀ ਕੂਕਾ ਪਲਟਨ ਤੁੜਵਾ ਦਿੱਤੀ ਗਈ, ਮਹਾਰਾਣਾ ਨੇਪਾਲ ਨੂੰ ਵੀ ਖਬਰਦਾਰ ਕਰ ਦਿੱਤਾ ਗਿਆ। ਪੰਜਾਬ ਦੀਆਂ ਘਟਨਾਵਾਂ ਦੇਖਦਿਆਂ ਹੋਇਆ,ਕਸ਼ਮੀਰ ਅਤੇ ਨੇਪਾਲ ਦੀਆਂ ਸਰਕਾਰਾਂ ਨੇ ਕਿਨਾਰਾ ਕਰ ਲਿਆ ਅਤੇ ਸਾਂਝਾ ਮੁਹਾਜ਼ ਖੜ੍ਹਾ ਕਰਨ ਦਾ ਮਨੋਰਥ ਪੂਰਾ ਨਾ ਹੋ ਸਕਿਆ। ਰਾਣਾ ਨੇਪਾਲ ਨੇ ਵੀ ਜ਼ੋ ਕੂਕੇ ਫੌਜ ਵਿਚ ਸਨ ਕੱਢ ਦਿੱਤੇ। ”[13]

ਅਫਗਾਨਿਸਤਾਨ ਨਾਲ ਸੰਬੰਧ

ਨਾਮਧਾਰੀ ਸਿੱਖਾਂ ਤੇ ਅਫਗਾਨਾਂ ਵਿਚ ਸੁਹਿਰਦਤਾ ਪੂਰਨ ਸੰਬੰਧ ਬਣਾਉਣ ਵਿਚ ਬਾਬਾ ਬਿਸ਼ਨ ਸਿੰਘ ਦਾ ਮਹੱਤਵਪੂਰਨ ਹਿੱਸਾ ਸੀ। ਉਹ ਵਿਦਵਾਨ ਬ੍ਰਾਹਮਣ ਸੀ। ਉਹ ਫਾਰਸੀ ਅਤੇ ਪਸ਼ਤੋ ਦਾ ਵੀ ਵਿਦਵਾਨ ਸੀ।

ਉਸ ਨੇ ਕਾਬਲ -ਕੰਧਾਰ ਜਾ ਕੇ ਨਾਮਧਾਰੀ ਮਿਸ਼ਨ ਦਾ ਪ੍ਰਚਾਰ ਕਰਨਾ ਸੁਰੂ ਕੀਤਾ। ਉਹ ਅਫਗਾਨਿਸਤਾਨ ਦੇ ਅਮੀਰ ਸ਼ੇਰ ਅਲੀ ਨੂੰ ਵੀ ਮਿਲਿਆ,ਉਸ ਅੱਗੇ ਹਿੰਦੁਸਤਾਨ ਵਿਚ ਅੰਗਰੇਜ਼ਾਂ ਦੀਆਂ ਅਤੇ ਈਸਾਈ ਮਿਸ਼ਨ ਦੀਆਂ ਕਾਰਗੁਜ਼ਾਰੀਆਂ ਦਾ ਵਰਣਨ ਕੀਤਾ। ਉਸ ਨੇ ਕੂਕਾ ਲਹਿਰ ਦੇ ਉਦੇਸ਼ਾਂ ਅਤੇ ਜੀਵਨ ਜਾਚ ਬਾਰੇ ਵੀ ਦੱਸਿਆ। ਉਸ ਨੇ ਅਮੀਰ ਕੋਲੋਂ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਲਈ ਮਦਦ ਮੰਗੀ।

ਭਾਰਤ ਦੇ ਹਾਲਾਤ ਨੂੰ ਜਾਣਨ ਲਈ ਅਤੇ ਨਾਮਧਾਰੀ ਲਹਿਰ ਦੀ ਸਿੱਧੀ ਜਾਣਕਾਰੀ ਲੈਣ ਲਈ ਅਮੀਰ ਨੇ ਆਪਣੇ ਪੁੱਤਰਾਂ ਯਾਕੂਬ ਖਾਨ ਤੇ ਅਬਦੁਲ ਖਾਨ ਨੂੰ ਹਿੰਦੁਸਤਾਨ ਭੇਜਿਆ। ਉਹ ਭੈਣੀ ਸਾਹਿਬ ਵੀ ਆਏ। ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲੇ। ਉਨ੍ਹਾਂ ਨਾਲ ਵਿਚਾਰ -ਵਟਾਂਦਰਾ ਕੀਤਾ ਅਤੇ ਵਾਪਿਸ ਚਲੇ ਗਏ।

ਸਰਕਾਰੀ ਜਾਸੂਸ ਤਾਂ ਭੈਣੀ ਸਾਹਿਬ ਦੀ ਹਰ ਖਬਰ ਸਰਕਾਰ ਤੱਕ ਪਹੁੰਚਾਉਂਦੇ ਰਹਿੰਦੇ ਸਨ। ਉਨ੍ਹਾਂ ਨੇ ਆਪਣੀ ਰਿਪੋਰਟ ਵਿਚ ਅਫਗਾਨਿਸਤਾਨ ਦੇ ਸਹਿਜ਼ਾਦਿਆਂ ਦੇ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਨਾਲ ਗੱਲ ਬਾਤ ਕਰਨ ਬਾਰੇ ਵੀ ਲਿਖਿਆ ਪਰ ਅਮੀਰ ਦੇ ਸਹਿਜ਼ਾਦਿਆਂ ਦੇ ਸਤਿਗੁਰੂ ਜੀ ਵਿਚਕਾਰ ਜੋ ਗੱਲਬਾਤ ਹੋਈ,ਉਸ ਬਾਰੇ ਕੋਈ ਪਤਾ ਨਹੀਂ ਲੱਗਾ।[1]

ਬਾਬਾ ਬਿਸ਼ਨ ਸਿੰਘ ਤੋਂ ਇਲਾਵਾ ਸੂਬਾ ਗੁਰਚਰਨ ਸਿੰਘ ਵੀ ਅਫਗਾਨਿਸਤਾਨ ਦੇ ਹਾਕਮਾਂ ਕੋਲ ਦੇਸ਼ ਨੂੰ ਆਜ਼ਾਦ ਕਰਵਾਉਣ ਦੇ ਮੰਤਵ ਲਈ ਮਦਦ ਲੈਣ ਗਿਆ ਸੀ।[14]

ਰੂਸ ਨਾਲ ਸੰਬੰਧ

ਸੂਬਾ ਗੁਰਚਰਨ ਸਿੰਘ, ਸਤਿਗੁਰੂ ਰਾਮ ਸਿੰਘ ਜੀ ਕੋਲੋ ਰੰਗੂਨ ਜ਼ੇਲ੍ਹ ਵਿਚੋਂ ਆਈਆਂ ਚਿੱਠੀਆਂ ਰੂਸ ਲੈ ਕੇ ਜਾਂਦਾ ਰਿਹਾ ਅਤੇ ਰੂਸੀ ਅਫਸਰਾਂ ਨਾਲ ਉਨ੍ਹਾਂ ਚਿੱਠੀਆਂ ਦੇ ਆਧਾਰ 'ਤੇ ਵਿਉਂਤਬੰਦੀ ਕਰਦਾ ਰਿਹਾ।

ਅੰਗ੍ਰੇਜ਼ ਤੇ ਅਫ਼ਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚਦਾ ਹੋਇਆ ਗੁਰਚਰਨ ਸਿੰਘ 9 ਮਈ 1979 ਨੂੰ ਰੂਸੀ ਤੁਰਕਿਸਤਾਨ ਦੇ ਸਰਹੱਦੀ ਸ਼ਹਿਰ ਕੁਟਾਕੁਰਗਨ ਵਿਚ ਜਾ ਪਹੁੰਚਾ। ਇਸ ਬਿਰਧ ਦੀ ਆਮਦ ਅਤੇ ਖਾਸ ਕਰਕੇ ਉਸ ਦੇ ਹੱਥ ਵਿਚਲੀ ਚਿੱਠੀ ਨੇ ਸ਼ਹਿਰ ਵਾਸੀਆਂ ਵਿਚ ਕਾਫ਼ੀ ਹਲਚਲ ਮਚਾ ਦਿੱਤੀ। ਜਰਾਵਾਸਗਸਕ ਦੇ ਹਾਕਮ ਮੇਅਰ ਜਨਰਲ ਐਨ. ਈ. ਈਵਾਨੋਵ ਕੋਲ ਖ਼ਬਰ ਪਹੁੰਚਣ ਤੇ ਉਸਨੇ ਗੁਰਚਰਨ ਸਿੰਘ ਨੂੰ ਸਮਰਕੰਦ ਆਉਣ ਲਈ ਸੱਦਾ ਘੱਲਿਆ ਪਰ ਈਵਾਨੋਵ ਨੂੰ ਗੁਰਮੁਖੀ ਅੱਖਰਾਂ ਵਿਚ ਲਿਖੀ ਚਿੱਠੀ ਦਾ ਭਾਵ ਸਮਝੌਣਾ ਭਾਸ਼ਾ ਦੀ ਦੂਰੀ ਕਰਕੇ ਗੁਰਚਰਨ ਸਿੰਘ ਲਈ ਲਗਭਗ ਅਸੰਭਵ ਹੋ ਗਿਆ। ਖੁਸ਼ਕਿਸਮਤੀ ਨੂੰ ਸਮਰਕੰਦ ਦਰਬਾਰ ਵਿਚ ਗਏ ਹੋਏ ਇੱਕ ਭਾਰਤੀ ਵਪਾਰੀ ਨੇ ਪਹਿਲਾਂ ਉਸ ਦੀ ਚਿੱਠੀ ਦਾ ਫ਼ਾਰਸੀ ਭਾਸ਼ਾ ਵਿਚ ਤਰਜ਼ਮਾ ਕੀਤਾ। ਫ਼ਾਰਸੀ ਤੋਂ ਰੂਸੀ ਭਾਸ਼ਾ ਵਿਚ ਉਲਥਾਉਣਾ

ਓਨਾਂ ਔਖਾ ਕੰਮ ਨਹੀਂ ਸੀ ,ਕਿਉਂਕਿ ਮੱਧ ਏਸ਼ੀਆ ਵਿਚ ਫ਼ਾਰਸੀ ਤੇ ਰੂਸੀ ਭਾਸ਼ਾਵਾਂ ਨੂੰ ਜਾਣਨ ਵਾਲੇ ਬਹੁਤ ਸਨ।ਇਸ ਚਿੱਠੀ ਵਿਚ ਰੂਸੀ ਹਾਕਮ ਨੂੰ ਸੰਬੋਧਨ ਕਰਕੇ ਲਿਖਿਆ ਸੀ-

"ਸੰਤ ਖਾਲਸੇ ਵੱਲੋਂ ਸਤਿ ਸ੍ਰੀ ਅਕਾਲ ਪਹੁੰਚੇ। ਮੈਂ ਆਪਣੇ ਸਹਿਯੋਗੀ ਗੁਰਚਰਨ ਸਿੰਘ ਨੂੰ ਆਪ ਵੱਲ ਭੇਜ਼ ਰਿਹਾ ਹਾਂ।ਇਹ ਆਪ ਨੂੰ ਸਾਰੀ ਗੱਲ ਖੋਹਲ ਕੇ ਦੱਸੇਗਾ।

ਗੁਰੂ ਗੋਬਿੰਦ ਸਿੰਘ ਜੀ ਬਹੁਤ ਚਿਰ ਪਹਿਲਾਂ ਆਖ ਗਏ ਸਨ-ਔਰੰਗਜ਼ੇਬ' ਦੇ ਅਤਿਆਚਾਰ ਤੋਂ ਖਾਲਸੇ ਦੇ ਮੁਕਤ ਹੋ ਜਾਣ ਤੇ ਵੀ ਅੰਗ੍ਰੇਜ਼ ਉਸ ਨੂੰ ਹਰਾ ਕੇ ਰਾਜ ਕਰਨਾ ਸੁਰੂ ਕਰ ਦੇਣਗੇ।ਉਸ ਤੋਂ ਬਾਅਦ ਰੂਸ ਆਏਗਾ, ਉਹ ਜਿੱਤੇਗਾ ਤੇ ਅੰਗਰੇਜ਼ਾਂ ਨੂੰ ਭਾਜੜਾਂ ਪੈਣਗੀਆਂ।ਗੁਰੂ ਨਾਨਕ ਨੇ ਆਪ ਆਖਿਆ ਹੈ- ਪਵਿਤਰ ਧਰਮ ਦੀ ਰੱਖਿਆ ਲਈ ਮੈਂ ਫਿਰ ਦੇਹ ਰੂਪ ਵਿਚ ਆਵਾਂਗਾ। ਸ਼ੇਸ਼ ਨਾਗ ਪ੍ਰਿਥਵੀ ਦਾ ਆਸਰਾ ਹੈ, ਉਸ ਦਾ ਅੰਤ ਹੈ: ਪਰ ਬ੍ਰਹਮਾਂ ਤੇ ਵਿਸ਼ਨੂੰ ਜਿਨ੍ਹਾਂ ਦਾ ਆਧਾਰ ਸਤਿ ਤੇ ਦਇਆ ਹੈ ਉਨ੍ਹਾਂ ਦਾ ਅੰਤ ਨਹੀਂ।ਮੈਂ ਇੱਕ ਖੂਨੀ ਸੰਗ੍ਰਾਮ ਸ਼ੁਰੂ ਕਰਾਂਗਾ। ਪਰ ਸਾਧੂ ਸੱਜਣ ਇਸ ਲਹੂ ਦੇ ਹੜ੍ਹ ਨੂੰ ਵੇਖ ਨਹੀਂ ਡਰਨਗੇ,ਕਿਉਂਕਿ ਛੁਟਕਾਰਾ ਲਹੂ -ਵਹਿਣ ਰਾਹੀਂ ਆਵੇਗਾ।ਲਾਹੌਰ ਵਿਚ ਜਦੋਂ ਜੰਗ ਹੋਵੇਗੀ ਓਦੋਂ ਲਹੂ ਦੀ ਨਦੀ ਚੱਲੇਗੀ।ਦੁਸ਼ਮਣ ਨੂੰ ਹਥਿਆਰ ਤੇ ਘੋੜੇ ਨਹੀਂ ਲੱਭਣਗੇ।ਇੱਕ ਦਿਨ ਲਈ ਇੱਕ ਰੁਪਇਆ ਦੇਣਾ ਮੰਨਣ ਤੇ ਵੀ ਉਨ੍ਹਾਂ ਨੂੰ ਭਾੜੇ ਦੇ ਸਿਪਾਹੀ ਨਹੀਂ ਮਿਲਣਗੇ -ਅਕਾਲ ਪੁਰਖ ਸਾਡੀ ਸਹਾਇਤਾ ਤੇ ਆਏਗਾ -ਉਸ ਦੀ ਜੈ ਹੋਵੇਗੀ ਹੀ।

"ਸਾਡੇ ਹੱਥ ਵਿਚ ਤਿੰਨ ਲੱਖ ਪੰਦਰਾ ਹਜ਼ਾਰ ਫੌਜ ਹੈ। ਲੋੜ ਪੈਣ ਤੇ ਹੋਰ ਵੀ ਇੱਕਠੀ ਕਰਨੀ ਮੁਸ਼ਕਲ ਨਹੀਂ ਹੋਵੇਗੀ।ਅੰਗਰੇਜ਼ ਭਾਰਤ ਵਰਸ਼ ਉੱਤੇ ਚੌਤੀ ਸਾਲ ਰਾਜ ਕਰੇਗਾ। 32 ਸਾਲ ਬੀਤ ਗਏ ਹਨ,ਬਾਕੀ ਹਨ ਸਿਰਫ਼ ਦੋ ਸਾਲ ।ਅਕਾਲ ਪੁਰਖ ਆਪ ਅੰਗਰੇਜ਼ਾਂ ਦੀਆਂ ਬੈਰਕਾਂ ਖ਼ਾਲੀ ਕਰਾਵੇਗਾ, ਸਾਰੇ ਸਿੱਖ ਬਗਾਵਤ ਦਾ ਐਲਾਨ ਕਰਨਗੇ- ਅਸੀਂ ਜੰਗ ਕਰਾਂਗੇ।

ਜਿਸ ਥਾਂ ਤੇ ਜਿੰਨੇ ਨਾਮਧਾਰੀ ਸਿੱਖ ਹਨ,ਉਹ ਸਾਰੇ ਇਸ ਮੁਕਤੀ ਸੰਗਰਾਮ ਵਿਚ ਨਿਤਰਨਗੇ।ਇਸ ਯੁੱਧ ਵਿਚ ਨਾਮਧਾਰੀ ਸਿੰਘਾਂ ਨਾਲ ਰਲ ਕੇ ਜਿਹੜੇ ਅੰਗਰੇਜ਼ ਦੀ ਗੋਲੀ ਨਾਲ ਸ਼ਹੀਦ ਹੋਣਗੇ, ਉਹ ਅਕਾਲ ਪੁਰਖ ਦੇ ਸੱਚੇ ਸੇਵਕ ਹੋਣਗੇ।

"ਗੁਰੂ ਨਾਨਕ ਨੇ ਦ੍ਰਿੜ੍ਹਤਾ ਨਾਲ ਐਲਾਨ ਕੀਤਾ ਸੀ,ਤੁਸੀਂ ਜ਼ਰੂਰ ਹੀ ਸਾਡੀ ਸਹਾਇਤਾ ਕਰੋਗੇ ।ਤਿੰਨ ਲੱਖ 15 ਹਜ਼ਾਰ ਸਿੱਖ ਤੁਹਾਡੇ ਨਾਲ ਹੋਣਗੇ ਹੋਰ ਵੀ ਬੇਅੰਤ ਰਲ ਜਾਣਗੇ। ਤੁਸੀਂ ਆਣਕੇ ਸਾਨੂੰ ਜਿਵੇਂ ਚਲਾਓਗੇ,ਅਸੀਂ ਓਸੇ ਤਰ੍ਹਾਂ ਹੀ ਚੱਲਾਂਗੇ।ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਪੁੱਛਿਆ ਗਿਆ ਸੀ ਕਿ ਜੁੱਧ ਕਿੱਥੇ ਹੋਵੇਗਾ ਤਾਂ ਉਨ੍ਹਾਂ ਨੇ ਜਵਾਬ ਵਿਚ ਕਿਹਾ ਸੀ,ਪਹਿਲਾਂ ਕਾਬੁਲ ਪਹਾੜ ਤੇ ਫਿਰ ਖਾਸ ਕਾਬੁਲ ਵਿਚ,ਉਸ ਤੋਂ ਬਾਅਦ ਜਮਰੌਦ ਜੰਮੂ,ਲਾਹੌਰ ਤੇ ਫਿਰੋਜ਼ਪੁਰ ਵਿਚ। ਅੰਤਮ ਜੁੱਧ ਲੁਧਿਆਣੇ ਵਿਚ ਹੋਵੇਗਾ।

ਬਾਬਾ ਬੁਧ ਸਿੰਘ ਸਭ ਕੁੱਝ ਜਾਣਦੇ ਹਨ।ਉਹ ਪਿੱਛੇ ਹਨ। 34 ਸੂਬੇ ਉਨ੍ਹਾਂ ਦੇ ਹੁਕਮ ਵਿਚ ਹਨ।"

ਗੁਰਚਰਨ ਸਿੰਘ ਇੱਕ ਬੇਪਛਾਣ ਆਮ ਹਿੰਦੁਸਤਾਨੀਆਂ ਦਾ ਪ੍ਰਤੀਨਿਧੀ ਸੀ ਸੋ ਹਿੰਦੁਸਤਾਨ ਦੀ ਅਸਲ ਹਾਲਤ ਅਤੇ ਇਸ ਚਿੱਠੀ ਦੇ ਘੱਲਣ ਦੇ ਮੂਲ ਉਦੇਸ਼ ਬਾਰੇ ਗੁਰਚਰਨ ਸਿੰਘ ਨੂੰ ਅਨੇਕ ਤਰ੍ਹਾਂ ਦੇ ਸਵਾਲ ਪੁੱਛੇ ਗਏ।

ਸੋ ਸਮਰਕੰਦ ਵਿਚ ਗੁਰਚਰਨ ਸਿੰਘ ਨਾਲ ਵਾਰਤਾਲਾਪ ਦਾ ਸਾਰਾ ਵੇਰਵਾ ਤੇ ਗੁਰੂ ਰਾਮ ਸਿੰਘ ਜੀ ਵੱਲੋਂ ਭੇਜੀ ਗਈ ਚਿੱਠੀ, ਉਪਰਲੇ ਹਾਕਮਾਂ ਦੀ ਸੋਚ ਵਿਚਾਰ ਲਈ ਰੂਸੀ ਤੁਰਕਿਸਤਾਨ ਦੇ ਗਵਰਨਰ ਜਨਰਲ ਕਾਰਡ ਕਮਿਆਨ ਕੋਲ ਭੇਜੇ ਗਏ।ਕਾਰਡ ਕਮਿਆਨ ਉਨ੍ਹਾਂ ਦਿਨਾਂ ਵਿਚ ਸੇਂਟ ਪੀਟਰਸਬਰਗ ਵਿਚ ਸਨ।ਭਾਰਤ ਵਰਸ਼ ਬਾਬਤ ਕੋਈ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਨੇ ਭਾਰਤ ਵਰਸ਼ ਬਾਰੇ ਚੰਗੀ ਤਰ੍ਹਾਂ ਪ੍ਰੋਫੈਸਰ ਮਿਆਏਫ਼ ਦੀ ਰਾਏ ਜਾਣਨ ਦਾ ਯਤਨ ਕੀਤਾ।ਮੀਆਏਫ ਨੇ ਉਨ੍ਹਾਂ ਨੂੰ ਕੂਕਾ ਅੰਦੋਲਨ ਦਾ ਆਰੰਭ,ਵਿਸਥਾਰ ਤੇ ਬਾਅਦ ਦੀ ਬਗਾਵਤ ਨੂੰ ਅੰਗਰੇਜ਼ਾਂ ਵੱਲੋਂ ਕੁਚਲੇ ਜਾਣ ਦੀ ਸਾਰੀ ਗੱਲ ਦੱਸੀ। ਆਜ਼ਾਦੀ ਹਾਸਿਲ ਕਰਨ ਦੇ ਜਤਨ ਸਰੂਪ ਗੁਰੂ ਰਾਮ ਸਿੰਘ ਜੀ ਵੱਲੋਂ ਮੱਧ ਏਸ਼ੀਆ ਵਿਚ ਦੂਤ ਘੱਲਣਾ,ਉਨ੍ਹਾਂ ਨੂੰ ਅਤਿ ਸੁਭਾਵਿਕ ਜਾਪਿਆ।ਅੰਗਰੇਜ਼ਾਂ ਨਾਲ ਕਿਸੇ ਝਗੜੇ ਵਿਚ ਫਸਣਾ ਕਾਰਡ ਕਮਿਆਨ ਨੂੰ ਮੁਨਾਸਿਬ ਨਹੀਂਜਾਪਿਆ।ਉਸਦੇ ਹੁਕਮ ਅਨੁਸਾਰ ਗੁਰਚਰਨ ਸਿੰਘ ਦੇ ਹੱਥੀਂ ਹੇਠ ਲਿਖਿਆ ਜਵਾਬ ਘੱਲਿਆ ਗਿਆ-

"ਗੁਰੂ ਰਾਮ ਸਿੰਘ ਤੇ ਬਾਬਾ ਬੁਧ ਸਿੰਘ ਜੀ ਨੂੰ ਸੈਨਾਪਤੀ ਅਤੇ ਗਵਰਨਰ ਜਨਰਲ ਵੱਲੋਂ ਨਮਸਕਾਰ ਪਹੁੰਚੇ।ਗੁਰਚਰਨ ਸਿੰਘ ਦੀ ਮਾਰਫ਼ਤ ਆਪ ਦੀ ਚਿੱਠੀ ਸਾਨੂੰ ਮਿਲ ਗਈ ਹੈ ਅਤੇ ਉਸ ਦਾ ਭਾਵ

ਅਰਥ ਸਮਝ ਕੇ ਸਾਨੂੰ ਖੁਸ਼ੀ ਹੋਈ ਹੈ। ਇਸ ਤੱਥ ਪੂਰਨ ਖਬਰ ਘੱਲਣ ਲਈ ਅਸੀਂ ਆਪ ਦਾ ਧੰਨਵਾਦ ਕਰਦੇ ਹਾਂ।ਪਰ ਭਾਰਤ ਵਰਸ਼ ਦੀ ਪਰਿਸਥਿਤੀ ਤੇ ਘਟਨਾਵਲੀ ਬਾਰੇ ਹੋਰ ਜ਼ਿਆਦਾ ਵੇਰਵੇ ਭਰਪੂਰ ਜਾਣਕਾਰੀ ਦੀ ਲੋੜ ਹੈ।

"ਗੁਰੂ ਗੋਬਿੰਦ ਸਿੰਘ ਤੇ ਗੁਰੂ ਨਾਨਕ ਦੀ ਭਵਿੱਖਬਾਣੀ ਬਾਰੇ ਸਾਨੂੰ ਜਾਣਕਾਰੀ ਮਿਲ ਗਈ ਹੈ।ਸਭ ਕੁੱਝ ਅਕਾਲ ਪੁਰਖ ਦੀ ਇੱਛਾ ਅਨੁਸਾਰ ਹੀ ਹੋਵੇਗਾ।ਇਹ ਗੱਲ ਮਹਾਂਪੁਰਖ ਹੀ ਸਮਝ ਸਕਦੇ ਹਨ ਕਿ ਮੁਕਤੀ ਦਾ ਲਗਨ ਕਿਸ ਵੇਲੇ ਆ ਜਾਵੇ।"

ਅਕਤੂਬਰ ਦੇ ਪਹਿਲੇ ਪੱਖ ਵਿਚ ਗੁਰਚਰਨ ਸਿੰਘ ਮੁੜਿਆ।ਫਿਰ ਉਹ ਮੁਸੀਬਤਾਂ ਭਰੇ ਰਾਹ। ਪਰ ਹੁਣ ਗੁਰਚਰਨ ਸਿੰਘ ਖੁਸ਼ੀ ਨਾਲ ਫੁੱਲਿਆ ਨਹੀਂ ਸੀ ਸਮਾਉਂਦਾ।ਇਸ ਮਸਤੀ ਵਿਚ ਉਹ ਇਹ ਵੀ ਨਹੀਂ ਜਾਣ ਸਕਿਆ ਕਿ ਬ੍ਰਿਟਿਸ਼ ਸਰਕਾਰ ਦਾ ਜਾਸੂਸ ਗੁਲਾਮ ਖਾਂ ਉਸ ਦਾ ਪਿੱਛਾ ਕਰ ਰਿਹਾ ਹੈ।ਪੇਸ਼ਾਵਰ ਦੀ ਇੱਕ ਸਰਾਂ ਵਿਚ ਉਸ ਨੇ ਗੁਰਚਰਨ ਸਿੰਘ ਨਾਲ ਗੱਲਬਾਤ ਸ਼ੁਰੂ ਕੀਤੀ ਤੇ ਆਪਣੇ ਆਪ ਨੂੰ ਰੂਸੀ ਜਾਸੂਸ ਦੱਸਿਆ ਤੇ ਕਿਹਾ ਕਿ ਉਹ ਰੂਸੀ ਤੁਰਕਿਸਤਾਨ ਨੂੰ ਜਾ ਰਿਹਾ ਹੈ।ਗੁਰਚਰਨ ਸਿੰਘ ਨੇ ਦੋ ਚਿੱਠੀਆਂ ਗੁਲਾਮ ਖਾਨ ਦੇ ਹੱਥ ਰੂਸੀ ਹਾਕਮਾਂ ਨੂੰ ਦੇਣ ਲਈ ਲਿਖ ਦੇ ਦਿੱਤੀਆਂ।ਗੁਲਾਮ ਖਾਨ ਨੇ ਇਹ ਪੇਸ਼ਾਵਰ ਦੇ ਕਮਿਸ਼ਨਰ ਨੂੰ ਜਾ ਦਿੱਤੀਆਂ।ਨਤੀਜੇ ਵਜੋਂ ਲਾਹੌਰ ਪਹੁੰਚਦਿਆਂ ਹੀ ਗੁਰਚਰਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਪੰਜਾਬ ਸਰਕਾਰ ਦੇ ਕਾਗਜ਼ ਪੱਤਰਾਂ ਵਿਚ ਗੁਰਚਰਨ ਸਿੰਘ ਵਿਰੁੱਧ ਵੱਡੇ ਵੱਡੇ ਇਲਜ਼ਾਮ ਲਗਾਏ ਗਏ,ਲਿਖਿਆ ਗਿਆ- ਇਹ ਗੱਲ ਯਕੀਨ ਨਾਲ ਆਖੀ ਜਾ ਸਕਦੀ ਹੈ ਕਿ ਗੁਰਚਰਨ ਸਿੰਘ ਭਾਰਤ ਸਰਕਾਰ ਦਾ ਦੁਸ਼ਮਣ ਹੈ।ਬਿਰਧ ਹੋਣ ਦੇ ਬਾਵਜੂਦ ਵੀ ਉਸ ਦੇ ਸਰੀਰ ਵਿਚ ਬਹੁਤ ਤਾਕਤ ਹੈ ਤੇ ਉਹ ਵੱਧ ਤੋਂ ਵੱਧ ਕਸ਼ਟ ਸਹਿ ਸਕਦਾ ਹੈ।

ਲਾਰਡ ਰਿਪਨ ਵੱਲੋਂ 75 ਸਾਲ ਦੇ ਬਿਰਧ ਗੁਰਚਰਨ ਸਿੰਘ ਲਈ ਬਿਨ੍ਹਾਂ ਮੁਕੱਦਮਾ ਚਲਾਏ ਉਮਰ ਕੈਦ ਦਾ ਹੁਕਮ ਪੰਜਾਬ ਸਰਕਾਰ ਨੂੰ ਘੱਲ ਦਿੱਤਾ ਗਿਆ।ਲਾਹੌਰ ਤੋਂ ਗੁਰਚਰਨ ਸਿੰਘ ਨੂੰ ਮੁਲਤਾਨ ਭੇਜ਼ ਦਿੱਤਾ ਗਿਆ।ਜ਼ਿਲ੍ਹਾ ਗੁਜਰਾਂਵਾਲਾ ਦੇ ਦੋ ਵਿਅਕਤੀਆਂ ਜੀਵਨ ਸਿੰਘ ਤੇ ਇੱਕ ਹੋਰ ਨੇ ਗੁਰਚਰਨ ਸਿੰਘ ਦੀ ਜਮਾਨਤ ਦਿੱਤੀ।ਮੁਲਤਾਨ ਦੇ ਥਾਣੇ ਕੋਲ ਗੁਰਚਰਨ ਸਿੰਘ ਨੂੰ ਰਹਿਣਾ ਪਿਆ ਤੇ ਸਾਤੇ ਵਿਚ ਦੋ ਵਾਰੀ ਉਹ ਥਾਣੇ ਹਾਜ਼ਰੀ ਭਰਦਾ।ਸੰਨ 1886 ਵਿਚ ਲਗਭਗ ਸੱਤ ਸਾਲ ਦੀ ਨਜ਼ਰਬੰਦੀ ਤੋਂ ਬਾਅਦ ਗੁਰਚਰਨ ਸਿੰਘ ਰਿਹਾਅ ਹੋਇਆ।ਪਰ ਉਸ ਦੀ ਰਿਹਾਈ ਨਾਲ ਵੀ ਇਹ ਸ਼ਰਤ ਸੀ ਕਿ ਗੁਰਚਰਨ ਸਿੰਘ ਭੈਣੀ ਸਾਹਿਬ ਨਹੀਂ ਜਾ ਸਕੇਗਾ।

ਇਸ 80 ਸਾਲ ਤੋਂ ਵੀ ਵੱਧ ਉਮਰ ਦੇ ਬਿਰਧ ਨੂੰ ਬ੍ਰਿਟਿਸ਼ ਸਰਕਾਰ ਉਸਦੇ ਮਰਨ ਤੱਕ ਸ਼ੱਕ ਦੀ ਨਜ਼ਰ ਨਾਲ ਵੇਖਦੀ ਰਹੀ।[15]

ਮਹਾਰਾਜਾ ਦਲੀਪ ਸਿੰਘ ਨਾਲ ਸਬੰਧ

ਦਲੀਪ ਸਿੰਘ ਤੇ ਕੂਕਿਆਂ ਦੇ ਸਬੰਧਾਂ ਦਾ ਜ਼ਿਕਰ ਬਹੁਤਾ 19ਵੀਂ ਸਦੀ ਦੇ 8ਵੇਂ ਦਹਾਕੇ ਵਿਚ ਆਉਂਦਾ ਹੈ।ਇਸ ਵੇਲੇ ਦੋਹਾਂ ਦੇ ਦਿਲਾਂ ਵਿਚ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਤੀਬਰ ਇੱਛਾ ਕੰਮ ਕਰ ਰਹੀ ਸੀ।ਕੂਕਾ ਨੇਤਾਵਾਂ ਦੇ ਇਸ ਬਾਰੇ ਜਤਨ ਢੇਰ ਚਿਰ ਪਹਿਲਾਂ ਸ਼ੁਰੂ ਹੋ ਚੁੱਕੇ ਸਨ।

ਮਹਾਰਾਜਾ ਦਲੀਪ ਸਿੰਘ ਪਹਿਲੇ ਵਾਕਿਆਤ ਦੇ ਵੇਲੇ ਹਾਲੀ ਅੰਗਰੇਜ਼ਾਂ ਦੇ ਅਸਰ ਰਸੂਖ ਥੱਲੇ ਸੀ।ਉਸ ਨੂੰ ਉਨ੍ਹਾਂ ਨਾਲ ਹੌਲੀ ਹੌਲੀ ਨਫਰਤ ਤਾਂ ਹੋ ਰਹੀ ਸੀ ਪਰ ਪੂਰੀ ਜਾਗ ਉਸ ਨੂੰ ਉਦੋਂ ਆਈ ਜਦੋਂ ਲੰਡਨ ਦੀ ਪਾਰਲੀਮੈਂਟ ਨੇ ਕਾਨੂੰਨ ਪਾਸ ਕਰ ਦਿੱਤਾ ਕਿ ਉਸ ਦੀ ਜ਼ਮੀਨੀ ਜਾਇਦਾਦ ਉਸ ਦੀ ਮੌਤ ਪਿੱਛੋਂ ਉਸ ਦੀ ਔਲਾਦ ਨੂੰ ਨਹੀਂ ਮਿਲੇਗੀ।ਇਸ ਤੋਂ ਬਾਅਦ ਦਲੀਪ ਸਿੰਘ ਨੇ ਮਨ ਵਿਚ ਠਾਣ ਲਈ ਕਿ ਮੈਂ ਇੰਗਲੈਂਡ ਵਿਚ ਨਹੀਂ ਰਹਾਂਗਾ ਤੇ ਭਾਰਤ ਜਾ ਕੇ ਆਪਣੇ ਭਰਾਵਾਂ ਵਿਚ ਬਾਕੀ ਦੀ ਜ਼ਿੰਦਗੀ ਗੁਜਾਰਾਂਗਾ।ਅੰਗਰੇਜ਼ਾਂ ਨੇ ਪੱਟੂ ਪਾਉਣੇ ਸ਼ੁਰੂ ਕੀਤੇ ਅਤੇ ਧਮਕੀਆਂ ਦੇਣੀਆਂ ਆਰੰਭੀਆਂ ਤਾਂ ਜ਼ੋ ਮਹਾਰਾਜ ਮੁੜਕੇ ਦੇਸ਼ ਜਾਣਦਾ ਖਿਆਲ ਛੱਡ ਦੇਵੇ ।ਇਨ੍ਹਾਂ ਚੀਜ਼ਾਂ ਦਾ ਮਹਾਰਾਜਾ ਤੇ ਅਸਰ ਉਲਟਾ ਹੋਇਆ।ਉਸ ਦਾ ਵਾਪਸੀ ਦਾ ਇਰਾਦਾ ਹੋਰ ਵੀ ਦ੍ਰਿੜ ਹੁੰਦਾ ਗਿਆ।ਉਸ ਦੇ ਮਨ ਵਿਚ ਦੇਸ਼ ਦੀ ਆਜ਼ਾਦੀ ਦੇ ਸੁਪਨੇ ਮਚਲਣ ਲੱਗੇ।ਉਧਰ ਕੂਕਿਆਂ ਨੂੰ ਇਹ ਸਭ ਵੇਖ ਵੇਖ ਕੇ ਚਾਅ ਚੜ੍ਹਨ ਲੱਗਾ।ਉਨ੍ਹਾਂ ਨੂੰ ਇਹ ਭਾਸਿਆ ਕਿ ਮਹਾਰਾਜਾ ਦੇ ਵਿਚ ਆ ਪੈਣ ਨਾਲ ਆਜ਼ਾਦੀ ਦਾ ਸੰਗਰਾਮ ਸੌਖਾ ਹੋ ਜਾਵੇਗਾ ਕਿਉਂਕਿ ਦੋਹਾਂ ਧਿਰਾਂ ਦੇ ਉਦੇਸ਼ ਇਕੋ -ਜਿਹੇ ਸਨ,ਇਸ ਲਈ ਉਨ੍ਹਾਂ ਦਾ ਇੱਕ ਦੂਜੇ ਦੇ ਨੇੜੇ ਆਉਣਾ,ਇੱਕ ਬਿਲਕੁਲ ਕੁਦਰਤੀ ਗੱਲ

ਸੀ।ਮਹਾਰਾਜਾ ਨੂੰ ਕੂਕਿਆਂ ਨਾਲ ਸਾਂਝ ਪਾਉਣ ਦੀ ਲੋੜ ਭਾਸੀ ਸੀ ਤੇ ਕੂਕਿਆਂ ਨੂੰ ਮਹਾਰਾਜੇ ਨਾਲ ਰਿਸ਼ਤਾ ਜੋੜਨ ਦੀ ਅਵਸਕਤਾ ਮਹਿਸੂਸ ਹੋਈ।

ਅੰਗਰੇਜ਼ਾਂ ਵਰਗੀ ਸਰਕਾਰ ਵੀ ਕੋਈ ਵਿਰਲੀ ਹੀ ਹੋਵੇਗੀ ਅਜੇ ਮਹਾਰਾਜ ਨੇ ਕਹਿਣਾ ਹੀ ਸ਼ੁਰੂ ਕੀਤਾ ਸੀ ਕਿ ਮੈਂ ਵਾਪਸ ਭਾਰਤ ਜਾਣਾ ਚਾਹੁੰਦਾ ਹਾਂ ਕਿ ਪੰਜਾਬ ਤੇ ਭਾਰਤ ਦੀਆਂ ਸਰਕਾਰ ਵੱਲੋਂ ਸ਼ੋਰ ਪਾ ਦਿੱਤਾ ਗਿਆ ਦਲੀਪ ਸਿੰਘ ਦੀ ਵਾਪਸੀ ਨੂੰ ਜ਼ਰੂਰੀ ਰੋਕਣਾ ਚਾਹੀਦਾ ਹੈ,ਨਹੀਂ ਤਾਂ ਉਹ ਤੇ ਕੂਕੇ ਮਿਲ ਕੇ ਗੜਬੜ ਕਰਨਗੇ।ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਐਚਸਨ ਨੇ ਸਰਕਾਰ ਹਿੰਦ ਨੂੰ ਆਪਣੀ 7 ਅਗਸਤ 1883 ਦੀ ਚਿੱਠੀ ਵਿਚ ਇਉਂ ਲਿਖਿਆ ਹੈ -" ਪੁਲਿਸ ਦੇ ਖੁਫੀਆ ਮਹਿਕਮੇ ਦੇ ਕਾਗਜ਼ਾਂ ਤੋਂ ਤੁਹਾਨੂੰ ਜ਼ਰੂਰੀ ਪਤਾ ਲੱਗਾ ਹੋਵੇਗਾ ਕਿ ਇਸ ਸਾਲ ਕੂਕਿਆਂ ਵਿਚ ਅਨੋਖਾ ਹੀ ਜੋਸ਼ ਹੈ।ਉਨ੍ਹਾਂ ਦੀਆਂ ਧਾਰਮਿਕ ਪੁਸਤਕਾਂ ਦੀਆਂ ਪੇਸ਼ੀਨਗੋਈਆ ਤੋਂ ਪਤਾ ਲੱਗਦਾ ਹੈ ਕਿ ਇਸ ਸਾਲ ਜ਼ਰੂਰ ਕੋਈ ਗੜਬੜ ਹੋਵੇਗੀ।ਕੂਕੇ ਉਹੋ ਜਿਹੇ ਸਮਾਗਮ ਕਰ ਰਹੇ ਹਨ,ਜਿਹੋਂ ਜਿਹੇ ਗੁਰੂ ਗੋਬਿੰਦ ਸਿੰਘ ਜੀ ਨੇ ਮੁਸਲਮਾਨਾਂ ਦੇ ਰਾਜ ਦੇ ਵਿਰੁੱਧ ਬਗਾਵਤ ਕਰਨ ਤੋਂ ਪਹਿਲਾਂ ਕੀਤੇ ਸਨ .... ਇਨ੍ਹਾਂ ਕਾਰਨਾਂ ਕਰਕੇ ਮੈਂ ਬਿਲਕੁੱਲ ਪਸੰਦ ਨਹੀਂ ਕਰਦਾ ਕਿ ਮਹਾਰਾਜਾ ਦਲੀਪ ਸਿੰਘ ਪੰਜਾਬ ਦੀ ਧਰਤੀ ਤੇ ਕਿਸੇ ਥਾਂ ਵੀ ਪੈਰ ਰੱਖੇ।"

ਸਰ ਐਚਸਨ ਨੇ ਆਪਣੀ ਚਿੱਠੀ ਨਾਲ ਦੋ ਚਿੱਠੀਆ ਹੋਰ ਸਰਕਾਰ ਹਿੰਦ ਨੂੰ ਭੇਜੀਆਂ।ਉਨ੍ਹਾਂ ਵਿਚੋਂ ਇੱਕ ਜਲੰਧਰ ਦੇ ਕਮਿਸ਼ਨਰ ਜਨਰਲ ਯੰਗ ਦੀ ਸੀ।ਕਰਨਲ ਯੰਗ ਦੀ ਰਾਏ ਵਿਚ ਦਲੀਪ ਸਿੰਘ ਨੂੰ ਮੁੜ ਕੇ ਪੰਜਾਬ ਆਉਣ ਦੀ ਇਜਾਜ਼ਤ ਹੱਦ ਦਰਜੇ ਦੀ ਮੂਰਖਤਾ ਦੇ ਬਰਾਬਰ ਸੀ।ਉਸ ਨੇ ਵੀ ਇਸ ਦਾ ਸਭ ਤੋਂ ਵੱਡਾ ਕਾਰਨ ਕੂਕਿਆਂ ਦੀ ਆਸਾਂ ਭਰੀ ਦਸ਼ਾਂ ਦੱਸਿਆ ਹੈ।ਅਤਰ ਸਿੰਘ ਦੀ ਚਿੱਠੀ ਵਿਚ ਪ੍ਰਚੱਲਿਤ ਸੌ ਸਾਖੀ ਦੀਆਂ ਉਨ੍ਹਾਂ ਭਵਿੱਖਬਾਣੀਆਂ ਦਾ ਵਰਣਨ ਹੈ।ਜਿਨ੍ਹਾਂ ਵਿਚ ਦੱਸਿਆ ਹੋਇਆ ਸੀ ਕਿ ਦਲੀਪ ਸਿੰਘ ਮਲੇਛ ਅੰਗਰੇਜ਼ ਹਕੂਮਤ ਨੂੰ ਕੱਢ ਕੇ ਦੇਸ਼ ਨੂੰ ਆਜ਼ਾਦ ਕਰੇਗਾ।

ਇਥੇ ਇਹ ਦੱਸਣਾ ਵੀ ਬੇ ਮੌਕਾ ਨਹੀਂ ਹੋਵੇਗਾ ਕਿ ਕੂਕਿਆਂ ਦਾ ਜੋਸ਼ ਕੇਵਲ 1883 ਤੋਂ ਪਿੱਛੋਂ ਵੀ ਕਈ ਸਾਲਾਂ ਤੱਕ ਉਵੇਂ ਹੀ ਠਾਠਾਂ ਮਾਰਦਾ ਰਿਹਾ।ਅਜੇ ਦਲੀਪ ਸਿੰਘ ਇੰਗਲੈਂਡ ਵਿਚ ਹੀ ਸੀ ਕਿ ਇੱਕ ਕੂਕਾ ਲੀਡਰ ਉਸ ਨੂੰ ਉਥੇ ਹੀ ਜਾ ਮਿਲਿਆ।ਸਰਕਾਰੀ ਰਿਪੋਰਟ ਵਿਚ ਉਸ ਦਾ ਨਾਮ ਬਨਾਰਸੀ ਦਾਸ ਜਾਂ ਬਨਾਰਸੀ ਬਾਬੂ ਲਿਖਿਆ ਮਿਲਦਾ ਹੈ।ਮਾਲੂਮ ਹੁੰਦਾ ਹੈ ਕਿ ਇਹ ਉਸ ਦਾ ਅਸਲੀ ਨਾਮ ਨਹੀਂ ਸੀ।

ਇਹ ਆਦਮੀ ਜਦ ਦਲੀਪ ਸਿੰਘ ਨੂੰ ਉਸ ਦੇ ਭਾਰਤ ਨੂੰ ਚਲਣ ਤੋਂ ਥੋੜ੍ਹੀ ਦੇਰ ਪਹਿਲਾਂ ਇੰਗਲੈਂਡ ਵਿਚ ਮਿਲਿਆ,ਇਸ ਦਾ ਇੰਨਾ ਪ੍ਰਭਾਵ ਉਸ ਤੇ ਪਿਆ ਕਿ ਮਹਾਰਾਜੇ ਨੇ ਉਸ ਨੂੰ ਆਪਣਾ ਗੁਰੂ ਅਤੇ ਨੇਤਾ ਮੰਨ ਲਿਆ।ਬਨਾਰਸੀ ਦਾਸ ਨੇ ਹਿੰਦੁਸਤਾਨ ਵਾਪਿਸ ਆ ਕੇ ਮਹਾਰਾਜੇ ਵਾਸਤੇ ਜ਼ਮੀਨ ਤਿਆਰ ਕਰਨੀ ਸੁਰੂ ਕਰ ਦਿੱਤੀ।ਸਰਕਾਰ ਨੂੰ ਉਸ ਦੀਆਂ ਕਾਰਵਾਈਆਂ ਦਾ 1887 ਵਿਚ ਕਲਕੱਤੇ ਪਤਾ ਲੱਗਾ।ਇਹ ਉਸ ਵੇਲੇ ਮਹਾਰਾਜੇ ਲਈ ਰੁਪਏ ਇੱਕਠਾ ਕਰ ਰਿਹਾ ਸੀ ਕਿ ਦਲੀਪ ਸਿੰਘ ਆਉਣ ਹੀ ਵਾਲਾ ਹੈ ਤੇ ਉਸ ਦੇ ਆਉਣ ਨਾਲ ਦੇਸ਼ ਦਾ ਕਲਿਆਣ ਹੋ ਜਾਵੇਗਾ।

ਸੰਨ 1886 ਦੇ ਸੁਰੂ ਵਿਚ ਮਹਾਰਾਜਾ ਦਲੀਪ ਸਿੰਘ ਨੇ ਭਾਰਤ ਵਾਪਿਸ ਆਉਣ ਦਾ ਸਫਰ ਸੁਰੂ ਕੀਤਾ।ਚੱਲਣ ਵੇਲੇ ਉਸ ਨੇ ਐਲਾਨ ਕੀਤਾ ਕਿ ਉਹ ਆਪਣੇ ਦੇਸ਼ ਜਾ ਕੇ ਪਹਿਲਾਂ ਕੰਮ ਖਾਲਸਾ ਸਾਜਣ ਦਾ ਕਰੇਗਾ।ਇਸ ਤੇ ਸਾਰੇ ਪੰਜਾਬ ਵਿਚ ਇੱਕ ਨਵਾਂ ਉਤਸ਼ਾਹ ਪੈਦਾ ਹੋ ਗਿਆ।ਕੇਵਲ ਉਨ੍ਹਾਂ ਦੇ ਦਿਲ ਨਾ ਪੰਘਰੇ ਜਿਨ੍ਹਾਂ ਦੀਆਂ ਜ਼ਮੀਰਾਂ ਵਿਦੇਸ਼ੀ ਸਰਕਾਰ ਅੱਗੇ ਕਿਸੇ ਨਾ ਕਿਸੇ ਸਵਾਰਥ ਲਈ ਵਿਕ ਚੁੱਕੀਆਂ ਸਨ।ਮਹਾਰਾਜੇ ਦੇ ਆਉਣ ਦੀਆਂ ਖਬਰਾਂ ਸੁਣਕੇ ਕੂਕਿਆਂ ਦਾ ਇੱਕ ਵਫਦ ਬੰਬਈ ਨੂੰ ਚਲ ਪਿਆ ਕਿਉਂਕਿ ਮਹਾਰਾਜੇ ਨੇ ਓਥੇ ਹੀ ਜਹਾਜੋਂ ਉਤਰਨਾ ਸੀ।ਪਰੰਤੂ ਇਹ ਗੱਲ ਨਾ ਹੋਣੀ ਸੀ ਅਤੇ ਨਾ ਹੋਈ। ਸਰਕਾਰ ਡਰ ਗਈ ਕਿ ਮਤਾਂ ਦਲੀਪ ਸਿੰਘ ਦੇ ਭਾਰਤ ਆਉਣ ਤੇ ਕੋਈ ਗੜਬੜ ਹੋ ਜਾਏ : ਫਿਜ਼ਾ ਵੀ ਕੁੱਝ ਇਸ ਤਰ੍ਹਾਂ ਦੀ ਮਲੂਮ ਹੁੰਦੀ ਸੀ।ਸ਼ਾਇਦ ਕੁੱਝ ਵੀ ਨਾ ਹੁੰਦਾ,ਪਰੰਤੂ ਸਰਕਾਰ ਖਾਹ-ਮਖਾਹ ਦਾ ਝਗੜਾ ਮੁਲ ਲੈਣ ਨੂੰ ਤਿਆਰ ਨਹੀਂ ਸੀ।ਦਲੀਪ ਸਿੰਘ ਨੂੰ ਰਾਹ ਵਿਚ ਅਦਨ ਤੇ ਸਥਾਨ ਤੇ ਹੀ ਰੋਕ ਲਿਆ ਗਿਆ।ਕੁਝ ਸਮੇਂ ਬਾਅਦ ਓਥੋਂ ਹੀ ਉਸਨੂੰ ਵਾਪਸ ਮੁੜਨਾ ਪਿਆ।

ਮਹਾਰਾਜਾ ਦਲੀਪ ਸਿੰਘ ਜੂਨ ਸੰਨ 1886 ਵਿਚ ਅਦਨ ਤੋਂ ਵਾਪਸ ਮੁੜਿਆ ।ਹੁਣ ਉਸਨੇ ਖੁਲ੍ਹਮ -ਖੁਲ੍ਹਾ ਕਹਿ ਦਿੱਤਾ ਕਿ ਮੈਂ ਵਾਪਸ ਇੰਗਲੈਂਡ ਨਹੀਂ ਜਾਵਾਂ ਜਾ, ਔਖਾ ਹੋ ਕੇ ਗੁਜ਼ਾਰਾ ਕਰ ਲਵਾਂਗਾ,ਲੇਕਨ

ਅੰਗਰੇਜ਼ਾਂ ਦੀ ਦਿੱਤੀ ਪੈਨਸ਼ਨ ਵਾਸਤੇ ਹੱਥ ਨਹੀਂ ਅੱਡਾਂਗਾ। ਮਹਾਰਾਜਾ ਆਪਣੇ ਐਲਾਨ ਤੇ ਡਟਿਆ ਰਿਹਾ। ਪਹਿਲੋਂ ਉਹ ਫਰਾਂਸ ਗਿਆ। ਉਥੇ ਉਸ ਨੇ ਕੋਸ਼ਿਸ਼ ਕੀਤੀ ਕਿ ਫਰਾਂਸ ਦੀ ਸਰਕਾਰ ਤੋਂ ਮਦਦ ਲੈ ਕੇ ਉਹ ਕਿਸੇ ਵੀ ਭਾਰਤੀ ਬਸਤੀ ਵਿਚ ਚੋਰੀ - ਛਿਪੇ ਪੁੱਜ ਜਾਏ ਤੇ ਓਥੋਂ ਆਪਣੀ ਅੰਗਰੇਜ਼ ਵਿਰੁੱਧ ਲਹਿਰ ਚਲਾਏ। ਇਸ ਵਿਚ ਵੀ ਉਸ ਨੂੰ ਕਾਮਯਾਬੀ ਨਾ ਹੋਈ,ਕਿਉਂਕਿ ਫਰਾਂਸ ਇਗਲੈਂਡ ਨੂੰ ਹੋਰ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸੀ।

ਕੁਝ ਮਹੀਨੇ ਫਰਾਂਸ ਵਿਚ ਠਹਿਰ ਕੇ ਮਹਾਰਾਜਾ ਦਲੀਪ ਸਿੰਘ ਕੁੱਝ ਰੂਸੀ ਜਰਨੈਲਾਂ ਦੀ ਸਹਾਇਤਾ ਨਾਲ ਸੰਨ 1887ਦੇ ਸ਼ੁਰੂ ਵਿਚ ਮਾਸਕੋ ਜਾ ਪਹੁੰਚਿਆ। ਉਸਦਾ ਵਿਚਾਰ ਸੀ ਕਿ ਚੂੰਕਿ ਰੂਸ ਇੰਗਲੈਂਡ ਦਾ ਦੁਸਮਨ ਹੈ,ਉਸਨੂੰ ਰੂਸੀ ਮਦਦ ਆਸਾਨੀ ਨਾਲ ਮਿਲ ਜਾਏਗੀ,ਜਿਸ ਨਾਲ ਪੰਜਾਬ ਤੇ ਹਮਲਾ ਕਰਕੇ ਅੰਗਰੇਜ਼ਾਂ ਨੂੰ ਉਥੋਂ ਕੱਢ ਸਕੇਗਾ। ਅਜੇ ਮਹਾਰਾਜਾ ਰੂਸ ਪੁੱਜਿਆ ਵੀ ਨਹੀਂ ਸੀ ਕਿ ਕੂਕਿਆਂ ਵਿਚ ਮੁੜ ਤੋਂ ਚੰਡੀ-ਪਾਠ ਸ਼ੁਰੂ ਹੋ ਗਏ। ਇਸ ਦਾ ਭਾਵ ਕਿਸੇ ਆਉਣ ਵਾਲੇ ਸੰਕਟ ਲਈ ਤਿਆਰੀ ਸੀ। ਕੂਕਿਆਂ ਦਾ ਪੱਕਾ ਵਿਸ਼ਵਾਸ਼ ਸੀ ਕਿ ਹੁਣ ਜ਼ਰੂਰ ਦੇਸ ਆਜ਼ਾਦ ਹੋ ਜਾਏਗਾ। ਉਨ੍ਹਾਂ ਦਾ ਸੂਬਾ ਬਿਸ਼ਨ ਸਿੰਘ,ਅਗੇ ਹੀ ਰੂਸ ਪੁੱਜਿਆ ਹੋਇਆ ਸੀ ਅਤੇ ਉਸ ਦੀਆਂ ਕਾਰਵਾਈਆਂ ਦੀਆਂ ਖ਼ਬਰਾ ਸਨੇ ਸਨੇ ਪਹੁੰਚਦੀਆਂ ਰਹਿੰਦੀਆਂ ਸਨ। ਉਹ ਸੋਚਦੇ ਸਨ ਕਿ ਹੁਣ ਦਲੀਪ ਸਿੰਘ ਤੇ ਸੂਬਾ ਬਿਸ਼ਨ ਸਿੰਘ ਮਿਲ ਕੇ ਕੰਮ ਕਰਨਗੇ ਤੇ ਦੇਸ਼ ਦੀ ਆਜ਼ਾਦੀ ਦੀ ਮੰਜ਼ਲ ਸੌਖੀ ਤੈ ਹੋ ਜਾਏਗੀ।

ਜਿਸ ਸਮੇਂ ਮਹਾਰਾਜਾ ਰਣਜੀਤ ਦਲੀਪ ਸਿੰਘ ਮਾਸਕੋ ਵਿਚ ਸੀ,ਕੂਕਿਆਂ ਵੱਲੋਂ ਉਸ ਨਾਲ ਸਿੱਧਾ ਸੰਪਰਕ ਜੋੜਨ ਲਈ ਕਈ ਜਤਨ ਕੀਤੇ ਗਏ,ਪਰ ਕਾਮਯਾਬੀ ਨਹੀਂ ਮਿਲੀ।[16]

ਹਵਾਲੇ ਅਤੇ ਟਿੱਪਣੀਆਂ

1. ਨਾਮਧਾਰੀ ਇਤਿਹਾਸ, ਸ .ਨਾਹਰ ਸਿੰਘ ਐਮ.ਏ., ਪੰਨਾ 128-129
2. ਸਤਿਜੁਗ ਸੰਨ 2008, ਪ੍ਰਥਮ ਅਸਹਿਯੋਗ ਅੰਦੋਲਨ ਅੰਕ , ਸ.ਜਸਵਿੰਦਰ ਸਿੰਘ ਹਿਸਟੋਰੀਅਨ ਦਾ ਲੇਖ "ਕੂਕਾ ਲਹਿਰ ਦਾ ਯੋਧਾ - ਕਿਸ਼ਨ ਸਿੰਘ ਗ੍ਰੰਥਗੜ", ਪੰਨਾ 44-45
3. ਫੌਜਾ ਸਿੰਘ ਬਾਜਵਾ-ਕੂਕਾ ਮੂਵਮੈਂਟ ਪੰਨਾ 128
4. ਨਾਮਧਾਰੀ ਇਤਿਹਾਸ ,ਸ .ਨਾਹਰ ਸਿੰਘ ਐਮ.ਏ.ਪੰਨਾ 129
5. ਜੁਗ ਪਲਟਾਊ ਸਤਿਗੁਰੂ, ਸ.ਨਿਧਾਨ ਸਿੰਘ ਆਲਿਮ ,ਪੰਨਾ 100
6. ਨਾਮਧਾਰੀ ਇਤਿਹਾਸ, ਸ .ਨਾਹਰ ਸਿੰਘ ਐਮ.ਏ.ਪੰਨਾ 129,130
7 . ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ,ਭਾਈ ਨਾਹਰ ਸਿੰਘ, ਕ੍ਰਿਪਾਲ ਸਿੰਘ, ਪੰਨਾ 143
8 . ਨਾਮਧਾਰੀ ਇਤਿਹਾਸ ਸ .ਨਾਹਰ ਐਮ .ਏ .,ਪੰਨਾ 132
9 . ਜੁਗ ਪਲਟਾਊ ਸਤਿਗੁਰੂ ,ਸ.ਨਿਧਾਨ ਸਿੰਘ ਆਲਿਮ,ਪੰਨਾ 103
10. ਨਾਮਧਾਰੀ ਇਤਿਹਾਸ,ਸ.ਨਾਹਰ ਸਿੰਘ ਐਮ .ਏ., ਪੰਨਾ 132-133
11. ਜੁਗ ਪਲਟਾਊ ਸਤਿਗੁਰੂ, ਸ.ਨਿਧਾਨ ਸਿੰਘ ਆਲਿਮ, ਪੰਨਾ 100-101
12 . ਵਰਿਆਮ ਸਤੰਬਰ 2013,ਸੁਵਰਨ ਸਿੰਘ ਵਿਰਕ ਦਾ ਲੇਖ- "ਕੂਕਿਆਂ ਦੇ ਵਿਦੇਸ਼ੀ ਸਬੰਧਾਂ ਦਾ ਸੰਪਰਕ ਸੂਤਰ ਕਿਸ਼ਨ ਸਿੰਘ ਗ੍ਰੰਥਗੜ" ਪੰਨਾ 13-14
13 . ਸਤਿਜੁਗ 2008 ਦਾ ਪ੍ਰਥਮ ਅਸਹਿਯੋਗ ਅੰਦੋਲਨ ਅੰਕ, ਜਸਵਿੰਦਰ ਸਿੰਘ ਹਿਸਟੋਰੀਅਨ ਦਾ ਲੇਖ- "ਕੂਕਾ ਲਹਿਰ ਦਾ ਯੋਧਾ - ਕਿਸ਼ਨ ਸਿੰਘ ਗ੍ਰੰਥਗੜ", ਪੰਨਾ 47
14. ਸਭਹਨ ਕੇ ਸਿਰਮੌਰ ,ਤਾਰਾ ਸਿੰਘ ਅਨਜਾਣ ਪੰਨਾ 102
15. ਕੂਕਾ ਅੰਦੋਲਨ ਕੁਝ ਚੋਣਵੇ ਲੇਖ ,ਸ੍ਰੀ ਪੀ. ਸੀ. ਰਾਏ ਦਾ, ਲੇਖ "ਰੂਸ ਦਰਬਾਰ ਵਿਚ ਕੂਕਾ ਨੇਤਾ ਗੁਰਚਰਨ ਸਿੰਘ" ਪੰਨਾ 16-28
16. ਕੂਕਾ ਅੰਦੋਲਨ ਕੁਝ ਚੋਣਵੇ ਲੇਖ, ਡਾ.ਫੌਜਾ ਸਿੰਘ ਐਮ .ਏ.ਪੀ ਐਚ. ਡੀ ਦਾ ਲੇਖ -"ਮਹਾਰਾਜਾ ਦਲੀਪ ਸਿੰਘ ਤੇ ਕੂਕਿਆਂ ਦੇ ਪਰਸਪਰ ਸੰਬੰਧ" ਪੰਨਾ 31 -37

■

ਸਕਤਿ ਅਨੰਤੀ ਆਇ ਹੈ.....



ਸੂਬਾ ਬਲਵਿੰਦਰ ਸਿੰਘ ਝੱਲ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਤੇ ਨਤਮਸਤਕ ਹੋ ਪਰਮੇਸ਼ਵਰ ਰੂਪ ਜਾਨ ਸਿਜਦੇ ਕਰਨ ਲੱਗੇ। ਅਜਿਹੇ ਅਨੇਕਾਂ ਹੀ ਕੌਤਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਵਰ੍ਹੇ ਤੇ ਸਮੁੱਚਾ ਸਿੱਖ ਜਗਤ ਹੀ ਨਹੀਂ ਸਾਰਾ ਭਾਰਤ ਵਰਸ਼ ਉਹਨਾਂ ਦੀ ਕੀਰਤੀ ਨੂੰ ਸਿਜਦਾ ਕਰਦਾ ਹੈ।

ਦਸ਼ਮੇਸ਼ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਗੁਰਿੰਡ ਨਾਮੇ ਮੁਤਾਬਿਕ

ਦੁਆਦਸ ਪੁਰਖ ਹੈ ਆਦਿ ਸੇ,
ਸਭਹਿਨ ਕੇ ਸਿਰਮੋਰ,
ਸਕਤਿ ਅਨੰਤੀ ਆਇ ਹੈ,
ਆਦਿ ਇਹੋ ਨਹੀ ਔਰ।

ਦੋ ਅਤੇ ਦਸ ਭਾਵ ਕਿ ਬਾਰ੍ਹਵਾਂ ਜਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਹਨਾਂ ਨੂੰ ਅਸੀਂ ਜੁਗ ਪਲਟਾਊ ਰਹਿਬਰ, ਭਾਰਤ ਦੀ ਜੰਗੇ ਆਜ਼ਾਦੀ ਦੇ ਮੋਢੀ, ਨਾ ਮਿਲਵਰਤਨ ਲਹਿਰ ਦੇ ਬਾਨੀ, ਇਸਤਰੀਆਂ ਦੇ ਮੁਕਤੀ ਦਾਤਾ ਅਤੇ ਹੋਰ ਅਨੇਕ ਨਾਵਾਂ ਨਾਲ ਸਤਿਕਾਰਦੇ ਹਾਂ। ਪਵਿੱਤਰ ਗੁਰਬਾਣੀ ਆਸੇ ਮੁਤਾਬਿਕ ਸਤਿ ਪੁਰਖ ਜਿਨ ਜਾਨਿਆ, ਪੰਜ ਭੂਤਕ ਸਰੀਰ ਵਿਚ ਆਣਕੇ ਪਾਰਬ੍ਰਹਮ ਪਰਮੇਸ਼ਵਰ ਦੀਆ ਅਨੇਕਾਂ ਸ਼ਕਤੀਆਂ ਤੋ ਜਾਣੂੰ ਹੋਣ ਵਾਲੀ ਪੂਜਨਯੋਗ ਸਖਸ਼ੀਅਤ ਨੂੰ ਹੀ ਸਤਿਗੁਰੂ ਸ਼ਬਦ ਨਾਲ ਸੰਬਧਨ ਕੀਤਾ ਜਾ ਸਕਦਾ ਹੈ। ਅਜੇਹੀਆਂ ਹੀ ਅਨੇਕਾਂ ਸ਼ਕਤੀਆਂ ਅਤੇ ਅਨੰਤ ਕਲਾ ਦੇ ਮਾਲਕ ਹਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਹਨਾਂ ਦਾ ਪ੍ਰਕਾਸ਼ ਹਿੰਦੁਸਤਾਨ ਦੇ ਪੰਜਾਬ ਰਾਜ ਦੇ ਮਾਲਵਾ ਖੇਤਰ ਨਾਲ ਸੰਬਧਿਤ ਜ਼ਿਲਾ ਲੁਧਿਆਣਾ ਦੇ ਇਕ ਛੋਟੇ ਜਿਹੇ ਪਿੰਡ ਰਾਈਆਂ ਦੇ ਸਧਾਰਨ ਪਰਿਵਾਰ ਵਿਚ ਪਿਤਾ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਗ੍ਰਿਹਿ ਵਿਖੇ 3 ਫਰਵਰੀ 1816 ਈਸਵੀ ਅਤੇ ਮਾਘ ਸੁਦੀ ਬਸੰਤ ਪੰਚਮੀ ਵਾਲੇ ਦਿਨ 1872 ਬਿਕਰਮੀ ਨੂੰ ਵੀਰਵਾਰ ਦੇ ਦਿਨ ਹੋਇਆ। ਸਧਾਰਨ ਬਚਪਨ ਬਤੀਤ ਕਰਦੇ ਹੋਏ ਜੁਆਨੀ ਵਿਚ ਪ੍ਰਵੇਸ ਕਰਦੇ ਹੋਏ ਫੌਜ ਦੀ ਨੌਕਰੀ ਸਮੇਂ ਹੀ ਆਪ ਨੇ ਬੜੇ ਨੇੜੇ ਹੋ ਕੇ ਵੇਖਿਆ ਅਤੇ ਘੋਖਿਆ। ਫੌਜ ਦੀ ਨੌਕਰੀ ਸਮੇਂ ਹੀ ਪਹਿਲਾਂ ਫੌਜੀ ਸਾਥੀ ਸੂਬੇਦਾਰ ਕਾਹਨ ਸਿੰਘ ਪਿੰਡ ਚੱਕ

ਸ਼ੇਖੂਪੁਰ ਕਲਾਂ ਰਿਆਸਤ ਮਲੇਰਕੋਟਲਾ ਇਸ ਨੇ ਜਿਹ ਜਾਣਿਆ ਇਹ ਰਾਮ ਸਿੰਘ ਆਪ ਪ੍ਰਮੇਸਰ ਦੀਆਂ ਬੇਅੰਤ ਸ਼ਕਤੀਆਂ ਦਾ ਮਾਲਕ ਹੈ। ਇਸ ਕਰਕੇ ਸੂਬੇਦਾਰ ਕਾਹਨ ਸਿੰਘ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਸ਼ਰਧਾ ਅਤੇ ਸਤਿਕਾਰ ਆਪਣੇ ਮਨ ਵਿਚ ਰਖਦਾ ਸੀ। ਇਕ ਦਿਨ ਸ਼ਾਮ ਨੂੰ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬੇਦਾਰ ਕਾਹਨ ਸਿੰਘ ਸੈਰ ਕਰਨ ਵਾਸਤੇ ਨਿਕਲੇ ਅਤੇ ਰਸਤੇ ਵਿਚ ਇਕ ਖੂਹ ਚਲਦਾ ਦੇਖਕੇ ਸਤਿਗੁਰੂ ਜੀ ਨੇ ਸੂਬੇਦਾਰ ਕਾਹਨ ਸਿੰਘ ਨੂੰ ਆਖਿਆ ਕਿ ਕਾਹਨ ਸਿੰਘ ਤੂੰ ਭੱਜ ਕੇ ਜਾਹ ਅਤੇ ਦੋਨੋਂ ਬੈਲ ਅਤੇ ਖੂਹ ਨੇੜੇ ਖਲੋਤੇ ਹੋਏ ਸਰੀਰਾਂ ਨੂੰ ਖੂਹ ਤੋਂ ਦੂਰ ਕਰ ਦੇ। ਕਾਹਨ ਸਿੰਘ ਨੇ ਗੱਲ ਨਾ ਮੰਨੀ ਤਾਂ ਅਖੀਰ ਸਤਿਗੁਰੂ ਜੀ ਨੇ ਆਪ ਜਾ ਕੇ ਬਲਦਾਂ ਦੀ ਜੋੜੀ ਦੀ ਪੰਜਾਲੀ ਉਤਾਰ ਕੇ ਬੈਲਾਂ ਨੂੰ ਦੂਰ ਭਜਾਇਆ ਤੇ ਕੋਲ ਖੜੇ ਹੋਏ ਸਰੀਰਾਂ ਨੂੰ ਦੂਰ ਕੀਤਾ ਤਾਂ ਕਿ ਦੇਖਦੇ ਹਨ ਦੇਖਦੇ ਹੀ ਦੇਖਕੇ ਸਾਰਾ ਖੂਹ ਇਕ ਦਮ ਗਰਕ ਹੋ ਗਿਆ। ਇਹ ਸਭ ਦੇਖ ਕੇ ਸਭ ਹੈਰਾਨ ਪ੍ਰੇਸ਼ਾਨ ਹੋਏ ਕਿ ਇਹ ਸਤਿਗੁਰੂ ਜੀ ਪਰਮੇਸਰ ਕੀ ਜੋਤ ਅਤੇ ਜਾਣੀਜਾਣ ਹਨ ਜਿਹਨਾਂ ਨੂੰ ਇਸ ਬਾਰੇ ਪਹਿਲਾਂ ਹੀ ਪਤਾ ਸੀ। ਇਸ ਕਰਕੇ ਸਾਡਾ ਸਾਰਿਆਂ ਦਾ ਬਚਾਵ ਹੋ ਸਕਿਆ।

ਫੌਜ ਦੀ ਨੌਕਰੀ ਸਮੇਂ ਵਿਚਰਦੇ ਹੋਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾਕਿਸਤਾਨ ਦੇ ਜਿਲਾ ਅਟਕ ਦੇ ਕਸਬਾ ਹਜਰੋਂ ਵਿਖੇ ਸਤਿਗੁਰੂ ਬਾਲਕ ਸਿੰਘ ਜੀ ਦੇ ਮਿਲਾਪ ਸਮੇਂ ਸਤਿਗੁਰੂ ਬਾਲਕ ਸਿੰਘ ਜੀ ਦਾ ਇਹ ਫੁਰਮਾਨ ਕਰਨਾ ਕਿ "ਆਉ ਠਾਕਰੋ ਅਸੀਂ ਤੁਹਾਡੀ ਹੀ ਇੰਤਜਾਰ ਕਰ ਰਹੇ ਸਾਂ। ਉਹ ਅਮਾਨਤ (ਗੁਰਗੱਦੀ) ਜੋ ਆਪ ਨੇ ਦਸਵੇਂ ਜਾਮੇ ਵਿਚ ਬਖਸੀ ਸੀ। ਪੰਜ ਪੈਸੇ ਅਤੇ ਨਾਰੀਅਲ ਧਰ ਵਿਧੀ ਪੂਰਵਕ ਮਰਯਾਦਾ ਅਨੁਸਾਰ ਸਤਿਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਮੱਥਾ ਟੇਕ ਸੌਂਪ ਦਿਤੀ ਅਤੇ ਆਖਿਆ ਕਿ ਹੁਣ ਇਸ ਨਾਮ ਦੇ ਖਜ਼ਾਨੇ ਦੀਆਂ ਚਾਬੀਆਂ ਆਪ ਨੂੰ ਅਰਪਨ ਕਰ ਦਿੱਤੀਆਂ ਹਨ। ਹੁਣ ਤੁਸੀਂ ਇਹ ਜੁਅੱਖਰੇ ਨਾਮ ਦਾ ਗੱਫਾ ਸੰਗਤ ਵਿਚ ਵਰਤਾਓ।

ਪੂਰਨ ਸਤਿਗੁਰੂ ਆਪਣੇ ਸਿਖਾਂ ਨੂੰ ਜਿਥੇ ਮੁਕਤੀ ਦਾਨ ਬਖਸ਼ਦਾ ਹੈ ਉਥੇ ਕਈ ਵਾਰੀ ਸਿੱਖ ਨੂੰ ਜੀਵਨ ਦਾਨ ਵੀ ਦਿੰਦਾ ਹੈ। ਅਜਿਹੀ ਹੀ ਇਕ ਮਿਸਾਲ ਮੁਦਕੀ ਦੀ ਜੰਗ ਸਮੇਂ ਵਾਪਰੀ ਜਦੋਂ ਸੂਬੇਦਾਰ ਕਾਹਨ ਸਿੰਘ ਮੁਦਕੀ ਜੰਗ ਵਿਚ ਜਾਣ ਲਈ ਤਿਆਰ ਸੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਅਚਨਚੇਤ ਬੈਠਿਆਂ ਕਾਹਨ ਸਿੰਘ ਦੇ ਪੱਟ ਵਿਚ ਇਕ ਤਲਵਾਰ ਦਾ ਵਾਰ ਕਰਕੇ ਜਖਮੀ ਕਰ ਦਿੱਤਾ। ਜਦੋਂ ਸੂਬੇਦਾਰ ਕਾਹਨ ਸਿੰਘ ਨੇ ਇਸ ਦਾ ਸ਼ਿਕਵਾ ਅਤੇ ਨਰਾਜਗੀ ਜਾਹਰ ਕੀਤੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਕਾਹਨ ਸਿੰਘ ਨੂੰ ਆਖਿਆ ਕਿ ਕਾਹਨ ਸਿੰਘ ਘਬਰਾਉਣ ਦੀ ਲੋੜ ਨਹੀਂ ਅਸੀਂ ਤੇਰੀ ਮੌਤ ਟਾਲ ਦਿੱਤੀ ਹੈ। ਤੂੰ ਮੁਦਕੀ ਦੀ ਲੜਾਈ ਵਿਚ ਮਰ ਜਾਣਾ ਸੀ ਇਸ ਕਰਕੇ ਤਲਵਾਰ ਦਾ ਇਕ ਵਾਰ ਤੇਰੇ ਪੱਟ ਤੇ ਕਰਕੇ ਤੇਰੀ ਮੌਤ ਟਾਲ ਦਿੱਤੀ ਹੈ। ਜਦੋਂ ਸੂਬੇਦਾਰ ਨੂੰ ਆਪਣੇ ਪੱਟ ਤੇ ਲਵੇਟੀ ਹੋਈ ਪੱਟੀ ਨੂੰ ਖੋਲ ਕੇ ਦੇਖਿਆ ਤਾਂ ਉਥੇ ਕੋਈ ਜਖਮ ਦਾ ਨਿਸ਼ਾਨ ਵੀ ਨਹੀਂ ਸੀ। ਗੁਰਬਾਣੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ "ਹੋਣ ਹਾਰ ਦਾਨੇ ਸੰਤ ਮੋਇਆ ਕੋ ਜਵਾਲੇ ਸੰਤ। ਇਥੇ ਸੰਤ ਤੋਂ ਭਾਵ ਸਤਿਗੁਰੂ ਹੈ ਜੋ ਹੋਣਹਾਰ ਨੂੰ ਟਾਲ ਸਕਦਾ ਹੈ।

ਇਕ ਵਿਦਵਾਨ ਦੇ ਕਥਨ ਅਨੁਸਾਰ ਦੇਵੀ ਦੇਵ ਦੇ ਹੋਕੇ ਸੰਤੋਖ ਸਿੰਘ ਦੂਰ ਹੋਤੇ, ਰੀਤ ਮਿਟ ਜਾਂਦੀ ਸਭ ਵੇਦਨ ਪੁਰਾਨ ਕੀ, ਹਿੰਦੁਸਤਾਨ ਦੀਆਂ ਪੁਰਾਤਨ ਸਨਾਤਨੀ ਮਰਯਾਦਾ ਸਦਾ ਸਦਾ ਲਈ ਖਤਮ ਹੋ ਜਾਂਦੀਆਂ, ਵੇਦਾਂ ਅਤੇ ਕੁਰਾਨਾਂ ਦੀਆਂ ਪੁਰਾਤਨ ਰਹੁ ਰੀਤਾਂ ਹਮੇਸ਼ਾਂ ਲਈ ਸਮਾਪਤ ਹੋ ਜਾਂਦੀਆਂ ਜੇਕਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਿਮਾਨਾ ਕਰਦੇ ਆਪਣੇ ਇਕ ਸਿਖ ਭਾਈ ਰਾਇ ਸਿੰਘ ਪੰਜਾਬ ਰਾਜ ਅੰਦਰ ਜ਼ਿਲਾ ਫਿਰੋਜਪੁਰ ਦੇ ਪਿੰਡ ਮਦੀਰ ਦੇ ਵਾਸੀ ਨੂੰ ਅਬਚਲ ਨਗਰ ਹਜ਼ੂਰ ਸਾਹਿਬ ਨੰਦੇੜ ਭੇਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਸੀ ਮਰਯਾਦਾ ਨਾਲ ਲਿਆ ਕੇ ਸਿੱਖ ਪੰਥ ਵਿਚ ਪ੍ਰਚਲਤ ਕਰਦੇ। ਅਬਚਨ ਨਗਰ ਹਜ਼ੂਰ ਸਾਹਿਬ ਜਾਂਦਿਆਂ ਅਤੇ ਵਿੱਚ ਇਕ ਨਾਵਾਕਿਫ ਕੁਸੰਗਤ ਕਾਰਨ ਚੌਂਕੀ ਤੋਂ ਬਾਹਰ ਭੁਪਾਲ ਦੇ ਜੰਗਲ ਵਿਚ ਰਾਤ ਗੁਜਾਰਨ ਲਈ ਠਹਿਰ ਗਿਆ। ਅੱਧੀ ਰਾਤ ਦਾ ਸਮਾਂ ਜੰਗਲੀ ਸੇਰ ਨੇ ਹਮਲਾ ਕਰਕੇ ਜਦੋਂ ਇਕ ਸਾਥੀ ਨੂੰ ਮਾਰ ਮੁਕਾਇਆ ਤਾਂ ਇਹ ਦ੍ਰਿਸ਼ ਦੇਖ ਕੇ ਰਾਇ ਸਿੰਘ ਘਬਰਾ ਗਿਆ ਅਤੇ ਮਨ ਹੀ ਮਨ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਲੱਗਾ ਕਿ ਹੇ ਸਤਿਗੁਰੂ ਰਾਮ ਸਿੰਘ ਹੁਣ ਆਪ ਜੀ ਤੋਂ ਇਲਾਵਾ ਕੋਈ ਬਚਾ ਨਹੀਂ ਸਕਦਾ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਉਸ ਸਿਖ ਦੀ ਅਰਜ਼ ਪ੍ਰਵਾਨ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਤੋਂ ਤਕਰੀਬਨ 800 ਕਿਲੋਮੀਟਰ ਦੀ ਦੂਰੀ ਤੇ ਜਾ ਕੇ ਸਿੱਖ ਦੀ ਰੱਖਿਆ ਕੀਤੀ ਅਤੇ ਸੇਰ ਤੋਂ ਬਚਾਇਆ। ਇਹ ਸਾਰੀ ਵਾਰਤਾ ਭਾਈ ਰਾਇ ਸਿੰਘ ਨੇ ਹਜ਼ੂਰ ਸਾਹਿਬ ਤੋਂ ਵਾਪਸ ਆਣ ਆਪਣੇ ਨਾਲ ਦੇ ਸਾਥੀ ਸਿਖਾਂ ਨੂੰ ਸੁਣਾਈ ਕਿ ਕਿਸ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਿਪਤਾ ਦੇ ਸਮੇਂ ਉਸ ਦੀ ਰੱਖਿਆ ਭੋਪਾਲ ਦੇ ਜੰਗਲ ਵਿਚ ਕੀਤੀ ਸੀ। ਇਹ ਸੁਣ ਭਾਈ ਰਾਏ ਸਿੰਘ ਦੇ ਸਾਥੀ ਸਿੱਖਾਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਸ਼ਰਧਾ, ਸਤਿਕਾਰ ਅਤੇ ਪ੍ਰੇਮ ਦੀ ਭਾਵਨਾ ਹੋਰ ਪਰਪੱਕ ਹੋ ਗਈ।

(ਬਾਕੀ ਸਫਾ 92 'ਤੇ)

ਇਸਤਰੀ ਮੁਕਤੀ ਦਾਤਾ
ਸ੍ਰੀ ਸਤਿਗੁਰੂ ਰਾਮ ਸਿੰਘ ਜੀ



✍ਸਤਵੰਤ ਕੌਰ (ਪ੍ਰਿੰਸੀਪਲ)

ਏਨਾਂ ਹੀ ਨਹੀਂ ਸਤਿਗੁਰੂ ਰਾਮ ਸਿੰਘ ਜੀ ਨੇ ਲੜਕੀਆਂ ਨਾਲ ਸੰਬੰਧਿਤ ਹੋਰ ਕਈਆਂ ਹੀ ਕੁਰੀਤੀਆਂ ਦਾ ਖਾਤਮਾ ਕੀਤਾ ਜਿਵੇਂ ਨਿੱਕੇ ਬੱਚਿਆਂ ਦਾ ਵਿਆਹ। ਸਤਿਗੁਰ ਜੀ ਦੇ ਹੁਕਮਨਾਮੇ ਵਿੱਚ ਦਰਜ ਹੈ, "ਸਾਰੇ ਬਹੀਰ ਨੂੰ ਹੁਕਮ ਸੁਣਾਇ ਦੇਣਾ ਜੋ ਪੰਦਰਾਂ ਸੋਲਾਂ ਬਰਸ ਤੇ ਘੱਟ ਕੋਈ ਕੁੜੀ ਨਾ ਬਿਆਹੇ"। ਉਹਨਾਂ ਨੇ ਧੀ ਭੈਣ ਦੇ ਵੇਚਣ ਅਤੇ ਉਸਦੇ ਵੱਟੇ ਦੇ ਵਿਆਹ ਦੀ ਕੁਰੀਤੀ ਨੂੰ ਖਤਮ ਕੀਤਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇੱਕ ਬਹੁ ਪੱਖੀ ਸ਼ਖਸੀਅਤ ਸਨ ਜਿਨਾਂ ਨੇ ਮਨੁਖੀ ਸਮਾਜ ਦੇ ਅਨੇਕ ਪੱਖਾਂ ਤੇ ਕੰਮ ਕੀਤਾ ਉਹਨਾਂ ਨੂੰ ਜੁਗ ਪਲਟਾਊ ਸਤਿਗੁਰੂ ਭੀ ਆਖਿਆ ਗਿਆ ਹੈ । ਇਕ ਪਾਸੇ ਜੇ ਉਹਨਾਂ ਨੇ ਅੰਗ੍ਰੇਜਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਸ਼ਾਤੀਪੂਰਕ ਤਰੀਕੇ ਨਾਲ ਰਾਜਨੀਤਿਕ ਸੰਗਰਾਮ ਕੂਕਾ ਅੰਦੋਲਨ ਚਲਾ ਕੇ ਲੋਕਾਂ ਵਿੱਚ ਦੇਸ਼ ਭਗਤੀ ਦਾ ਜ਼ੋਸ਼ ਭਰਿਆ ਤੇ ਦੂਜੇ ਪਾਸੇ ਧਾਰਮਿਕ ਅੰਦੋਲਨ ਦੁਆਰਾ ਸਮਾਜ ਦੇ ਵੱਖ-ਵੱਖ ਪੱਖਾਂ ਵਿੱਚ ਸੁਧਾਰ ਕੀਤੇ। ਉਹਨਾਂ ਨੂੰ ਪਹਿਲੇ ਪਰਮੁੱਖ ਸੁਤੰਤਰਤਾ ਸੰਗਰਾਮੀ ਦੀ ਪਦਵੀਂ ਭਾਰਤ ਸਰਕਾਰ ਨੇ ਦਿੱਤੀ ਹੈ। ਉੱਚ ਕੋਟੀ ਦੇ ਸਮਾਜ ਸੁਧਾਰਕ ਵੀ ਅਖਵਾਉਂਦੇ ਹਨ। ਉਹਨਾਂ ਨੇ ਸਮਾਜਿਕ ਬੁਰਾਈਆਂ ਜਿਵੇਂ ਵਹਿਮ, ਭਰਮ, ਨਸ਼ੇ, ਜਾਤ-ਪਾਤ ਆਦਿ ਦੇ ਵਿਰੁੱਧ ਤੇ ਕੰਮ ਕੀਤਾ ਹੀ ਨਾਲ ਹੀ ਇਸਤਰੀ ਦੀ ਦੁਰਦਸ਼ਾ ਦਾ ਖਾਤਮਾਂ ਵੀ ਕੀਤਾ ਜੋ ਕਿ ਬਹੁਤ ਵਡਾ ਮੁੱਦਾ ਸੀ ਇਸ ਕਰਕੇ ਉਹਨਾਂ ਨੂੰ ਇਸਤਰੀ ਜਾਤੀ ਦਾ ਮੁਕਤੀ ਦਾਤਾ ਵੀ ਆਖਿਆ ਗਿਆ ਹੈ ।

ਸਿੱਖ ਸਮਾਜ ਦੇ ਇਤਿਹਾਸ ਵਿੱਚ ਝਾਤ ਮਾਰਿਆਂ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਨੇ ਹਮੇਸ਼ਾ ਹੀ ਇਸਤਰੀ ਪ੍ਰਤੀ ਸੰਤੁਲਿਤ ਨਜ਼ਰੀਆ ਰੱਖਿਆ ਹੈ । ਸਭ ਤੋਂ ਪਹਿਲਾਂ ਸਤਿਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਉੱਚਾਰਿਤ ਕਰਦੇ ਹੋਏ ਫੁਰਮਾਇਆ:

ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਪਹਿਲੇ ਗੁਰੂ ਤੋਂ ਹੀ ਨਾਰੀ ਦਾ ਸਨਮਾਨ ਆਰੰਭ ਹੋ ਗਿਆ ਸੀ। ਬੇਬੇ ਨਾਨਕੀ ਦਾ ਨਾਂ ਇਤਿਹਾਸ ਵਿੱਚ ਅਮਰ ਹੈ। ਮਾਤਾ ਖੀਵੀ ਜੀ ਦਾ ਨਾਂ ਤੇ ਆਦਿ

ਸ੍ਰੀ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਅਮਰਦਾਸ ਜੀ ਨੇ ਧਰਮ ਪ੍ਰਚਾਰ ਕਰਨ ਲਈ 22 ਮੰਜੀਆਂ ਵਿਚੋਂ 2 ਮੰਜੀਆ ਦੀ ਸੇਵਾ ਦੋ ਬੀਬੀਆਂ ਨੂੰ ਦਿੱਤੀ । ਉਹਨਾਂ ਨੇ ਵਿਧਵਾ ਵਿਆਹ ਕਰਵਾਇਆ ਅਤੇ ਸਤੀ ਦੀ ਰਸਮ ਦਾ ਨਿਖੇਧ ਕੀਤਾ । ਇਸ ਤੋਂ ਅਲਾਵਾ ਘੁੰਡ ਦੀ ਪ੍ਰਥਾ ਖਤਮ ਕਰਕੇ ਗੁਰੂ ਦਰਬਾਰ ਵਿੱਚ ਖੁੱਲੇ ਮੂੰਹ ਆਉਣ ਦਾ ਆਦੇਸ਼ ਦੇ ਕੇ ਇਸਤਰੀ ਨੂੰ ਖੁੱਲੇ ਸਭਿਆਚਾਰ ਦਾ ਵਾਤਾਵਰਣ ਪ੍ਰਦਾਨ ਕੀਤਾ ਜਿਸ ਵਿੱਚ ਨਾਰੀ ਆਪਣੇ ਹਰ ਪੱਖ ਤੋਂ ਵਧ ਚੜ੍ਹ ਕੇ ਸਮਾਜ ਵਿੱਚ ਨਰ ਨਾਲ ਕੰਧਾ ਮਿਲਾਕੇ ਕੰਮ ਕਰਨ ਜੋਗੀ ਹੋ ਸਕੀ । ਦਸਮ ਗੁਰੂ ਜੀ ਦੀ ਨਜ਼ਰ ਵਿੱਚ ਵੀ ਨਾਰੀ ਪੁਰਖ ਤੋਂ ਕਿਸੇਂ ਵੀ ਤਰ੍ਹਾਂ ਘਟ ਨਹੀਂ ਸੀ। ਤਾਂਹੀਉ ਉਹ ਵੀ ਸਿੰਘ ਦੇ ਨਾਲ ਕੌਰ ਅਖਵਾਈ। ਗੁਰੂ ਗੋਬਿੰਦ ਸਿੰਘ ਜੀ ਨੇ ਨਾਰੀ ਨੂੰ ਬਹੁਤ ਆਦਰ ਦਿੱਤਾ। ਉਹਨਾਂ ਨੇ ਚੰਡੀ ਦੀ ਵਾਰ, ਚੰਡੀ ਚਰਿੱਤਰ ਦੂਜਾ, ਚਰਿਤਰੋਪਖਿਆਨ ਅਤੇ ਉਗ੍ਰਦੰਤੀ ਦੀ ਰਚਨਾ ਕਰ ਨਾਰੀ ਪਾਤਰਾਂ ਦਾ ਉਦਾਤੀਕਰਣ ਕੀਤਾ। ਉਹਨਾਂ ਨੇ ਇਸਤਰੀ ਨੂੰ ਨਿਰਭੈਅ, ਨਿਸ਼ਕਾਮ, ਨਿਹਕਪਟ ਪ੍ਰਚੰਡ ਤੇਜ ਵਾਲੀ ਆਸਾਧਰਨ ਸ਼ਕਤੀ ਪੁੰਜ ਆਖਿਆ। ਸਿੱਖ ਇਤਿਹਾਸ ਬੀਬੀ ਖੀਵੀ, ਬੀਬੀ ਭਾਨੀ, ਬੀਬੀ ਵੀਰੋ, ਮਾਤਾ ਪੰਜਾਬ ਕੌਰ, ਮਾਤਾ ਸੁੰਦਰੀ ਜੀ ਅਤੇ ਹੋਰ ਕਈ ਇਸਤਰੀਆਂ ਦੇ ਕਾਰਨਾਮਿਆਂ ਨਾਲ ਭਰਿਆ ਹੋਇਆ ਹੈ ਜੋ ਕਿ ਇਹ ਦਰਸ਼ਾਉਂਦਾ ਹੈ ਕਿ ਦਸਮ ਗੁਰੂ ਸਾਹਿਬ ਤੱਕ ਇਸਤਰੀ ਜਾਤੀ ਦਾ ਬਹੁਤ ਆਦਰਮਾਨ ਸੀ।

ਉਪਰੰਤ ਨਾਰੀ ਦੀ ਦਸ਼ਾ ਹੌਲੀ ਹੌਲੀ ਡਿਗੱਣ ਲਗੀ ਅਤੇ ਸਮਾਜ ਵਿੱਚ ਉਸਦਾ ਸਥਾਨ ਬਹੁਤ ਨੀਵੀਂ ਪਾਉਣ ਲੱਗਾ। ਭਾਰਤੀ ਇਸਤਰੀ ਨੂੰ ਢੋਰਾਂ ਅਤੇ ਗੰਵਾਰਾਂ ਦੇ ਬਰਾਬਰ ਰੱਖਿਆ ਜਾਣ ਲੱਗਿਆ, ਹਾਲਤ ਬੁਰੀ ਤਰ੍ਹਾਂ ਬਦਲ ਗਈ। ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਦੀ ਇਹ ਹਾਲਤ ਵੇਖੀ ਤੇ ਉਨਾਂ ਨੇ ਇਸਤਰੀ ਕਲਿਆਣ ਸੰਬੰਧੀ ਕਦਮ ਚੁੱਕੇ ਅਤੇ ਸਮਾਜ ਵਿੱਚ ਇਸਤਰੀ ਦੇ ਸਥਾਨ ਨੂੰ ਮੁੜ ਵਾਪਸ ਪੁਰਸ਼ ਦੇ ਬਰਾਬਰ ਲਿਆ ਖੜ੍ਹਾ ਕੀਤਾ ।

ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਦੇ ਅੱਖਰ-ਗਿਆਨ ਤੇ ਜ਼ੋਰ ਦਿੱਤਾ ਉਹਨਾਂ ਨੇ ਹੁਕਮ ਕੀਤਾ, "ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲ"।

"ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਤੇ ਬੁਢੇ ਬਾਲੇ ਨੇ"। ਉਹਨਾਂ ਨੇ ਇਹ ਹੁਕਮ ਕਰਕੇ ਨਾਰੀ ਜਾਤੀ ਦੇ ਸੁਚੇਤ ਹੋਣ ਲਈ ਰਸਤੇ ਖੋਲ੍ਹ ਦਿੱਤੇ। ਵਹਿਮਾਂ ਭਰਮਾਂ ਵਿੱਚ ਫਸੀ ਨਾਰੀ ਨੂੰ ਮਾਨਸਿਕ ਹਨੇਰੇ ਵਿਚੋਂ ਕੱਢਿਆ, ਬਾਣੀ ਦੇ ਲੜ ਲਾਇਆ ਅਤੇ ਪ੍ਰਮਾਤਮਾ ਨਾਲ ਜੋੜਿਆ।

ਲਗਭਗ ਡੇਢ ਸਦੀ ਤੋਂ ਵੱਧ ਸਮਾਂ ਪਹਿਲਾਂ ਪੁਰਸ਼ਾ ਲਈ ਅੰਮ੍ਰਿਤ ਛਕਾਉਣ ਦੀ ਰੀਤ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਰੰਭ ਕੀਤੀ ਸੀ । ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਵੀ ਅੰਮ੍ਰਿਤ ਛਕਾ ਕੇ ਪੰਜ ਕਕਾਰਾਂ ਦੇ ਧਾਰਣੀ ਬਣਾਇਆਂ ਅਤੇ ਸਿੱਖ ਸਮਾਜ ਵਿੱਚ ਇਕ ਨਵੀਂ ਕਰਾਂਤੀਕਾਰੀ ਲਹਿਰ ਚਲਾਈ।

ਸਤਿਗੁਰੂ ਰਾਮ ਸਿੰਘ ਜੀ ਨੇ ਨਸ਼ੇ ਦੇ ਵਿਰੁੱਧ ਜ਼ਬਰਦਸਤ ਮੁਹਿਮ ਚਲਾਈ ਤਾ ਕਿ ਇਸਤਰੀ ਨੂੰ ਪੁਰਸ਼ ਦੀ ਨਿਰਦੈਤਾ ਤੋਂ ਛੁਟਕਾਰਾ ਮਿਲ ਸਕੇ। ਉਹਨਾਂ ਨੇ ਇਕ ਸਾਦੇ ਤੇ ਨਿਰਮਲ ਜੀਵਨ ਜੀਉਣ ਦੀ ਵਿਉਂਤ ਦੱਸੀ ਜਿਸ ਵਿੱਚ ਮਨ ਵਿੱਚ ਵਿਕਾਰ ਪੈਦਾ ਨਾ ਹੋਣ।

ਸਤਿਗੁਰੂ ਜੀ ਨੇ ਇਸਤਰੀ ਦੀ ਸੌੜੀ ਸੋਚ ਤੋਂ ਮੁਕਤ ਕਰਵਾਉਣ ਲਈ ਪੁਰਸ਼ਾਂ ਵਾਂਗ ਇਸਤਰੀ ਲਈ ਵੀ ਗੁਰਮੁਖੀ ਬਾਣਾ ਨਿਸ਼ਚਿਤ ਕਰ ਦਿੱਤਾ। ਉਹਨਾਂ ਨੇ ਬਾਹਰਲੇ ਗਹਿਣਿਆਂ ਨਾਲ ਆਪਣੇ ਆਪ ਨੂੰ ਸਜਾਉਣ ਦੀ ਬਜਾਇ ਆਪਣੇ ਅੰਦਰਲੇ ਗੁਣਾਂ ਦਾ ਵਿਸਤਾਰ ਕਰਨ ਲਈ ਹੁਕਮ ਦਿੱਤਾ। ਇਸਤਰੀ ਦੇ ਬਹੁ ਪੱਖੀ ਵਿਕਾਸ ਲਈ ਘੁੰਡ ਨੂੰ ਪੂਰੀ ਤਰ੍ਹਾਂ ਮਨਾਹ ਕੀਤਾ ਅਤੇ ਬੀਬੀਆਂ ਨੂੰ ਪੁਰਸ਼ਾਂ ਦੇ ਨਾਲ ਧਾਰਮਿਕ ਇਕੱਠਾਂ ਵਿੱਚ ਇਕੱਤਰ ਹੋਣ ਦੀ ਆਗਿਆ ਦਿੱਤੀ। ਇਸ ਹੁਕੱਮ ਨੇ ਇਸਤਰੀ ਜਾਤੀ ਦੀ ਮੁਕਤੀ ਦੇ ਰਸਤੇ ਖੋਲ ਦਿੱਤੇ ।

ਸਤਿਗੁਰੂ ਰਾਮ ਸਿੰਘ ਜੀ ਨੇ ਦੇਖਿਆ ਕਿ ਪੰਜਾਬੀ ਸਮਾਜ ਵਿੱਚ ਜੰਮਦੀਆ ਕੁੜੀਆਂ ਨੂੰ ਮਾਰਨ ਦੀ ਰੀਤ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਅਮਾਨਵੀ ਰਿਵਾਜ ਵਿਰੁੱਧ ਆਵਾਜ਼ ਉਠਾਈ। ਉਹਨਾਂ ਨੇ ਹੁਕਮ ਦਿੱਤਾ ਕਿ ਕੋਈ ਕੁੜੀ ਨ ਮਾਰੇ। ਉਹਨਾਂ ਦੇ ਇਸ ਹੁਕਮ ਨਾਲ ਸਮਾਜ ਵਿੱਚ ਇਸਤਰੀਆਂ ਦੀ ਘੱਟਦੀ ਗਿਣਤੀ ਤੇ ਰੋਕ ਲੱਗੀ।

ਵਿਆਹ ਸੰਬੰਧੀ ਪ੍ਰਚਲਿਤ ਖਰਚੀਲੇ ਰਿਵਾਜਾਂ ਨੇ ਆਮ ਆਦਮੀ ਲਈ ਲੜਕੀ ਦਾ ਵਿਆਹ ਕਰਨਾ ਬਹੁਤ ਮੁਸ਼ਕਿਲ ਕਰ ਦਿੱਤਾ ਸੀ। ਸਤਿਗੁਰੂ ਜੀ ਨੇ ਇਹਨਾਂ ਰਿਵਾਜਾਂ ਨੂੰ ਖਤਮ ਕਰਨ ਦਾ ਬੀੜਾਂ ਚੁੱਕਿਆ। 3 ਜੂਨ 1863 ਨੂੰ ਪਿੰਡ ਖੋਟੇ ਆਨੰਦ ਮਰਿਯਾਦਾ ਦੀ ਸ਼ੁਰੂਆਤ ਕੀਤੀ ਜਿਸ ਵਿੱਚ 6 ਅੰਤਰਜਾਤੀ ਆਨੰਦਕਾਰਜ ਕੀਤੇ ਜੋ ਕਿ ਗੁਰ ਮਰਯਾਦਾ ਅਨੁਸਾਰ ਗ੍ਰੰਥ ਸਾਹਿਬ ਤੋਂ ਲਾਵਾਂ ਪੜ੍ਹਕੇ ਸਰਲ ਸਾਦੇ ਅਤੇ ਬਿਨਾ ਕਿਸੇ ਖਰਚ ਤੋਂ ਸੀ ਕੁਲ ਖਰਚਾ ਸਵਾ ਰੁਪਇਆ ਨਿਸ਼ਚਿਤ ਕੀਤਾ ਗਿਆ

ਸੀ। ਇਹ ਆਨੰਦ ਮਰਿਯਾਦਾ ਅੱਜ ਵੀ ਨਾਮਧਾਰੀ ਸਿੱਖਾਂ ਵਿੱਚ ਪ੍ਰਚਲਿਤ ਹੈ ਜਿਸ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਾਅਦ ਹੁਣ ਹਾਜਰਾਂ ਹਜ਼ੂਰ ਸਤਿਗੁਰੂ ਉਦੈ ਸਿੰਘ ਜੀ ਅੱਗੇ ਤੋਰ ਰਹੇ ਹਨ ਅਤੇ ਦੁਨੀਆਂ ਵਿੱਚ ਬਿਨਾਂ ਖਰਚ ਵਿਆਹ ਦੀ ਇਸ ਅਨੋਖੀ ਰੀਤੀ ਨਾਲ ਸਮਾਜ ਵਿੱਚ ਆਮ ਆਦਮੀ ਨੂੰ ਹੌਸਲਾਂ ਦੇ ਰਹੇ ਹਨ। ਇਹ ਆਨੰਦ ਕਾਰਜ ਬਿਨਾਂ ਸਗਣ, ਰੋਕਾ, ਠਾਕਾ, ਮੁਕਲਾਵਾ, ਮਿਲਣੀ ਅਤੇ ਦਾਜ ਦਹੇਜ ਤੋਂ ਹੁੰਦੇ ਹਨ, ਪਾਰਟੀ ਦੀ ਵੀ ਮਨਾਈ ਹੁੰਦੀ ਹੈ ।

ਏਨਾਂ ਹੀ ਨਹੀਂ ਸਤਿਗੁਰੂ ਰਾਮ ਸਿੰਘ ਜੀ ਨੇ ਲੜਕੀਆਂ ਨਾਲ ਸੰਬੰਧਿਤ ਹੋਰ ਕਈਆਂ ਹੀ ਕੁਰੀਤੀਆਂ ਦਾ ਖਾਤਮਾ ਕੀਤਾ ਜਿਵੇਂ ਨਿੱਕੇ ਬੱਚਿਆਂ ਦਾ ਵਿਆਹ। ਸਤਿਗੁਰ ਜੀ ਦੇ ਹੁਕਮਨਾਮੇ ਵਿੱਚ ਦਰਜ ਹੈ, "ਸਾਰੇ ਬਹੀਰ ਨੂੰ ਹੁਕਮ ਸੁਣਾਇ ਦੇਣਾ ਜੋ ਪੰਦਰਾਂ ਸੋਲਾਂ ਬਰਸ ਤੇ ਘੱਟ ਕੋਈ ਕੁੜੀ ਨਾ ਬਿਆਹੇ"। ਉਹਨਾਂ ਨੇ ਧੀ ਭੈਣ ਦੇ ਵੇਚਣ ਅਤੇ ਉਸਦੇ ਵੱਟੇ ਦੇ ਵਿਆਹ ਦੀ ਕੁਰੀਤੀ ਨੂੰ ਖਤਮ ਕੀਤਾ, ਹੁਕਮ ਹੋਇਆ,

"ਇਕ ਹੋਰ ਬਾਤ ਸਭ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ, ਨਾ ਵੇਚੇ, ਨਾ ਬੱਟਾ ਕਰੇ। ਜੋ ਇਹ ਬਾਤ ਨਾ ਮੰਨੇ ਤਾਂ ਉਸ ਨੂੰ ਸੰਗਤ ਮੇਂ ਨਾ ਬੜਣ ਦੇਣਾ। ਜੋ ਕੋਈ ਬੱਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ, ਉਸ ਦੇ ਨਾਲ ਨਹੀ ਵਰਤਣਾ"।

ਸਤਿਗੁਰੂ ਰਾਮ ਸਿੰਘ ਜੀ ਨੇ ਵਿਧਵਾ ਵਿਆਹ ਕਰਾਕੇ ਇੱਕ ਵੱਡਾ ਸਮਾਜ ਸੁਧਾਰਕ ਕਦਮ ਚੁੱਕਿਆ।

ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਨੂੰ 22 ਸੂਬਿਆਂ ਵਿੱਚ ਵੰਡਿਆ ਹਰ ਸੂਬੇ ਦੇ ਵਿੱਚ ਧਰਮ ਪ੍ਰਚਾਰ ਲਈ ਸੂਬੇ ਸਾਹਿਬਾਨ ਨੂੰ ਜਿੰਮੇਵਾਰੀ ਦਿੱਤੀ । ਇਹਨਾਂ ਵਿੱਚ ਇਕ ਬੀਬੀ ਨੂੰ ਵੀ ਸੂਬਾ ਥਾਪਿਆ ਸੂਬਾ ਮਾਈ ਹੁਕਮੀ ਦਾ ਨਾਮ ਨਾਮਧਾਰੀ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਗਿਆ ਹੈ ਉਸਦੇ ਨਾਂ ਤੇ ਦਿੱਲੀ ਵਿਚ ਇਕ ਸੜਕ ਦਾ ਨਾਮਕਰਨ ਵੀ ਕੀਤਾ ਗਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਉਹਨਾਂ ਦੇ ਨਕਸ਼ੇ ਕਦਮ ਤੇ ਚੱਲਦੇ ਹੋਏ ਸੂਬਾ ਮਹਿੰਦਰ ਕੌਰ ਗਿਆਨਣ ਥਾਈਲੈਂਡ, ਸੂਬਾ ਮਹਿੰਦਰ ਕੌਰ ਹੋਸ਼ਿਆਰ ਪੁਰ, ਸੂਬਾ ਸੁਰਿੰਦਰ ਕੌਰ ਖਰਲ ਰੋਪੜ ਨੂੰ ਸੂਬਾ ਬਣਾ ਕੇ ਇਸਤਰੀ ਜਾਤੀ ਦਾ ਉੱਥਾਨ ਕੀਤਾ। ਇਸਤਰੀ ਵਿਦਿਅਕ ਜੱਥੇ ਬਣਾ ਕੇ

ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਨਾਲ ਸੰਬੰਧਿਤ ਹਰ ਕੁਰੀਤੀ ਨੂੰ ਦੂਰ ਕੀਤਾ, ਉਸ ਲਈ ਸੰਘਰਸ਼ ਕੀਤਾ। ਇਤਿਹਾਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀ ਸ਼ਕਤੀ ਲਈ ਜਤਨ ਬਹੁਤ ਵੱਡੀ ਮਹਤੱਤਾ ਰੱਖਦੇ ਹਨ ਉਹਨਾਂ ਨੂੰ ਇਸਤਰੀ ਜਾਤੀ ਦਾ ਮੁਕਤੀ ਦਾਤਾ ਅਖਵਾਉਣ ਨੂੰ ਸਾਰਥਕ ਕਰਦੇ ਹਨ।

ਇਸਤਰੀ ਦੇ ਹਰ ਪੱਖੋਂ ਵਿਕਾਸ ਲਈ ਰਾਹ ਖੋਲ੍ਹਿਆ। ਸਤਿਗੁਰੂ ਜੀ ਦੀ ਕਿਰਪਾ ਸਦਕਾ ਅੱਜ ਨਾਮਧਾਰੀ ਸਮਾਜ ਵਿਚ ਬੀਬੀਆਂ ਹਰ ਖੇਤਰ ਵਿੱਚ ਭਾਈਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੱਰਕੀ ਕਰ ਰਹੀਆਂ ਹਨ। ਕਿੰਨੀਆਂ ਹੀ ਬੀਬੀਆਂ ਡਾਕਟਰ, ਇੰਜੀਨਿਅਰ, ਪਾਇਲੈਟ, ਅਧਿਆਪਕ, ਸਾਂਈਟਿਸਟ, ਪ੍ਰਿੰਸੀਪਲ, ਵਕੀਲ, ਆਰਟੀਟੈਕਟ, ਲਿਖਾਰੀ, ਕਵੀ, ਚਾਰਟੇਡ ਅਕਾਉਟੈਂਟ ਅਤੇ ਡਿਜ਼ਾਈਨਰ ਹਨ ਅਤੇ ਸਤਿਗੁਰੂ ਜੀ ਦਾ, ਨਾਮਧਾਰੀ ਸਮਾਜ ਦਾ ਅਤੇ ਦੇਸ਼ ਦਾ ਨਾਂ ਰੋਸ਼ਨ ਕਰ ਰਹੀਆਂ ਹਨ। ਇੱਕ ਪਾਸੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੀਬੀਆਂ ਨੂੰ ਹਵਨ ਕਰਨ ਦੀ ਆਗਿਆ ਦੇ ਕੇ ਸਮਾਜ ਵਿੱਚ ਉੱਚਾ ਸਥਾਨ ਦਿਤਾ ਦੂਜੇ ਪਾਸੇ ਹਾਜਰਾ ਹਜ਼ੂਰ ਸਤਿਗੁਰੂ ਉਦੈ ਸਿੰਘ ਜੀ ਨੇ ਬੀਬੀਆਂ ਨੂੰ ਅਖੰਡ ਪਾਠ ਦਾ ਹੁਕਮ ਦੇ ਕੇ ਇਸਤਰੀ ਜਾਤੀ ਨੂੰ ਸਨਮਾਨਿਤ ਕੀਤਾ। ਸਤਿਗੁਰੂ ਉਦੈ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਦੱਸੇ ਹੋਏ ਪੂਰਣਿਆਂ ਤੇ ਚਲ ਕੇ ਸਮਾਜ ਨੂੰ ਅੱਗੇ ਵਧਾਉਣ ਦਾ ਕੰਮ ਕਰ ਰਹੇ ਹਨ।

ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਨਾਲ ਸੰਬੰਧਿਤ ਹਰ ਕੁਰੀਤੀ ਨੂੰ ਦੂਰ ਕੀਤਾ, ਉਸ ਲਈ ਸੰਘਰਸ਼ ਕੀਤਾ। ਇਤਿਹਾਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀ ਸ਼ਕਤੀ ਲਈ ਜਤਨ ਬਹੁਤ ਵੱਡੀ ਮਹਤੱਤਾ ਰੱਖਦੇ ਹਨ ਉਹਨਾਂ ਨੂੰ ਇਸਤਰੀ ਜਾਤੀ ਦਾ ਮੁਕਤੀ ਦਾਤਾ ਅਖਵਾਉਣ ਨੂੰ ਸਾਰਥਕ ਕਰਦੇ ਹਨ। ■

ਕੂਕਾ ਅੰਦੋਲਨ ਦੇ ਸ਼ਹੀਦ ਨਾਮਧਾਰੀ ਸਿੰਘ



ਸ. ਜਸਵਿੰਦਰ ਸਿੰਘ ਹਿਸਟੋਰੀਅਨ

ਸਤਿਗੁਰੂ ਜੀ ਅਤੇ ਉਹਨਾਂ ਦੇ ਪ੍ਰਚਾਰਕਾਂ ਦੇ ਪ੍ਰਚਾਰ ਸਦਕਾ ਪੰਜਾਬ ਦੇ ਲੋਕਾਂ ਵਿਚ ਜਾਗ੍ਰਿਤੀ ਤਾਂ ਆਈ ਹੀ ਸੀ, ਉਹ ਵੱਡੀ ਗਿਣਤੀ ਵਿਚ ਇਸ ਲਹਿਰ ਨਾਲ ਜੁੜਦੇ ਚਲੇ ਗਏ ਅਤੇ ਸਾਲ 1871 ਦੇ ਆਉਂਦਿਆਂ ਆਉਂਦਿਆਂ ਗੁਰੂ ਰਾਮ ਸਿੰਘ ਜੀ ਦੇ ਮੁਹਰਲੀ ਕਤਾਰ ਦੇ ਪੈਰੋਕਾਰ ਬਦੇਸ਼ੀ ਸਾਮਰਾਜ ਵਿਰੁੱਧ ਹਰ ਤਰ੍ਹਾਂ ਨਾਲ ਸੰਘਰਸ਼ ਲਈ ਤਿਆਰ-ਬਰ-ਤਿਆਰ ਹੋ ਗਏ ਸਨ

ਜੂਨ 1871 ਤੋਂ ਲੈ ਕੇ ਜਨਵਰੀ 1872 ਈ. ਤੱਕ ਦਾ ਸਮਾ ਵਿਸ਼ੇਸ਼ ਹਾਲਾਤਾਂ, ਘਟਨਾਵਾਂ ਅਤੇ ਸ਼ਹੀਦੀਆਂ ਦਾ ਸਮਾਂ ਸੀ। ਇਸ ਸਮੇਂ ਦੌਰਾਨ ਐਸੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਕੂਕਾ ਅੰਦੋਲਨ ਉੱਤੇ ਦੂਰਗਾਮੀ ਪ੍ਰਭਾਵ ਪਿਆ। 1857 ਈ. ਦੀ ਵੈਸਾਖੀ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਬਸਤੀਵਾਦ ਵਿਰੁੱਧ ਪੰਜਾਬ ਵਿਚ ਜੋ ਲਹਿਰ ਚਲਾਈ ਸੀ, ਜੋ ਅੰਦੋਲਨ ਸ਼ੁਰੂ ਕੀਤਾ ਸੀ, ਉਸ ਦਾ ਅਸਰ ਲੋਕਾਈ ਤੇ ਸਪਸ਼ਟ ਨਜ਼ਰ ਆਉਣਾ ਸ਼ੁਰੂ ਹੋ ਗਿਆ ਸੀ। ਸਤਿਗੁਰੂ ਜੀ ਅਤੇ ਉਹਨਾਂ ਦੇ ਪ੍ਰਚਾਰਕਾਂ ਦੇ ਪ੍ਰਚਾਰ ਸਦਕਾ ਪੰਜਾਬ ਦੇ ਲੋਕਾਂ ਵਿਚ ਜਾਗ੍ਰਿਤੀ ਤਾਂ ਆਈ ਹੀ ਸੀ, ਉਹ ਵੱਡੀ ਗਿਣਤੀ ਵਿਚ ਇਸ ਲਹਿਰ ਨਾਲ ਜੁੜਦੇ ਚਲੇ ਗਏ ਅਤੇ ਸਾਲ 1871 ਦੇ ਆਉਂਦਿਆਂ ਆਉਂਦਿਆਂ ਗੁਰੂ ਰਾਮ ਸਿੰਘ ਜੀ ਦੇ ਮੁਹਰਲੀ ਕਤਾਰ ਦੇ ਪੈਰੋਕਾਰ ਬਦੇਸ਼ੀ ਸਾਮਰਾਜ ਵਿਰੁੱਧ ਹਰ ਤਰ੍ਹਾਂ ਨਾਲ ਸੰਘਰਸ਼ ਲਈ ਤਿਆਰ-ਬਰ-ਤਿਆਰ ਹੋ ਗਏ ਸਨ ਅਤੇ ਆਪਣੇ ਮਨੋਰਥ ਲਈ ਉਠ ਖੜੇ ਹੋਣ ਲਈ ਸਤਿਗੁਰੂ ਜੀ ਦੇ ਹੁਕਮਾਂ ਦੀ ਉਡੀਕ ਵਿੱਚ ਸਨ। ਉਹ ਕੁਝ ਕਰ ਗੁਜ਼ਰਨ ਲਈ ਕਾਹਲੇ ਸਨ। ਦਸਤਾਵੇਜ਼ਾਂ ਵਿਚ ਇਸ ਤੱਥ ਦਾ ਜ਼ਿਕਰ ਮਿਲਦਾ ਹੈ ਕਿ ਨਾਮਧਾਰੀ ਅਥਵਾ ਕੂਕੇ ਚਾਹੁੰਦੇ ਸਨ ਕਿ ਉਹਨਾਂ ਨੂੰ ਸੰਘਰਸ਼ ਲਈ ਉਠ ਖੜੇ ਹੋਣ ਦਾ ਹੁਕਮ ਦੇਣ ਵਿਚ ਕਿਉਂ ਦੇਰ ਕੀਤੀ ਜਾ ਰਹੀ ਸੀ? ਅੰਦੋਲਨ ਦਾ ਮੁਖੀ ਹੀ ਜਾਣਦਾ ਹੁੰਦਾ ਹੈ ਕਿ ਕਦੋਂ ਠੀਕ ਸਮਾਂ ਆਉਣਾ ਹੈ ਹੁਕਮ ਦੇਣ ਦਾ। ਫੇਰ ਵੀ ਨਾਮਧਾਰੀਆਂ ਦੀ ਬੇਚੈਨੀ ਅਤੇ ਕੁਛ ਕਰ ਗੁਜ਼ਰਨ ਦੀ ਲਾਲਸਾ ਕਾਰਨ ਕੁਝ ਲੋਕ ਆਪਣੇ ਆਪ ਨੂੰ ਜਾਪਤੇ ਵਿਚ ਨਾ ਰੱਖ ਸਕੇ ਅਤੇ ਜੂਨ 1871 ਤੋਂ ਜਨਵਰੀ 1872 ਈ. ਤੱਕ ਕਈ ਘਟਨਾਵਾਂ ਵਾਪਰ ਗਈਆਂ ਜਿਨ੍ਹਾਂ ਨਾਲ ਸਤਿਗੁਰੂ ਰਾਮ ਸਿੰਘ ਜੀ ਦੇ ਮਨੋਰਥ

ਅਤੇ ਅੰਦੋਲਨ ਨੂੰ ਧੱਕਾ ਵੀ ਲੱਗਾ ਅਤੇ ਸ਼ਹੀਦੀਆਂ ਵੀ ਹੋਈਆਂ। ਇਹਨਾਂ ਨਾਮਧਾਰੀ ਸਿੰਘਾਂ ਨੂੰ ਮੌਤ ਦਾ ਭੈ ਨਹੀਂ ਸੀ, ਉਹ ਕੁਛ ਕਰ ਗੁਜ਼ਰਨਾ ਚਾਹੁੰਦੇ ਸਨ। 14 ਜੂਨ 1871 ਈ. ਰਾਤ ਨੂੰ ਅੰਮ੍ਰਿਤਸਰ ਬੁੱਚੜਾਂ ਵਾਲੀ ਘਟਨਾ ਹੋਈ, ਜੁਲਾਈ ਦੇ ਦੂਸਰੇ ਹਫਤੇ ਮੋਰਿੰਡੇ ਬਾਗਾਂ ਵਾਲੀ ਘਟਨਾ ਹੋਈ, 15 ਜੁਲਾਈ ਨੂੰ ਰਾਇਕੋਟ ਦੀ ਘਟਨਾ ਵਾਪਰੀ, 30 ਅਗਸਤ ਨੂੰ ਲਾਹੌਰ ਜਾਇਸੀਰਾਮ ਮੈਜਿਸਟ੍ਰੇਟ ਨੂੰ ਮਾਰ ਦਿੱਤਾ ਗਿਆ ਅਤੇ ਜਨਵਰੀ 1872 ਈ. ਵਿਚ ਮਾਲੋਦ ਅਤੇ ਮਲੇਰਕੋਟਲੇ ਭਾਣਾ ਵਰਤਿਆ। ਇਹਨਾਂ ਘਟਨਾਵਾਂ ਸਦਕਾ ਰਾਇਕੋਟ, ਲਾਹੌਰ, ਅੰਮ੍ਰਿਤਸਰ, ਲੁਧਿਆਣਾ ਅਤੇ ਮਲੇਰਕੋਟਲੇ ਨਾਮਧਾਰੀ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ।

ਸ਼ਹੀਦ ਆਪਣਾ ਕੰਮ ਕਰ ਗਏ, ਜਾਨਾਂ ਵਾਰ ਗਏ। ਕੂਕਾ ਅੰਦੋਲਨ ਦੇ ਸ਼ਹੀਦਾਂ ਦੀ ਸੰਪੂਰਨ ਅਤੇ ਪ੍ਰਮਾਣੀਕ ਸੂਚੀ ਅਜੇ ਲੋਕਾਂ ਦੇ ਸਾਹਮਣੇ ਆਉਣੀ ਬਾਕੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਮਲੇਰਕੋਟਲੇ ਸੰਬੰਧੀ ਸ਼ਹੀਦ ਸਿੰਘਾਂ ਦੀ ਸੂਚੀ ਲੱਭ ਕੇ ਅਹਿਮ ਕੰਮ ਕੀਤਾ ਜਿਸਨੂੰ ਸੁਰਿੰਦਰ ਕੌਰ ਨਾਲ ਮਿਲ ਕੇ ਠੀਕ ਵੀ ਕੀਤਾ। ਦੇਸ਼ ਦੀ ਆਜ਼ਾਦੀ ਸੰਘਰਸ਼ ਦੇ 150 ਸਾਲਾਂ ਬਾਰੇ ਸਰਕਾਰ ਵਲੋਂ ਸ਼ਹੀਦਾਂ ਬਾਰੇ ਸੂਚੀਆਂ ਛਾਪੀਆਂ ਗਈਆਂ ਸਨ। ਇਸ ਦੌਰਾਨ ਕੂਕਾ ਅੰਦੋਲਨ ਦੇ ਸਾਰੇ ਸ਼ਹੀਦ ਸਿੰਘਾਂ ਦੀ ਪ੍ਰਮਾਣੀਕ ਸੂਚੀ ਤਿਆਰ ਕਰਨੀ ਸੀ। ਸੰਤ ਜਗਤਾਰ ਸਿੰਘ ਜੀ ਦੇ ਸਹਿਯੋਗ ਨਾਲ ਮੈਂ ਇਹ ਸੂਚੀ ਤਿਆਰ ਕੀਤੀ ਜਿਸ ਦੌਰਾਨ ਸੁਰਿੰਦਰ ਕੌਰ ਖਰਲ, ਤਾਰਾ ਸਿੰਘ ਅਨਜਾਣ ਅਤੇ ਸਵਰਨ ਸਿੰਘ ਵਿਰਕ ਦਾ ਵੀ ਸਹਿਯੋਗ ਲਿਆ ਗਿਆ। ਪਾਠਕਾਂ ਦੀ ਜਾਣਕਾਰੀ ਲਈ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ਅਤੇ ਨਾਵਾਂ ਵਾਲੀ ਸੂਚੀ ਛਾਪੀ ਜਾ ਰਹੀ ਹੈ। ਏਥੇ ਇਹ ਵੀ ਧਿਆਨ ਰੱਖਿਆ ਜਾਏ ਕਿ ਇਹ ਸੂਚੀ ਕੇਵਲ ਕੂਕਾ ਅੰਦੋਲਨ ਦੌਰਾਨ ਸ਼ਹੀਦ ਹੋਏ ਸਿੰਘਾਂ ਦੀ ਹੈ। ਇਹਨਾਂ ਤੋਂ ਇਲਾਵਾਂ ਨਨਕਾਣਾ ਸਾਹਿਬ ਦੇ ਸਾਕੇ ਵਿਚ ਅਤੇ ਰਾਈਆਂ ਦਾ ਨਾਮਧਾਰੀ ਸਿੰਘ, ਜਿਸ ਨੂੰ ਫੌਜ ਦਾ ਹੁਕਮ ਨਾ ਮੰਨਣ ਕਰਕੇ ਮੌਤ ਦੀ ਸਜ਼ਾ ਦਿਤੀ ਗਈ ਸੀ, ਉਹ ਵੀ ਨਾਮਧਾਰੀ ਸਮਾਜ ਦੇ ਲਾਡਲੇ ਸਨ।

ਪਿਛਲੇ ਕੁਛ ਸਮੇ ਵਿਚ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤ੍ਰਾਲੇ ਅਤੇ ਇੰਡਿਅਨ ਕਾਊਂਸਲ ਆਫ਼ ਹਿਸਟੋਰੀਕਲ ਰਿਸਰਚ, ਨਵੀਂ ਦਿਲੀ ਨੇ ਜੋ ਸ਼ਹੀਦਾਂ ਬਾਰੇ ਪੁਸਤਕਾਂ ਛਾਪੀਆਂ ਹਨ, ਉਹਨਾਂ ਵਿਚ ਬਹੁਤ ਸਾਰੇ ਕੂਕਾ ਅੰਦੋਲਨ ਦੇ ਸ਼ਹੀਦਾਂ ਦੇ ਨਾਂ ਆਏ ਹਨ, ਪਰ ਇਹਨਾਂ ਵਿਚ ਕਈ ਨਾਂ ਰਹਿ ਗਏ ਹੋਏ ਹਨ, ਜਿਨ੍ਹਾਂ ਬਾਰੇ ਜਤਨ ਹੋਣੇ ਚਾਹੀਦੇ ਹਨ। ਸਰਕਾਰੀ ਤੌਰ ਦੇ ਛਪੀ ਸੂਚਨਾ ਮੰਤ੍ਰਾਲੇ ਦੀ ਸ਼ਹੀਦਾਂ ਦੀ ਪੁਸਤਕ ਵਿਚ ਉਹਨਾਂ ਸੁਤੰਤਰਤਾ ਸੇਨਾਨੀਆਂ ਨੂੰ ਵੀ ਸ਼ਹੀਦਾਂ ਵਿਚ ਸ਼ਾਮਲ ਕੀਤਾ ਗਿਆ ਹੈ ਜੋ ਸਜ਼ਾਵਾਂ ਦੌਰਾਨ ਬੀਮਾਰ ਹੋਕੇ ਰਿਹਾਈ ਮਗਰੋਂ ਘਰ ਆ ਕੇ ਮਰ ਗਏ ਸਨ। ਨਾਮਧਾਰੀ ਸਮਾਜ ਦੇ ਪੰਜ ਸੂਬੇ, ਜੋ 16-16 ਸਾਲ ਦੀ ਕੈਦ ਮਗਰੋਂ ਬਿਮਾਰੀ ਦੀ ਹਾਲਤ ਵਿਚ ਰਿਹਾ ਹੋਏ ਸਨ ਅਤੇ ਘਰ ਆ ਕੇ ਜਿਆਦਾ ਸਮਾ ਜਿਊਂਦੇ ਨਹੀਂ ਸਨ ਰਹਿ ਸਕੇ, ਉਹਨਾਂ ਦੇ ਨਾ ਵੀ, ਸਰਕਾਰੀ ਤਰਜ ਅਨੁਸਾਰ, ਸ਼ਹੀਦਾਂ ਵਿਚ ਸ਼ਾਮਲ ਕਰ ਲਏ ਗਏ ਹਨ। ਇਸ ਤਰ੍ਹਾਂ ਇਸ ਸੂਚੀ ਵਿਚ ਕੂਕਾ ਅੰਦੋਲਨ ਦੌਰਾਨ ਸ਼ਹੀਦ ਹੋਏ 105 ਸਿੰਘਾਂ ਦੀ ਗਿਣਤੀ ਹੈ ਜਿਨ੍ਹਾਂ ਵਿਚ ਮਲੇਰਕੋਟਲੇ ਲੜਦਿਆਂ ਸ਼ਹੀਦ ਹੋਏ 7 ਸਿੰਘ ਅਤੇ 1 ਜ਼ਖ਼ਮੀ ਵੀ ਸ਼ਾਮਲ ਸੀ ਜੋ ਬਾਅਦ ਵਿਚ ਚੜ੍ਹਾਈ ਕਰ ਗਿਆ ਸੀ। ਇਸੇ ਤਰ੍ਹਾਂ ਮਲੇਰਕੋਟਲੇ ਦੀ ਲੜਾਈ ਵਿਚ ਕੰਮ ਆਏ 8 ਚੋਂ 5 ਸਿੰਘਾਂ ਦੇ ਨਾਂ ਲੱਭ ਲਏ ਗਏ ਹਨ ਅਤੇ ਬਾਕੀ ਦੇ 3 ਸਿੰਘਾਂ ਦੇ ਨਾਂ-ਥਾਂ ਬਾਰੇ ਜਤਨ ਜਾਰੀ ਹਨ।

ਕੂਕਾ ਅੰਦੋਲਨ ਦੌਰਾਨ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਦੀ ਗਿਣਤੀ :

1. ਰਾਇਕੋਟ ਸਾਕੇ ਵਿਚ ਸ਼ਹੀਦ 3 ਨਾਮਧਾਰੀ ਸਿੰਘ
2. ਅੰਮ੍ਰਿਤਸਰ ਸਾਕੇ ਵਿਚ ਫਾਸੀ 5 ਨਾਮਧਾਰੀ ਸਿੰਘ
3. ਅੰਮ੍ਰਿਤਸਰ ਸਾਕੇ ਵਿਚ ਕਾਲੇ ਪਾਣੀ ਭੇਜੇ 2 ਨਾਮਧਾਰੀ ਸਿੰਘ
4. ਲੁਧਿਆਣੇ ਫਾਸੀ ਲਗੇ 2 ਨਾਮਧਾਰੀ ਸਿੰਘ
5. ਲਾਹੌਰ ਫਾਸੀ ਲੱਗਾ 1 ਨਾਮਧਾਰੀ ਸਿੰਘ
6. ਬਾਗਾਂ ਵਾਲੇ ਸਾਕੇ ਦਾ ਸ਼ਹੀਦ 1 ਨਾਮਧਾਰੀ ਸਿੰਘ
7. ਕੈਦ ਵਿਚ ਲੋਹਗੜੀਆ ਸ਼ਹੀਦ 1 ਨਾਮਧਾਰੀ ਸਿੰਘ
8. ਮਲੇਰਕੋਟਲੇ ਤੋਪਾਂ ਨਾਲ ਸ਼ਹੀਦ ਕੀਤੇ 66 ਨਾਮਧਾਰੀ ਸਿੰਘ
9. ਮਲੇਰਕੋਟਲੇ ਲੜਾਈ ਵਿਚ ਮਰੇ 7 ਨਾਮਧਾਰੀ ਸਿੰਘ
10. ਮਲੇਰਕੋਟਲੇ ਲੜਾਈ ਦੇ ਜ਼ਖ਼ਮੀ ਜੋ ਬਾਅਦ ਵਿਚ ਮਰ ਗਏ 1 ਨਾਮਧਾਰੀ ਸਿੰਘ
11. ਮਲੌਦ ਸਾਕੇ ਵਿਚ ਸ਼ਹੀਦ 2 ਨਾਮਧਾਰੀ ਸਿੰਘ
12. ਮਲੌਦ ਸਾਕੇ ਵਿਚ ਕਾਲੇਪਾਣੀ ਭੇਜੇ 4 ਨਾਮਧਾਰੀ ਸੂਬੇ
13. ਸੂਬੇ ਜੋ ਨਜ਼ਰਬੰਦੀ ਦੌਰਾਨ ਸ਼ਹੀਦ ਹੋ ਗਏ 5 ਨਾਮਧਾਰੀ ਸੂਬੇ
14. 16-16 ਸਾਲ ਕੈਦ ਭੁਗਤੰਣ ਤੋਂ ਬਾਅਦ ਰਿਹਾ ਹੋਣ ਸਮੇਂ ਤੱਕ ਗੰਭੀਰ ਬਿਮਾਰੀਆਂ ਕਾਰਨ ਪ੍ਰਲੋਕ ਸਿਧਾਰੇ 5 ਨਾਮਧਾਰੀ ਸੂਬੇ।

ਕੁੱਲ - 105 ਨਾਮਧਾਰੀ ਸਿੰਘ

ਕੁਛ ਹੋਰ ਜਾਣਕਾਰੀਆਂ :

ਪਾਠਕਾਂ ਅਤੇ ਲੇਖਕਾਂ ਦੀ ਜਾਣਕਾਰੀ ਲਈ ਕੁਛ ਹੋਰ ਜਾਣਕਾਰੀਆਂ ਦੇਣੀਆਂ ਜ਼ਰੂਰੀ ਹਨ। ਮਲੌਦ ਸਾਕੇ ਵਿਚ ਸ਼ਹੀਦ ਹੋਇਆ ਨੰਦ ਸਿੰਘ ਵਾਸੀ ਹਡਿਆਇਆ ਆਪਣੀ ਪਤਨੀ ਖੇਮ ਕੌਰ ਨਾਲ ਸ੍ਰੀ ਭੈਣੀ ਸਾਹਿਬ ਤੋਂ ਹੀ ਸ਼ਹੀਦੀ ਜਥੇ ਵਿਚ ਸ਼ਾਮਲ ਸੀ। ਏਸੇ ਨਾਂ ਅਤੇ ਪਿੰਡ ਹੰਡਿਆਇਆ ਦਾ ਇਕ ਹੋਰ ਕੂਕਾ ਨੰਦ ਸਿੰਘ ਵੀ ਸੀ ਜੋ ਬਾਅਦ ਵਿਚ ਤਲਾਸ਼ੀਆਂ ਦੌਰਾਨ ਫੜਿਆ ਗਿਆ ਸੀ। ਇਕੋ ਪਿੰਡ ਦੇ ਇਕੋ ਜਿਹੇ ਨਾਵਾਂ ਵਾਲੇ ਦੋ ਕੂਕੇ ਕੋਈ ਵਿਲੱਖਣ ਗਲ ਨਹੀਂ ਸੀ ਪਰ ਗਲਤਫ਼ਹਿਮੀ ਹੋ ਸਕਦੀ ਹੈ। ਪਿੰਡ ਬਲੀਆਂ ਦੇ ਦੋ ਕੂਕੇ ਮਲੇਰ ਕੋਟਲੇ ਤੋਪਾਂ ਨਾਲ ਸ਼ਹੀਦ ਕੀਤੇ ਗਏ ਸਨ ਅਤੇ ਦੋਨ੍ਹਾਂ ਦੇ ਨਾ ਚੜ੍ਹਤ ਸਿੰਘ ਸੀ। ਅੰਬਾਲੇ ਇਲਾਕੇ ਦੇ ਸਢੌਰਾ ਵਿਚ ਵੀ ਦੋ ਹੀਰਾ ਸਿੰਘ ਰਹਿੰਦੇ ਸਨ ਅਤੇ ਦੋਵੇਂ ਉਘੇ ਕੂਕੇ ਸਨ। ਪਿੰਡ ਵਾਲੇ ਲੰਬੇ ਕਦ ਵਾਲੇ ਹੀਰਾ ਸਿੰਘ ਨੂੰ 'ਲੰਘੀ' ਅਤੇ ਮਧਰੇ ਕਦ ਵਾਲੇ ਨੂੰ ਹੀਰਾ ਸਿੰਘ 'ਮਧਰੂ' ਕਹਿ ਕੇ ਬੁਲਾਉਂਦੇ ਸਨ। ਇਸ ਕਰਕੇ ਪਿੰਡ ਹੰਡਿਆਏ ਦਾ ਮਲੌਦ ਸ਼ਹੀਦ ਹੋਣ ਵਾਲਾ ਕੂਕਾ ਮਾਈ ਖੇਮ ਕੌਰ ਦਾ ਪਤੀ ਨੰਦ ਸਿੰਘ ਸੀ।

ਪਟਿਆਲੇ ਤੋਂ ਪ੍ਰਾਪਤ ਸ਼ਹੀਦ ਕੂਕਿਆਂ ਦੀ ਸੂਚੀ ਵਿਚ ਝਬਾਲ ਦੇ ਸ਼ਹੀਦ ਕੂਕੇ ਦਾ ਨਾਂ 'ਗੁਲਾਬ ਸਿੰਘ' ਲਿਖਿਆ ਹੋਇਆ ਹੈ। ਪਰ 18 ਜਨਵਰੀ ਨੂੰ ਕਮਿਸ਼ਨਰ ਫ਼ੋਰਸਿਥ ਨੇ ਜਿਨ੍ਹਾਂ 16 ਕੂਕਿਆਂ ਉੱਤੇ ਰਸਮੀ ਤੌਰ ਤੇ ਸੰਖੇਪ ਮੁਕੱਦਮਾ ਚਲਾਇਆ ਸੀ ਅਤੇ ਓਨ੍ਹਾਂ ਦੇ ਬਿਆਨ ਲਏ ਸਨ। ਉਸ ਦਸਤਾਵੇਜ਼ ਵਿਚ ਅਤੇ ਜੋ 16 ਨਾਂ ਉਸ ਦਿਨ ਤੋਪਾਂ ਨਾਲ ਉਡਾਏ ਗਏ ਸਨ, ਵਿਚ ਝਬਾਲੀਏ ਕੂਕੇ ਦਾ ਨਾਂ 'ਹਾਕਮ ਸਿੰਘ' ਲਿਖਿਆ ਹੋਇਆ ਹੈ ਅਤੇ ਏਸੇ ਨਾਂ ਨਾਲ ਹੀ ਉਸਨੇ ਗਵਾਹੀ ਦਿੱਤੀ ਸੀ। ਇਹੋ ਹੀ ਸ਼ਹੀਦ ਸਿੰਘ ਦਾ ਠੀਕ ਨਾਂ ਸੀ। ਲੇਖਕਾਂ ਅਤੇ ਇਤਿਹਾਸਕਾਰਾਂ ਨੂੰ ਕਿਸੇ ਤਰ੍ਹਾਂ ਦੀ ਗ਼ਲਤੀ ਨਾ ਲੱਗੇ, ਸ਼ਹੀਦ ਕੂਕਿਆਂ ਦੀ ਇਸ ਸੂਚੀ ਵਿਚ ਝਬਾਲ ਦੇ ਕੂਕੇ ਦਾ ਨਾਂ 'ਹਾਕਮ ਸਿੰਘ ਉਰਫ਼ ਗੁਲਾਬ ਸਿੰਘ' ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਜੰਡਵਾਲੇ ਦਾ ਸ਼ਹੀਦ ਕੂਕਾ ਬਖ਼ਸ਼ਾ ਸਿੰਘ ਦਾ ਕਈ ਕੀਤੀਆਂ ਗਈਆਂ ਜਾਣਕਾਰੀਆਂ ਵਿਚ 'ਪਰਸਾ ਸਿੰਘ' ਨਾਂ ਵੀ ਮਿਲਦਾ ਹੈ। ਨਾਂ ਲਗਪਗ ਰਲਦਾ ਹੈ। ਕਿਉਂਕਿ ਮੂਲ ਸੂਚੀ ਵਿਚ ਸ਼ਹੀਦ ਸਿੰਘ ਦਾ ਨਾ 'ਬਖ਼ਸਾ ਸਿੰਘ' ਨਾ ਵੀ ਮਿਲਦਾ ਹੈ। ਨਾਂ ਲਗਪਗ ਰਲਦਾ ਹੈ। ਕਿਉਂਕਿ ਮੂਲ ਸੂਚੀ ਵਿਚ ਸ਼ਹੀਦ ਸਿੰਘ ਦਾ ਨਾ 'ਬਖ਼ਸ਼ਾ ਸਿੰਘ' ਆਇਆ ਹੈ, ਇਸ ਲਈ ਇਸ ਸੂਚੀ ਵਿਚ 'ਬਖ਼ਸ਼ਾ ਸਿੰਘ ਉਰਫ਼ ਪਰਸਾ ਸਿੰਘ' ਦਿੱਤਾ ਗਿਆ ਹੈ।

ਸ਼ਹੀਦ ਬਿਸ਼ਨ ਸਿੰਘ ਰੜ ਦੇ ਪਿਤਾ ਦੇ ਨਾਂ ਬਾਰੇ ਲੰਮੀ ਖੋਜ, ਵਿਚਾਰ ਅਤੇ ਚਰਚਾ ਕੀਤੀ ਗਈ। ਬਿਸ਼ਨ ਸਿੰਘ ਬਾਰੇ ਵਧੇਰੇ ਜਾਣਕਾਰੀਆਂ ਪ੍ਰਾਪਤ ਕਰਨ ਲਈ ਮੈਂ ਸੰਤ ਲਾਲ ਸਿੰਘ, ਜੋ ਸ੍ਰੀ ਭੈਣੀ ਸਾਹਿਬ ਰਹਿੰਦੇ ਹਨ ਅਤੇ ਬਾਲਕ ਬਿਸ਼ਨ ਸਿੰਘ ਦੇ ਪ੍ਰਵਾਰ ਚੋਂ ਹਨ, ਨਾਲ ਪਿੰਡ ਰੜ੍ਹ ਗਿਆ ਸਾਂ ਅਤੇ ਉੱਥੇ ਪਿੰਡ ਦੇ ਮੁਖੀ ਵਿਅਕਤੀਆਂ ਅਤੇ ਪ੍ਰੋਹਤ ਨਾਲ ਗਲਬਾਤ ਕੀਤੀ ਸੀ, ਪਰ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲੀ। ਇਸ ਤੋਂ ਇਲਾਵਾ ਦੋ ਵਾਰੀ ਹਰਿਦੁਆਰ ਵੀ ਜਾਣਕਾਰੀਆਂ ਲੈਣ ਗਿਆ ਸਾਂ, ਪਰ ਕੋਈ ਸਫ਼ਲਤਾ ਨਹੀਂ ਮਿਲੀ। ਮਲੇਰਕੋਟਲੇ ਸ਼ਹੀਦ ਕੀਤੇ ਗਏ ਕੂਕੇ ਸਿੰਘਾਂ ਦੀ ਸੂਚੀ ਵਿਚ ਬਿਸ਼ਨ ਸਿੰਘ ਦੇ ਪਿਤਾ ਦਾ ਨਾਂ 'ਮਹਿਤਾਬ ਸਿੰਘ' ਲਿਖਿਆ ਹੋਇਆ ਹੈ। ਬਿਸ਼ਨ ਸਿੰਘ 'ਹਿਸਟੋਰੀਅਨ' ਨੇ ਬਿਸ਼ਨ ਸਿੰਘ ਦੇ ਪਿਤਾ ਦਾ ਨਾਂ 'ਚੜ੍ਹਤ ਸਿੰਘ' ਲਿਖਿਆ ਹੈ। ਸੁਰਿੰਦਰ ਕੌਰ 'ਖਰਲ' ਨੇ ਆਪਣੀ ਛਾਪੀ ਸੂਚੀ ਵਿਚ ਬਿਸ਼ਨ ਸਿੰਘ ਦੇ ਪਿਤਾ ਦਾ ਨਾਂ 'ਮਹਾਂ ਸਿੰਘ' ਲਿਖ ਦਿੱਤਾ ਹੈ ਜਿਸ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਇਸ ਸੂਚੀ ਵਿਚ ਸ਼ਹੀਦ ਬਿਸ਼ਨ ਸਿੰਘ ਦੇ ਪਿਤਾ ਦਾ ਨਾਂ 'ਮਹਿਤਾਬ ਸਿੰਘ' ਹੀ ਰੱਖਿਆ ਗਿਆ ਹੈ।

ਸੂਬਾ ਬ੍ਰਹਮਾ ਸਿੰਘ ਦੇ ਪਿੰਡ ਦਾ ਨਾਂ ਦਸਤਾਵੇਜ਼ਾਂ ਵਿਚ ਕਈ ਥਾਂਵਾਂ ਤੇ 'ਦਰਿਆਪੁਰ' ਲਿਖਿਆ ਮਿਲਦਾ ਹੈ ਅਤੇ ਇਕ ਥਾਂ ਤੇ 'ਕਲਾਨਾ' ਲਿਖਿਆ ਹੋਇਆ ਹੈ। ਜੂਨ 1872 ਈ. ਵਿਚ ਇਲਾਹਾਬਾਦ ਨਜ਼ਰਬੰਦੀ ਸਮੇਂ ਸੂਬਾ ਬ੍ਰਹਮਾ ਸਿੰਘ ਨੇ ਪੜਤਾਲ ਕਰ ਰਹੇ ਮੈਕਨਾਬ ਨੂੰ ਆਪਣੇ ਬਿਆਨ ਵਿਚ ਪਿੰਡ ਦਾ ਨਾਂ 'ਦਰਿਆ ਪੁਰ' ਹੀ ਦੱਸਿਆ ਸੀ ਜੋ ਜ਼ਿਆਦਾ ਭਰੋਸੇ ਯੋਗ ਹੈ। ਇਸ ਲਈ ਸੂਬਾ ਬ੍ਰਹਮਾ ਸਿੰਘ ਦੇ ਪਿੰਡ ਦਾ ਨਾਂ 'ਦਰਿਆ ਪੁਰ' ਹੀ ਦਰਜ ਕੀਤਾ ਗਿਆ।

ਕੂਕਾ ਅੰਦੋਲਨ ਦੇ ਸ਼ਹੀਦ ਹੋਏ ਨਾਮਧਾਰੀ ਸਿੰਘ

ਨੰ.	ਨਾਮ	ਪਿਤਾ ਦਾ ਨਾਮ	ਪਿੰਡ	ਸੰਖੇਪ ਜਾਣਕਾਰੀ
ਅੰਮ੍ਰਿਤਸਰ ਸਾਕੇ ਦੇ ਸ਼ਹੀਦ				
1.	ਹਾਕਮ ਸਿੰਘ, ਪਟਵਾਰੀ	ਸ. ਰੂਪਾ ਸਿੰਘ	ਮੋੜੇ	❖ ਅੰਮ੍ਰਿਤਸਰ ਬੁੱਚੜ ਬੱਧ ਸਾਕੇ ਵਿਚ 15 ਸਤੰਬਰ 1871 ਈ. ਨੂੰ ਫਾਸੀ ਲੱਗੇ।
2.	ਬੀਲ੍ਹਾ ਸਿੰਘ	ਸ. ਨਿਹਾਲ ਸਿੰਘ	ਨਾਰਲੀ	
3.	ਲਹਿਣਾ ਸਿੰਘ ਤਰਖ਼ਾਣ	ਸ. ਮੁਸੱਦਾ ਸਿੰਘ	ਪੰਨਵ	
4.	ਫਤਹਿ ਸਿੰਘ	ਸ. ਹਾਕਮ ਸਿੰਘ	ਅੰਮ੍ਰਿਤਸਰ	

ਨੰ.	ਨਾਮ	ਪਿਤਾ ਦਾ ਨਾਮ	ਪਿੰਡ	ਸੰਖੇਪ ਜਾਣਕਾਰੀ
5.	ਝੰਡਾ ਸਿੰਘ		ਠੱਠਾ	❖ ਅੰਮ੍ਰਿਤਸਰ ਬੁੱਚੜਬੱਧ ਸਾਕੇ ਵਿਚ ਜੂਨ 1873 ਈ. ਨੂੰ ਫਾਂਸੀ ਲੱਗੀ।
6.	ਲਾਲ ਸਿੰਘ ਸਿਧਾਹੀ	ਸ. ਦਲ ਸਿੰਘ	ਚਾਹਲ	
7.	ਲਹਿਣਾ ਸਿੰਘ ਮਿਸਤ੍ਰੀ	ਸ. ਬੁਲਾਕਾ ਸਿੰਘ	ਅੰਮ੍ਰਿਤਸਰ	❖ ਅੰਮ੍ਰਿਤਸਰ ਸਾਕੇ ਵਿਚ ਉਮਰ ਕੈਦ ਦੇ ਕੇ ਐਡੇ ਮਾਨ ਭੇਜੇ ਗਏ ਉਥੇ ਹੀ ਚੜ੍ਹਾਈ ਕਰ ਗਏ
	ਰਾਏਕੋਟ ਸਾਕੇ ਦੇ ਸ਼ਹੀਦ			
8.	ਮੰਗਲ ਸਿੰਘ	ਸ. ਸਮੁੰਦ ਸਿੰਘ	ਪਿੱਥੋ	❖ ਰਾਏਕੋਟ ਸਾਕੇ ਵਿਚ 5 ਅਗਸਤ 1871 ਈ. ਨੂੰ ਫਾਸੀ ਹੋਈ।
9.	ਮਸਤਾਨ ਸਿੰਘ	ਸ. ਕਿਸ਼ਨ ਸਿੰਘ	ਪਿੱਥੋ	
10.	ਗੁਰਮੁਖ ਸਿੰਘ	ਸ. ਮੋਹਰ ਸਿੰਘ	ਪਿੱਥੋ	
11.	ਗਿਆਨੀ ਰਤਨ ਸਿੰਘ	ਸ੍ਰੀ ਰਾਮ ਕਿਸ਼ਨ	ਮੰਡੀਕਲਾਂ	❖ ਰਾਏਕੋਟ ਸਾਕੇ ਵਿਚ 26 ਨਵੰਬਰ 1871 ਈ. ਨੂੰ ਲੁਧਿਆਣੇ ਫਾਸੀ ਹੋਈ।
12.	ਰਤਨ ਸਿੰਘ	ਸ. ਬੁੱਧ ਸਿੰਘ	ਨਾਈਵਾਲਾ	
	ਲਾਹੌਰ ਵਿਖੇ ਸ਼ਹੀਦ ਹੋਇਆ			
13.	ਬਿਸ਼ਨ ਸਿੰਘ ਸੁਨਿਆਰਾ		ਲਾਹੌਰ	❖ 11 ਸਤੰਬਰ 1871 ਈ ਨੂੰ ਲਾਹੌਰ ਫਾਸੀ ਹੋਈ
	ਮਲੌਦ ਸਾਕੇ ਦੇ ਸ਼ਹੀਦ			
14.	ਅਤਰ ਸਿੰਘ		ਰੁੜਕਾ	❖ ਮਲੌਦ ਸਾਕੇ ਵਿਚ 14 ਜਨਵਰੀ 1872 ਈ. ਨੂੰ ਲੜਦਿਆਂ ਸ਼ਹੀਦ ਹੋਏ।
15.	ਨੰਦ ਸਿੰਘ		ਹਡਿਆਇਆ	
16.	ਭਗਵਾਨ ਸਿੰਘ	ਸ. ਰਾਮ ਸਿੰਘ	ਨੰਗਲ	❖ ਮਲੌਦ ਸਾਕੇ ਵਿਚ ਉਮਰ ਕੈਦ ਦੇ ਕੇ ਕਾਲੇ ਪਾਣੀ ਭੇਜੇ ਗਏ ਅਤੇ ਉਧਰ ਹੀ ਚੜਾਈ ਕਰ ਗਏ।
17.	ਥੰਮਣ ਸਿੰਘ	ਸ. ਅਲਬੇਲ ਸਿੰਘ	ਫੁਲੇੜਾ	
18.	ਗਿਆਨ ਸਿੰਘ	ਸ. ਦਲ ਸਿੰਘ	ਫੁਲੇੜਾ	
17.	ਮਿਹਰ ਸਿੰਘ	ਸ. ਗੁਲਾਬਾ ਸਿੰਘ	ਅਲਾਵਲ ਪੁਰ	
	ਮਲੇਰਕੋਟਲੇ ਦੇ ਸ਼ਹੀਦ			
20.	ਹੀਰਾ ਸਿੰਘ	ਸ. ਕਾਹਨ ਸਿੰਘ	ਸਕਰੌਦੀ	❖ ਮਲਰਕੋਟਲੇ ਸਾਕੇ ਵਿਚ 17 ਜਨਵਰੀ 1872 ਈ. ਨੂੰ ਤੋਪਾਂ ਨਾਲ ਸ਼ਹੀਦ ਕੀਤੇ ਗਏ
21.	ਲਹਿਣਾ ਸਿੰਘ	ਸ. ਮਹਿਤਾਬ ਸਿੰਘ	ਸਕਰੌਦੀ	
22.	ਮਿਤ ਸਿੰਘ	ਸ. ਬੁੱਧ ਸਿੰਘ	ਸਕਰੌਦੀ	
23.	ਭੂਪ ਸਿੰਘ	ਸ. ਮਿਹਰ ਸਿੰਘ	ਦਿਆਲ ਗੜ੍ਹ	
24.	ਵਸਾਵਾ ਸਿੰਘ	ਸ. ਸੋਧਾ ਸਿੰਘ	ਦਿਆਲ ਗੜ੍ਹ	
25.	ਵਰਿਆਮ ਸਿੰਘ	ਸ. ਲਹਿਣਾ ਸਿੰਘ	ਦਿਆਲ ਗੜ੍ਹ	
26.	ਨਰਾਇਣ ਸਿੰਘ	ਸ. ਮਹਿਤਾਬ ਸਿੰਘ	ਰੜ੍ਹ	
27.	ਹੀਰਾ ਸਿੰਘ	ਸ. ਮਹਿਤਾਬ ਸਿੰਘ	ਰੜ੍ਹ	

ਨੰ. ਨਾਮ	ਪਿਤਾ ਦਾ ਨਾਮ	ਪਿੰਡ	ਸੰਖੇਪ ਜਾਣਕਾਰੀ
28. ਬਿਸ਼ਨ ਸਿੰਘ	ਸ. ਮਹਿਤਾਬ ਸਿੰਘ	ਰੜ੍ਹ	❖ ਮਲੇਰਕੋਟਲੇ ਸਾਕੇ ਵਿਚ 17 ਜਨਵਰੀ 1872 ਈ. ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ।
29. ਸੱਦਾ ਸਿੰਘ	ਸ. ਮਹਾਂ ਸਿੰਘ	ਰੜ੍ਹ	❖ ਮਲੇਰਕੋਟਲੇ ਸਾਕੇ ਵਿਚ 17 ਜਨਵਰੀ 1872 ਈ. ਨੂੰ ਤੋਪਾਂ ਨਾਲ ਸ਼ਹੀਦ ਕੀਤੇ ਗਏ।
30. ਹਰਨਾਮ ਸਿੰਘ	ਸ. ਚੜ੍ਹਤ ਸਿੰਘ	ਰੜ੍ਹ	
31. ਗੁਰਦਿੱਤ ਸਿੰਘ	ਸ. ਰੱਬੀ ਸਿੰਘ	ਰੜ੍ਹ	
32. ਗੁਰਮੁਖ ਸਿੰਘ ਲੰਬੜਦਾਰ	ਸ. ਖਜ਼ਾਨ ਸਿੰਘ	ਫਰਵਾਹੀ	
33. ਭੂਪ ਸਿੰਘ	ਸ. ਖਜ਼ਾਨ ਸਿੰਘ	ਫਰਵਾਹੀ	
34. ਸ. ਹਰਨਾਮ ਸਿੰਘ	ਸ. ਜੈ ਸਿੰਘ	ਘਨੌਰੀ	
35. ਪ੍ਰੇਮ ਸਿੰਘ	ਸ. ਮਾਨ ਸਿੰਘ	ਗਗੜਪੁਰ	
36. ਚੜ੍ਹਤ ਸਿੰਘ	ਸ. ਧਰਮ ਸਿੰਘ	ਬਾਲੀਆਂ	
37. ਚੜ੍ਹਤ ਸਿੰਘ	ਸ. ਰਾਮ ਸਿੰਘ	ਬਾਲੀਆਂ	
38. ਸ. ਕਾਹਨ ਸਿੰਘ	ਸ. ਡੱਲਾ ਸਿੰਘ	ਲਹਿਰਾ (ਥਾਣਾ ਸੁਨਾਮ)	
39. ਜੀਵਨ ਸਿੰਘ	ਸ. ਧੌਂਕਲ ਸਿੰਘ	ਭੂਲਦ	
40. ਕਟਾਰ ਸਿੰਘ	ਸ. ਟੇਕ ਸਿੰਘ	ਧਨੌਲਾ	
41. ਵਰਿਆਮ ਸਿੰਘ	ਸ. ਮੱਖਣ ਸਿੰਘ	ਬਰਨਾਲਾ (ਅਨਾਹਦਗੜ੍ਹ)	
42. ਨੱਥਾ ਸਿੰਘ	ਸ. ਬੁੱਧ ਸਿੰਘ	ਬਰਨਾਲਾ (ਪਟਿਆਲਾ)	
43. ਚਤਰ ਸਿੰਘ	ਸ. ਗੁਲਾਬ ਸਿੰਘ	ਗੁਮਟੀ	
44. ਰਤਨ ਸਿੰਘ	ਸ. ਚਤਰ ਸਿੰਘ	ਗੁਮਟੀ	
45. ਵਰਿਆਮ ਸਿੰਘ	ਸ. ਨਗਾਹੀਆ ਸਿੰਘ	ਮੂੰਮ	
46. ਬੀਰ ਸਿੰਘ	ਸ. ਸੁਹੇਲ ਸਿੰਘ	ਮੂੰਮ	
47. ਮੋਗਾ ਸਿੰਘ	ਸ. ਸਾਹਿਬ ਸਿੰਘ	ਮਹਿਰਾਜ	
48. ਅਤਰ ਸਿੰਘ	ਸ. ਭਾਗ ਸਿੰਘ	ਮਹਿਰਾਜ	
49. ਹਰਨਾਮ ਸਿੰਘ	ਸ. ਦਲੇਲ ਸਿੰਘ	ਮੰਡੀ (ਕਲਾਂ)	
50. ਮਹਾਂ ਸਿੰਘ	ਸ. ਮੰਗਲ ਸਿੰਘ	ਚਾਓ ਕੇ	
51. ਬਸੰਤ ਸਿੰਘ	ਸ. ਸੁਜਾਨ ਸਿੰਘ	ਸੇਲਬਰਾਹ	
52. ਖਜ਼ਾਨ ਸਿੰਘ	ਸ. ਭਗਵਾਨ ਸਿੰਘ	ਪੀਰ ਕੇ ਕੋਟ	
53. ਕਾਹਨ ਸਿੰਘ	ਸ. ਹਰਗੁਲਾਲ ਸਿੰਘ	ਸੰਗੋਵਾਲ	
54. ਵਜ਼ੀਰ ਸਿੰਘ	ਸ. ਬਾਰਾ ਸਿੰਘ	ਰੱਥੋਂ	
55. ਰੂੜ੍ਹ ਸਿੰਘ	ਸ. ਜੱਸਾ ਸਿੰਘ	ਬਿਸ਼ਨਪੁਰਾ	
56. ਭੂਪ ਸਿੰਘ	ਸ. ਭੂਰਾ ਸਿੰਘ	ਦੀਵਾ (ਮੰਡੇਰ)	
57. ਦੇਵਾ ਸਿੰਘ	ਸ. ਹਕੂਮਤ ਸਿੰਘ	ਲੋਹਗੜ੍ਹ	
58. ਗੁਰਮੁਖ ਸਿੰਘ	ਸ. ਬਹਾਲੇ ਸਿੰਘ	ਲਤਾਲਾ	
59. ਨਿਹਾਲ ਸਿੰਘ	ਸ. ਬੂਟਾ ਸਿੰਘ	ਲਹਿਰਾ (ਥਾਣਾ ਡੇਹਲੋਂ)	
60. ਕਾਹਨ ਸਿੰਘ	ਸ. ਅਕਰਦ ਸਿੰਘ	ਲਹਿਰਾ (ਥਾਣਾ ਡੇਹਲੋਂ)	
61. ਉੱਤਮ ਸਿੰਘ	ਸ. ਮਿਹਰ ਸਿੰਘ	ਰੁੜਕਾ	
62. ਚੜ੍ਹਤ ਸਿੰਘ	ਸ. ਮਾਘ ਸਿੰਘ	ਰੁੜਕਾ	
63. ਜੈ ਸਿੰਘ	ਸ. ਰੀੜਾ ਸਿੰਘ	ਭੱਦਲਬੂਹਾ	

ਨੰ.	ਨਾਮ	ਪਿਤਾ ਦਾ ਨਾਮ	ਪਿੰਡ	ਸੰਖੇਪ ਜਾਣਕਾਰੀ
64.	ਅਤਰ ਸਿੰਘ	ਸ. ਦੇਸਾ ਸਿੰਘ	ਮਛਰਾਏ (ਕਲਾਂ)	❖ ਮਲੇਰਕੋਟਲਾ ਸਾਕੇ ਵਿਚ 17 ਜਨਵਰੀ 1872 ਈ. ਨੂੰ ਤੋਪਾਂ ਨਾਲ ਸ਼ਹੀਦ ਕੀਤੇ ਗਏ।
65.	ਜਵਾਹਰ ਸਿੰਘ	ਸ. ਦੇਸਾ ਸਿੰਘ	ਮਛਰਾਏ (ਕਲਾਂ)	
66.	ਦਸੌਂਧਾ ਸਿੰਘ	ਸ. ਬੀਰ ਸਿੰਘ	ਬਿਲਾਸ ਪੁਰ (ਖੁਮਾਣੋਂ)	
67.	ਸੱਦਾ ਸਿੰਘ	ਸ. ਰੂਪਾ ਸਿੰਘ	ਜੋਗਾ	
68.	ਖਜ਼ਾਨ ਸਿੰਘ	ਸ. ਵਜ਼ੀਰ ਸਿੰਘ	ਮੱਲੋ ਕੇ	
69.	ਬਖਸਾ ਸਿੰਘ ਉਰਫ ਪਰਸਾ ਸਿੰਘ	ਸ. ਤਾਰਾ ਸਿੰਘ	ਜੰਡਵਾਲਾ	
70.	ਅਨੂਪ ਸਿੰਘ	ਸ. ਮਹਿਤਾਬ ਸਿੰਘ	ਸਕਰੌਦੀ	❖ 18 ਜਨਵਰੀ 1872 ਈ. ਨੂੰ ਤੋਪਾਂ ਨਾਲ ਮਲੇਰਕੋਟਲੇ ਸ਼ਹੀਦ ਕੀਤੇ ਗਏ ਕੂਕੇ ਸਿੰਘ।
71.	ਭਗਤ ਸਿੰਘ	ਸ. ਦਿਆਲ ਸਿੰਘ	ਕਾਂਝਲਾ	
72.	ਅਲਬੇਲ ਸਿੰਘ	ਸ. ਸੁਜਾਨ ਸਿੰਘ	ਬਾਲੀਆਂ	
73.	ਜਵਾਹਰ ਸਿੰਘ	ਸ. ਉੱਧਮ ਸਿੰਘ	ਬਾਲੀਆਂ	
74.	ਰੂੜ ਸਿੰਘ	ਸ. ਬੂਟਾ ਸਿੰਘ	ਮਲੂਮਾਜਰਾ	
75.	ਹੀਰਾ ਸਿੰਘ	ਸ. ਵੀਰ ਸਿੰਘ	ਪਿੱਥੋ	
76.	ਕੇਸਰ ਸਿੰਘ	ਸ. ਧਿਆਨ ਸਿੰਘ	ਗਿੱਲ (ਕਲਾਂ)	
77.	ਵਰਿਆਮ ਸਿੰਘ	ਸ. ਅਮਰੀਕ ਸਿੰਘ	ਮਹਿਰਾਜ	
78.	ਸੁਜਾਨ ਸਿੰਘ	ਸ. ਸੁੱਚਾ ਸਿੰਘ	ਰੱਬੋਂ	
79.	ਬੇਲਾ ਸਿੰਘ	ਸ. ਰਾਮ ਸਿੰਘ	ਰੱਬੋਂ	
80.	ਸੋਭਾ ਸਿੰਘ	ਸ. ਦਯਾ ਸਿੰਘ	ਰੱਬੋਂ	
81.	ਸੋਂਧਾ ਸਿੰਘ	ਸ. ਦਯਾ ਸਿੰਘ	ਰੱਬੋਂ	
82.	ਸੋਭਾ ਸਿੰਘ	ਸ. ਖਜ਼ਾਨ ਸਿੰਘ	ਭੱਦਲਥੂਹਾ	
83.	ਸ਼ਾਮ ਸਿੰਘ	ਸ. ਵੀਰ ਸਿੰਘ	ਜੋਗਾ	
84.	ਸ. ਹਾਕਮ ਸਿੰਘ ਉਰਫ ਗੁਲਾਬ ਸਿੰਘ	ਸ. ਬੁੱਧ ਸਿੰਘ	ਝਬਾਲ, ਤਰਨਤਾਰਨ	
85.	ਵਰਿਆਮ ਸਿੰਘ	ਸ. ਮੱਈਆ ਸਿੰਘ	ਬਹਾਦੁਰ ਸਿੰਘ ਵਾਲਾ	
86.	ਨੱਥਾ ਸਿੰਘ		ਰੱਬੋਂ	❖ ਮਲੇਰਕੋਟਲੇ 15 ਜਨਵਰੀ 1872 ਈ. ਨੂੰ ਲੜਾਈ ਵਿਚ 7 ਕੂਕੇ ਸ਼ਹੀਦ ਅਤੇ 1 ਬੁਰੀ ਤਰ੍ਹਾਂ ਜ਼ਖਮੀ ਹੋਇਆ ਜੋ ਬਾਅਦ ਵਿਚ ਮਰ ਗਿਆ ਸੀ। ਅਜੇ ਤਕ 5 ਸ਼ਹੀਦਾਂ ਦੇ ਨਾਮ ਹੀ ਲਭ ਸਕੇ ਹਨ ਅਤੇ 3 ਨਾਵਾਂ ਦੀ ਭਾਲ ਜਾਰੀ ਹੈ।
87.	ਵਜ਼ੀਰ ਸਿੰਘ			
88.	ਖਜ਼ਾਨ ਸਿੰਘ		ਰੱਬੋਂ	
89.	ਸੁਜਾਨ ਸਿੰਘ		ਫੂਲੇੜਾ	
90.	ਸੁਹੇਲ ਸਿੰਘ		ਲਹਿਰਾਂ	
91.	❖ ਮਲੇਰ ਕੋਟਲੇ ਵਿਚ ਸ਼ਹੀਦ ਹੋਏ ਤਿੰਨ ਸਿੰਘਾਂ ਦੇ ਨਾਂ ਅਜੇ ਤਕ ਨਹੀਂ ਲੱਭੇ, ਜਤਨ ਜਾਰੀ ਹਨ।			
92.				
93.				

ਨੰ.	ਨਾਮ	ਪਿਤਾ ਦਾ ਨਾਮ	ਪਿੰਡ	ਸੰਖੇਪ ਜਾਣਕਾਰੀ
ਨਜ਼ਰਬੰਦੀ ਦੌਰਾਨ ਸ਼ਹੀਦ ਹੋਏ ਸੂਬੇ				
94.	ਸੂਬਾ ਸਾਹਿਬ ਸਿੰਘ	ਸ. ਦਿਆਲ ਸਿੰਘ	ਬਨਵਾਲੀਪੁਰ	❖ 1818 ਈ. ਦੇ ਬੰਗਾਲ ਰੈਗੂਲੇਸ਼ਨਂ ਅਧੀਨ ਅਲਗ ਅਲਗ ਥਾਵਾਂ ਤੇ 'ਸਟੇਟ ਪ੍ਰਿਜ਼ਨਰ' ਵਜੋਂ ਨਜ਼ਰਬੰਦੀ ਦੌਰਾਨ ਹੀ ਚੜ੍ਹਾਈ ਕਰ ਗਏ।
95.	ਸੂਬਾ ਰੂੜ ਸਿੰਘ	ਸ. ਦਿਆਲ ਸਿੰਘ	ਬਨਵਾਲੀਪੁਰ	
86.	ਸੂਬਾ ਜਵਾਹਰ ਸਿੰਘ	ਸ. ਦਲ ਸਿੰਘ	ਡਰੌਲੀ (ਭਾਈ)	
97.	ਸੂਬਾ ਪਹਾੜਾ ਸਿੰਘ	ਸ. ਹੇਮਾ	ਮਲੌਦ	
98.	ਸੂਬਾ ਲੱਖਾ ਸਿੰਘ	ਸ. ਰਣ ਸਿੰਘ	ਮਲੌਦ	
ਵਾਪਿਸ ਆ ਕੇ ਗੰਭੀਰ ਬਿਮਾਰੀਆਂ ਕਾਰਨ ਚੜ੍ਹਾਈ ਕੀਤੇ ਸੂਬੇ				
99.	ਸੂਬਾ ਕਾਹਨ ਸਿੰਘ	ਸ. ਨੱਥਾ ਸਿੰਘ	ਚੱਕ (ਮਲੇਰਕੋਟਲਾ)	❖ ਮਲੇਰਕੋਟਲੇ ਸਾਕੇ ਵਿਚ 16-16 ਸਾਲ ਦੀ ਕੈਦ ਕੱਟ ਕੇ 1887-88 ਈ. ਵਿਚ ਬਿਮਾਰੀ ਦੀ ਹਾਲਤ ਵਿਚ ਰਿਹਾ ਹੋ ਕੇ ਆਏ ਅਤੇ ਵਾਪਸ ਆ ਕੇ ਛੇਤੀਂ ਹੀ ਚੜ੍ਹਾਈ ਕਰ ਗਏ।
100.	ਸੂਬਾ ਬ੍ਰਹਮਾ ਸਿੰਘ	ਸ. ਗੁਲਾਬ ਸਿੰਘ	ਦਰਿਆਪੁਰ (ਕੈਥਲ)	
101.	ਸੂਬਾ ਮਲੂਕ ਸਿੰਘ	ਸ. ਸੁੱਖਾ ਸਿੰਘ	ਫੂਲੇਵਾਲ	
102.	ਸੂਬਾ ਹੁਕਮਾ ਸਿੰਘ	ਸ. ਮੇਹਰ ਸਿੰਘ	ਪਿੱਥੋ	
103.	ਸੂਬਾ ਮਾਨ ਸਿੰਘ	ਸ. ਮੱਖਣ ਸਿੰਘ	ਸੈਦੋਕੀ	
ਮੋਰਿੰਡਾ (ਬਾਗਾਂਵਾਲੇ) ਸਾਕੇ ਵਿਚ ਸ਼ਹੀਦ				
104.	ਧੌਂਕਲ ਸਿੰਘ	ਸ. ਦੇਵਾ ਸਿੰਘ	ਕਿਲਾ ਰਾਏਪੁਰ	❖ 1871 ਈ. ਦੇ ਮੋਰਿੰਡਾ ਕੇਸ ਵਿਚ 1874 ਈ. ਵਿਚ ਕਾਲੇ ਪਾਣੀ ਭੇਜੇ ਅਤੇ ਉਧਰ ਹੀ ਚੜ੍ਹਾਈ ਕੀਤੀ।
105.	ਅਤਰ ਸਿੰਘ	ਸ. ਹਕੂਮਤ ਸਿੰਘ	ਲੋਹਗੜ੍ਹ	❖ 1875 ਈ. ਵਿਚ ਘਰ ਵਿਚ ਪਾਠ ਕਰਾਉਣ ਨੂੰ ਗੈਰ ਕਾਨੂੰਨੀ ਇਕੱਠ ਦਸ ਕੇ ਪੰਜਾਬ ਸਰਕਾਰ ਨੇ ਕੈਦ ਦੀ ਸਜਾ ਦਿੱਤੀ ਅਤੇ ਕੈਦ ਦੌਰਾਨ ਹੀ ਚੜ੍ਹਾਈ ਕੀਤੀ।

ਸ੍ਰੀ ਸਤਿਗੁਰੂ ਜੀ ਦਾ ਦੇਸ਼ ਦੀ ਆਜ਼ਾਦੀ ਵਿਚ ਵਿਸ਼ੇਸ਼ ਯੋਗਦਾਨ



✍ ਸੰਤ ਗੁਰਦੇਵ ਸਿੰਘ ਚੀਮਾ

ਸਾਡੀ ਅੱਜ ਦੀ ਆਜ਼ਾਦੀ ਅਧੂਰੀ ਹੈ, ਆਜ਼ਾਦੀ ਸੀ ਜਿਹੜੀ ਸਤਿਗੁਰੂ ਰਾਮ ਸਿੰਘ ਜੀ ਨੇ ਸੋਚੀ ਸੀ ਉਹਨਾਂ ਨੇ ਨਿਰ-ਲਾਲਚ ਤੇ ਨਿਰਲੋਭ ਬਣਾ ਦਿੱਤਾ ਸੀ। ਝੂਠ ਫਰੇਬ ਕੱਢ ਦਿੱਤਾ ਸੀ। ਜਿਨਾਂ ਚਿਰ ਅਸੀਂ ਉਹਨਾਂ ਦੇ ਆਦਰਸ਼ਾਂ ਨੂੰ ਨਹੀਂ ਅਪਣਾਉਂਦੇ ਸਾਡੀ ਆਜ਼ਾਦੀ ਅਧੂਰੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲਾਂ 1699 ਈ. ਵਿਚ ਅੰਮ੍ਰਿਤ ਤਿਆਰ ਕਰਕੇ ਖਾਲਸੇ ਪੰਥ ਦੀ ਸਿਰਜਨਾ ਕੀਤੀ। ਇਸ ਖਾਲਸਾ ਪੰਥ ਨੇ ਵੈਰੀਆਂ ਦੇ ਦੰਦ ਖੱਟੇ ਕਰ ਦਿੱਤੇ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਛੱਤਰ ਛਾਇਆ ਹੇਠ ਇਸ ਖਾਲਸੇ ਨੇ ਆਪਣੀ ਸਿੱਖੀ ਨੂੰ ਸੰਭਾਲ ਕੇ ਰੱਖਿਆ। ਅਠਾਰਵੀ ਸਦੀ ਦਾ ਪੰਜਾਬ ਇਕ ਨਿਵੇਕਲੀ ਥਾਂ ਰੱਖਦਾ ਹੈ ਭਾਰੀ ਕੁਰਬਾਨੀਆ ਦੇ ਬਾਅਦ ਸਿੱਖ ਮਿਸਲਾਂ ਦੇ ਰੂਪ ਵਿਚ ਪੰਜਾਬ ਦੇ ਵੱਡੇ ਭਾਗ ਤੇ ਕਾਬਜ ਹੋ ਗਏ ਅਤੇ ਫਿਰ ਇਹਨਾਂ ਮਿਸਲਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਨੇ ਇਕ ਵਿਸ਼ਾਲ ਪੰਜਾਬੀ ਰਾਜ ਦੀ ਸਥਾਪਨਾ ਕਰ ਲਈ। ਪਰ ਸੰਨ 1839 ਈ. ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ ਲਾਹੌਰ ਦਰਬਾਰ ਵਿਚ ਸਾਜਿਸਾਂ ਅਤੇ ਕਤਲਾਂ ਦਾ ਇਤਨਾ ਦੌਰ ਚਲਿਆ, ਸਿੱਖ ਰਾਜ ਇਕ ਦਹਾਕੇ ਵਿਚ ਹੀ ਢਹਿ ਢੇਰੀ ਹੋ ਗਿਆ। ਈਸਟ ਇੰਡੀਆ ਕੰਪਨੀ ਦਾ ਕਬਜਾ ਹੁਣ ਪੰਜਾਬ ਵਿਚ ਪੂਰੀ ਤਰ੍ਹਾਂ ਹੋ ਚੁੱਕਾ ਸੀ। ਸੰਨ 1857 ਦੇ ਗਦਰ ਨੂੰ ਅੰਰਗੇਜ਼ਾਂ ਨੇ ਕੁਚਲ ਦਿੱਤਾ ਸੀ ਇਸ ਕਰਕੇ ਦੇਸ ਵਿਚ ਘੋਰ ਨਿਰਾਸਾ ਤੇ ਉਦਾਸੀ ਛਾਈ ਹੋਈ ਸੀ। ਇਸਦੇ ਨਾਲ ਹੀ ਸਿੱਖੀ ਵੀ ਅਲੋਪ ਹੋ ਚੁੱਕੀ ਸੀ।। ਇਸ ਸਮੇਂ ਦੇਸ਼ ਨੂੰ ਹੋਰ ਕੋਈ ਸਹਾਰਾ ਨਹੀਂ ਦਿਖ ਰਿਹਾ ਸੀ।

ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼-

ਇਸ ਭਿਆਨਕ ਸਮੇਂ ਵਿਚ ਰਾਈਆਂ ਭੈਣੀ ਦੇ ਟਿੱਬਿਆਂ ਚੋਂ ਇਕ ਰਬੀ ਜੋਤ ਪ੍ਰਗਟ ਹੋਈ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ। ਇਹਨਾਂ ਦੇ ਪ੍ਰਕਾਸ਼ ਹੋਣ ਨਾਲ ਹੀ ਦੇਸ਼ ਵਿਚ ਪ੍ਰਕਾਸ਼ ਹੋ ਗਿਆ। ਅਗਿਆਨਤਾ, ਅੰਧ ਵਿਸ਼ਵਾਸ਼, ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਾਉਣ ਲਈ ਮਹਾਂ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਮਾਤਾ ਸਦਾ ਕੌਰ ਪਿਤਾ ਸ. ਜੱਸਾ ਸਿੰਘ ਦੇ ਗ੍ਰਹਿ ਵਿਖੇ ਸੰਮਤ 1872 ਬਿ. (3 ਫਰਵਰੀ 1816 ਈ.) ਨੂੰ ਪਿੰਡ ਰਾਈਆਂ ਵਿਖੇ ਹੋਇਆ। ਸਤਿਗੁਰੂ ਰਾਮ ਸਿੰਘ ਜੀ 21 ਸਾਲ ਦੀ ਅਵਸਥਾ ਵਿਚ ਫੌਜ ਵਿਚ ਭਰਤੀ

ਹੋਏ। ਲਾਹੌਰ ਵਿਚ ਕੰਵਰ ਨੌਨਿਹਾਲ ਸਿੰਘ ਵਾਲੀ ਰੈਜੀਮੈਂਟ ਵਿਚ ਨੌਕਰੀ ਕੀਤੀ। ਇਹਨਾਂ ਦੀ ਰਜਮੈਂਟ ਨੂੰ ਭਗਤਾਂ ਵਾਲੀ ਰਜਮੈਂਟ ਕਰਕੇ ਸਦਿਆ ਜਾਂਦਾ ਸੀ। ਆਪ ਜੀ ਦਾ ਸਰੀਰ ਸੁੰਦਰ-ਫੁਰਤੀਲਾ, ਸੁਡੋਲ ਤੇ ਉਚਾ ਲੰਮਾ ਸੀ। ਤਿਖੇ ਨੈਣ ਨਕਸ ਸਨ।

ਸਿੱਖੀ ਦੀ ਪੁਨਰ ਸਥਾਪਨਾ- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਹੋਈ ਸਿਖੀ ਵਿਚੋਂ ਆਪ ਨੂੰ ਸਿਰਫ ਢਾਹੀ ਸਿੱਖ ਹੀ ਮਿਲੇ ਸਨ। ਆਪ ਜੀ ਨੇ 12 ਅਪ੍ਰੈਲ 1857 ਈ. ਨੂੰ ਪਿੰਡ ਸ੍ਰੀ ਭੈਣੀ ਸਾਹਿਬ ਵਿਖੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਸੰਤ ਖਾਲਸੇ ਦੀ ਸਿਰਜਣਾ ਕੀਤੀ। ਆਪ ਜੀ ਨੇ ਪੰਜ ਪਿਆਰੇ ਸਾਜੇ। ਇਸ ਦਿਨ ਹੀ ਉਹਨਾਂ ਨੇ ਦੇਸ ਨੂੰ ਆਜ਼ਾਦ ਕਰਾਉਣ ਲਈ ਨਾਮਧਾਰੀ ਖਾਲਸੇ ਦੇ ਗੌਰਵ ਤੇ ਸੁਤੰਤਰਤਾ ਦਾ ਪ੍ਰਤੀਕ ਸਫੈਦ ਝੰਡਾ ਵੀ ਸ੍ਰੀ ਭੈਣੀ ਸਾਹਿਬ ਲਹਿਰਾ ਦਿੱਤਾ।

ਨਾਮਧਾਰੀ ਅਸੂਲ-

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਵਾਸਤੇ ਮੋਟੇ ਤੌਰ ਤੇ ਕੁਝ ਅਸੂਲ ਤਿਆਰ ਕੀਤੇ।

1. ਅੰਮ੍ਰਿਤ ਵੇਲੇ ਉਠ ਸਨਕੇਸੀਂ ਇਸ਼ਨਾਨ ਕਰਨਾ, ਨਾਮ ਜਪਣਾ, ਬਾਣੀ ਪੜ੍ਹਨੀ, ਸਾਦੀ ਖੁਰਾਕ, ਸਾਦਾ ਭੋਜਨ, ਗਲ ਵਿਚ ਉਨ ਦੀ ਮਾਲਾ, ਆਸਣ ਪਊਏ ਤੇ ਗੜਵਾ ਰੱਖਣਾ, ਪੰਜ ਕਕਾਰਾਂ ਦੇ ਧਾਰਨੀ ਹੋਣਾ।

2. ਸਮਾਜ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕੀਤਾ। ਉਹਨਾਂ ਨੇ ਸਮਾਜ ਵਿਚ - ਕੁੜੀਆਂ ਨੂੰ ਮਾਰਨਾ, ਵੇਚਣਾ, ਵੱਟਾ ਕਰਨਾ, ਦਾਜ ਅਤੇ ਬਾਲ ਵਿਆਹ ਦੀ ਮਨਾਹੀ ਕੀਤੀ। ਵਿਧਵਾ ਵਿਆਹ ਦੀ ਖੁਲ ਦਿੱਤੀ। ਆਪ ਦੇ ਸਿਖੀ ਪ੍ਰਚਾਰ ਦੇ ਅਸਲ ਬਾਰੇ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ :

ਹੁੱਕੇ ਛੁਡਵਾਏ ਰਖਵਾਏ ਕੇਸ ਮੋਨਿਉ ਕੇ,
ਸੁਧਾ ਛਕ ਥਾਇ ਸਿੱਖ ਭਾਗ ਜਿਨੈ ਜਾਗਿਉ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ ਯਾਰੀ,
ਠਗੀ ਤਜ ਥੀਏ ਸਤ, ਸਤਿਜੁਗ ਆ ਗਿਓ।

ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਦੀ ਜੋਤ ਜਗਾਈ-

ਸਤਿਗੁਰੂ ਰਾਮ ਸਿੰਘ ਜੀ ਨੇ 1857 ਨੂੰ ਆਜ਼ਾਦੀ ਦੀ ਜੋਤ ਜਗਾਈ। ਉਸ ਦੀ ਰੋਸ਼ਨੀ ਨੇ ਰਾਜਨੀਤਕ ਦਰਸ਼ਨ ਵਜੋਂ ਕਈ ਹੋਰ ਲਾਟਾਂ ਨੂੰ ਜਨਮ ਦਿੱਤਾ। ਬਾਬਾ ਸੋਹਨ ਸਿੰਘ ਭਕਨਾ ਲਿਖਦਾ ਹੈ ਸਾਡੀ ਅੱਜ ਦੀ ਆਜ਼ਾਦੀ ਅਧੂਰੀ ਹੈ, ਆਜ਼ਾਦੀ ਸੀ ਜਿਹੜੀ ਸਤਿਗੁਰੂ ਰਾਮ ਸਿੰਘ ਜੀ ਨੇ ਸੋਚੀ ਸੀ ਉਹਨਾਂ ਨੇ ਨਿਰ-ਲਾਲਚ ਤੇ ਨਿਰਲੋਭ ਬਣਾ ਦਿੱਤਾ ਸੀ। ਝੂਠ ਫਰੇਬ ਕੱਢ ਦਿੱਤਾ ਸੀ। ਜਿਨਾਂ ਚਿਰ ਅਸੀਂ ਉਹਨਾਂ ਦੇ ਆਦਰਸ਼ਾਂ ਨੂੰ ਨਹੀਂ ਅਪਣਾਉਂਦੇ ਸਾਡੀ ਆਜ਼ਾਦੀ ਅਧੂਰੀ ਹੈ।

ਨਾ ਮਿਲਵਰਤਨ ਲਹਿਰ-

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ ਦੀ ਆਜ਼ਾਦੀ ਲਈ ਨਾ ਮਿਲਵਰਤਨ ਲਹਿਰ ਸਭ ਤੋਂ ਪਹਿਲਾਂ ਆਰੰਭ ਕੀਤੀ। ਉਹਨਾਂ ਨੇ ਅੰਗਰੇਜ਼ ਸਰਕਾਰ ਦਾ ਸੰਪੂਰਨ ਬਾਈਕਾਟ ਕੀਤਾ। ਇਸ ਨਾਲ ਅੰਗਰੇਜ਼ ਸਰਕਾਰ ਹਿਲ ਗਈ ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਦਾ ਇਤਨਾ ਇੰਤਜਾਮ ਸੀ ਕਿ ਅੰਗਰੇਜ਼ ਸਰਕਾਰ ਹੈਰਾਨ ਤੇ ਪਰੇਸ਼ਾਨ ਹੋ ਗਈ ਸੀ। ਉਹਨਾਂ ਨੇ ਪੂਰਨ ਆਜ਼ਾਦੀ ਲਈ ਵਿਕਲਪ ਵਿਵਸਥਾ ਦੀ ਜਿਹੜੀ ਯੋਜਨਾ ਬਣਾਈ ਸੀ ਉਹ ਦੇਸ਼ ਦੀ ਆਜਾਦੀ ਲਈ ਨਿਵੇਕਲੇ ਸੰਘਰਸ਼ ਦੀ ਰੂਪਰੇਖਾ ਸੀ। ਸਤਿਗੁਰੂ ਰਾਮ ਸਿੰਘ ਜੀ ਮਹਾਨ ਦਾਰਸ਼ਨਿਕ, ਸੁਧਾਰਕ ਅਤੇ ਸਿਆਸੀ ਰਹਿਨੁਮਾਈ ਦੇਣ ਵਾਲੇ ਸਨ। ਉਹਨਾਂ ਨੇ ਪੰਜਾਬ ਵਿਚ ਪ੍ਰਚਾਰ ਲਈ, ਸਮਾਜ ਦੇ ਝਗੜਿਆਂ ਨੂੰ ਹੱਲ ਕਰਨ ਲਈ 22 ਸੂਬਿਆਂ ਨੂੰ ਅਧਿਕਾਰ ਦਿੱਤੇ ਸਨ ਇਹ ਨਿਆਂਪਾਲਕਾ ਦਾ ਬਦਲਵਾ ਰੂਪ ਸੀ। ਉਹਨਾਂ ਵਲੋਂ ਚਲਾਈ ਕੂਕਾ ਪੋਸਟਲ ਸਰਵਿਸ ਵੀ ਅੰਗਰੇਜ਼ ਸਰਕਾਰ ਲਈ ਇਕ ਵੱਡੀ ਚੁਣੌਤੀ ਸੀ।

ਸ਼ਹਾਦਤਾਂ ਦਾ ਦੌਰ-

ਇੰਨਾਂ ਕੁਝ ਹੋਣ ਦੇ ਬਾਵਜੂਦ ਅੰਗਰੇਜ਼ ਸਰਕਾਰ ਨੂੰ ਸੰਤ ਖਾਲਸਾ ਨੇ ਆਰਾਮ ਨਾਲ ਬੈਠਣ ਨਹੀਂ ਦਿੱਤਾ। ਸੰਨ 1872 ਈ. 17 ਜਨਵਰੀ ਮਲੇਰਕੋਟਲੇ ਦੀ ਘਟਨਾ ਜਿਸ ਵਿਚ ਸਿੱਖਾਂ ਨੇ ਹਿੱਕਾਂ ਡਾਹ ਕੇ ਤੋਪਾਂ ਦੇ ਗੋਲੇ ਖਾਧੇ ਅਤੇ ਅੰਗਰੇਜ਼ ਦੀ ਇਕ ਵੀ ਗੱਲ ਨਾ ਮੰਨੀ। ਇਸ ਨਾਲ ਅੰਗਰੇਜ਼ ਨੇ ਸੋਚਿਆ ਕਿ ਜ਼ਿਆਦਾ ਸਖ਼ਤੀ ਨਾਲ ਇਹ ਲਹਿਰ ਦਬ ਜਾਵੇਗੀ। ਪਰ ਇਸ ਘਟਨਾ ਨਾਲ ਆਜ਼ਾਦੀ ਦੀ ਲਹਿਰ ਹੋਰ ਪ੍ਰਚੰਡ ਹੋਈ। ਨਾਮਧਾਰੀ ਲਹਿਰ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ। ਰਾਏਕੋਟ, ਲੁਧਿਆਣਾ ਤੇ ਅੰਮ੍ਰਿਤਸਰ ਸਾਹਿਬ ਵਿਖੇ ਨਾਮਧਾਰੀ ਸਿੱਖਾਂ ਨੇ ਦੇਸ ਦੀ ਆਜ਼ਾਦੀ ਤੇ ਗਊ ਗਰੀਬ ਹੱਤਿਆ ਬੰਦ ਕਰਵਾਉਣ ਵਾਸਤੇ ਪਹਿਲਾਂ ਹੀ ਫਾਂਸੀ ਦੇ ਝੂਟੇ ਲਏ।

ਪ੍ਰਦੇਸ ਗਮਨ-

ਮਲੇਰਕੋਟਲੇ ਦੀ ਘਟਨਾ ਨਾਲ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਨੇ ਲੁਧਿਆਣਾ ਬੁਲਾਇਆ। ਇਥੋਂ ਹੀ ਆਪ ਜੀ ਦਾ ਪ੍ਰਦੇਸ ਗਮਨ ਕੀਤਾ ਗਿਆ। ਇਹ ਘਟਨਾ ਨਾਮਧਾਰੀ ਪੰਥ ਵਾਸਤੇ ਅਸਹਿ ਸੀ। ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਬਰਮਾ ਵੀ ਗਏ।

ਸਤਿਗੁਰੂ ਜੀ ਦਾ ਅਸਲੀ ਨਿਸ਼ਾਨਾ-

ਸ਼ਖਸੀ ਸੁਧਾਰ ਅਤੇ ਸਮਾਜ ਸੁਧਾਰ ਦੇ ਨਾਲ ਆਪਣਾ ਭਾਰਤੀਆਂ ਦਾ ਰਾਜ ਕਾਇਮ ਕਰਨਾ ਸੀ। ਇਹ ਹਕੀਕਤ ਹੈ, ਲੋਕ ਨਾਇਕ ਸਤਿਗੁਰੂ ਰਾਮ ਸਿੰਘ ਜੀ ਨੇ ਯੁਗ ਪੁਰਸ਼ ਵਾਲੀ ਜੋ ਭੂਮਿਕਾ ਨਿਭਾਈ ਉਹ ਸਮਾਜ ਅਤੇ ਭਾਰਤ ਲਈ ਮਾਣ ਵਾਲੀ ਗਲ ਹੈ। ■

ਹੋਲਾ ਮਹੱਲਾ - ਅਨੰਦਪੁਰ ਸਾਹਿਬ ਦਾ



✍ਤਾਰਾ ਸਿੰਘ ਅਨਜਾਣ

ਏਸੇ ਸਮੇਂ ਵਿੱਚ ਆਪ ਨੇ ਸੰਗਤ ਲਈ ਰਹਿਤਨਾਮਾ ਭੇਜਿਆ ਸੀ। ਆਪ ਨੇ 22 ਸੂਬੇ ਥਾਪੇ ਸਨ। ਆਪ ਨੇ ਪ੍ਰਚਾਰਕਾਂ ਤੇ ਜਥੇਦਾਰਾਂ ਨੂੰ ਪਿੰਡਾਂ ਵਿੱਚ ਪਰਚਾਰ ਲਈ ਭੇਜਿਆ ਸੀ। ਉਹ ਲੋਕਾਂ ਨੂੰ ਮਾਸ-ਸ਼ਰਾਬ ਛੱਡਕੇ ਨਾਮ ਜਪਣ ਵੱਲ ਲਗਾ ਦੇਂਦੇ ਸਨ। ਉਹ ਸਭ ਨੂੰ ਸਰਕਾਰ ਦੀ ਦੇਸ ਵਿੱਚ ਕੀਤੀ ਜਾ ਰਹੀ ਧੱਕੇਸਾਹੀ ਬਾਰੇ ਦੱਸਦੇ ਸਨ। ਉਹ ਉਹਨਾਂ ਨੂੰ ਕਾਗੋਂ ਹੰਸ ਬਣਾਉਂਦੇ ਸਨ। ਪ੍ਰਭੂ ਭਗਤੀ ਕਰਨੀ ਸਿਖਾਉਂਦੇ ਸਨ।

ਸਤਿਗੁਰੂ ਰਾਮ ਸਿੰਘ ਜੀ ਭੈਣੀ ਸਾਹਿਬ, ਸੂਬਿਆਂ, ਸਿੱਖਾਂ, ਸੇਵਕਾਂ ਸਹਿਤ ਸੁਭਾਇਮਾਨ ਸਨ। ਆਪ ਜੀ ਦੀ ਰਜ਼ਾ ਬਣੀ ਕਿ ਇਸ ਸਾਲ ਹੋਲਾ-ਮਹੱਲਾ ਸ੍ਰੀ ਅਨੰਦਪੁਰ ਸਾਹਿਬ ਦਾ ਵੇਖਿਆ ਜਾਵੇ। ਕੋਲ ਬੈਠੇ ਇੱਕ ਸੂਬੇ ਨੇ ਕਿਹਾ,

"ਪਾਤਸ਼ਾਹ ਜੀ, ਇਹ ਕਿਵੇਂ ਸੰਭਵ ਹੈ। ਸਾਨੂੰ ਤਾਂ ਸਰਕਾਰ ਨੇ ਇਸ ਨਗਰੀ ਵਿੱਚ ਨਜ਼ਰ ਬੰਦ ਕੀਤਾ ਹੋਇਆ ਹੈ। ਉਸ ਦੇ ਅਹਿਲਕਾਰ ਦਾ ਸਖ਼ਤ ਹੁਕਮ ਹੈ ਕਿ ਖ਼ਬਰਦਾਰ! ਨਾਮਧਾਰੀ ਗੁਰੂ ਜਾਂ ਉਸ ਦਾ ਕੋਈ ਸੂਬਾ ਭੈਣੀ ਸਾਹਿਬ ਤੋਂ ਬਾਹਰ ਗਿਆ।" ਇਹ ਗੱਲ 1867ਈ. ਦੀ ਹੈ। ਸ੍ਰੀ ਸਤਿਗੁਰੂ ਜੀ ਪਿਛਲੇ ਤਿੰਨ ਕੁ ਸਾਲਾਂ ਤੋਂ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਸੰਨ। ਸਰਕਾਰੀ ਕਰਿੰਦੇ ਉਹਨਾਂ ਦੀ ਕਿਸੇ ਵੀ ਕਾਰਵਾਰੀ ਤੇ ਪੂਰੀ ਨਿਗਰਾਨੀ ਰਖ ਰਹੇ ਸਨ।

ਏਸੇ ਸਮੇਂ ਵਿੱਚ ਆਪ ਨੇ ਸੰਗਤ ਲਈ ਰਹਿਤਨਾਮਾ ਭੇਜਿਆ ਸੀ। ਆਪ ਨੇ 22 ਸੂਬੇ ਥਾਪੇ ਸਨ। ਆਪ ਨੇ ਪ੍ਰਚਾਰਕਾਂ ਤੇ ਜਥੇਦਾਰਾਂ ਨੂੰ ਪਿੰਡਾਂ ਵਿੱਚ ਪਰਚਾਰ ਲਈ ਭੇਜਿਆ ਸੀ। ਉਹ ਲੋਕਾਂ ਨੂੰ ਮਾਸ-ਸ਼ਰਾਬ ਛੱਡਕੇ ਨਾਮ ਜਪਣ ਵੱਲ ਲਗਾ ਦੇਂਦੇ ਸਨ। ਉਹ ਸਭ ਨੂੰ ਸਰਕਾਰ ਦੀ ਦੇਸ ਵਿੱਚ ਕੀਤੀ ਜਾ ਰਹੀ ਧੱਕੇਸਾਹੀ ਬਾਰੇ ਦੱਸਦੇ ਸਨ। ਉਹ ਉਹਨਾਂ ਨੂੰ ਕਾਗੋਂ ਹੰਸ ਬਣਾਉਂਦੇ ਸਨ। ਪ੍ਰਭੂ ਭਗਤੀ ਕਰਨੀ ਸਿਖਾਉਂਦੇ ਸਨ। ਜਦ ਇਕ ਸੂਬੇ ਨੇ ਨਜ਼ਰਬੰਦੀ ਦੀ ਗੱਲ ਕਹੀਂ ਤਾਂ ਤੇਜੀ ਵਿੱਚ ਆ ਕੇ ਸਤਿਗੁਰੂ ਜੀ ਨੇ ਬਚਨ ਕੀਤੇ,

"ਮੇਰੇ ਉੱਤੇ ਤਾਂ ਅਕਾਲ ਪੁਰਖ ਦਾ ਹੁਕਮ ਚਲਦਾ ਹੈ। ਤੁਸੀਂ ਅਕਾਲ ਪੁਰਖ ਬਿਨਾ ਕਿਸੇ ਦਾ ਹੁਕਮ ਨਹੀਂ ਮੰਨਣਾ। ਸਰਕਾਰ ਦਾ ਹੁਕਮ ਉਸ ਦੇ ਬੰਦਿਆਂ ਲਈ ਹੈ, ਸਾਡੇ ਲਈ ਨਹੀਂ। ਅਸੀਂ ਸੰਗਤ ਨਾਲ ਅਨੰਦਪੁਰ ਸਾਹਿਬ ਜਾਵਾਂਗੇ। ਅਸੀਂ ਇਸ ਸਾਲ

ਹੋਲਾ ਮਹੱਲਾ ਓਥੇ ਹੀ ਮਨਾਵਾਂਗੇ। ਸੂਬਾ ਸਾਹਿਬ ਸਿੰਘ ਕੋਲ ਡਾਕ ਪ੍ਰਬੰਧ ਹੈ। ਉਹ ਸਭ ਨੂੰ ਸਹੀ ਤਰੀਕਾਂ ਲਿਖ ਕੇ ਸੁਨੇਹੇ ਜਾਂ ਰੁੱਕੇ ਭੇਜ ਦੇਵੇ ਵੇਖਦੇ ਹਾਂ ਸਰਕਾਰ ਕੀ ਕਰਦੀ ਹੈ।"

ਸਤਿਗੁਰੂ ਜੀ ਦਾ ਅਨੰਦਪੁਰ ਹੋਲਾ ਕਰਨ ਦਾ ਹੁਕਮ ਸੰਗਤ ਨੂੰ ਪਹੁੰਚ ਗਿਆ। ਉਸ ਨੂੰ ਚਾਅ ਚੜ੍ਹ ਗਿਆ। ਉਸ ਨੇ ਅਨੰਦਪੁਰ ਲਈ ਕਮਰਕੱਸੇ ਕਰ ਲਏ।

ਸੂਬਾ ਲੱਖਾ ਸਿੰਘ ਤੇ ਇੱਕ ਹੋਰ ਸੂਬੇ ਨੂੰ ਵਿਸ਼ੇਸ਼ ਹਿਦਾਇਤਾਂ ਦੇ ਕੇ ਅਨੰਦਪੁਰ ਸਾਹਿਬ ਭੇਜਿਆ ਗਿਆ। ਹੋਲੇਂ ਦੀਆਂ ਤਰੀਕਾਂ 18-20 ਮਾਰਚ 1867 ਤੱਕ ਦੀਆਂ ਸਨ।

ਸਰਕਾਰੇ ਦਰਬਾਰੇ ਵੀ ਖ਼ਬਰ ਪਹੁੰਚੀ। ਉਂਜ ਪਿੰਡ ਭੈਣੀ ਸਾਹਿਬ ਦੇ ਨੰਬਰਦਾਰ ਸੁਖੂ ਤੇ ਘੁਮੰਡਾ ਇਸ ਤੇ ਖ਼ੁਸ਼ ਸਨ। ਜੇ ਏਥੇ ਹੋਲਾ ਹੁੰਦਾ ਤਾਂ ਉਹਨਾਂ ਨੂੰ ਵਖ਼ਤ ਪੈ ਜਾਣਾ ਸੀ। ਉਹਨਾਂ ਕੋਲੋਂ ਸਰਕਾਰ ਨੂੰ ਖ਼ੁਸ਼ ਨਹੀਂ ਸੀ ਰੱਖਿਆ ਜਾਣਾ। ਉਹਨਾਂ ਨੂੰ ਨੰਬਰਦਾਰੀ ਜਾਣ ਦਾ ਵੀ ਡਰ ਸੀ।

ਸਰਕਾਰੀ ਅਫ਼ਸਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿ ਉਹ ਕੀ ਕਰਨ। ਜੇ ਉਹ ਅਨੰਦਪੁਰ ਜਾਣੋ ਸ੍ਰੀ ਸਤਿਗੁਰੂ ਜੀ ਨੂੰ ਰੋਕਦੇ ਹਨ ਤਾ ਔਖ। ਕੁਝ ਸੰਗਤ ਤਾਂ ਓਥੇ ਪਹੁੰਚੇਗੀ ਹੀ ਕੁਝ ਏਥੇ ਪਹੁੰਚੇਗੀ ਦੋ ਹੋਲੇ ਹੋਣਗੇ, ਪ੍ਰੇਸਾਨੀ ਵਧੇਗੀ। ਉਹਨਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਅਨੰਦਪੁਰ ਸਾਹਿਬ ਹੋਲਾ ਮਨਾਉਣ ਦੀ ਹਰੀ ਝੰਡੀ ਦੇ ਦਿੱਤੀ। ਪੰਜਾਬ ਸਰਕਾਰ ਨੇ ਲਾਹੌਰੋ ਹੁਸਿਆਰਪੁਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤੇ ਵੱਡੇ ਪੁਲਿਸ ਅਫ਼ਸਰ ਨੂੰ ਇਸ ਦੀ ਨਿਗਰਾਨੀ ਕਰਨ ਦੀ ਜ਼ੁੰਮੇਵਾਰੀ ਸੌਂਪ ਦਿਤੀ। ਉਹ ਹੋਰ ਪੁਲਿਸ ਅਫ਼ਸਰਾਂ ਤੇ ਸਿਪਾਹੀਆਂ ਨੂੰ ਲੈ ਕੇ ਓਥੇ ਪਹੁੰਚ ਗਿਆ।

ਸਤਿਗੁਰੂ ਸੱਚੇ ਪਾਤਸ਼ਾਹ ਦੇ ਭੇਜੇ ਸੂਬਿਆਂ ਨੇ ਪਹਿਲਾਂ ਜਾ ਕੇ ਗੁਰਦੁਆਰਿਆਂ ਦੇ ਪੁਜਾਰੀਆਂ ਨਾਲ ਗੱਲ ਕੀਤੀ। ਪਰ ਉਹ ਕੁਝ ਸੁਣਨ ਨੂੰ ਤਿਆਰ ਨਹੀਂ ਸਨ। ਉਹ ਕਹਿਣ ਲਗੇ, "ਅੰਬਰ ਸਾਰੋਂ ਹੁਕਮ ਆਇਆ ਹੈ ਤੁਸੀਂ ਤਨਖਾਹੀਏ ਹੋ।, ਤੁਸੀਂ ਬਾਣੀ ਨੂੰ ਨਹੀਂ ਮੰਨਦੇ। ਕੀਰਤਨ ਕਰਦਿਆਂ ਤੁਹਾਡੀ ਪੱਗ ਉਤਰ ਜਾਂਦੀ ਹੈ। ਤੁਸੀਂ ਕਲਾਮ ਪੜ੍ਹਦੇ ਹੋ।"

ਸੂਬਿਆਂ ਬੜਾ ਸਮਝਾਇਆ ਕਿ ਅਸੀਂ ਨਾਮਧਾਰੀ ਹਾ ਸਤਿਗੁਰੂ ਦਾ ਦਿੱਤਾ ਨਾਮ ਜਪਦੇ ਹਾਂ, ਗੁਰਬਾਣੀ ਦਾ ਪਾਠ ਕਰਦੇ ਹਾਂ। ਗੁਰਬਾਣੀ ਦਾ ਆਦਰ ਕਰਦੇ ਹਾਂ, ਸੁੱਚ ਸੋਧ ਦੀ ਮਰਯਾਦਾ ਰਖਦੇ ਹਾਂ। ਤੁਹਾਡੀਆਂ ਜਨਾਨੀਆਂ ਨਸਵਾਰ ਲੈਂਦੀਆਂ ਹਨ। ਅਸੀਂ ਹੁੱਕਾ, ਤਮਾਕੂ ਨਸਵਾਰ, ਸ਼ਰਾਬ, ਆਦਿ ਕੋਈ ਵੀ ਨਸ਼ਾ ਨਹੀਂ

ਕਰਦੇ। ਅਸੀਂ ਮਾਸ ਮਛੀ ਆਂਡਾ ਨਹੀਂ ਖਾਂਦੇ। ਪਰ ਪੁਜਾਰੀ ਪੈਰਾਂ ਤੇ ਪਾਣੀ ਨਾ ਪੈਣ ਦੇਣ। ਬੋਲ ਬੁਲਾਰਾ ਸੁਣ ਕੇ ਲੋਕ ਇੱਕਠੇ ਹੋਣੇ ਸ਼ੁਰੂ ਹੋ ਗਏ। ਸੂਬੇ ਵੀ ਤਿੰਨ ਹੋ ਗਏ ਸੂਬਾ ਲੱਖਾ ਸਿੰਘ, ਸੂਬਾ ਕਾਨ੍ਹ ਸਿੰਘ, ਤੇ ਸੂਬਾ ਸੁਧ ਸਿੰਘ।

ਸੂਬਿਆ ਨੇ ਜੇਬ੍ਹਾਂ ਵਿੱਚੋਂ ਕੁਝ ਪੈਸੇ ਕੱਢੇ ਤਾਂਬੇ ਦੇ। ਕੋਈ ਆਨਾ-ਦੁਆਨੀ ਵੀ ਹੋਵੇਗਾ ਤੇ ਕੁਝ ਕੌਡੀਆਂ, ਉਹ ਲੈ ਕੇ ਵੀ ਦੁਕਾਨਦਾਰ ਸੌਦਾ ਦੇ ਦੇਂਦੇ ਸਨ।

ਉਹਨਾਂ ਨੇ ਮੁੱਠੀ ਭਰ ਕੇ ਪੁਜਾਰੀਆਂ ਵੱਲ ਉਹ ਸੁੱਟੇ।ਨੀਯਤ ਦੇ ਭੁਖੇ, ਅਨੰਦਪੁਰ ਦੇ ਪੁਜਾਰੀ ਜ਼ਮੀਨ ਤੋਂ ਉਹ ਚੁੱਕਣ ਲਈ ਦੌੜੇ। ਉਹ ਝੁਕੇ ਤਾਂ ਆਪਸ ਵਿਚ ਟਕਰਾ ਕੇ ਉਹਨਾਂ ਦੀਆਂ ਪੱਗਾਂ ਲਹਿ ਕੇ ਮਿਟੀ ਵਿੱਚ ਰੁਲ ਗਈਆਂ। ਇਹ ਵੇਖਕੇ ਤਮਾਸ਼ਬੀਂਨ ਲੋਕ ਹੱਸਣ ਲਗੇ, ਕਈਆਂ ਕਿਹਾ, "ਕੂਕਿਆਂ, ਨਾਮਧਾਰੀਆਂ ਦੀਆਂ ਪੱਗਾਂ ਤਾਂ ਮਸਤੀ ਵਿੱਚ ਉਤਰਦੀਆਂ ਹਨ, ਉਹ ਮਸਤਾਨੇ ਹੁੰਦੇ ਹਨ। ਪਰ ਤੁਸੀਂ ਪੈਸਿਆਂ ਬਦਲੇ ਇੱਕ ਦੂਜੇ ਦੀਆ ਪੱਗਾਂ ਰੋਲੀਆਂ ਹਨ। ਸ਼ਾਬਾਸ਼ ਤੁਹਾਡੇ! ਸ਼ਾਬਾਸ਼ ਤੁਹਾਡੀ ਮਰਯਾਦਾ ਦੇ!!

ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਤੋਂ ਅਰਦਾਸਾਂ ਕਰਕੇ ਚੀਨੀ ਘੋੜੀ ਤੇ ਸਵਾਰ ਹੋ ਕੇ ਚੱਲੇ। ਰਾਹ ਵਿੱਚ ਆਪ ਨਾਲ ਸੰਗਤ ਰਲਦੀ ਗਈ। ਆਪ ਨੇ ਪਹਿਲੇ ਖਮਾਣੋ ਪੜਾਅ ਕੀਤਾ। ਉਥੋ ਦੇ ਸਰਦਾਰਾਂ ਸੱਚੇਪਾਤਸ਼ਾਹ ਨੂੰ ਥਾਲ ਵਿੱਚ ਪ੍ਰਸ਼ਾਦ ਤੇ ਮਾਇਆ ਧਰ ਕੇ ਮੱਥਾ ਟੇਕਿਆ। ਸਰਦਾਰਾਂ ਆਪਣੇ ਧੰਨ ਭਾਗ ਸਮਝੇ। ਉਹਨਾਂ ਮਾਸ-ਸ਼ਰਾਬ ਵਲੋਂ ਤੋਬਾ ਕਰਕੇ ਭਜਨ ਲਿਆ। ਕਈ ਸਿੰਘਾਂ-ਸਿੰਘਣੀਆਂ ਨੇ ਅੰਮ੍ਰਿਤ ਛਕਿਆ।

ਭੋਜੇ ਮਾਜਰਾ ਤੇ ਰੋਪੜ ਤੋਂ ਬਾਅਦ ਆਪ ਜੀ ਦਾ ਸੰਗਤ ਸਹਿਤ ਪੜਾਅ ਕੀਰਤਪੁਰ ਸੀ। ਇਥੇ ਨੱਗੇ ਸਾਧਾਂ ਦਾ ਡੇਰਾ ਵੀ ਉਤਰਿਆ ਸੀ। ਉਹਨਾਂ ਦਾ ਮਹੰਤ ਸਾਰੰਗੀ ਉੱਤੇ ਬੋਲੀਆਂ ਤੇ ਗੰਦੇ ਗੀਤ ਸੁਣਦਾ ਸੀ। ਸਤਿਗੁਰੂ ਜੀ ਨੇ ਸ਼ਬਦ ਪੜ੍ਹਨ ਲਈ ਕਿਹਾ ਤਾਂ ਉਹ ਵੱਖੀਓ ਬੋਲਿਆ। ਇੱਕ ਫ਼ੌਜੀ ਕਰਨੈਲ ਨੇ 25 ਕੁ ਸਿਪਾਹੀ ਨਾਲ ਲਏ ਤੇ ਉਹਨਾਂ ਨੱਗਿਆਂ ਨੂੰ ਖ਼ੂਬ ਝੰਬਿਆ। ਉਹਨਾਂ ਨੇ ਉਹਨਾਂ ਦੀ ਸਰੰਗੀ ਵੀ ਭੰਨ ਦਿਤੀ। ਉਹ ਕੰਨ ਵਲ੍ਹੇਟ ਕੇ ਪੱਤਰਾ ਵਾਚ ਗਏ।

ਏਥੇ ਇੱਕ ਦਿਵਾਨ ਵਿੱਚ ਕਿਸੇ ਗ਼ੈਰ-ਨਾਮਧਾਰੀ ਨੇ ਆਪ ਨੂੰ ਇੱਕ ਦਮੜਾ ਮੱਥਾ ਟੇਕਿਆ। ਆਪ ਨੇ ਚੁੱਕ

ਕੇ ਦੂਰ ਸੁੱਟ ਦਿੱਤਾ। ਇੰਜ ਦੋ ਤਿੰਨ ਵਾਰ ਹੋਇਆ। ਉਸ ਬੰਦੇ ਨਾਲ ਗੱਲ ਕਰਨ ਉੱਤੇ ਉਸ ਨੇ ਦੱਸਿਆ, "ਮੈਂ ਕਿਸੇ ਦੀ ਘਰਵਾਲੀ-ਚੋਰੀ,ਧਮਕਾ ਕੇ ਕੱਢ ਲਿਆਂਦੀ ਸੀ। ਉਹ ਜਨਾਨੀ ਮੈਂ ਕਿਸੇ ਛੜੇ ਨੂੰ ਵੇਚ ਦਿਤੀ ਸੀ। ਇਹ ਦਮੜਾ ਉਸ ਪਾਪ ਤੇ ਹਰਾਮ ਦੀ ਕਮਾਈ ਵਿੱਚੋਂ ਸੀ।"

ਸਤਿਗੁਰੂ ਜੀ ਨੇ ਪੈਸੇ ਵਾਲੇ ਨੂੰ ਪੈਸੇ ਤੇ ਜਨਾਨੀ ਵਾਲੇ ਨੂੰ ਜਨਾਨੀ ਮੋੜਨ ਦਾ ਹੁਕਮ ਕੀਤਾ। ਉਸ ਹੁਕਮ ਮੰਨਿਆ, ਭਜਨ ਲਿਆ ਅਤੇ ਅਗੋਂ ਤੋਂ ਮੰਦੇ ਕੰਮ ਕਰਨ ਤੋਂ ਕੰਨਾਂ ਨੂੰ ਹੱਥ ਲਾਇਆ।

ਕੀਤਰਪੁਰ ਦਿਵਾਨ ਤੇ ਆਸਾ-ਦੀ-ਵਾਰ ਦਾ ਕੀਰਤਨ ਭਾਈ ਗੁਰਦਿੱਤੇ ਦੀ ਸਮਾਧ ਕੋਲ ਹੋਇਆ। ਸੰਗਤ ਦਾ ਇੱਕਠ ਬੇਬਹਾ ਸੀ। ਏਥੋਂ ਅਗਲੇ ਦਿਨ 19 ਮਾਰਚ 1867 ਨੂੰ ਆਪ ਅਨੰਦਪੁਰ ਸਾਹਿਬ ਲਈ ਚੱਲ ਪਏ। ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਚੀਨੀ ਘੋੜੀ ਤੇ ਸਵਾਰ ਸਨ। ਪਿੱਛੇ ਸੰਗਤ ਦਾ ਠਾਠਾਂ ਮਾਰਦਾ ਸਮੁੰਦਰ ਸੀ। ਢੋਲਕੀ ਛੈਣਿਆ ਦਾ ਕੀਰਤਨ ਹੋ ਰਿਹਾ ਸੀ। ਖੜਤਾਲਾਂ ਵੱਜ ਰਹੀਆਂ ਸਨ। ਉੱਚੀ ਕੂਕ ਕੇ ਸ਼ਬਦ ਪੜ੍ਹੇ ਜਾ ਰਹੇ ਸਨ। ਸ਼ਬਦ ਦੀ ਮਸਤੀ ਸੀ। ਰਾੜਗਜ ਪੈ ਰਹੀ ਸੀ। ਜਦ ਸੰਗਤ ਸਰਕਾਰੀ ਤੰਬੂਆਂ ਲਾਗੇ ਪੁਜੀ ਤਾਂ ਹੁਸਿਆਰਪੁਰ ਦੇ ਡਿਪਟੀ ਕਮਿਸ਼ਨ ਨੂੰ ਤੰਬੂਓ ਬਾਹਰ ਆਉਦੇ ਭਾਸ ਕੇ ਸਤਿਗੁਰੂ ਜੀ ਨੇ ਬਾਂਹ ਖੜ੍ਹੀ ਕੀਤੀ। ਸਾਰੀ ਸੰਗਤ ਇੱਕ ਦਮ ਚੁਪ ਕਰ ਗਈ ਸਾਜ ਬੰਦ, ਅਵਾਜ਼ ਬੰਦ। ਹੁਸ਼ਿਆਰਪੁਰ ਦਾ ਡਿਪਟੀ ਕਮਿਸ਼ਨ ਮਿਸਟਰ ਪਰਕਿੰਜ਼ ਆਪ ਜੀ ਨੂੰ ਆਪਣੇ ਤੰਬੂ ਅੰਦਰ ਲੈ ਗਿਆ, ਹੁਕਮ ਅਨੁਸਾਰ ਸੂਬਾ ਜਵਾਹਰ ਸਿੰਘ ਨਾਲ ਗਏ।

ਡਿਪਟੀ ਕਮਿਸ਼ਨਰ ਨੇ, ਉਹਨਾਂ ਦੀ ਪਰੰਪਰਾ ਅਨੁਸਾਰ, ਆਪਣੇ ਸਿਰ ਉਤੋਂ ਟੋਪ ਲਾਹ ਕੇ ਆਪ ਦਾ ਆਦਰ ਕੀਤਾ। ਨਾਲ ਹੀ ਉਸ ਨੇ ਇੱਕ ਕੁਰਸੀ ਵਲ ਇਸ਼ਾਰਾ ਕਰਕੇ, ਝੁਕ ਕੇ ਕਿਹਾ, "ਕਿਰਪਾ ਕਰਕੇ ਬੈਠੀਏ, ਕੁਛ ਬਾਤੇਂ ਕਰੇਂਗੇ" 'ਸਤਿਗੁਰੂ ਜੀ ਬੈਠ ਗਏ' ਤਾਂ ਉਸ ਨੇ ਗੱਲਾਂ ਗੱਲਾਂ ਵਿੱਚ 10-15 ਹਜ਼ਾਰ ਦੀ ਵੱਡੀ ਗਿਣਤੀ ਵਿੱਚ ਆਈ ਸੰਗਤ ਦੀ ਗੱਲ ਕੀਤੀ। ਉਸ ਨੇ ਇਹ ਵੀ ਕਿਹਾ ਆਪ ਜੀ ਦੇ ਬਾਂਹ ਖੜੀ ਕਰਦਿਆਂ ਸਾਰੇ ਲੋਕ ਚੁਪ ਕਰ ਗਏ ਹਨ। ਉਹ ਆਪ ਦੇ ਹੁਕਮ ਵਿੱਚ ਸਨ। ਉਸ ਨੇ ਡਰ ਪ੍ਰਮਾਣ ਕੀਤਾ ਕਿ ਏਥੇ ਦੰਗਾ ਫਸਾਦ ਹੋ ਸਕਦਾ ਹੈ। ਜੇ ਹੋਇਆ ਤਾਂ ਤੁਹਾਡੀ, ਸਾਡੀ ਸਭ ਦੀ ਲੰਡਨ ਤੱਕ ਬਦਨਾਮੀ ਹੋਵੇਗੀ।

ਸਤਿਗੁਰੂ ਜੀ ਨੇ ਬਚਨ ਕੀਤਾ, "ਸਾਡੀ ਕੋਈ ਦੰਗਾ ਫਸਾਦ ਕਰਨ ਦੀ ਮਨਸ਼ਾ ਨਹੀਂ। ਸਾਨੂੰ ਗੁਰਦੁਆਰਿਆਂ ਦੇ ਦਰਸ਼ਨ ਕਰਨ ਦਿਓ। ਅਸੀਂ ਮੱਥਾ ਟੇਕ ਕੇ ਵਾਪਸ ਚਲੇ ਆਵਾਂਗੇ।"

ਜੇ ਕੋਈ ਹੋਰ ਛੇੜਖਾਨੀ ਕਰੇ ਤਾਂ ਉਸ ਦਾ ਧਿਆਨ ਸਰਕਾਰ ਰੱਖੇ। ਅਸੀਂ ਆਪਣੇ ਵਲੋਂ ਕੋਈ ਛੇੜਖਾਨੀ ਨਹੀਂ ਕਰਾਗੇ।

"ਕੀ ਸਰਕਾਰ ਨੂੰ ਜੇ ਲੋੜ ਪਈ ਮਦਦ ਕਰੋਗੇ?"

"ਇਹ ਮੇਰੀ ਫ਼ੌਜ ਨਹੀਂ, ਸਾਡੀ ਸਾਂਝ ਗੁਰਸਿੱਖੀ ਕੀ ਹੈ। ਅਸੀਂ ਤਾਂ ਭਜਨ ਬੰਦਗੀ ਕਰਨ ਤੇ ਆਪਣੀ ਮਰਯਾਦਾ ਵਿੱਚ ਪੱਕੇ ਰਹਿਣ ਲਈ ਆਖਦੇ ਹਾਂ। ਮੇਲਾ ਮਨਾ ਕੇ ਸਭ ਘਰੋਂ ਘਰੀ ਚਲੇ ਜਾਣਗੇ।"

ਮਿਸਟਰ ਪਰਕਿੰਜ ਨੂੰ ਤਸਲੀ ਹੋ ਗਈ। ਅਗਲੇ ਦਿਨ 20 ਮਾਰਚ ਗੁਰਦੁਆਰਿਆਂ ਵਿੱਚ ਮੱਥਾ ਟੇਕਣ ਦਾ ਸਮਾ ਨਿਸਚਿਤ ਹੋਇਆ।

ਪੰਜਾਬ ਦੀ ਰਾਜਧਾਨੀ ਲਾਹੌਰ ਤੋਂ ਕਰਨਲ ਮੈਕ ਐਂਡਰਿਊ ਡੀ. ਆਈ. ਜੀ., ਹੋਰ ਪੁਲਿਸ ਦਾ ਅਮਲਾ ਫੈਲਾ ਲੈ ਕੇ ਆਇਆ ਹੋਇਆ ਸੀ। ਉਸ ਨੇ ਪੁਜਾਰੀਆ ਨੂੰ ਸੱਦ ਦੇ ਕਿਹਾ ਕਿ ਸਾਡੀ ਨਿਗਰਾਨੀ ਹੇਠ ਨਾਮਧਾਰੀ ਸਤਿਗੁਰੂ ਤੇ ਸਿੱਖ ਗੁਰਦੁਆਰਿਆਂ ਵਿੱਚ ਅਗਲੇ ਦਿਨ ਮੱਥਾ ਟੇਕਣ ਆਉਣਗੇ। ਜਦ ਪੁਜਾਰੀਆਂ ਨੇ ਵਧ-ਘਟ ਬੋਲਣਾ ਚਾਹਿਆ ਤਾਂ ਉਹਨਾਂ ਨੂੰ ਸਖ਼ਤੀ ਨਾਲ ਕਿਹਾ ਗਿਆ ਜੇ ਹੋਰ ਸੰਗਤ ਮੱਥਾ ਟੇਕ ਸਕੱਦੀ ਹੈ ਤਾਂ ਇਹ ਕਿਉਂ ਨਹੀਂ! ਜੇ ਕੋਈ ਸ਼ਿਕਾਇਤ ਹੈ ਤਾਂ ਲਿਖ ਕੇ ਦਿਓ ਅਸੀਂ ਪੁਛ ਪੜਤਾਲ ਕਰਾਂਗੇ। ਪੁਜਾਰੀ

ਏਥੇ ਇੱਕ ਦਿਵਾਨ ਵਿੱਚ ਕਿਸੇ ਗੈਰ-ਨਾਮਧਾਰੀ ਨੇ ਆਪ ਨੂੰ ਇੱਕ ਦਮੜਾ ਮੱਥਾ ਟੇਕਿਆ। ਆਪ ਨੇ ਚੁੱਕ ਕੇ ਦੂਰ ਸੁੱਟ ਦਿੱਤਾ। ਇੰਜ ਦੋ ਤਿੰਨ ਵਾਰ ਹੋਇਆ। ਉਸ ਬੰਦੇ ਨਾਲ ਗੱਲ ਕਰਨ ਉੱਤੇ ਉਸ ਨੇ ਦੱਸਿਆ, "ਮੈਂ ਕਿਸੇ ਦੀ ਘਰਵਾਲੀ-ਚੋਰੀ,ਧਮਕਾ ਕੇ ਕੱਢ ਲਿਆਂਦੀ ਸੀ। ਉਹ ਜਨਾਨੀ ਮੈਂ ਕਿਸੇ ਛੜੇ ਨੂੰ ਵੇਚ ਦਿਤੀ ਸੀ। ਇਹ ਦਮੜਾ ਉਸ ਪਾਪ ਤੇ ਹਰਾਮ ਦੀ ਕਮਾਈ ਵਿੱਚੋਂ ਸੀ।"

ਬੁੜ-ਬੁੜ ਕਰਦੇ ਚਲੇ ਗਏ।

